
9 ਅਪ੍ਰੈਲ-ਜੂਨ, 2008

# ਕਹਾਣੀ ਧਾਰਾ



ਮੁੱਲ : 20/-

9 ਅਪ੍ਰੈਲ-ਜੂਨ, 2008

## ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971



e-mail: kahani_dhara@yahoo.co.in

**ਸੰਪਾਦਕ:**

ਭਗਵੰਤ ਰਸੂਲਪੁਰੀ (94170-64350)

**ਸਹਾਇਕ ਸੰਪਾਦਕ (ਅਨ.)**

ਦੇਸ ਰਾਜ ਕਾਲੀ (94176-58139, 93562-67116)

**ਸਹਿਯੋਗੀ**

ਸੁਰਜੀਤ ਸੁਮਨ (98144-30874)

ਟਾਇਟਲ ਪੇਂਟਿੰਗਜ਼ : PICASSO

**ਰਚਨਾਵਾਂ ਭੇਜਣ ਲਈ ਪਤਾ :** Editor KAHANI DHARA
V. Dharampura, P.O:. Khambra,
Distt. JALANDHAR-144026
Ph. 0181-2685313

**ਸਾਲਾਨਾ ਚੰਦੇ :** 200 ਰੁਪਏ 10 ਅੰਕ, ਡਾਲਰ 25, ਪੌਂਡ 20,ਪਰਚੇ ਲਈ ਚੰਦੇ ਚੈੱਕ / ਬੈਂਕ ਡਰਾਫਟ / ਮਨੀਆਰਡਰ ਰਾਹੀਂ ਕੇਵਲ ....................ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar City ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ, (ਪ੍ਰਕਾਸ਼ਨ ਮਿਤੀ 1 ਮਈ, 2008)

## ਨੈਸ਼ਨਲ ਬੁਕ ਟਰੱਸਟ, ਇੰਡੀਆ ਦੀਆਂ
## ਸਾਹਿਤਕ ਪੁਸਤਕਾਂ ਦੇ ਵਿਸ਼ਾਲ ਸੰਸਾਰ ਨਾਲ ਸਾਂਝ ਪਾਓ

*ਆਲ ਰਾਊਂਡਰਜ਼* : ਸੂਰਜ ਪ੍ਰਕਾਸ਼ ਚਤੁਰਵੇਦੀ
ਅਨੁਵਾਦ : ਬਿੰਦਰ ਬਸਰਾ ਕੀਮਤ : 85.00
ਇਹ ਪੁਸਤਕ ਦੁਨੀਆਂ ਭਰ ਦੇ 16 ਕ੍ਰਿਕਟ ਖਿਡਾਰੀਆਂ ਦੀ ਸ਼ਖ਼ਸੀਅਤ ਅਤੇ ਯੋਗਦਾਨ ਦਾ ਲੇਖਾ-ਜੋਖਾ ਪੇਸ਼ ਕਰਦੀ ਹੈ।

*ਇਨਕਲਾਬੀ ਯਾਤਰਾ* : ਮਨਰੋਮਾ ਦੀਵਾਨ
ਅਨੁਵਾਦ : ਭਗਵੰਤ ਰਸੂਲਪੁਰੀ
ਸਫ਼ੇ : 142 ਕੀਮਤ :45.00
ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਭਾਗ ਲੈਣ ਵਾਲੇ ਇਕ ਕ੍ਰਾਂਤੀਕਾਰੀ ਵਿਆਹੁਤਾ ਜੋੜੀ ਸੀਤਾ ਦੇਵੀ ਅਤੇ ਪ੍ਰਿੰ. ਛਬੀਲ ਦਾਸ ਦੀ ਜੀਵਨ-ਕਹਾਣੀ ਹੈ।

*ਸੁਤੰਤਰਤਾ ਸੰਗਰਾਮ ਦੀ ਬਸੰਤ* : ਨਾਰਾਇਣ ਦੇਸਾਈ
ਅਨੁਵਾਦ : ਦਰਸ਼ਨ ਮਿਤਵਾ ਕੀਮਤ: 14.00
ਪੁਸਤਕ ਵਿੱਚ 1971 ਤੋਂ 1931 ਤਕ ਦੇ ਸੱਤਿਆਗ੍ਰਹਿ ਦਾ ਵਰਣਨ ਹੈ।

*ਕਰਮਯੋਗੀ ਲੋਕਮਾਨਯ ਤਿਲਕ* : ਗ.ਪ੍ਰ.ਪ੍ਰਧਾਨ
ਅਨੁਵਾਦ: ਰਾਮ ਸਿੰਘ ਚਾਹਲ ਕੀਮਤ: 15.00
ਲੋਕਮਾਨਯ ਤਿਲਕ ਦੀ ਦਿਲਚਸਪ ਜੀਵਨ-ਕਹਾਣੀ ਹੈ।

*ਟ੍ਰੈਕਿੰਗ* : ਮਨੋਹਰ ਪੁਰੀ
ਅਨੁਵਾਦਕ: ਡਾ.ਜੀ. ਐਸ. ਸੇਠੀ ਕੀਮਤ 55.00
ਦੇਸ਼-ਵਿਦੇਸ਼ ਵਿਚ ਟ੍ਰੈਕਿੰਗ ਦੇ ਅਨੁਭਵ ਤੋਂ ਹੀ ਮਨੋਹਰ ਪੁਰੀ ਨੇ ਪਰਬਤ-ਆਰੋਹਣ, ਸ਼ਿਲਾਰੋਹਣ ਆਦਿ ਪੁਸਤਕਾਂ ਲਿਖੀਆਂ ਹਨ। ਕਿਉਂਕਿ ਉਹ ਖੁਦ ਇਕ ਚੰਗੇ ਟ੍ਰੈਕਰ ਹਨ, ਇਸ ਲਈ ਇਸ ਪੁਸਤਕ ਵਿਚ ਉਨ੍ਹਾਂ ਨੇ ਛੋਟੀ ਤੋਂ ਛੋਟੀ ਚੀਜ਼ ਦੇ ਬਾਰੇ ਵਿਸਤਾਰ ਨਾਲ ਚਰਚਾ ਕੀਤੀ ਹੈ।

*ਕਾਲੇ ਪਾਣੀ ਦਾ ਇਤਿਹਾਸਕ ਦਸਤਾਵੇਜ਼*:
ਰਾਮਚਰਨ ਲਾਲ ਸ਼ਰਮਾ
ਅਨੁਵਾਦ: ਡਾ. ਲਖਵਿੰਦਰ ਜੌਹਲ ਕੀਮਤ: 30.00
ਇਸ ਪੁਸਤਕ ਵਿਚ ਕਾਲੇ ਪਾਣੀ ਦੀ ਜੇਲ੍ਹ ਦੇ ਬਹੁਤ ਹੀ ਭਿਆਨਕ ਅਤੇ ਜ਼ਾਲਮ ਵੇਰਵੇ ਦਰਜ ਹਨ। ਲੇਖਕ ਕਿਉਂਕਿ ਖ਼ੁਦ ਉਸ ਜੇਲ੍ਹ ਵਿਚ ਰਿਹਾ ਹੈ, ਇਸ ਲਈ ਇਹ ਪੁਸਤਕ ਅੱਖੀਂ ਡਿੱਠਾ ਯਥਾਰਥ ਦਸਤਾਵੇਜ਼ ਹੈ। ਇਹ ਦੁਰਲੱਭ ਪੁਸਤਕ ਸਾਡੇ ਕ੍ਰਾਂਤੀਕਾਰੀ ਅਤੇ ਆਜ਼ਾਦੀ ਦੀ ਲੜਾਈ ਦੇ ਬਿਰਤਾਂਤ ਦੀ ਅਨਮੋਲ ਧਰੋਹਰ ਹੈ।

*ਪੰਜਾਬ ਦੇ ਚੋਣਵੇਂ ਖਿਡਾਰੀ* : ਪ੍ਰਿੰ. ਸਰਵਣ ਸਿੰਘ
ਮੂਲ ਪੰਜਾਬੀ ਕੀਮਤ: 80.00
ਪੰਜਾਬ ਦੇ ਚੋਣਵੇਂ 67 ਖਿਡਾਰੀ, ਜੋ ਕਿ ਵੱਖ-ਵੱਖ ਖੇਡਾਂ ਨਾਲ ਸੰਬੰਧਿਤ ਹਨ, ਬਾਰੇ ਬਹੁਤ ਹੀ ਦਿਲਚਸਪ ਜਾਣਕਾਰੀ ਦਿੱਤੀ ਗਈ ਹੈ।

*ਬੰਦੀ ਬੋਲ*: ਡਾ. ਗੁਰਦੇਵ ਸਿੰਘ ਸਿੱਧੂ (ਸੰਪਾਦਕ)
ਮੂਲ ਪੰਜਾਬੀ ਕੀਮਤ: 100.00
ਸੁਤੰਤਰਤਾ ਸੰਗਰਾਮ ਦੌਰਾਨ ਅੰਗਰੇਜ਼ ਸਰਕਾਰ ਨੇ ਜੋ ਪੰਜਾਬੀ ਦੀ ਕਵਿਤਾ ਜ਼ਬਤ ਕੀਤੀ ਸੀ, ਉਸ ਨੂੰ ਇਸ ਸੰਗ੍ਰਹਿ ਵਿਚ ਸ਼ਾਮਲ ਕੀਤਾ ਗਿਆ ਹੈ।

*1857 ਦੀ ਬ਼ਗਾਵਤ* : ਪੀ. ਸੀ. ਜੋਸ਼ੀ
ਅਨੁਵਾਦ: ਡਾ. ਨਰੇਸ਼ ਕੀਮਤ : 85.00
ਇਸ ਪੁਸਤਕ ਵਿਚ 1857 ਦੇ ਗ਼ਦਰ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ।

*ਭਾਰਤ ਦੀਆਂ ਲੋਕ-ਕਥਾਵਾਂ* :
ਏ. ਕੇ. ਰਾਮਾਨੁਜਨ (ਸੰਪਾਦਕ)
ਅਨੁਵਾਦ: ਡਾ. ਗੁਰਚਰਨ ਸਿੰਘ ਅਰਸ਼ੀ
ਕੀਮਤ: 115.00
ਇਸ ਪੁਸਤਕ ਵਿਚ ਸੰਪਾਦਕ ਨੇ ਹਰੇਕ ਪ੍ਰਾਂਤ ਦੀਆਂ ਦੋ ਦੋ ਤਿੰਨ ਤਿੰਨ ਦਿਲਚਪਸ ਲੋਕ-ਕਥਾਵਾਂ ਨੂੰ ਸ਼ਾਮਲ ਕੀਤਾ ਹੈ।

*ਬੇਗਮਾਂ ਦੇ ਅੱਥਰੂ* : ਖ਼ਵਾਜ਼ਾ ਹਸਨ ਨਿਜ਼ਾਮੀ
ਅਨੁਵਾਦ: ਡਾ. ਬਲਦੇਵ ਸਿੰਘ 'ਬੱਦਨ'
ਕੀਮਤ: 35. 00
ਦਿੱਲੀ ਦੇ ਸ਼ਾਹੀ ਖ਼ਾਨਦਾਨ ਨਾਲ 1857 ਦੇ ਗ਼ਦਰ ਦੌਰਾਨ ਜੋ ਕੁਝ ਵਾਪਰਿਆ, ਉਸ ਦੀਆਂ ਦਰਦਨਾਕ ਸਥਿਤੀਆਂ ਦਾ ਵਰਣਨ ਇਸ ਪੁਸਤਕ ਵਿਚ ਕੀਤਾ ਗਿਆ ਹੈ।

**ਪੁਸਤਕਾਂ ਖਰੀਦਣ ਲਈ ਹੇਠ ਲਿਖੇ ਪਤੇ 'ਤੇ ਸੰਪਰਕ ਕਰੋ**

ਨੈਸ਼ਨਲ ਬੁਕ ਟਰੱਸਟ, ਇੰਡੀਆ
ਏ-5, ਗਰੀਨ ਪਾਰਕ,
ਨਵੀਂ ਦਿੱਲੀ-110016
ਟੈਲੀਫੋਨ 91-11-26512588
26564020,26851795,
26960158
e-mail:
nbtindia@ndb.vsnl.net.in
website:www.nbtindia.org.in

ਮੁੰਬਈ ਟੈਲੀਫੈਕਸ 91-22-23720442
e-mail:
nbtindiamumbai @ yahoo. com
ਬੰਗਲੌਰ ਟੈਲੀਫੈਕਸ 91-80-26711994
e-mail: nbtindiasro @ vsnl. net
ਕੋਲਕਾਤਾ ਟੈਲੀਫੈਕਸ 91-33-22413899
e-mail:
nbtero @ dataone. in




*ਸੰਪਾਦਕੀ*

## ਸਮਾਜ ਵਿਗਿਆਨ, ਕਿਰਤੀ ਲੋਕ ਅਤੇ ਪੰਜਾਬੀ ਸਾਹਿਤ

ਸਮਾਜ ਵਿਗਿਆਨ ਰਾਹੀਂ ਸਮਾਜ ਦੇ ਲੋਕਾਂ ਨੂੰ ਅਤੇ ਉਨ੍ਹਾਂ ਦੀ ਜਾਤੀ ਵੰਡ ਨੂੰ ਸਮਝਿਆ ਜਾ ਸਕਦਾ ਹੈ। ਸਮਾਜ ਵਿਗਿਆਨ 'ਤੇ ਪੰਜਾਬੀ ਵਿਚ ਬਹੁਤ ਘੱਟ ਕੰਮ ਹੋਇਆ ਹੈ। ਸਾਡੇ ਵਿਦਿਅਕ ਅਦਾਰੇ ਅਤੇ ਸਿਆਸੀ ਲੋਕ ਏਧਰ ਘਟ ਧਿਆਨ ਦੇ ਰਹੇ ਹਨ ਕਿਉਂਕਿ ਉਹ ਸਮਾਜਿਕ ਵੰਡ, ਜਾਤੀ ਟਕਰਾਓ, ਕਿਰਤੀ ਲੋਕਾਂ ਦੇ ਸਮਾਜਿਕ ਅੰਤਰ-ਵਿਰੋਧ ਅਤੇ ਦਲਿਤਾਂ ਦੇ ਜਾਤੀ ਕੰਪਲੈਕਸ ਵਰਗੇ ਮੁੱਦਿਆਂ ਨੂੰ ਢਕੇ ਹੀ ਰਹਿਣ ਦੇਣਾ ਚਹੁੰਦੇ ਹਨ ਭਾਵੇਂ ਡਾ. ਪਰਕਾਸ਼ ਸਿੰਧ ਜੰਮੂ, ਡਾ. ਪਰਮਜੀਤ ਸਿੰਘ ਜੱਜ, ਡਾ. ਰਣਜੀਤ ਸਿੰਘ ਘੁੰਮਣ, ਡਾ. ਮਨਜੀਤ ਸਿੰਘ, ਹਰੀਸ਼ ਪੁਰੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ 'ਸਮਾਜ ਵਿਗਿਆਨ ਪੱਤਰ' ਇਨ੍ਹਾਂ ਸਭ ਨੇ ਕਾਫੀ ਸਾਰਥਕ ਕਾਰਜ ਕੀਤੇ ਹਨ। ਇਨ੍ਹਾਂ ਵਿਦਵਾਨਾ ਨੇ ਪਿੰਡਾਂ 'ਚ ਜਾ ਕੇ ਪ੍ਰੋਜੈਕਟ ਬਣਾ ਕੇ ਅਨੁਸੂਚਿਤ ਤੇ ਪੱਛੜੀਆਂ ਜਾਤਾਂ ਖਾਸ ਕਰਕੇ ਚਮਾਰ, ਭੰਗੀ, ਜੁਲਾਹੇ, ਬਾਜ਼ੀਗਰ, ਨਾਈ, ਤਰਖਾਣ, ਜੋਗੀ ਤੇ ਮਰਾਸੀ ਆਦਿ ਬਾਰੇ ਰੌਂਗਟੇ ਖੜੇ ਕਰ ਦੇਣ ਵਾਲੇ ਤੱਥ ਤੇ ਅੰਕੜੇ ਪੇਸ਼ ਕੀਤੇ ਹਨ, ਇਨ੍ਹਾਂ ਦੀਆਂ ਲਿਖਤਾਂ ਅਤੇ ਅੰਕੜਿਆਂ ਰਾਹੀਂ ਅਸੀਂ ਪੰਜਾਬ ਦੀ ਤਸਵੀਰ ਨੂੰ ਸਮਝ ਸਦੇ ਹਾਂ। ਇਨ੍ਹਾਂ ਦੇ ਖੋਜ ਕਾਰਜਾ ਤੋਂ ਅਸੀਂ ਇਹ ਨਹੀਂ ਕਹਿ ਸਕਦੇ ਕਿ ਪੰਜਾਬ 'ਚ ਜਾਤੀ ਵੰਡ, ਜਾਤੀ ਅੰਤਰ-ਵਿਰੋਧ ਤੇ ਦਲਿਤਾਂ ਦਾ ਸਮਾਜਿਕ, ਆਰਥਿਕ ਤੇ ਮਾਨਸਿਕ ਰੂਪ 'ਚ ਘਾਣ ਨਹੀਂ ਹੋ ਰਿਹਾ। ਪੰਜਾਬ ਤੋਂ ਬਾਹਰਲੇ ਲੋਕਾਂ ਦੇ ਮਨਾਂ 'ਚ ਮੀਡੀਏ ਨੇ ਤੇ ਸਰਕਾਰੀ ਪ੍ਰਚਾਰ ਸਾਧਨਾ ਨੇ ਇਹ ਗੱਲ ਫੈਲਾ ਦਿੱਤੀ ਹੈ ਕਿ ਪੰਜਾਬ 'ਚ ਆਪਸੀ ਭਾਈਚਾਰਾ ਬੇ-ਮਿਸਾਲ ਹੈ। ਅਸਲ 'ਚ ਇਹ ਤਸਵੀਰ ਠੀਕ ਨਹੀਂ ਇਕ ਖੋਜ 'ਚ ਇਹ ਗੱਲ ਸਾਹਮਣੇ ਆਈ ਕਿ ਦੁਆਬੇ ਦੇ ੨੦-੨੫ ਪਿੰਡਾਂ 'ਚ ਜਾਤੀ ਟਕਰਾਓ, ਤਣਾਓ, ਸਮਾਜਿਕ ਬਾਈਕਾਟ, ਉੱਚੀ ਜਾਤੀ ਦੀ ਜ਼ਮੀਨ ਮਾਲਕੀ ਦੀ ਹਉਮੇ ਵਰਗੇ ਗੰਭੀਰ ਮੁੱਦੇ ਉਭਰ ਕੇ ਸਾਹਮਣੇ ਆਏ ਹਨ। ਇਹ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਦੇ ਪਿੰਡਾਂ 'ਚ ਰਹਿ ਰਹੇ ਦਲਿਤ ਲੋਕਾਂ ਦੇ ਕਿੱਤਾ ਪਰਿਵਰਤਨ ਦੀ ਦਰ ਬਹੁਤ ਮੱਧਮ ਹੈ। ਪਿੰਡਾਂ ਦੇ ਜਜਮਾਨੀ ਸਬੰਧਾਂ ਵਿਚ ਕੋਈ ਖਾਸ ਪਰਿਵਰਤਨ ਨਹੀਂ ਆਇਆ। ਪੰਜਾਬ ਦੇ ਕਿਸਾਨਾ ਵਲੋਂ ਕੀਤੀਆਂ ਖੁਦਕਸ਼ੀਆਂ ਨੂੰ ਬਹੁਤ ਗਲਤ ਅੰਕੜਿਆਂ ਨਾਲ ਉਭਾਰਿਆ ਗਿਆ ਹੈ ਪ੍ਰੰਤੂ ਡਾ. ਰਣਜੀਤ ਸਿੰਘ ਘੁੰਮਣ ਹੁਰਾਂ ਦੇ ਤਾਜੀ ਖੋਜ ਨੇ ਇਨ੍ਹਾਂ ਅੰਕੜਿਆਂ ਤੇ ਪੋਚਾ ਫੇਰ ਦਿੱਤਾ ਹੈ। ਉਨ੍ਹਾਂ ਦਾ ਮਤ ਹੈ ਕਿ ਇਨ੍ਹਾਂ ਖੁਦਕੁਸ਼ੀਆਂ ਵਿਚ ੧੬.੫% ਕਿਰਤੀ ਦਲਿਤ ਲੋਕ ਹਨ ਜੋ ਖੇਤਾਂ ਵਿਚ ਕੰਮ ਕਰਦੇ ਸਨ। ਜਿਨ੍ਹਾਂ ਨੂੰ ਕਰਜੇ ਹੇਠ ਦੱਬੇ ਕਿਸਾਨਾਂ ਦੇ ਖਾਤੇ ਵਿਚ ਪਾ ਦਿੱਤਾ ਗਿਆ।

ਹੁਣ ਮਸਲਾ ਇਹ ਹੈ ਇਨ੍ਹਾਂ ਮੁੱਦਿਆਂ ਨੂੰ ਪੰਜਾਬੀ ਸਾਹਿਤ ਵਿਚ ਕਿਓਂ ਨਹੀਂ ਸਿੱਦਤ ਨਾਲ ਫੜਿਆ ਗਿਆ ਇਕ ਵੱਡਾ ਕਾਰਨ ਇਹ ਹੈ ਕਿ ਪੰਜਾਬੀ ਵਿਚ ਬੌਰੀਏ, ਭੰਗੀ, ਜੁਲਾਹੇ, ਬਾਜੀਗਰ, ਚਮਾਰ, ਨਾਈ ਜਾਤੀਆਂ ਵਿਚੋਂ ਗਿਣਤੀ ਦੇ ਲੇਖਕ ਹੀ ਆਏ ਹਨ ਇਨ੍ਹਾਂ ਵਿਚੋਂ ਬਹੁਤੇ 'ਤਰੱਕੀ ਪਸੰਦ' ਬਣ ਕੇ ਸਮਾਜ ਦੀ ਸਹੀ ਤਸਵੀਰ ਨੂੰ ਆਪਣੀਆਂ ਲਿਖਤਾਂ ਵਿਚ ਉਭਾਰ ਨਹੀਂ ਸਕੇ। ਕਿਸਾਨੀ ਖੁਦਕਸ਼ੀਆਂ ਤੇ ਜੋ ਇਕਾ-ਦੁੱਕਾ ਲਿਖਤਾਂ ਆਈਆਂ ਬੜੀਆਂ ਉਲਾਰ, ਇਕ ਪਾਸੜ ਤੇ ਪੇਤਲੀਆਂ ਆਈਆਂ। ਭਾਵੇਂ ਕਿ ਪੰਜਾਬੀ ਦਾ ਬਹੁਤਾ ਸਾਹਿਤ ਪਿੰਡਾਂ ਦੁਆਲੇ ਘੁੰਮਦਾ ਹੈ ਪਰ ਅਸੀਂ ਸਮਾਜਿਕ ਵਿਗਿਆਨ ਦੀ ਦ੍ਰਿਸ਼ਟੀ ਤੋਂ ਸਾਹਿਤ ਨਹੀਂ ਲਿਖਿਆ, ਹੁਣ ਦੁਖਾਤ ਇਹ ਹੈ ਕਿ ਪੇਂਡੂ ਸਮਾਜ ਨੂੰ ਸਾਡੇ ਸਾਹਿਤਕਾਰ ਜਾਂ ਤਾਂ ਮੀਡੀਏ ਰਾਹੀਂ ਦੇਖਦੇ ਹਨ ਜਾਂ ਉਨ੍ਹਾਂ ਦੀ ਸਮਾਜ ਪ੍ਰਤੀ ਮੋਟੀ ਜਿਹੀ ਸਮਝ ਬਣੀ ਹੋਈ ਹੈ ਇਹ ਕਾਰਨ ਹੈ ਪੰਜਾਬੀ ਵਿਚ ਅਜੇ ਤੱਕ ਭਾਰਤੀ ਪੱਧਰ ਦਾ ਵੱਡਾ ਨਾਵਲ ਨਹੀਂ ਆਇਆ ਇਕ ਵੀ ਕਹਾਣੀ ਨਹੀਂ ਲੱਭਦੀ ਜਿਹੜੀ ਭਾਰਤੀ ਪੱਧਰ ਤੇ ਸਵੀਕਾਰੀ ਗਈ ਹੋਵੇ। ਕਵਿਤਾ ਦਾ ਐਨਾ ਨਿਘਾਰ ਆ ਗਿਆ ਹੈ ਕਿ ਪੇਤਲੇ ਕਿਸਮ ਦੇ ਨਿੱਜੀ ਪਿਆਰ ਤੋਂ ਬਹੁਤੀ ਸ਼ਾਇਰੀ ਉਪਰ ਨਹੀਂ ਉੱਠ ਸਕੀ।ਇਹ ਮਸਲੇ ਬੜੇ ਗੰਭੀਰ ਹਨ ਇਨ੍ਹਾਂ ਤੇ ਵਿਚਾਰ ਕਰਨ ਦੀ ਲੋੜ ਹੈ ਤੇ ਸਭ ਤੋਂ ਵੱਧ ਲੋੜ ਪੰਜਾਬ ਦੇ ਪੇਂਡੂ ਸਮਾਜ ਵਿਗਿਆਨ ਨੂੰ ਸਮਝਣ ਦੀ ਹੈ। ਜਨ ਬੋਧ ਵਿਚ ਅਸੀਂ ਕੇਰਲਾ ਦੇ ਸਮਾਜ ਸੁਧਾਰਕ ਆਇਅਨਕਲੀ ਬਾਰੇ ਛਾਪ ਰਹੇ ਹਾਂ। ਜਿਸ ਨੇ ਅੰਬੇਡਕਰ ਦੀ ਸੋਚ ਕੇਰਲਾ ਦੇ ਦਲਿਤ ਲੋਕਾਂ 'ਚ ਭਰ ਕੇ ਜੀਉਣਾ ਸਿਖਾਇਆ।

**- ਭਗਵੰਤ ਰਸੂਲਪੁਰੀ, ਦੇਸ ਰਾਜ ਕਾਲੀ**

## ਕਹਾਣੀ / ਸਾਂਝ / ਜਿੰਦਰ

ਅੜੀਏ, ਤੇਰੇ ਸੁਨੇਹੇਂ ਮੈਨੂੰ ਮਿਲੇ ਹਨ। ਮੰਮੀ ਨੇ ਦੱਸਿਆ ਸੀ ਕਿ ਕਲ੍ਹ ਵੀ ਤੇਰਾ ਫੋਨ ਆਇਆ ਸੀ। ਦੋ-ਤਿੰਨ ਵਾਰ। ਸ਼ਾਇਦ ਤੂੰ ਜ਼ਿਆਦਾ ਵਾਰ ਵੀ ਮੇਰੇ ਘਰ ਦਾ ਫੋਨ ਮਿਲਾਇਆ ਹੋਵੇ। ਰਿੰਗ ਹੋਵੇ ਤਾਂ ਰਸੀਵਰ ਮੈਂ ਨਹੀਂ ਚੁੱਕਦੀ। ਇਹ ਸਿਰਫ ਮੇਰੀ ਮੰਮੀ ਅਟੈਂਡ ਕਰਦੀ ਹੈ ਜਾਂ ਬੱਚੇ। ਮੇਰੇ ਕੋਲ ਮੇਰਾ ਆਪਣਾ ਮੋਬਾਇਲ ਹੈ। ਮੰਮੀ ਕੋਲ ਆਪਣਾ। ਮੰਮੀ ਦੇ ਮੋਬਾਇਲ ਤੇ ਮੇਰੇ ਮੋਬਾਇਲ ਨੰ. ਚਾਰ-ਛੇ ਮਹੀਨਿਆਂ ਬਾਅਦ ਬਦਲਦੇ ਰਹਿੰਦੇ ਹਨ। ਨਾਂ ਤਾਂ ਪਤਾ ਨਹੀਂ ਕਿੰਨੇ ਵਾਰ ਰੱਖੇ ਹਨ। ਅਸਲੀ ਨਾਂ ਤਾਂ ਘਰ ਵਾਲਿਆਂ ਜਾਂ ਰਿਸ਼ਤੇਦਾਰਾਂ ਨੂੰ ਪਤਾ ਹੈ। ਮੰਮੀ ਹੁਣ ਮੈਨੂੰ ਨਾਂ ਲੈ ਕੇ ਨਹੀਂ ਬੁਲਾਉਂਦੀ-ਧੀਏ ਕਹਿ ਕੇ ਆਵਾਜ਼ ਮਾਰਦੀ ਹੈ।

ਇੰਨਾ ਕੁ ਪਤਾ ਤਾਂ ਲੱਗ ਗਿਆ ਸੀ ਕਿ ਤੂੰ ਦੋ ਮਹੀਨਿਆਂ ਲਈ ਆਈ ਹੈਂ। ਡੇਢ ਮਹੀਨਾ ਬੀਤ ਗਿਆ। ਸੱਚ ਦੱਸਾਂ-ਮੈਂ ਤੈਨੂੰ ਮਿਲਣਾ ਨਹੀਂ ਚਾਹੁੰਦੀ ਸਾਂ। ਤੂੰ ਕੀ, ਮੈਂ ਆਪਣੇ ਕਿਸੇ ਵੀ ਨਜ਼ਦੀਕੀ ਨੂੰ ਮਿਲਣਾ ਨਹੀਂ ਚਾਹੁੰਦੀ। ਜਿਸ ਨੂੰ ਵੀ ਮਿਲਾਂ ਉਸ ਦੀਆਂ ਨਜ਼ਰਾਂ 'ਚ ਸੁਆਲ ਹੀ ਸੁਆਲ ਹੁੰਦੇ ਹਨ। ਕੋਈ ਸਿੱਧਿਆਂ ਤਾਂ ਮੈਨੂੰ ਪੁੱਛਦਾ ਨਹੀਂ, ਗੱਲ ਘੁੰਮਾ ਫਿਰਾ ਕੇ ਕਰਦਾ ਹੈ। ਇੱਕ ਚੰਗੀ ਗੱਲ ਇਹ ਹੈ ਕਿ ਹੁਣ ਮੇਰੀ ਮੰਮੀ ਕਿਸੇ ਦੀ ਪ੍ਰਵਾਹ ਨਹੀਂ ਕਰਦੀ। ਉਸ ਦਾ ਦੋ ਟੁਕ ਜੁਆਬ ਹੁੰਦਾ, "ਜਦੋਂ ਅਸੀਂ ਅੱਧ ਭੁੱਖੀਆਂ ਸੌਂਦੀਆਂ ਸੀ, ਉਦੋਂ ਤਾਂ ਕੋਈ ਨੇੜੇ ਨ੍ਹੀਂ ਆਇਆ।" ਉਨ੍ਹੀਂ ਦਿਨੀਂ ਮੈਂ ਕਰਤਾਰਪੁਰ ਗਈ ਤੇਰਾ ਅਡਰੈੱਸ ਲੈ ਆਈ ਸੀ। ਸੋਚਿਆ ਸੀ ਕਿ ਤੂੰ ਹੀ ਔਖੇ ਵੇਲੇ ਕੰਮ ਆ ਸਕਦੀ ਹੈਂ। ਮੈਂ ਤੈਨੂੰ ਲੰਬੀ-ਚੌੜੀ ਚਿੱਠੀ ਵੀ ਲਿਖੀ ਸੀ। ਖਾਸ ਗੱਲ ਮਦਦ ਕਰਨ ਦੀ ਸੀ। ਪਰ ਮੈਂ ਪੋਸਟ ਨਹੀਂ ਕੀਤੀ ਸੀ। ਮਨ ਨੇ ਕਿਹਾ ਸੀ ਕਿ ਇਹ ਕਿਹੜੀ ਇੱਕ ਦੋ ਮਹੀਨਿਆਂ ਦੀ ਗੱਲ ਹੈ। ਹੁਣ ਸਿਰ ਪਈ ਹੈ ਤਾਂ ਇਹਨੂੰ ਜਰਨ ਦਾ ਹੌਸਲਾ ਰੱਖ। ਤੇਰੇ ਆਉਣ ਦਾ ਸੁਣ ਕੇ ਮੈਨੂੰ ਖੁਸ਼ੀ ਹੋਈ ਸੀ। ਚਾਹੁੰਦੀ ਸਾਂ ਕਿ ਤੈਨੂੰ ਮਿਲਾਂ। ਆਪਣੀ ਪਰਮ ਸਹੇਲੀ ਸ਼ਰਨਜੀਤ ਕੌਰ ਨੂੰ। ਡਰਦੀ ਸੀ ਕਿ ਮਿਲਾਂ ਵੀ ਤਾਂ ਤੇਰਾ ਸਾਹਮਣਾ ਕਿਵੇਂ ਕਰਾਂਗੀ। ਇਨ੍ਹਾਂ ਸਾਲਾਂ 'ਚ ਮੈਂ ਕਿੰਨੀ ਬਦਲ ਗਈ ਹਾਂ। ਸੋਚਣ ਬੈਠਾਂ ਤਾਂ ਪਾਗਲ ਹੋ ਜਾਵਾਂਗੀ। ਜੇ ਕਦੇ ਸੋਚਿਆ ਵੀ ਹੋਵੇਗਾ ਤਾਂ ਮੇਰੇ ਸਾਹਮਣੇ ਮੇਰੇ ਬੱਚਿਆਂ ਦੀ ਜ਼ਿੰਦਗੀ ਦਾ ਸਵਾਲ ਹੀ ਹੋਵੇਗਾ। ਮਾਂ ਆਪਣੇ ਬੱਚਿਆਂ ਲਈ ਵਿਕਣ ਤੱਕ ਵੀ ਜਾਂਦੀ ਹੈ। ਇਹ ਕੋਈ ਮੈਨੂੰ ਪੁੱਛ ਕੇ ਦੇਖੇ ਜਿਹੜੀ ਕਿ ਛੱਬੀ ਸਾਲਾਂ 'ਚ ਹੀ ਵਿਧਵਾ ਹੋ ਗਈ ਸੀ। ਕਾਲਜ 'ਚ ਤੂੰ ਕਿਹਾ ਕਰਦੀ ਸੀ ਕਿ ਜਵਾਨੀ ਐਸ਼ ਕਰਨ ਲਈ ਹੈ। ਮੌਜਾਂ ਕਰੋ। ਕੱਲ੍ਹ ਕਿਸ ਦੇਖਿਆ। ਅਗੋਂ ਸਹੁਰੇ ਪਤਾ ਨਹੀਂ ਕਿਹੋ ਜਿਹੇ ਮਿਲਣੇ। ਲਾਈਫ ਪਾਰਟਨਰ ਪਤਾ ਨਹੀਂ ਕਿੱਦਾਂ ਦਾ ਹੋਣਾ। ਪਰ ਮੈਂ ਤਾਂ ਸਤੀ-ਸਵਿਤਰੀ ਬਣੀ ਸਾਂ। ਆਪਣੀ ਪੜ੍ਹਾਈ ਨਾਲ ਵਾਸਤਾ ਰੱਖਦੀ। ਤੂੰ ਤਿੰਨ-ਚਹੁੰ ਮਹੀਨਿਆਂ ਬਾਦ ਫਰੈਂਡ ਬਦਲ ਲੈਂਦੀ। ਤੈਨੂੰ ਮੈਡਮਾਂ ਸਮਝਾਉਂਦੀਆਂ। ਦੋਸਤ ਸਮਝਾਉਂਦੀਆਂ ਪਰ ਤੂੰ ਇਸ ਵੇਲੇ ਕਿਸੇ ਨੂੰ ਟਿਚ ਨਹੀਂ ਸਮਝਿਆ ਸੀ।

ਹੁਣ ਛੇ-ਸੱਤਾਂ ਸਾਲਾਂ ਬਾਅਦ ਉਹੋ ਜਿਹੀ ਮੇਰੀ ਸਥਿਤੀ ਬਣੀ ਹੋਈ ਹੈ।

ਹੁਣੇ-ਹੁਣੇ 'ਦੀ ਵੀਕ' ਮੈਗਜ਼ੀਨ ਦਾ ਨਵਾਂ ਇਸ਼ੂ ਪੜ੍ਹ ਕੇ ਹਟੀ ਹਾਂ। ਕਵਰ-ਸਟੋਰੀ ਸੀ- ਵੋਮੈਨ ਆਫ ਦੀ ਐਪਿਕ। ਮੈਂ ਇੱਕ ਤੋਂ ਬਾਅਦ ਇਕ ਔਰਤਾਂ ਬਾਰੇ ਪੜ੍ਹਿਆ। ਸੀਤਾ, ਅਹੱਲਿਆ, ਤਾਰਾ, ਮਨਦੋਦਰੀ, ਕੁੰਤੀ, ਦਰੋਪਤੀ, ਗੰਧਾਰੀ, ਕਕੈਈ, ਗੰਗਾ, ਸਵਿਤਰੀ। ਦੋ ਥਾਂ ਰੁਕੀ ਸਾਂ। ਇਕ ਉਸ ਥਾਂ ਜਦੋਂ ਰਾਮ ਸੀਤਾ ਨੂੰ ਦੂਜੀ ਵਾਰ ਪ੍ਰੀਖਿਆ ਦੇਣ ਲਈ ਕਹਿੰਦਾ ਹੈ। ਸੀਤਾ ਦਾ ਜਵਾਬ ਸੀ, "ਇਹ ਧਰਤੀ ਮੇਰੇ ਲਈ ਨ੍ਹੀਂ ਆ। ਨਾ ਹੀ ਇਹ ਪਤੀ, ਨਾ ਹੀ ਅਯੁਧਿਆ ਦੇ ਲੋਕ, ਜਿਨ੍ਹਾਂ ਨੂੰ ਕੋਈ ਵੀ ਸਬੂਤ ਕਨਵਿੰਸ ਕਰਾ ਸਕਦਾ ਆਂ।" ਦੂਜੀ ਥਾਂ ਜਦੋਂ ਅਹੱਲਿਆ, ਇਹ ਜਾਣਦਿਆਂ ਹੋਇਆਂ ਵੀ ਕਿ ਇੰਦਰ, ਗੌਤਮ ਦਾ ਰੂਪ ਬਦਲ ਕੇ ਆਇਆ, ਉਸ ਨਾਲ ਸੌਂਦੀ ਹੈ। ਇਸ 'ਚ ਉਸ ਦੀ ਸਹਿਮਤੀ ਹੈ। ਤ੍ਰਿਪਤੀ ਤੋਂ ਬਾਅਦ ਉਹ ਇੰਦਰ ਨੂੰ ਕਹਿੰਦੀ ਹੈ, "ਮੇਰੀ ਰੂਹ ਰਾਜ਼ੀ ਹੋ ਗਈ। ਸਰਵੋਤਮ ਦੇਵਤਾ ਹੁਣ ਇਸ ਥਾਂ ਨੂੰ ਜਲਦੀ ਛੱਡ ਦਿਓ। ਮੈਨੂੰ ਤੇ ਆਪਣੇ ਆਪ ਨੂੰ ਗੌਤਮ ਤੋਂ ਬਚਾਉ।"

ਇਕ ਵਾਰ ਮੇਰੀ ਸਥਿਤੀ ਵੀ ਅਹੱਲਿਆ ਵਰਗੀ ਹੋ ਗਈ ਸੀ। ਮਨੋਹਰ ਦੀ ਮਾਸੀ ਦਾ ਪੁੱਤ



ਸਤਪਾਲ ਬਿਲਕੁੱਲ ਹੀ ਉਸ ਦੀ ਕਾਰਬਨ ਕਾਪੀ ਹੈ। ਕੋਈ ਵੀ ਉਸ ਨੂੰ ਮਨੋਹਰ ਮੰਨ ਸਕਦਾ ਹੈ। ਮੈਂ ਵੀ ਮੰਨਿਆ ਸੀ।

ਉਹਦੀ ਗੱਲ ਬਾਅਦ 'ਚ ਸੁਣਾਊਂਗੀ।

ਹੱਸ ਲੈ-ਅੜੀਏ ਹੱਸ ਲੈ। ਮੈਂ ਵੀ ਤੇਰੇ ਸੰਗ ਹੀ ਹੱਸਣਾ। ਬਹੁਤੀ ਵਾਰ ਤਾਂ ਦੂਜੇ ਕੰਮਾਂ ਵਾਂਗ ਹੱਸਣਾ ਵੀ ਬਣਾਉਟੀ ਜਿਹਾ ਹੋ ਜਾਂਦਾ। ਆਪਣੇ ਹੱਥ-ਵੱਸ ਕੁਝ ਨਹੀਂ ਰਹਿੰਦਾ ਕਿਉਂਕਿ ਮੈਂ ਇਹੀ ਸਿੱਖਿਆ ਹੈ ਕਿ ਆਪਣੇ ਗ੍ਰਾਹਕ ਨੂੰ ਹਰ ਤਰ੍ਹਾਂ ਖੁਸ਼ ਰੱਖਣਾ ਹੈ। ਆਪਣੀ ਇੱਛਾ ਮਾਰ ਕੇ ਵੀ। ਆਪਣੇ ਆਪ ਨੂੰ ਮਾਰ ਕੇ ਵੀ।

ਮੈਂ ਉਹਲਿਆਂ 'ਚ ਜਿਊਂਦੀ ਹਾਂ। ਗਿਰਗਟ ਵਾਂਗ ਰੰਗ ਬਦਲਦੀ ਹਾਂ। ਪਲ-ਪਲ ਝੂਠ ਬੋਲਦੀ ਹਾਂ। ਪਰ ਕੋਈ ਤਾਂ ਅਜਿਹਾ ਚਾਹੀਦਾ ਹੈ ਜਿਸ ਸੰਗ ਕੋਈ ਮਨ ਦੀ ਗੱਲ ਕਰ ਸਕੇ। ਮੈਂ ਕਿੰਨੇ ਚਿਰ ਤੋਂ ਅਜਿਹੇ ਬੰਦੇ ਦੀ ਭਾਲ 'ਚ ਸੀ ਜਿਹੜਾ ਕਿ ਮੈਨੂੰ ਪਹਿਲਾਂ ਤੋਂ ਜਾਣਦਾ ਹੋਵੇ ਤੇ ਮੈਂ ਉਸ ਨੂੰ ਆਪਣੀ ਹੁਣ ਵਾਲੀ ਜ਼ਿੰਦਗੀ ਬਾਰੇ ਦੱਸਾਂ। ਉਹ ਮੇਰਾ ਮਜਾਕ ਉਡਾਉਣ ਵਾਲਾ ਨਾ ਹੋਵੇ। ਨਜਾਇਜ ਫਾਇਦਾ ਉਠਾਉਣ ਵਾਲਾ ਨਾ ਹੋਵੇ। ਸ਼ੁਕਰ ਹੈ ਕਿ ਤੂੰ ਇੰਗਲੈਂਡ ਤੋਂ ਆ ਗਈ। ਮੈਨੂੰ ਤੈਨੂੰ, ਬਿਨਾਂ ਪੁੱਛਿਆਂ ਹੀ ਸਿੱਧੀ ਗੱਲ ਸੁਣਾ ਰਹੀ ਹਾਂ। ਵਿੰਝੀਆਂ ਕਰਨ ਵਾਲੇ ਬਥੇਰੇ ਮਿਲ ਜਾਂਦੇ।

ਮੇਰਾ ਹੱਸਣਾ ਤਾਂ ਮਨੋਹਰ ਤਾਈਂ ਹੀ ਰਿਹਾ ਸੀ। ਉਸ ਦੀ ਮੌਤ ਇੱਕ ਐਕਸੀਡੈਂਟ 'ਚ ਹੋ ਗਈ ਸੀ- ਆਪਣੀ ਗੱਲ ਲੰਬੀ ਹੋ ਜਾਣੀ।....ਇਹ ਤੂੰ ਕਿਹੜੀ ਗੱਲ ਕਰ ਦਿੱਤੀ ਕਿ ਮੈਂ ਫੋਨ ਬੰਦ ਕਰ ਦਵਾਂ ਤੇ ਤੂੰ ਮੈਨੂੰ ਕਰੇਂਗੀ। ਹੁਣ ਮੈਂ ਇੰਨੇ ਕੁ ਜੋਗੀ ਹੋ ਗਈ ਹਾਂ ਕਿ ਘੰਟਿਆਂਬੱਧੀ ਫੋਨ ਕਰ ਸਕਦੀ ਹਾਂ। ਹਾਂ-ਮੈਨੂੰ ਪਤਾ-ਤੂੰ ਉਮਰ 'ਚ ਮੈਥੋਂ ਚਾਰ ਮਹੀਨੇ ਵੱਡੀ ਹੈਂ। ਸਾਡੇ ਸਾਰੇ ਗਰੁੱਪ 'ਚ ਤੂੰ ਲੱਕੀ ਰਹੀ ਕਿ ਤੈਨੂੰ ਤੇਰੀ ਪਸੰਦ ਦਾ ਲਾਈਫ਼ ਪਾਰਟਨਰ ਮਿਲ ਗਿਆ ਤੇ ਉਹ ਵੀ ਇੰਗਲੈਂਡ ਦਾ।

ਮਨੋਹਰ ਦੇ ਹੁੰਦਿਆਂ ਮੇਰੀ ਸੱਸ ਮੇਰੇ ਘਰ 'ਚ ਪੈਰ ਨਹੀਂ ਲਗਣ ਦਿੰਦੀ ਸੀ। ਪਤਾ ਨਹੀਂ ਉਸ ਨੂੰ ਕੀ ਦਿਖਾਈ ਦਿੰਦਾ ਸੀ ਕਿ ਉਹ ਮੇਰੇ ਹਰੇਕ ਕੰਮ 'ਚ ਨੁਕਸ ਕੱਢਦੀ। ਦੋ ਪਲ ਮਨੋਹਰ ਕੋਲ ਬੈਠ ਜਾਂਦੀ ਤਾਂ ਉਸ ਦੇ ਸੱਤੀਂ ਕੱਪੜੀਂ ਅੱਗ ਲੱਗ ਜਾਂਦੀ। ਉਹ ਆਨੀਂ ਬਹਾਨੀਂ ਮੇਰੀ ਲਾਹ-ਪਾਹ ਕਰਦੀ। ਮਨੋਹਰ ਨੂੰ ਦੱਸਦੀ ਤਾਂ ਉਸ ਦਾ ਇਹੀ ਜਵਾਬ ਹੁੰਦਾ, "ਮੈਂ ਤੈਨੂੰ ਮੁਕਲਾਵੇ ਵਾਲੀ ਰਾਤ ਇੱਕ ਗੱਲ ਸਮਝਾਈ ਸੀ ਕਿ ਜੇ ਤੂੰ ਇਸ ਘਰ 'ਚ ਸੁਖੀ ਰਹਿਣਾ ਤਾਂ ਮੰਮੀ ਦੀ ਗੱਲ ਇੱਕ ਕੰਨੋਂ ਸੁਣ ਛੱਡਣੀ ਆਂ ਤੇ ਦੂਜੇ ਕੰਨੋਂ ਕੱਢ ਦੇਣੀ ਆਂ।" ਪਰ ਸੁਣਨ ਤੇ ਸਹਿਣ ਦੀ ਇੱਕ ਹੱਦ ਹੁੰਦੀ ਹੈ। ਉਸ ਨੇ ਮੇਰਾ ਜੀਉਣਾ ਹਰਾਮ ਕਰੀ ਰੱਖਿਆ ਸੀ।

ਮਨੋਹਰ ਦੀ ਨੌਕਰੀ ਥੋੜ੍ਹੇ ਚਿਰ ਦੀ ਸੀ। ਗਰੈਚੁਇਟੀ, ਲੀਵ ਇਨ ਕੈਸ਼ਮੈਂਟ ਤੇ ਜੀ.ਆਈ.ਐਸ ਦੀ ਪੇਮੈਂਟ ਕਿੰਨੀ ਕੁ ਹੋਣੀ ਸੀ। ਫੈਮਿਲੀ ਪੈਨਸ਼ਨ ਨਹੀਂ ਲੱਗੀ। ਦੋ ਬੱਚੇ ਹਨ। ਸੁਨੀਤਾ ਅੱਠ ਸਾਲਾਂ ਦੀ। ਰਵੀ ਛੇਆਂ ਦਾ ਪਿਛਲੇ ਮਹੀਨੇ ਹੋਇਆ। ਮਾਪਿਆ ਨੇ ਕਿਤੇ ਹੋਰ ਤੋਰਨ ਲਈ ਗੱਲ ਕੀਤੀ ਪਰ ਮੈਂ ਨਹੀਂ ਮੰਨੀ। ਮੈਨੂੰ ਮਨੋਹਰ ਦਾ ਕਿਹਾ ਯਾਦ ਆ ਜਾਂਦਾ, "ਤੈਥੋਂ ਮੈਂ ਕੋਈ ਗੱਲ ਨ੍ਹੀਂ ਲੁਕਾਈ।... ਮੰਮੀ ਤੇਰੀ ਜਿੰਨੀ ਉਮਰ 'ਚ ਵਿਧਵਾ ਹੋ ਗਈ ਸੀ। ਪਰ ਉਸ ਹੌਂਸਲਾ ਨ੍ਹੀਂ ਛੱਡਿਆ। ਹੁਣ ਆਪਣਾ ਪਹਿਲਾ ਫਰਜ਼ ਇਹ ਆ ਕਿ ਆਪਾਂ ਉਸ ਦਾ ਬੁਢਾਪਾ ਖਰਾਬ ਨ੍ਹੀਂ ਕਰਨਾ।" ਮੇਰਾ ਆਪਣਾ ਮਨ ਵੀ ਕਰਦਾ ਕਿ ਕੋਈ ਹੋਰ ਘਰ ਲੱਭ ਲਵਾਂ। ਜ਼ਿੰਦਗੀ ਦੇ ਚਾਰ ਦਿਨ ਸੌਖਾਲੇ ਨਿਕਲ ਜਾਣਗੇ ਪਰ ਮੰਮੀ ਦਾ ਕੀ ਹੋਊ। ਉਸ ਦੀਆਂ ਦੋਨੋਂ ਧੀਆਂ ਤਾਂ ਪਹਿਲਾਂ ਹੀ ਆਪਣੇ ਘਰਾਂ 'ਚ ਸੁੱਖੀ ਨਹੀਂ ਸੀ। ਇਕੋ ਇਕ ਸਹਾਰਾ ਸੀ ਮਨੋਹਰ, ਉਹ ਛੇਤੀ ਸਾਥ ਛੱਡ ਗਿਆ। ਉਹ ਦਿਨ ਬੜੇ ਔਖੇ ਨਿਕਲੇ। ਇੱਕ ਤਾਂ ਮਨੋਹਰ ਅੱਧਵਾਟੇ ਛੱਡ ਗਿਆ, ਉਪਰੋਂ ਘਰ ਦੀ ਜੁੰਮੇਵਾਰੀ। ਚਾਰ ਜਣਿਆਂ ਨੂੰ ਖਾਣ-ਪੀਣ ਪਹਿਨਣ ਲਈ ਚਾਹੀਦਾ ਸੀ। ਪਰ ਪੈਸੇ ਕਿੱਥੋਂ ਆਉਂਦੇ। ਮੇਰੇ ਸਿਰ 'ਚ ਤਰਾਟਾਂ ਪੈਣ ਲੱਗ ਜਾਂਦੀਆਂ। ਮੈਂ ਆਪਣੀ ਸੱਸ ਨੂੰ ਦਿਲਾਸਾ ਦਿੰਦੀ ਤੇ ਉਹ ਮੈਨੂੰ ਸਮਝਾਉਂਦੀ, "ਧੀਏ, ਮਨ ਛੋਟਾ ਨਾ ਕਰ। ਔਕੜਾਂ ਵੀ ਬੰਦੇ ਲਈ ਬਣੀਆਂ। ਇਹਨੂੰ ਵੀ ਸਹਾਰਨਾ ਪੈਣਾ। ਮੈਂ ਤੇਰੇ ਵੱਲ ਦੇਖਦੀ ਆਂ ਤਾਂ ਮੈਨੂੰ ਕੁਸ਼ ਨ੍ਹੀਂ ਸੁਝਦਾ। ਮੈਂ ਆਪ ਪਹਾੜ ਜਿੱਡੇ ਦਿਨ ਲੰਘਾਏ ਆ। ਇਕ ਮਨ ਕਰਦਾ ਕਿ ਤੈਨੂੰ ਆਪਣੇ ਹੱਥੀਂ ਕਿਸੇ ਨਾਲ ਤੋਰ ਦੇਵਾਂ। ਤੇਰੇ ਦਿਨ ਸੌਖਾਲੇ ਹੋ ਜਾਣਗੇ। ਪਰ ਤੂੰ ਅਗਾਂਹ ਜਾ ਕੇ ਵੀ

ਅਗਲੇ ਦੇ ਨਿਆਣੇ ਸਾਂਭਣੇ ਆ। ਤੇਰੇ ਆਪਦੇ ਰੁਲ ਜਾਣੇ ਆਂ। ਐਵੇਂ ਤਾਂ ਨ੍ਹੀਂ ਕਿਸੇ ਨੇ ਕਿਹਾ ਕਿ ਵਿਆਹ ਤੋਂ ਬਾਅਦ ਔਰਤ ਦਾ ਮੁੱਲ ਅੱਧਾ ਵੀ ਨ੍ਹੀਂ ਰਹਿੰਦਾ। ਹੁਣ ਕੌੜਾ ਘੁੱਟ ਭਰ ਲੈ ਤੇ ਆਪਣੇ ਬੱਚਿਆਂ ਨੂੰ ਸੰਭਾਲ।" ਮੇਰੇ ਸਾਹਮਣੇ ਮੇਰੀ ਸੱਸ ਇਕ ਮਸਾਲ ਸੀ। ਜੇ ਉਹ ਇਕੱਲੀ ਰੰਡੇਪਾ ਕਟ ਸਕਦੀ ਹੈ ਤਾਂ ਮੈਂ ਕਿਉਂ ਨਹੀਂ। ਉਹ ਬਿਲਕੁਲ ਅਨਪੜ੍ਹ ਸੀ। ਮੇਰੇ ਕੋਲ ਤਾਂ ਗਰੈਜੁਏਸ਼ਨ ਦੀ ਡਿਗਰੀ ਹੈ। ਮੇਰੇ ਲਈ ਮੇਰੇ ਬੱਚੇ ਮੇਰੀ ਜਾਨ ਹਨ। ਮੈਂ ਫੇਰ ਸਿਰਫ ਤੇ ਸਿਰਫ ਉਨ੍ਹਾਂ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ। ਹੁਣ ਉਹੀ ਮੰਮੀ ਜਿਹਦੀ ਲੁਤਰੀ ਵਾਂਗੂ ਜਬਾਨ ਸਾਰਾ ਦਿਨ ਅੰਦਰ ਨਹੀਂ ਸੀ ਪੈਂਦੀ', ਉਹਨੂੰ ਤਾਂ ਬੋਲਣਾ ਹੀ ਭੁੱਲ ਗਿਆ। ਮੈਂ ਆਪਣੇ ਆਪ ਨੂੰ ਤਾਂ ਸੰਭਾਲਣਾ ਹੀ ਸੀ, ਉਹਨੂੰ ਵੀ ਸੰਭਾਲਿਆ।

ਹੁਣ ਇਸ ਘਰ ਦੀ ਮਾਲਕਣ ਮੈਂ ਹਾਂ। ਇਹ ਘਰ ਮੇਰੀ ਮਰਜ਼ੀ ਅਨੁਸਾਰ ਚਲਦਾ ਹੈ। ਹੁਣ ਉਹ ਮੇਰੀ ਸੱਸ ਨਹੀਂ – ਮੈਂ ਉਹ ਦੀ ਸੱਸ ਬਣ ਗਈ ਹਾਂ। ਛੱਡ ਅੜੀਏ, ਮੈਂ ਵੀ ਤੇਰੇ ਵਾਂਗ ਫੜਾਂ ਮਾਰਨ ਲੱਗ ਪਈ।

ਗੱਲਾਂ ਤਾਂ ਕਰਨੀਆਂ ਹੀ ਪੈਂਦੀਆਂ। ਮੇਰਾ ਕੰਮ ਹੀ ਅਜਿਹਾ ਹੈ ਕਿ ਇਕ ਵਾਰ ਮਾਰ ਖਾ ਗਈ ਤਾਂ ਗ੍ਰਾਹਕ ਗੁਆ ਲਿਆ।

ਹਾਂ–ਉਥੋਂ ਹੀ ਦੱਸਦੀ ਹਾਂ। ਘਰ 'ਚ ਜਿਹੜੇ ਚਾਰ ਪੈਸੇ ਸੀ, ਉਹ ਵੀ ਖ਼ਤਮ ਹੋ ਗਏ। ਮੈਂ ਤਿੰਨ–ਚਾਰ ਜਗ੍ਹਾਂ ਨੌਕਰੀ ਕੀਤੀ। ਤਨਖਾਹ ਸਿਰਫ ਡੇਢ–ਦੋ ਹਜ਼ਾਰ। ਉਪਰੋਂ ਬੌਸ ਦੀ ਚਮਚਾਗਿਰੀ ਅੱਡ ਕਰਨੀ ਪੈਂਦੀ। ਬੌਸ ਦੀਆਂ ਨਜ਼ਰਾਂ ਮੇਰੇ ਜਿਸਮ 'ਤੇ ਲੱਗੀਆਂ ਰਹਿੰਦੀਆਂ। ਉਹ ਅਗਾਂਹ ਵਧੇ, ਉਸ ਤੋਂ ਪਹਿਲਾਂ ਹੀ ਮੈਂ ਕੰਮ ਛੱਡ ਆਉਂਦੀ। ਮੇਰੀ ਆਤਮਾ ਦੁੱਖੀ ਹੁੰਦੀ–ਨਾਲ ਸੱਸ ਦੀ ਆਤਮਾ ਵੀ ਤੜਫਾਉਂਦੀ। ਉਹ ਮੈਨੂੰ ਕਹਿੰਦੀ, "ਧੀਏ, ਜਦੋਂ ਤੱਕ ਔਰਤ 'ਚ ਸਤ ਆ, ਉਹਦੀ 'ਵਾ ਵੱਲ ਕੋਈ ਨ੍ਹੀਂ ਝਾਕ ਸਕਦਾ।" ਉਸਨੂੰ ਕੀ ਦੱਸਾਂ ਕਿ ਹੁਣ ਉਸ ਵਾਲੇ ਸਮੇਂ ਨਹੀਂ ਰਹੇ। ਜੇ ਕਿਤੇ ਬੌਸ ਨਾ ਪਹਿਲ ਕਰੇ ਤਾਂ ਮਾਤਹਿਤ ਆਪ ਕਰਨ ਲੱਗ ਜਾਂਦੀਆਂ ਹਨ। ਉਨ੍ਹਾਂ ਦੇ ਦੋਹਾਂ ਹੱਥਾਂ 'ਚ ਲੱਡੂ ਹੁੰਦੇ ਹਨ। ਸ਼ਰਮ ਹਿਆ ਵਾਲੀ ਗੱਲ ਰਹਿ ਗਈ ਪਾਕਿਸਤਾਨ 'ਚ। ਕੋਈ–ਕੋਈ ਹੋਣੀ ਆ ਮੇਰੇ ਵਰਗੀ ਸਤੀ ਸਵਿੱਤਰੀ। ਮੰਮੀ ਮੈਨੂੰ ਪੁੱਛਦੀ, " ਤੈਨੂੰ ਕਾਹਦਾ ਡਰ?"

"ਮੈਨੂੰ ਆਪਣੀ ਇਸਮਤ ਦਾ ਡਰ ਮਾਰਦਾ। ਉਨ੍ਹਾਂ ਨੂੰ ਮੇਰਾ ਕੰਮ ਨ੍ਹੀਂ ਪਿਆਰਾ। ਜਿਸਮ ਪਿਆਰਾ। ਮੇਰੀ ਸੁੰਦਰਤਾ ਹੀ ਮੇਰੀ ਦੁਸ਼ਮਣ ਬਣੀ ਹੋਈ ਆ। ਕਾਲੀ ਕਲੋਟੀ ਹੁੰਦੀ ਤਾਂ ਕਿਸ ਮੈਨੂੰ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਘੂਰਨਾ ਸੀ। ਮੰਮੀ–ਤੈਨੂੰ ਕਿਹੜੇ ਸ਼ਬਦਾਂ 'ਚ ਦੱਸਾਂ–ਉਹ ਮੈਥੋਂ ਕੀ–ਕੀ ਚਾਹੁੰਦੇ ਆ। ਜੋ ਕੁਸ਼ ਮੇਰੇ ਸਾਹਮਣੇ ਹੁੰਦਾ ਆ–ਉਹਨੂੰ ਦੇਖ–ਦੇਖਕੇ ਮੈਨੂੰ ਪਸੀਨਾ ਆ ਜਾਂਦਾ। ਅਹੁ ਦੇਖ–ਤੇਰੇ ਪੁੱਤ ਦੀਆਂ ਨਜ਼ਰਾਂ ਮੈਨੂੰ ਘੂਰਦੀਆਂ। ਇਹ ਮੇਰਾ ਪਿੱਛਾ ਕਰਦੀਆਂ। ਮੈਂ ਇਨ੍ਹਾਂ ਨੂੰ ਕਿਵੇਂ ਧੋਖਾ ਦਵਾਂ। ਮੈਥੋਂ ਘਰ ਲਈ ਉਸ ਨਾਲ ਵਿਸ਼ਵਾਸਘਾਤ ਨ੍ਹੀਂ ਕੀਤਾ ਜਾਣਾ।" ਮੰਮੀ ਕੋਲ ਮੇਰੀ ਗੱਲ ਦਾ ਜਵਾਬ ਨਾ ਹੁੰਦਾ।

ਕਈ ਮਹੀਨੇ ਮੈਂ ਛੋਟੇ ਬੱਚਿਆਂ ਨੂੰ ਘਰੇ ਹੀ ਪੜ੍ਹਾ ਕੇ ਘਰ ਦੀ ਗੱਡੀ ਤੋਰੀ ਸੀ।

ਉਨ੍ਹੀਂ ਦਿਨੀਂ ਮੈਨੂੰ, ਆਪਣੇ ਗੁਆਂਢੀ ਰਮੇਸ਼ ਚੰਦਰ ਦੀ ਸਿਫਾਰਿਸ਼ 'ਤੇ ਜੈਨ ਇਲੈਕਟ੍ਰਿਕ ਹਾਊਸ 'ਚ ਨੌਕਰੀ ਮਿਲੀ ਸੀ। ਮੈਂ ਆਪਣੇ ਕੰਮ ਨਾਲ ਮਤਲਬ ਰੱਖਦੀ। ਸਤੀਸ਼ ਜੈਨ ਹੋਰੀਂ ਆਨੀਂ ਬਹਾਨੀਂ ਮੈਨੂੰ ਬੁਲਾ ਲੈਂਦੇ। ਇਕ ਸ਼ਾਮ ਨੂੰ ਜਦੋਂ ਮੈਂ ਘਰ ਜਾਣ ਲਈ ਪਰਸ ਚੁੱਕਿਆ ਹੀ ਸੀ ਕਿ ਉਨ੍ਹਾਂ ਮੈਨੂੰ ਬੁਲਾ ਲਿਆ ਤੇ ਪੁੱਛਿਆ, "ਤੁਹਾਨੂੰ ਘਰ ਜਾਣ ਦੀ ਕਾਹਲੀ ਤਾਂ ਨ੍ਹੀਂ ਨਾ?"

"ਹੈ।"

"ਕੋਈ ਖਾਸ।"

"ਇਹੀ ਕਿ ਬੱਚੇ ਮੈਨੂੰ ਉਡੀਕਦੇ ਹੋਣੇ। ਮੈਂ ਉਨ੍ਹਾਂ ਲਈ ਬਾਈ ਦੀ ਮਾਰਕੀਟ 'ਚੋਂ ਕੁਸ਼ ਚੀਜ਼ਾਂ ਖਰੀਦਣੀਆਂ। ਆਪਣੀ ਸੱਸ ਲਈ ਦਵਾਈ ਲੈ ਕੇ ਜਾਣੀ।"

"ਬੱਸ, ਇਹੀ ਕੰਮ ਆ। ਦੱਸੋ ਬੱਚਿਆਂ ਨੂੰ ਕੀ–ਕੀ ਚਾਹੀਦਾ। ਮਾਤਾ ਜੀ ਦੀ ਦਵਾਈ ਦੀ ਪਰਚੀ ਦਿਓ–ਮੈਂ ਕਿਸੇ ਨੌਕਰ ਹੱਥ ਮੰਗਵਾ ਦਿਆਂ। ਮੈਂ ਤੁਹਾਡੇ ਸੈਕਟਰ ਵੱਲ ਜਾਣਾ। ਅੱਧਾ ਘੰਟਾ ਕੁ ਠਹਿਰੋ ਫੇਰ ਇਕੱਠੇ ਨਿਕਲਦੇ ਆਂ।"

ਮੈਂ ਉਸ ਦੀ ਰਮਜ ਸਮਝ ਗਈ ਸੀ। ਤਿੰਨ ਥਾਂਈਂ ਤਾਂ ਬੱਚ ਗਈ–ਹੁਣ ਮੈਨੂੰ ਮੇਰੀ ਖ਼ੈਰ ਨਹੀਂ



ਲੱਗਦੀ ਸੀ, ਕਰ ਕੀ ਸਕਦੀ ਸਾਂ। ਮੈਂ ਇਹ ਨੌਕਰੀ ਗਵਾਉਣੀ ਨਹੀਂ ਚਾਹੁੰਦੀ ਸੀ। ਤਿੰਨ ਹਜ਼ਾਰ ਮਿਲਦੇ ਸਨ। ਕੇਸ ਵੀ ਕੋਈ ਔਖਾ ਨਹੀਂ ਸੀ। ਦਸ ਵਜੇ ਜਾਂਦੀ। ਛੇ ਵਜੇ ਆ ਜਾਂਦੀ। ਮੇਰਾ ਜਿਸਮ ਬੁਰੀ ਤਰ੍ਹਾਂ ਕੰਬਿਆ। ਦੋਵਾਂ ਹੱਥਾਂ ਨਾਲ ਸਿਰ ਫੜ੍ਹ ਕੇ ਬੈਠ ਗਈ। ਮੇਰੀਆਂ ਨਜ਼ਰਾਂ ਵਾਰ–ਵਾਰ ਘੜੀ ਦੀਆਂ ਸੂਈਆਂ 'ਤੇ ਜਾ ਟਿਕਦੀਆਂ।

ਪਰ ਉਸ ਦਿਨ ਸਤੀਸ਼ ਜੈਨ ਹੋਰਾਂ ਕੋਈ ਪਹਿਲ ਨਾ ਕੀਤੀ। ਕਾਰ 'ਚੋਂ ਉਤਰ ਕੇ ਜਾਂਦਿਆਂ ਹੋਇਆਂ ਉਨ੍ਹਾਂ ਇੰਨਾ ਕੁ ਹੀ ਕਿਹਾ, "ਕਿਸੇ ਦਿਨ ਸਮਾਂ ਕੱਢੋ–ਆਪਾਂ ਬੈਠ ਕੇ ਗੱਲਾਂ ਕਰਦੇ ਆਂ।"

ਮੈਂ ਨਾ ਹਾਂ ਕਿਹਾ, ਨਾ ਨਾਂਹ।

ਰਾਤ ਨੂੰ ਮੰਮੀ, ਜਿਵੇਂ ਕਿ ਉਹ ਪਹਿਲਾਂ ਵੀ ਕਰਦੀ ਹੁੰਦੀ ਸੀ ਤੇ ਇਹ ਉਸਦੀ ਆਦਤ ਹੀ ਬਣ ਗਈ ਸੀ, ਮੇਰੇ ਬੈੱਡ 'ਤੇ ਆ ਬੈਠੇ। ਬੱਚੇ ਟੀ.ਵੀ. 'ਤੇ ਫਿਲਮ ਦੇਖ ਰਹੇ ਸਨ। ਉਹਨੇ ਗਲੀ–ਮੁਹੱਲੇ ਦੀਆਂ ਹੋਈਆਂ–ਬੀਤੀਆਂ ਸੁਣਾਈਆਂ ਤੇ ਫੇਰ, ਸ਼ਾਇਦ ਉਸ ਇਸ ਬਾਰੇ ਪਹਿਲਾਂ ਤੋਂ ਹੀ ਸੋਚ ਰੱਖਿਆ ਸੀ, ਆਪਣੀ ਭੈਣ ਦੇ ਪਿੰਡ ਦੀ ਕਥਾ ਛੇੜ ਲਈ, "ਬਿੰਦਰੀ ਦੇ ਪਿੰਡ ਦੀ ਇਕ ਜਨਾਨੀ ਆ। ਕੀ ਆ ਉਸ ਦਾ ਭਲਾ ਜਿਹਾ ਨਾਂ। ਮੈਂ ਭੁੱਲ ਗਈ। ਮੈਂ ਆਪ ਕਈ ਵਾਰ ਉਨ੍ਹਾਂ ਦੇ ਘਰੇ ਗਈ ਆਂ। ਉਹ ਇਕ ਵਾਰੀ ਇਥੇ ਆਈ ਵੀ ਆ। ਦੇਖ ਮੈਨੂੰ ਨਾਂ ਹੀ ਨ੍ਹੀਂ ਯਾਦ ਆ ਰਿਹਾ। ਅੱਛਾ–ਅੱਛਾ ਜੋਗਿੰਦਰੀ। ਜੋਗਿੰਦਰੀ ਦਾ ਘਰਵਾਲਾ ਫ਼ੌਜ 'ਚ ਸੀ। ਘਰ ਦੇ ਦੋ ਸਿਆੜ ਸੀ। ਤੇਰੇ ਵਾਂਗੂੰ ਉਸ ਦਾ ਘਰਵਾਲਾ ਵੀ ਚੜ੍ਹਦੀ ਉਮਰੇ ਲੰਕਾ 'ਚ ਮਾਰਿਆ ਗਿਆ। ਜਿੰਮੀਦਾਰਾਂ ਨੂੰ ਇਸ ਗੱਲ ਦੀ ਤਾਂ ਮੌਜ ਹੁੰਦੀ ਆ ਕਿ ਜੇ ਸਿਰ ਦਾ ਸਾਈਂ ਤੁਰ ਜਾਵੇ ਤਾਂ ਜਨਾਨੀ ਰੋਟੀ ਤੋਂ ਭੁੱਖੀ ਨ੍ਹੀਂ ਮਰਦੀ। ਜੋਗਿੰਦਰੀ ਦੀ ਹਾਲਤ ਤਾਂ ਨਾ ਰੱਜਿਆਂ 'ਚ ਸੀ–ਨਾ ਭੁੱਖਿਆਂ 'ਚ। ਚਾਰ ਕੁੜੀਆਂ। ਦੋ ਮੁੰਡੇ। ਵੱਡਾ ਪਰਿਵਾਰ। ਥੋੜ੍ਹੀ ਬਹੁਤੀ ਪੇਕਿਆਂ ਮੱਦਦ ਕੀਤੀ। ਲੰਮਾ ਚਿਰ ਕੌਣ ਕਿਸੇ ਦਾ ਸੋਚਦਾ। ਕੁੜੀਆਂ ਜੁਆਨ ਹੋ ਗਈਆਂ। ਪਰ ਜੋਗਿੰਦਰੀ 'ਤੇ ਆਖਰਾਂ ਦਾ ਹੁਸਨ ਜਿਉਂ ਦਾ ਤਿਉਂ ਰਿਹਾ ਸੀ। ਜਿਧਰ ਦੀ ਲੰਘ ਜਾਂਦੀ – ਅੱਧਖੜ ਕੀ, ਮੁੰਡੇ ਵੀ ਹੌਕਾ ਭਰਦੇ। ਇਹ ਉਹੀ ਜੋਗਿੰਦਰੀ ਸੀ ਜਿਸ ਜਵਾਨੀ ਵੇਲੇ ਆਪਣੇ ਜਿਸਮ ਨੂੰ ਕਿਸੇ ਪਰਾਏ ਮਰਦ ਦਾ ਹੱਥ ਨ੍ਹੀਂ ਲਗਾਣ ਦਿੱਤਾ ਸੀ ਪਰ ਵਕਤ ਨੇ ਪਾਸਾ ਹੀ ਉਲਟਾ ਦਿੱਤਾ। ਉਹ ਸ਼ਾਹਕੋਟ ਆਪਣੀ ਮਾਮੀ ਦੇ ਭੋਗ 'ਤੇ ਗਈ ਸੀ। ਉਥੇ ਉਸ 'ਤੇ ਮਲਸੀਆਂ ਵਾਲਾ ਸਰਦਾਰ ਮੋਹਿਤ ਹੋ ਗਿਆ। ਉਹਨੇ ਗੱਲਾਂ ਬਾਤਾਂ 'ਚ ਉਹਨੂੰ ਭਰਮਾ ਲਿਆ। ਕਈ ਕਹਿੰਦੀਆਂ ਕਿ ਚਾਟੇ ਲਾ ਲਿਆ। ਉਹਨੇ ਜੋਗਿੰਦਰੀ ਦਾ ਘਰ ਭਰ ਦਿੱਤਾ। ਉਹ ਇੱਕ ਚੀਜ਼ ਮੰਗਦੀ ਤਾਂ ਅੱਗੋਂ ਉਹ ਚਾਰ ਖਰੀਦ ਲਿਆਉਂਦਾ। ਉਹ ਸ਼ਾਮ ਨੂੰ ਆਉਂਦਾ। ਤੜਕੇ ਚਲਾ ਜਾਂਦਾ। ਉਸ ਦਾ ਦਬਦਬਾ ਐਨਾ ਸੀ ਕਿ ਪਿੰਡ 'ਚੋਂ ਕੋਈ ਕੁਸਕਦਾ ਨਾ। ਫੇਰ ਉਹ ਸੱਦਦੀ ਸੀ– ਉਹ ਆਉਂਦਾ ਸੀ। ਕੋਈ ਪੁੱਛਦਾ ਤਾਂ ਉਹ ਕਹਿ ਦਿੰਦੀ 'ਵੱਸਦੇ–ਰਸਦੇ ਘਰਾਂ 'ਚ ਸੌ ਆਉਂਦਾ ਜਾਂਦਾ।' ਫੇਰ ਸਰਦਾਰ ਨਾਲ ਇੱਕ ਹੋਰ ਓਪਰਾ ਬੰਦਾ ਆਉਣ ਲੱਗਾ। ਲੋਕੀਂ ਕਹਿੰਦੇ ਉਹਦੀ ਦੁਕਾਨਦਾਰੀ ਚਲ ਪਈ। ਪਰ ਉਸ ਕਿਸੇ ਲਾਟੀਖਾਨ ਦੀ ਪ੍ਰਵਾਹ ਨ੍ਹੀਂ ਕੀਤੀ। ਸਰਦਾਰ ਜ਼ੋਰ ਪਵਾ ਕੇ 'ਤੇ ਵੱਡੀ ਕੁੜੀ ਜਾਪਾਨ ਭੇਜ ਦਿੱਤੀ। ਉਸ ਤੋਂ ਛੋਟੀ ਅਸਟ੍ਰੇਲੀਆ ਆ। ਤੀਜੇ ਥਾਂ ਵਾਲੀ ਫਰਾਂਸ 'ਚ। ਚੌਥੀ ਪਿਛਲੇ ਦਿਨੀਂ ਅਮਰੀਕਾ ਚਲੇ ਗਈ। ਦੋਵੇਂ ਮੁੰਡੇ ਕੈਨੇਡਾ ਲੰਘਾ ਦਿੱਤੇ। ਉਹ ਦੇ ਘਰੇ ਬਹਾਰਾਂ ਲੱਗੀਆਂ ਰਹਿੰਦੀਆਂ। ਧੀਏ, ਔਰਤ ਚਾਹੇ ਤਾਂ ਕੀ ਨ੍ਹੀਂ ਕਰ ਸਕਦੀ।"

ਮੈਨੂੰ ਸਾਰੀ ਰਾਤ ਨੀਂਦ ਨਹੀਂ ਆਈ ਸੀ। ਉਸ ਦੀ ਕਹੀ ਹੋਈ ਪਿਛਲੀ ਗੱਲ–"ਔਰਤ ਚਾਹੇ ਤਾਂ ਉਹ ਕੀ ਨਹੀਂ ਕਰ ਸਕਦੀ" ਨੇ ਮੈਨੂੰ ਸੋਚੀਂ ਪਾ ਦਿੱਤਾ ਸੀ।

ਮੈਂ ਆਪ ਘਰ ਦੀਆਂ ਤੰਗੀਆਂ ਤੋਂ ਔਖੀ ਹੋ ਗਈ ਸੀ। ਬੱਚਿਆਂ ਦੀਆਂ ਲੋੜਾਂ ਵੱਧ ਰਹੀਆਂ ਸਨ।

ਅਗਲੇ ਹਫਤੇ ਸਤੀਸ਼ ਜੈਨ ਦੇ ਵਾਰ–ਵਾਰ ਜ਼ੋਰ ਪਾਉਣ 'ਤੇ, ਤਰਲੇ ਕੱਢਣ 'ਤੇ ਮੈਂ ਉਸ ਨਾਲ ਸ਼ਿਮਲੇ ਗਈ ਸੀ। ਜੈਨ ਨੇ ਮੈਨੂੰ ਖੁਸ਼ ਕਰ ਦਿੱਤਾ ਸੀ। ਤਿੰਨ ਸੂਟ ਤੇ ਦੋ ਸਾੜੀਆਂ ਲੈ ਕੇ ਦਿੱਤੀਆਂ ਸਨ। ਪਰਸ 'ਚ ਪੰਜ ਸੌ–ਸੌ ਦੇ ਨੋਟ ਪਾ ਦਿੱਤੇ ਸਨ।

ਖੁਸ਼ੀ ਖੁਸ਼ੀ ਮੈਂ ਦੂਜੀ ਸ਼ਾਮ ਨੂੰ ਘਰੇ ਆਈ ਸੀ ਤੇ ਸਭ ਕੁਝ ਮੰਮੀ ਅੱਗੇ ਰੱਖ ਦਿੱਤਾ ਸੀ। ਸੱਚ ਵੀ ਦੱਸ ਦਿੱਤਾ ਸੀ। ਮੰਮੀ ਨੇ ਕੁਝ ਨਹੀਂ ਕਿਹਾ ਸੀ। ਉਹ ਮੇਰੇ ਲਈ ਚਾਹ ਬਣਾ ਲਿਆਈ ਸੀ। ਨਾਲ ਹੀ ਮੇਰੇ

ਪਸੰਦ ਦੇ ਬਿਸਕੁੱਟ। ਮੈਂ ਇਸ ਨੂੰ ਉਸ ਦੀ ਸਵੀਕ੍ਰਿਤੀ ਸਮਝ ਲਿਆ ਸੀ।

ਇਹ ਤਾਂ ਸ਼ੁਰੂਆਤ ਸੀ।

ਛੇਤੀਂ ਹੀ ਸਤੀਸ਼ ਜੈਨ ਮੈਥੋਂ ਅੱਕ ਗਿਆ ਸੀ। ਉਸ ਦੇ ਇੱਕ ਨੇੜਲੇ ਦੋਸਤ ਨੇ ਦੱਸਿਆ ਕਿ ਉਸ ਨੂੰ ਪੰਜ-ਛੇ ਮਹੀਨਿਆਂ ਬਾਅਦ ਨਵਾਂ ਮਾਲ ਚਾਹੀਦਾ ਹੁੰਦਾ ਹੈ।

ਸਤੀਸ਼ ਜੈਨ ਮੈਨੂੰ ਇਲੈਕਟ੍ਰਿਕ ਹਾਊਸ 'ਚੋਂ ਕੱਢਦਾ-ਮੈਂ ਆਪ ਹੀ ਉਥੋਂ ਬਾਹਰ ਆ ਗਈ ਸੀ। ਮੈਨੂੰ ਪਤਾ ਸੀ ਕਿ ਉਸ ਮੈਨੂੰ ਇੱਥੇ ਨਹੀਂ ਰੱਖਣਾ ਕਿਉਂਜੋ ਮੈਂ ਉਸ ਦਾ ਕਿਹਾ ਮੰਨਣੋਂ ਹੱਟ ਗਈ ਸੀ। ਉਸ ਮੈਨੂੰ ਆਪਣੇ ਸਰਕਲ ਦੇ ਦੋਸਤਾਂ ਕੋਲ ਭੇਜਣਾ ਸ਼ੁਰੂ ਕਰ ਦਿੱਤਾ ਸੀ। ਮੈਨੂੰ ਇਸ ਕੰਮ 'ਚ ਕੋਈ ਘਾਟਾ ਨਹੀਂ ਲੱਗਦਾ ਸੀ। ਬੱਸ, ਐਨਾ ਕੁ ਹੁੰਦਾ ਸੀ ਕਿ ਮੈਨੂੰ ਹਫਤੇ 'ਚ ਦੋ ਤਿੰਨ ਵਾਰੀ ਰਾਤ ਨੂੰ ਘਰੋਂ ਬਾਹਰ ਰਹਿਣਾ ਪੈਂਦਾ। ਉਹ ਸਾਰੇ ਜਣੇ ਖਾਂਦੇ ਪੀਂਦੇ ਪਰਿਵਾਰਾਂ ਨਾਲ ਸੰਬੰਧ ਰੱਖਦੇ ਸਨ। ਉਨ੍ਹਾਂ ਕੋਲ ਕਿਸੇ ਚੀਜ਼ ਦੀ ਕੋਈ ਘਾਟ ਨਹੀਂ ਸੀ। ਉਨ੍ਹਾਂ ਨੂੰ ਕਿਵੇਂ ਆਪਣੇ ਵੱਸ 'ਚ ਰੱਖਣਾ ਹੈ, ਇਸ ਗੱਲ ਦਾ ਮੈਨੂੰ ਅਹਿਸਾਸ ਸੀ ਪਰ ਉਹ ਐਡੇ ਵੱਡੇ ਘਾਗ ਨਿਕਲਣਗੇ-ਇਥੋਂ ਤੱਕ ਮੈਂ ਸੋਚਿਆ ਨਹੀਂ ਸੀ। ਮਸਾਂ-ਮਸਾਂ ਮੈਂ ਉਨ੍ਹਾਂ ਦੇ ਘੇਰੇ 'ਚੋਂ ਨਿਕਲੀ ਸੀ ਤੇ ਉਸ ਸੈਕਟਰ ਵੱਲ ਜਾਣਾ ਤਾਂ ਕੀ, ਨਾਲ ਦੇ ਸੈਟਰਾਂ ਵੱਲ ਵੀ ਕਈ ਮਹੀਨੇ ਨਹੀਂ ਗਈ ਸੀ। ਮੈਂ ਮੋਹਾਲੀ, ਸੈਕਟਰ ਛੇ 'ਚ ਮਕਾਨ ਕਿਰਾਏ 'ਤੇ ਲੈ ਲਿਆ ਸੀ। ਇੱਥੇ ਮੈਨੂੰ ਇੱਕ ਏ ਕਲਾਸ ਮੈਡਮ ਮਿਲ ਗਈ ਸੀ।

ਹੁਣ ਮੈਨੂੰ ਨੌਕਰੀ ਦੀ ਲੋੜ ਨਹੀਂ ਰਹੀ ਸੀ। ਮੇਰਾ ਘਰੋਂ ਜਾਣ ਦਾ ਇਕ ਸਮਾਂ ਸੀ ਪਰ ਵਾਪਸ ਆਉਣ ਦਾ ਕੋਈ ਬਝਵਾਂ ਸਮਾਂ ਨਹੀਂ ਸੀ। ਜੇ ਕੋਈ ਆਂਢ-ਗੁਆਂਢ 'ਚੋਂ ਪੁੱਛ ਲੈਂਦੀ ਤਾਂ ਮੰਮੀ ਦਾ ਜਵਾਬ ਹੁੰਦਾ, "ਫਰਮ 'ਚ ਓਵਰਟਾਈਮ ਲਾਉਣਾ ਪੈਂਦਾ। ਸਾਡੇ ਸਿਰ 'ਤੇ ਕਿਹੜਾ ਕੋਈ ਮਰਦ ਆ। ਭਾਈ ਸਾਰਾ ਘਰ ਵਿਚਾਰੀ ਦੇ ਸਿਰ 'ਤੇ ਚੱਲਦਾ।"

ਇਕ-ਇਕ ਕਰਕੇ ਸਾਰਾ ਘਰ ਚੀਜ਼ਾਂ ਨਾਲ ਭਰਿਆ ਨਹੀਂ, ਥੁੰਨਿਆ ਗਿਆ ਹੈ। ਮੈਂ ਆਪਣਾ ਸਟੈਨਡਰਡ ਬਣਾਇਆ ਹੋਇਆ। ਮੈਂ ਕਿਸੇ ਨਾਲ ਸਿੱਧੀ ਗੱਲ ਨਹੀਂ ਕਰਦੀ। ਮੈਡਮ ਦੇ ਕਸਮਟਰਾਂ ਦਾ ਫੋਨ ਮੰਮੀ ਸੁਣਦੀ ਹੈ ਤੇ ਅੱਗੋਂ ਸਮਾਂ ਮਿੱਥ ਕੇ ਮੈਨੂੰ ਫੋਨ ਕਰਦੀ ਹੈ। ਅੜੀਏ ਇਸ ਕਿੱਤੇ 'ਚ ਸੌ ਓਹਲਿਆਂ 'ਚ ਜੀਊਣਾ ਪੈਂਦਾ ਹੈ।

ਮੰਮੀ ਇਸ਼ਾਰੇ ਕਰ ਰਹੀ ਹੈ। ਕਿਸੇ ਦਾ ਫੋਨ ਆਇਆ ਹੈ। ਪਹਿਲਾਂ ਵੀ ਉਸ ਇਸ਼ਾਰਾ ਕੀਤਾ ਸੀ ਤੇ ਮੈਂ ਫੋਨ ਬੰਦ ਕਰਨ ਲਈ ਕਿਹਾ ਸੀ।...ਅਟੈਂਡ ਕਰ ਲਵਾਂ... ਮੈਨੂੰ ਲੱਗਦਾ-ਹਰਜੀਤ ਸਿਹੁੰ ਹੋਣਾ। ਹਰਜੀਤ ਸਿਹੁੰ ਡੀ.ਐਸ.ਪੀ.। ਮੈਨੂੰ ਮੰਮੀ ਦੇ ਚਿਹਰੇ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਕਿਸ ਦਾ ਫੋਨ ਆਇਆ ਹੋਵੇਗਾ। ਉਹਨੂੰ ਮੈਡਮ ਤੇ ਪੁਲਿਸ ਵਾਲਿਆਂ ਤੋਂ ਬਹੁਤ ਡਰ ਲੱਗਦਾ ਹੈ। ਉਸ ਦਾ ਮੰਨਣਾ ਹੈ ਕਿ ਇਹ ਕਿਸੇ ਦੇ ਮਿੱਤ ਨਹੀਂ ਹੁੰਦੇ। ਇਨ੍ਹਾਂ ਤੋਂ ਜਿੰਨਾ ਦੂਰ ਰਹੋ-ਉੱਨਾ ਹੀ ਠੀਕ ਰਹੇਗਾ। ਕਿਸੇ ਹੋਰ ਦਾ ਫੋਨ ਹੁੰਦਾ ਤਾਂ ਉਸ ਨੇ ਐਨੀ ਨਿਮਰਤਾ ਨਾਲ ਨਹੀਂ ਬੋਲਣਾ ਸੀ। ਕਈ ਵਾਰ ਉਹ ਸਖਤ ਹੋ ਜਾਂਦੀ ਹੈ। ਕਈ ਵਾਰ ਨਿਮਰ।... ਦੱਸ ਸੁਹਣੀ ਜਨਾਨੀ ਕਿਹਨੂੰ ਮਾੜੀ ਲੱਗਦੀ ਹੈ। ਅੜੀਏ -ਵੱਡਿਆਂ ਬੰਦਿਆਂ ਨਾਲ ਵੀ ਲਿੰਕ ਬਣਾਉਣੇ ਪੈਂਦੇ ਹਨ। ਮੇਰੇ ਸਰਕਲ ਦੇ ਬਹੁਤੇ ਕਸਟਮਰ ਵੱਡੇ ਬੰਦੇ ਹੀ ਆ। ਹਾਂ-ਹਾਂ-ਵੱਡੇ ਹਾਈ ਕਲਾਸ ਅਫਸਰ। ਸੈਕਟਰੀਏਟ 'ਚ ਬੈਠਣ ਵਾਲੇ। ਪੁਲਸੀਏ ਵੀ। ਇਹ ਪੁਲਿਸ ਕਿਸੇ ਨੂੰ ਜੀਊਣ ਦਿੰਦੀ ਹੈ। ਲੈ-ਮੈਂ ਉਸ ਨਾਲ ਕੀ ਗੱਲਾਂ ਕਰਨ ਲੱਗੀ ਹਾਂ-ਤੂੰ ਵੀ ਸੁਣ ਲੈ। ਸੱਤ ਸ੍ਰੀ ਅਕਾਲ ਜੀ।....ਅੱਜ ਸ਼ਾਮ, ਨ੍ਹੀਂ ਅੱਜ ਸ਼ਾਮ ਤਾਂ ਮੈਂ ਬਿਜੀ ਆਂ। ਮੇਰੀ ਇਕ ਦੋਸਤ ਅਮਰੀਕਾ ਤੋਂ ਆਈ ਆ। ਪੰਦਰਾਂ ਸਾਲ ਬਾਅਦ। ਉਹਨੇ ਆਪਣੇ ਬੇਟੇ ਦਾ ਬਰਥ-ਡੇ ਮਨਾਉਣਾ। ਹਾਂ-ਹਾਂ ਜੀ-ਦਸ ਵਜ ਜਾਣੇ। ਕੀ-ਕੀ? ਤੁਸੀਂ ਦਸ ਵਜੇ ਆਪਣੀ ਗੱਡੀ ਭੇਜ ਦਿਓਗੇ-ਇੰਨੇ ਬੇਸਬਰੇ ਕਿਉਂ ਹੋ? ਮੈਂ ਕਿਤੇ ਦੌੜ ਨ੍ਹੀਂ ਚਲੀ। ਮੇਰੀ ਸਰਕਾਰ-ਤੁਹਾਥੋਂ ਦੌੜ ਕੇ ਜਾਣਾ ਵੀ ਕਿੱਥੇ ਆਂ? ਗੋਲੀ ਕਿਹਦੀ, ਗਹਿਣੇ ਕਿਹਦੇ...ਹਾਂ...ਹਾਂ ਜ਼ਰਾ ਉੱਚੀ ਬੋਲੋ.... ਘਰੇ ਬੈਠੇ ਹੋ.....ਬਾਹਰ ਆ ਜਾਓ। ਕਈ ਵਾਰ ਆਵਾਜ਼ ਸਾਫ ਨ੍ਹੀਂ ਸੁਣਦੀ। ਹਾਂ...ਹਾਂ....ਜੀ ਕਪੜੇ ਤੁਹਾਡੀ ਪਸੰਦ ਦੇ ਹੀ ਪਾ ਕੇ ਆਵਾਂਗੀ। ਕਾਲੀ ਕਮੀਜ਼, ਚਿੱਟੀ ਸਲਵਾਰ। ਕਾਲੇ ਰੰਗ ਦੀ ਚੁੰਨੀ.....ਹਾਂ....ਹਾਂ....ਛੋਟੀ ਜਿਹੀ ਬਿੰਦੀ ਵੀ ਲੱਗੀ ਹੋਊ....ਹੋਰ ਕੋਈ ਫਰਮਾਇਸ਼। ਕੀ...ਕੀ....ਹਾਂ....ਹਾਂ ਬਰਾ ਤੇ ਪੈਟੀ ਵੀ ਨਵੀਂ



ਹੋਊ। ਇਕ ਗੱਲ ਦੱਸੋ ਮੈਂ ਤੁਹਾਡੇ ਕੋਲ ਆਉਣਾ....ਜਾਂ ਤੁਸੀਂ ਅਗਾਂਹ ਕਿਤੇ ਭੇਜਣਾ....ਹਾਂ....ਹਾਂ...ਜੀ ਪੱਕਾ ਰਿਹਾ। ਉਸੇ ਅਫਸਰ ਕੋਲ ਜਾਣਾ। ਖੁਸੜ ਜਿਹਾ। ਉਸ ਕੋਲੋਂ ਹੁੰਦਾ ਤਾਂ ਕੁਸ਼ ਨਹੀਂ। ਦੇਖ-ਦੇਖਕੇ ਹੀ ਖ਼ੁਸ਼ ਹੁੰਦਾ ਰਹਿੰਦਾ। ਉਸ ਕੋਲੋਂ ਤੁਹਾਡਾ ਕੰਮ ਕਰਵਾ ਕੇ ਆਊਂ। ਤੁਹਾਨੂੰ ਮੇਰੇ 'ਤੇ ਵਿਸ਼ਵਾਸ ਕਿਉਂ ਨ੍ਹੀਂ ਹੋ ਰਿਹਾ.....ਤੁਹਾਡਾ ਕੰਮ ਹੋ ਜਾਊਗਾ-ਬੋਲੋ ਮੈਨੂੰ ਕੀ ਦਿਓਗੇ। ਜੋ ਮੈਂ ਮੰਗ ਲਵਾਂ....ਚਲੋ ਇੰਤਜ਼ਾਰ ਕਰੋ। ਹੁਣ ਦੋਬਾਰਾ ਫੋਨ ਕਰਨ ਦੀ ਲੋੜ ਨ੍ਹੀਂ। ਸਾਢੇ ਦਸ ਵਜੇ ਆਪਣੀ ਮਰਸੀਡੀ ਮੇਰੇ ਘਰੇ ਭੇਜ ਦਿਓ। ਪਾਰਟੀ ਤੋਂ ਵਾਪਸ ਆ ਕੇ ਫਰੈੱਸ਼ ਤਾਂ ਹੋਣਾ ਹੀ ਪੈਂਦਾ। ਓ.ਕੇ. ਮਾਈ ਡੀਅਰ....।

ਹਾਂ, ਸੁਣ ਲਿਆ। ਇਹ ਮਰਦ ਬੜੇ ਕੁੱਤੇ ਹੁੰਦੇ ਹਨ। ਆਪਣਾ ਕੰਮ ਕਰਾਉਣਾ ਹੋਵੇ ਤਾਂ ਪੈਰਾਂ ਦੀਆਂ ਤਲੀਆਂ ਚੱਟਣ ਤੱਕ ਜਾਣਗੇ। ਨਹੀਂ ਤਾਂ ਭੈਣ ਦੇ ਯਾਰ, ਪੈਰ ਦੀ ਜੁੱਤੀ ਵੀ ਨਹੀਂ ਸਮਝਦੇ। ਹਰਜੀਤ ਦਾ ਕੋਈ ਕੰਮ ਪੈਡਿੰਗ ਪਿਆ। ਇਹਨੇ ਵੱਡੇ ਸਾਹਿਬ ਨੂੰ ਖੁਸ਼ ਕਰਨਾ। ਖੁਸ਼ ਕਰਨ ਲਈ ਮੈਨੂੰ ਪੇਸ਼ ਕਰ ਰਿਹਾ। ਹੁਣ ਇੰਨੀ ਕੁ ਅਕਲ ਆ ਗਈ ਹੈ ਕਿ ਕਿਹਦਾ ਕੰਮ ਕਿਹਦੇ ਕੋਲੋਂ ਕਿਵੇਂ ਕਰਵਾਉਣਾ ਹੈ। ਇਕ ਹੋਰ ਹੈ। ਕੇਸਰ ਸਿੰਘ, ਪੰਜਾਬ ਸਕੂਲ ਐਜੂਕੇਸ਼ਨ ਬੋਰਡ 'ਚ ਸੁਪਰਡੈਂਟ ਏ ਕਲਾਸ ਲੱਗਾ। ਉਮਰ ਹੋਣੀ ਹੈ ਚੁਰੰਜਾ ਕੁ ਸਾਲ। ਗਾਲੜੀ ਹੈ ਸਿਰੇ ਦਾ। ਉਹਦਾ ਰੋਜ਼ ਫੋਨ ਆਉਂਦਾ ਹੈ। ਜਾਂ ਉਹ ਆਪ ਆਉਂਦਾ ਹੈ। ਕਰਨ ਕਰਾਉਣ ਜੋਗਾ ਕੁਸ਼ ਨਹੀਂ। ਗੱਲਾਂ-ਬਾਤਾਂ ਕਰੀਂ ਜਾਂਦਾ ਹੈ। ਮੰਮੀ ਦੇ ਪੈਰੀਂ ਹੱਥ ਲਾਉਂਦਾ ਹੈ ਜਿਵੇਂ ਉਹ ਸੱਚੀ-ਮੁੱਚੀ ਦੀ ਉਹਦੀ ਸੱਸ ਹੋਵੇ। ਖਾਲੀ ਹੱਥ ਕਦੇ ਨਹੀਂ ਆਉਂਦਾ। ਭਾਵੇਂ ਦੋ ਕਿਲੋ ਸੇਬ ਹੀ ਕਿਉਂ ਨਾ ਲਿਆਵੇ....ਠਹਿਰ ਜਾ ਮਿੰਟ ਕੁ, ਲੱਗਦਾ ਉਹਦਾ ਫੋਨ ਹੀ ਮੰਮੀ ਸੁਣ ਰਹੀ ਹੈ। ਉਹਦਾ ਹੀ ਹੋਣਾ। ਉਹ ਮੇਰੇ ਨਾਲੋਂ ਜ਼ਿਆਦਾ ਮੰਮੀ ਨਾਲ ਖੁੱਲ੍ਹਾ ਹੈ। ਮੰਮੀ ਨੂੰ ਵੀ ਕੋਈ ਗੱਲਬਾਤ ਵਾਲਾ ਚਾਹੀਦਾ ਹੈ। ਜੇ ਉਸ ਦਾ ਫੋਨ ਨਾ ਆਵੇ ਤਾਂ ਮੰਮੀ ਆਪ ਉਹਨੂੰ ਫੋਨ ਕਰਦੀ ਹੈ। ਘਰ ਆਉਣ ਲਈ ਜ਼ੋਰ ਪਾਉਂਦੀ ਹੈ। ਉਹ ਘਰ ਦੇ ਸੌ ਕੰਮ ਸੰਵਾਰਦਾ ਹੈ। ਦੇਖ...ਮੈਂ ਉਹਨੂੰ ਕਿਵੇਂ ਉਲਝਾਉਂਦੀ ਹਾਂ...ਹਾਂ...ਜੀ..ਜਨਾਬ ਤੁਸੀਂ ਤਾਂ ਮੈਨੂੰ ਭੁਲਾ ਹੀ ਦਿੱਤਾ.....ਲਓ...ਲਓ ਕੱਲ੍ਹ ਕਦੋਂ ਫੋਨ ਕੀਤਾ ਸੀ..ਅੱਛਾ...ਅੱਛਾ ਬਾਹਰ ਹੋਵਾਂਗੀ। ਮੰਮੀ ਨੇ ਦੱਸਿਆ ਹੀ ਨ੍ਹੀਂ...ਹੁਣ ਕਿਥੇ ਹੋ... ਦਫ਼ਤਰ...ਘਰੇ ਭੈਣ ਜੀ ਦਾ ਕੀ ਹਾਲ ਚਾਲ ਆ? ਗੋਡਿਆਂ ਦਾ ਦਰਦ...ਐਸ ਉਮਰ 'ਚ ਹੋ ਹੀ ਜਾਂਦਾ...ਆ ਜਾਓ...ਮੇਰੇ ਕੋਲ ਇਕ ਘੰਟਾ ਹੈਗਾ....ਤੁਹਾਨੂੰ ਘੋੜੇ ਵਾਂਗੂੰ ਦੌੜਣ ਲਾ ਦਊਂ....ਹਾਂ...ਹਾਂ ਚੇਤੇ ਆਇਆ ਗੈਸ ਮੁੱਕਿਆ ਹੋਇਆ। ਮੈਥੋਂ ਬੁੱਕ ਹੀ ਕਰਾ ਨ੍ਹੀਂ ਹੋਇਆ। ਤੁਸੀਂ ਕਿਸੇ ਪੀਅਨ ਨੂੰ ਭੇਜੋ...ਭਰਿਆ ਹੋਇਆ ਭੇਜ ਦਿਓਗੇ...ਫੇਰ ਤਾਂ ਮੌਜਾਂ ਲੱਗ ਗਈਆਂ। ਤੁਸੀਂ ਨਾ ਮਿਲੋ ਤਾਂ ਮੇਰੀ ਜਾਨ ਨਿਕਲਣ ਵਾਲੀ ਹੋ ਜਾਂਦੀ ਆ...। ਲਓ, ਤੁਸੀਂ ਭਾਵੇਂ ਝੂਠ ਸਮਝ ਲਓ.....ਮੈਨੂੰ ਵੀ ਤੁਸੀਂ ਭੈਣ ਜੀ ਵਾਂਗ ਸਮਝ ਲਿਆ... ਮੈਂ ਉਹਨਾਂ ਵਾਂਗੂੰ ਨ੍ਹੀਂ ਕਹਿਣ ਲੱਗੀ, "ਐਵੇਂ ਤਾਂ ਨ੍ਹੀਂ ਜਨਾਨੀਆਂ ਬਾਹਰ ਝਾਕਦੀਆਂ।" ਭੈਣ ਜੀ ਭੈਣ ਜੀ ਆ...ਮੈਂ....ਮੈਂ ਹਾਂ। ਬੱਸ ਆ ਜਾਊ....ਠੀਕ ਆ ਨਾ? ਮੈਂ ਉਡੀਕਾਂਗੀ। ਦੋ ਵਜੇ... ਲੰਚ ਇਕੱਠੇ ਕਰਾਂਗੇ...ਹਾਂ...ਹਾਂ ਆਉਣ ਲੱਗੇ...ਅਠੱਤੀਉਂ ਪਾਲ ਕੋਲੋਂ ਲੈਗ ਪੀਸ ਪੈਕ ਕਰਵਾ ਲਿਆਇਓ। ਲੈ-ਅੜੀਏ ਆਇਆ ਲੈ ਅੱਧੇ ਘੰਟੇ ਤੱਕ। ਇਹ ਆਪਣੀ ਘਰਵਾਲੀ ਤੋਂ ਤੰਗ ਹੈ। ਇਕ ਵਾਰੀ ਇਹ ਜਲਦੀ ਹੀ ਢਹਿ-ਢੇਰੀ ਹੋ ਗਿਆ। ਇਹ ਦੀ ਘਰਵਾਲੀ ਨੇ ਮੇਹਣਾ ਮਾਰਿਆ...ਪਹਿਲਾਂ ਮੇਰਾ ਸੋਚੋ ਫੇਰ ਸੌਂਇਊਂ। ਇਹਨੇ ਉਹਦੀ ਗੱਲ ਨਾ ਗੌਲੀ। ਉਸ ਕਿਹਾ....ਐਵੇਂ ਤਾਂ ਨ੍ਹੀਂ ਜਨਾਨੀਆਂ ਬਾਹਰ ਝਾਕਦੀਆਂ। ਇਹਨੂੰ ਗੁੱਸਾ ਆ ਗਿਆ। ਅੱਧੀ ਰਾਤ ਨੂੰ ਉਹਨੂੰ ਕੁੱਟਣ ਲੱਗਾ। ਉਹ ਡਰਦੀ ਮਾਰੀ ਵਿਚਾਰੀ ਰੌਲਾ ਵੀ ਨਾ ਪਾ ਸਕੇ ਕਿ ਨਾਲ ਦੇ ਕਮਰੇ 'ਚ ਪਏ ਬੱਚੇ ਕੀ ਸੋਚਣਗੇ। ਇਹ ਬੰਦਾ ਵੀ ਅਜੀਬ ਹੈ। ਆਪਣੀ ਘਰਵਾਲੀ ਦੀਆਂ ਨਿੱਕੀਆਂ ਤੋਂ ਨਿੱਕੀਆਂ ਗੱਲਾਂ ਵੀ ਮੈਨੂੰ ਦੱਸ ਜਾਂਦਾ। ਮੈਂ ਇਕ ਵਾਰ ਇਹਨੂੰ ਛੇੜ ਦਵਾਂ, ਫੇਰ ਇਹਦੀ ਕੈਸਿਟ ਬੋਲਣ ਲੱਗ ਜਾਂਦੀ ਹੈ। ਇਹਨੇ ਆਪਣੀ ਘਰਵਾਲੀ ਦੀਆਂ ਉਹ ਗੱਲਾਂ ਵੀ ਦੱਸੀਆਂ ਜਿਨ੍ਹਾਂ ਬਾਰੇ ਮੈਨੂੰ ਅਜੇ ਤਾਈਂ ਵੀ ਕੁਝ ਨਹੀਂ ਪਤਾ ਸੀ-ਮਿਲੇਗੀਂ ਤਾਂ ਉਹਨੂੰ ਘਰੇ ਬੁਲਾ ਲਵਾਂਗੀ।

ਅੜੀਏ, ਮੈਂ ਫੋਨ ਰੱਖਣ ਲੱਗੀ ਹਾਂ। ਬਹੁਤ ਗੱਲਾਂ ਕਰ ਲਈਆਂ। ਕੁਝ ਤਾਂ ਅਗਲੀ ਵਾਰ ਲਈ ਰੱਖ ਲਈਏ। ਮੈਂ ਦੋ ਘੰਟਿਆਂ ਲਈ ਸੌਣਾ ਹੈ। ਰਾਤੀਂ ਲੇਟ ਆਈ ਸੀ। ਅਜੇ ਤਾਈਂ ਨੀਂਦ ਪੂਰੀ ਨਹੀਂ ਹੋਈ। ਸਰੀਰ ਟੁੱਟਿਆ ਭੱਜਿਆ। ਸ਼ਾਇਦ ਦਾਰੂ ਕਰਕੇ ਹੋਇਆ ਹੋਣਾ ਜਾਂ ਉਸ ਭੈੜੀ ਸੂਰਤ ਵਾਲੇ ਮਹਿਤੇ ਕਰਕੇ।

ਬੱਸ-ਬਾਕੀ ਫੇਰ ਸਈਂ।

ਹਾਂ...ਹਾਂ...ਤੂੰ ਵੀ ਮੈਨੂੰ ਸੌਣ ਨਹੀਂ ਦੇਣਾ।ਅਹੌਲਿਆ ਵਾਲੀ ਗੱਲ ਦੱਸਾਂ।ਉਸ ਦੀ ਮਾਸੀ ਦਾ ਮੁੰਡਾ ਸਤਪਾਲ ਦੋ-ਤਿੰਨ ਵਾਰ ਘਰੇ ਆਇਆ ਸੀ, ਰਾਤ ਵੀ ਠਹਿਰਿਆ ਸੀ। ਉਸ ਦਾ ਮੱਥਾ ਐਨਾ ਸੋਹਣਾ ਹੈ ਕਿ ਜੇ ਤੂੰ ਵੀ ਉਹਨੂੰ ਦੇਖੇਂ ਤਾਂ ਲੱਟੂ ਹੋ ਜਾਵੇਂਗੀ।ਉਹ ਆਉਂਦਾ ਤਾਂ ਮੇਰੇ ਪੈਰੀਂ ਹੱਥ ਲਾਉਂਦਾ। ਮੈਥੋਂ ਚਾਰ ਸਾਲ ਛੋਟਾ।ਭਾਬੀ ਜੀ....ਭਾਬੀ ਜੀ ਕਹਿੰਦਿਆਂ ਉਹ ਨਜ਼ਰਾਂ ਉਤਾਂਹ ਨਹੀਂ ਚੁੱਕਦਾ ਸੀ।ਇਕ ਦਿਨ ਉਹ ਆਇਆ ਤਾਂ ਮਨੋਹਰ ਦਫ਼ਤਰ 'ਚ ਸੀ।ਮੰਮੀ ਆਪਣੀ ਧੀ ਕੋਲ ਗਈ ਸੀ।ਬੱਚੇ ਸਕੂਲੇ।ਮੈਂ ਘਰ ਦੇ ਕੰਮ ਮੁਕਾ ਕੇ ਮੰਜੇ 'ਤੇ ਪਈ ਦੋ ਘੜੀਆਂ ਆਰਾਮ ਕਰ ਰਹੀ ਸੀ।ਉਹ ਸਿੱਧਾ ਹੀ ਮੇਰੇ ਕੋਲ ਆ ਬੈਠਾ। ਮੈਂ ਚਾਹ-ਪਾਣੀ ਦਾ ਪੁੱਛਿਆ, ਤਾਂ ਉਸ ਨੇ ਸਿਰ ਨਾਂਹ 'ਚ ਹਿਲਾਇਆ।ਉਸ ਦੇ ਸੱਜੇ ਹੱਥ 'ਚ ਹੈਂਡ ਬੈਗ ਫੜਿਆ ਸੀ। ਮੈਨੂੰ ਲੱਗਿਆ ਸੀ ਕਿ ਉਸ ਮਸਾਂ ਪੰਜ-ਸੱਤ ਮਿੰਟ ਰੁਕਣਾ, ਫੇਰ ਚਲੇ ਜਾਣਾ। ਆਪਣੇ ਦਫ਼ਤਰ ਦੇ ਕਿਸੇ ਕੰਮ ਆਇਆ ਹੋਵੇਗਾ।ਮੈਂ ਉਹਨੂੰ ਮਾਸੀ ਦੀ ਸਿਹਤ ਬਾਰੇ ਪੁੱਛਿਆ, ਪਰਿਵਾਰ ਦੀਆਂ ਗੱਲਾਂ ਪੁੱਛੀਆਂ।ਉਹਨੇ ਮੇਰੇ ਚਿਹਰੇ ਵੱਲ ਸਿੱਧਿਆਂ ਹੀ ਦੇਖਿਆ ਤੇ ਫੇਰ ਹੈਂਡ ਬੈਗ ਇਕ ਪਾਸੇ ਟਿਕਾ ਕੇ ਬਾਹਰ ਵੱਲ ਨੂੰ ਗਿਆ।ਬਾਹਰਲਾ ਦਰਵਾਜ਼ਾ ਲਾ ਕੇ ਉਹ ਮੇਰੇ ਨਾਲ ਆ ਕੇ ਪੈ ਗਿਆ।ਮੈਂ ਨਾਂਹ-ਨਾਂਹ ਕਰਦੀ ਰਹੀ।ਪਰ ਉਸ ਨੇ ਮੇਰੀ ਕਿਸੇ ਵੀ ਗੱਲ ਵੱਲ ਧਿਆਨ ਨਾ ਦਿੱਤਾ।ਫੇਰ ਮੈਂ ਉਹਨੂੰ, ਜੋ ਉਹ ਚਾਹੁੰਦਾ ਸੀ, ਉਹੀ ਕੁਝ ਕਰਨ ਦਿੱਤਾ।ਮੈਂ ਆਪ ਵੀ ਸ਼ਾਮਿਲ ਹੋ ਗਈ।

ਅੱਛਾ- ਹੁਣ ਤੂੰ ਮੇਰਾ ਨਿੱਕਾ ਜਿਹਾ ਕੰਮ ਕਰ।ਮੈਥੋਂ ਇਧਰੋਂ ਪੈਸੇ ਲੈ-ਲੈ।ਓਧਰ ਜਾ ਕੇ ਡਾਲਰ ਭੇਜ ਦਈਂ।ਮੈਂ ਕੋਠੀ ਖਰੀਦਣੀ ਹਾਂ।ਮੇਰੀ ਆਪਣੀ ਇੱਜ਼ਤ ਹੈ।ਚਾਰ ਜਣਿਆਂ 'ਚ ਕਹਿਣ ਵਾਲੀ ਤਾਂ ਹੋ ਜਾਊਂਗੀ ਕਿ ਮੇਰੀ ਇਕ ਸਹੇਲੀ ਇੰਗਲੈਂਡ ਰਹਿੰਦੀ ਹੈ-ਉਹਨੇ ਹੀ ਰਹਿਮ ਖਾ ਕੇ ਮੈਨੂੰ ਕੋਠੀ ਲੈ ਕੇ ਦਿੱਤੀ ਹੈ।ਹਾਂ....ਹਾਂ....ਬੱਚਿਆਂ ਲਈ ਅੱਕ ਚੱਬਣਾ ਪੈਂਦਾ।ਓ.ਕੇ. ਥੈਂਕਸ।ਤੂੰ ਮੈਨੂੰ ਭਾਰ ਮੁਕਤ ਕਰ ਦਿੱਤਾ।

** ** ** ** ** ** **

ਹੁਣ ਉਠ ਵੀ ਖੜ੍ਹ ਕੁੰਭਕਰਨ ਦੀ ਭੈਣੇ।ਘੰਟਾ ਸੌਂ ਲਿਆ।ਮੈਂ ਤਾਂ ਕਈ ਮਹੀਨੇ ਘੰਟਾ ਵੀ ਸੌਂ ਕੇ ਨਹੀਂ ਦੇਖਿਆ।ਮੈਂ ਕੌਣ ਬੋਲਦੀ ਹਾਂ? ਮੈਨੂੰ ਇਹ ਵੀ ਦੱਸਣਾ ਪਊ।ਹਾਂ...ਹਾਂ...ਤੂੰ ਸੌਣਾ।ਪਰ ਮੈਂ ਤੈਨੂੰ ਸੌਣ ਨਹੀਂ ਦੇਣਾ।ਲੈ, ਤੈਨੂੰ ਐਨੀ ਗੂੜ੍ਹੀ ਨੀਂਦ ਆ ਗਈ।ਮੈਂ ਯਾਰ, ਮੈਂ ਬੋਲਦੀ ਹਾਂ।ਸ਼ਰਨਜੀਤ।ਇੰਗਲੈਂਡ ਵਾਲੀ। ਲੱਗਦਾ ਤੇਰੀ ਸੌਣ ਦੀ ਆਦਤ ਨਹੀਂ ਬਦਲੀ। ਉਹੀ ਕਾਲਜ ਵੇਲੇ ਦੀ ਆਦਤ। ਬਹੁਤ ਸੌਂ ਲਿਆ।ਚਲ ਉੱਠ।ਬਾਥਰੂਮ ਜਾ।ਚਾਹ ਦਾ ਕੱਪ ਬਣਾ।ਮੈਂ ਤੈਨੂੰ ਆਪਣੀ ਕਹਾਣੀ ਸੁਣਾਉਣੀ ਸੀ।ਹੋ ਗਿਆ ਉਲਟ।ਤੂੰ ਆਪਣੀ ਹੀ ਕਥਾ ਸੁਣਾਉਣ ਲੱਗ ਪਈ।ਸੱਚ ਜਾਣੀਂ, ਮੈਨੂੰ ਤੇਰੇ ਬਾਰੇ ਅਜਿਹਾ ਪਤਾ ਨਹੀਂ ਸੀ।ਮੈਂ ਤਾਂ ਤੇਰੇ ਬਾਰੇ ਉਹੋ ਜਿਹੀ ਹੀ ਸੋਚ ਰੱਖੀ ਸੀ ਜਿਹੋ ਜਿਹਾ ਕਾਲਜ ਵੇਲੇ ਸੋਚਿਆ ਕਰਦੀ ਸੀ। ਮੈਨੂੰ ਐਨਾ ਪਤਾ ਸੀ ਕਿ ਤੂੰ ਬੜੀ ਜਲਦੀ ਵਿਧਵਾ ਹੋ ਗਈ ਸੀ।ਦੋ ਛੋਟੇ-ਛੋਟੇ ਬੱਚੇ ਹਨ।ਪਰ ਤੇਰਾ ਇੱਕ ਰੂਪ ਕਾਲ-ਗਰਲ ਵਰਗਾ ਹੋਵੇਗਾ-ਅੜੀਏ-ਇਤਬਾਰ ਜਿਹਾ ਨਹੀਂ ਆਉਂਦਾ।

ਮੇਰਾ ਮਨ ਫੋੜੇ ਵਾਂਗ ਭਰਿਆ ਪਿਆ ਹੈ।ਬਹੁਤ ਸ਼ੱਕ ਸਨ।ਮੈਂ ਜਿਸ ਚੱਕਰ 'ਚ ਫਸ ਗਈ ਹਾਂ- ਉਸ 'ਚੋਂ ਨਿਕਲਣਾ ਆਸਾਨ ਨਹੀਂ। ਮੈਂ ਕਾਲਗਰਲ ਹਾਂ। ਹੇਜ ਦੀ ਮਸ਼ਹੂਰ ਕਾਲ ਗਰਲ ਜਿਸ ਕੋਲ ਪਾਕਿਸਤਾਨੀ ਵੀ ਆਉਂਦੇ ਹਨ। ਜਮੈਕੀਏ ਵੀ। ਕਦੇ-ਕਦੇ ਗੋਰਾ ਵੀ। ਜ਼ਿਆਦਾ ਇਲਲੀਗਲ ਆਏ ਮੁੰਡੇ-ਖੁੰਡੇ ਹੁੰਦੇ ਹਨ।

ਪਹਿਲਾਂ ਮੈਂ ਪ੍ਰੇਸ਼ਾਨ ਹੋਈ ਸੀ ਸੁਣ ਕੇ, ਹੁਣ ਪ੍ਰੇਸ਼ਾਨ ਹੋਣ ਦੀ ਤੇਰੀ ਵਾਰੀ ਹੈ।

ਸਾਰੇ ਬੰਦੇ ਇੱਕੋ ਜਿਹੇ ਹੁੰਦੇ।ਬੰਦੇ ਦਾ ਕੀ ਹੁੰਦਾ।ਉਹਨੂੰ ਤਾਂ ਔਰਤ ਦੇ ਸਰੀਰ ਦੇ ਕਿਸੇ ਹਿੱਸੇ ਨੂੰ ਹੱਥ ਲਾ ਕੇ ਹੀ ਤਸੱਲੀ ਹੋ ਜਾਂਦੀ ਹੈ।ਨਸ਼ਾ ਜਿਹਾ ਚੜ੍ਹ ਜਾਂਦਾ।ਔਰਤ ਕੋਲ ਕੁਝ ਇਕ ਟਰਿੱਕ ਹੋਣ, ਬੰਦੇ ਨੂੰ ਹੱਥਾਂ 'ਤੇ ਨਚਾਉਣ ਲੱਗ ਜਾਂਦੀ ਹੈ।ਲੈ ਸੁਣ- ਉਹ ਸੀ ਨਾ ਇੰਦਰਾ।ਉਹੀ ਆਪਣੇ ਤੋਂ ਇਕ ਸਾਲ ਅੱਗੇ ਪੜ੍ਹਦੀ ਹੁੰਦੀ ਸੀ।ਪਿਛਲੇ ਹਫਤੇ ਉਹ ਮੈਨੂੰ ਬਾਜ਼ਾਰ 'ਚ ਮਿਲ ਗਈ।ਮਿਲ ਕੇ ਬੜੀ ਖੁਸ਼ ਹੋਈ।ਅਸੀਂ ਇਕ ਰੈਸਟੋਰੈਂਟ 'ਚ ਜਾ ਬੈਠੀਆਂ।ਉਹ ਨੇ ਗੱਲਾਂ ਸੁਣਾ-ਸੁਣਾ ਕੇ ਮੈਨੂੰ ਬੜਾ ਹਸਾਇਆ।ਮਜਾ ਆ ਗਿਆ।ਲੈ



ਤੂੰ ਵੀ ਸੁਣ ਉਹਦੀ ਦੱਸੀ ਗੱਲ- ਉਹਦੇ ਘਰਵਾਲਾ ਜਾਪਾਨ ਗਿਆ ਸੀ।ਕਿਸੇ ਸਰਕਾਰੀ ਟੂਰ 'ਤੇ।ਉਹਦੀ ਕੁਲੀਗ ਵੀਨਾ ਦਾ ਹਸਬੈਂਡ ਵੀ ਬਾਹਰ ਸੀ।ਉਹ ਨੇ ਫੋਨ ਕਰਕੇ ਆਪਣੀਆਂ ਤਿੰਨ ਸਹੇਲੀਆਂ ਨੂੰ ਸੱਦ ਲਿਆ।ਸਾਰੀਆਂ ਵਿਹਲੀਆਂ ਸਨ।ਪੰਜ ਜਣੀਆਂ ਹੋ ਗਈਆਂ।ਮਨਾਲੀ ਜਾਣ ਦਾ ਪ੍ਰੋਗਰਾਮ ਬਣਾਇਆ। ਮੁਸੀਬਤ ਆਣ ਖੜ੍ਹੀ ਕਿ ਨਾਲ ਕੌਣ ਜਾਵੇ।ਇਕੱਲੀਆਂ ਔਰਤਾਂ।ਐਨਾ ਲੰਬਾ ਸਫ਼ਰ।ਡਰਾਈਵਰ ਪਤਾ ਨਹੀਂ ਕਿੱਦਾਂ ਦਾ ਨਿਕਲੇ।ਵੀਨਾ ਦੀ ਗੁਆਂਢਣ, ਕੁਲਬੀਰ ਦਾ ਘਰਵਾਲਾ ਇਨ੍ਹੀਂ ਦਿਨੀਂ ਵਿਹਲਾ ਸੀ। ਵੀਨਾ ਨੇ ਕੁਲਬੀਰ ਨੂੰ ਪੁੱਛਿਆ ਤਾਂ ਉਹਦਾ ਜਵਾਬ ਸੀ, ਉਹ ਚੰਗਾ ਡਰਾਈਵਰ ਆ।ਭਲਾ ਪੁਰਸ਼।ਉਸ ਤੋਂ ਕਿਸੇ ਨੂੰ ਕੀ ਖਤਰਾ ਹੋਣਾ।" ਗੱਲ ਬਣ ਗਈ।ਇੰਦਰਾ ਵਾਲੀ ਕਾਰ ਸੀ।ਵੀਨਾ ਨੇ ਕਿਹਾ, "ਕੁਲਬੀਰ ਸਾਡੀ ਸ਼ਰਤ ਆ ਕਿ ਤੂੰ ਭਾਈ ਸਾਹਿਬ ਨਾਲ ਮੋਹਰਲੀ ਸੀਟ 'ਤੇ ਨ੍ਹੀਂ ਬੈਠੇਂਗੀ।" ਕੁਲਬੀਰ ਨੇ ਪੁੱਛਿਆ, "ਕੀ ਗੱਲ ? ਮੈਂ ਆਪਣੇ ਹਸਬੈਂਡ ਨਾਲ ਨ੍ਹੀਂ ਬੈਠ ਸਕਦੀ।" ਵੀਨਾ ਬੋਲੀ, "ਜੇ ਕੋਈ ਦੂਜੀ ਜਣੀ ਨਾਲ ਬੈਠੀ ਹੋਊਗੀ ਤਾਂ ਭਾਈ ਸਾਹਿਬ ਗੱਡੀ ਠੀਕ ਚਲਾਉਣਗੇ।" ਇੰਦਰਾ ਤੇ ਜਿਉਤੀ ਅਗਲੀ ਸੀਟ 'ਤੇ ਬੈਠ ਗਈਆਂ।ਉਹ ਜਾਣ-ਬੁੱਝ ਕੇ ਭਾਈ ਸਾਹਿਬ ਦੇ ਕਿਸੇ ਨਾ ਕਿਸੇ ਅੰਗ ਨੂੰ ਹੱਥ ਲਾ ਦਿਆ ਕਰਨ।ਬਾਰੋ-ਬਾਰੀ ਅਗਲੀਆਂ ਸੀਟਾਂ 'ਤੇ ਸਾਰੀਆਂ ਜਣੀਆਂ ਬੈਠੀਆਂ। ਪਰ ਕੁਲਬੀਰ ਨੂੰ ਨਹੀਂ ਬੈਠਣ ਦਿੱਤਾ। ਡਰਾਈਵਰ ਸਾਹਿਬ ਮੁਫ਼ਤ 'ਚ ਮਿਲ ਗਏ।ਸਿਕਿਉਰਟੀ ਗਾਰਡ ਮੁਫਤ 'ਚ ਮਿਲ ਗਿਆ।ਉਹ ਵੀ ਖੁਸ਼। ਬਾਕੀ ਜਣੀਆਂ ਵੀ ਖੁਸ਼।ਇਹਨੂੰ ਕਹਿੰਦੇ ਆ ਮੌਕੇ ਦਾ ਫਾਇਦਾ ਉਠਾਉਣਾ।

ਤੂੰ ਪੁੱਛੇਂਗੀ ਕਿ ਐਨੀ ਕਾਹਲੀ ਕਿਸ ਗੱਲ ਦੀ ਹੈ ਕਿ ਮੈਂ ਤੈਨੂੰ ਇੱਕ ਘੰਟੇ ਬਾਅਦ ਹੀ ਫੋਨ ਕਰ ਦਿੱਤਾ।ਰੱਜ ਕੇ ਸੌਣ ਨਹੀਂ ਦਿੱਤਾ।ਅੜੀਏ ਕਿਸੇ ਨਾਲ ਤਾਂ ਮਨ ਦੀ ਗੱਲ ਸਾਂਝੀ ਕਰਨੀ ਹੁੰਦੀ ਹੈ।ਹਰ ਗੱਲ ਹਰ ਇਕ ਨਾਲ ਸਾਂਝੀ ਨਹੀਂ ਕੀਤੀ ਜਾ ਸਕਦੀ।ਕਾਲਜ 'ਚ ਪੜ੍ਹਦਿਆਂ ਵੀ ਜਿਹੜੀਆਂ ਗੱਲਾਂ ਮੈਂ ਤੇਰੇ ਨਾਲ ਕਰਦੀ ਸੀ ਜਾਂ ਜਿਹੜੇ ਜਿਹੜੇ ਰਾਜ਼ ਮੈਂ ਤੇਰੇ ਨਾਲ ਸਾਂਝੇ ਕੀਤੇ-ਉਸ ਦੀ ਧੂ ਕਿਸੇ ਤੀਜੇ ਤੱਕ ਨਹੀਂ ਲੱਗਣ ਦਿੱਤੀ ਸੀ।ਮੈਨੂੰ ਪਤਾ ਸੀ ਕਿ ਤੂੰ ਮੇਰੀਆਂ ਗੱਲਾਂ 'ਚੋਂ ਮਜ਼ਾ ਲੈਂਦੀ ਸੀ।ਬੁਲ੍ਹ ਘੁੱਟ ਕੇ ਮੁਸਕਰਾਉਂਦੀ ਸੀ ਤੇ ਸ਼ਾਇਦ ਤੇਰੇ ਮਨ 'ਚ ਲੱਡੂ ਫੁੱਟਦੇ ਹੋਣ।ਪਰ ਤੇਰੇ 'ਚ ਜਜ਼ਬ ਕਰਨ ਦੀ ਅਥਾਹ ਸ਼ਕਤੀ ਸੀ।ਮੇਰੇ ਰਾਜ਼ ਤੇਰੇ ਤੱਕ ਹੀ ਸੀਮਤ ਰਹੇ।ਤੂੰ ਅਗਾਂਹ ਕਿਸੇ ਨੂੰ ਨਹੀਂ ਦੱਸੇ।ਮੇਰੇ ਅਬੌਰਸ਼ਨ ਤੱਕ ਵੀ।ਅੜੀਏ, ਤੇਰਾ ਬੜਾ ਮੋਹ ਆਉਂਦਾ।ਮੇਰੇ ਕੋਲ ਹੋਵੇਂ ਤਾਂ ਮੈਂ ਤੈਨੂੰ ਜੱਫੀਆਂ ਪਾ-ਪਾ ਕੇ...ਅੱਗੋਂ ਤੂੰ ਆਪ ਹੀ ਸਮਝ ਲੈ।

ਲੈ ਸੁਣ- ਮੈਂ ਕਾਲ-ਗਰਲ ਹਾਂ।ਇਹਨੂੰ ਕਹਿੰਦੇ ਆ ਉੱਪਰ ਵਾਲੇ ਦੀ ਲੀਲਾ।ਕੌਣ ਕੀ ਕਰ ਰਿਹਾ ਹੈ ਕਿਸੇ ਦੂਜੇ ਨੂੰ ਨਹੀਂ ਪਤਾ।ਐਵੇਂ ਤਾਂ ਨਹੀਂ ਸਿਆਣਿਆਂ ਕਿਹਾ, "ਕੌਣ ਕਿਸੇ ਦੇ ਮਨ ਨੂੰ ਪੜ੍ਹ ਸਕਦਾ।" ਵਕਤ ਦੀ ਗੱਲ ਹੁੰਦੀ ਹੈ।ਦੀਨ-ਦੁਨੀਆਂ ਤਾਂ ਮੈਂ ਕਾਲਜ 'ਚ ਪੜ੍ਹਦਿਆਂ ਬਥੇਰੀ ਦੇਖ ਲਈ ਸੀ ਪਰ ਬੰਦਿਆਂ ਨੂੰ ਜਾਣਿਆਂ ਇੰਗਲੈਂਡ ਆ ਕੇ ਹੀ ਹੈ।ਹਾਂ-ਵਿਆਹ ਕਰਵਾਇਆ।ਜਹਾਜ਼ 'ਚ ਬੈਠਿਆਂ ਸਵਰਗ ਦੇ ਝੂਟੇ ਲਏ।ਹੀਥਰੋ ਏਅਰਪੋਰਟ ਦੀ ਚਹਿਲ-ਪਹਿਲ ਦੇਖ ਕੇ ਦੰਗ ਰਹਿ ਗਈ।ਸਾਫ-ਸੁਥਰਾ ਮਾਹੌਲ। ਕਲੀਨਾਂ ਨਾਲ ਸਜੇ ਘਰ ਨੂੰ ਦੇਖ ਕੇ ਅਸ਼-ਅਸ਼ ਕਰ ਉੱਠੀ।ਮੇਰੇ ਮੂੰਹੋਂ ਵਾਰ-ਵਾਰ ਨਿਕਲਦਾ, "ਸੱਚਿਆ ਪਾਤਸ਼ਾਹਾ, ਤੂੰ ਤਾਂ ਅਪਰਮ ਅਪਾਰ ਆਂ।ਐਨਾ ਕੁਸ਼ ਤਾਂ ਮੈਂ ਤੈਥੋਂ ਮੰਗਿਆ ਵੀ ਨ੍ਹੀਂ ਸੀ।" ਹਰਮੀਤ ਦਾ ਵਰਤਾਓ ਵੀ ਚੰਗਾ ਸੀ।ਛੇ ਮਹੀਨੇ ਵਧੀਆ ਲੰਘੇ।ਫੇਰ ਉਹ ਜਲਦੀ ਹੀ ਸੌਣ ਲੱਗਾ।ਮੈਂ ਉਹਨੂੰ ਪੁੱਛਦੀ, "ਤੁਸੀਂ ਸੌਂ ਵੀ ਗਏ।" ਉਸ ਦਾ ਜਵਾਬ ਹੁੰਦਾ, "ਸੌਂ ਜਾ।ਸਵੇਰ ਨੂੰ ਚਾਰ ਵਜੇ ਉਠਣਾ, ਕੰਮ 'ਤੇ ਵੀ ਜਾਣਾ।" ਦੋ ਕੁ ਹਫ਼ਤੇ ਹੀ ਉਸ ਕੰਮ ਬਦਲਿਆ ਸੀ।ਮੈਂ ਸੋਚਦੀ ਕਿ ਉਹ ਵਿਚਾਰਾ ਥੱਕਿਆ ਹੋਣਾ। ਐਵੇਂ ਕਿਉਂ ਤੰਗ ਕਰਨਾ।ਉਹ ਪਾਸਾ ਮਾਰ ਕੇ ਸੌਂ ਜਾਂਦਾ ਪਰ ਮੈਨੂੰ ਨੀਂਦ ਨਾ ਆਉਂਦੀ।ਮੈਨੂੰ ਲੱਗਦਾ ਕਿ ਉਹ ਜਾਣ-ਬੁੱਝ ਕੇ ਅਜਿਹਾ ਕਰ ਰਿਹਾ ਹੈ।ਉਹ ਨੂੰ ਛੇਤੀ ਨੀਂਦ ਨਹੀਂ ਆਉਂਦੀ ਸੀ।ਮੈਂ ਚੁੱਪ ਰਹਿਣਾ ਹੀ ਠੀਕ ਸਮਝਿਆ, ਜਲਦੀ ਹੀ ਪਤਾ ਲੱਗ ਗਿਆ ਕਿ ਉਹ ਕਿਸੇ ਗੋਰੀ ਕੋਲ ਜਾਂਦਾ ਸੀ।ਮਨ ਬੜਾ ਦੁਖੀ ਹੋਇਆ।ਮਨ 'ਚ ਆਇਆ ਕਿ ਇਹਨੂੰ ਛੱਡ ਕੇ ਕਿਤੇ ਦੌੜ ਜਾਵਾਂ।ਮੇਰੀ ਮਾਸੀ, ਜਿਸ ਨੇ ਇਹ ਰਿਸ਼ਤਾ ਕਰਵਾਇਆ ਸੀ, ਉਸ ਸਮਝਾਇਆ ਸੀ ਕਿ ਮੈਨੂੰ ਇੱਥੋ ਪੱਕੇ ਹੋਣ ਲਈ ਦੋ ਸਾਲ ਲੱਗਣੇ ਹਨ।ਜੇ ਕੋਈ ਐਸੀ ਵੈਸੀ ਗੱਲ ਵੀ ਆਂ ਤਾਂ ਕੰਨਾਂ 'ਚ ਉਂਗਲਾਂ ਲੈ ਲਵਾਂ ਤੇ ਅੱਖਾਂ 'ਤੇ ਪੱਟੀ ਬੰਨ੍ਹ ਲਵਾਂ ਸੀ ਨਾ ਕਰਾਂ। ਇੱਕ ਵਾਰ ਪੱਕੀ ਹੋ ਜਾਵਾਂ ਫੇਰ ਜੋ ਮਰਜੀ ਕਰਾਂ।ਕੋਈ ਮੇਰੀ ਵਾਅ ਵੱਲ ਨਹੀਂ ਦੇਖ ਸਕਦਾ।

ਅਗਲੇ ਸਾਲ ਹਰਮੀਤ ਨੇ ਮੈਨੂੰ ਕੇਕ ਬਣਾਉਣ ਵਾਲੀ ਫੈਕਟਰੀ 'ਚ ਲਵਾ ਦਿੱਤਾ। ਉਸ ਦਾ ਕਹਿਣਾ ਸੀ ਕਿ ਇਥੇ ਇਕੱਲੇ ਜਣੇ ਦੀ ਕਮਾਈ ਨਾਲ ਕੁਝ ਨਹੀਂ ਬਣਦਾ। ਮੈਂ ਆਪ ਘਰ 'ਚ ਬੈਠੀ ਅੱਕ ਗਈ ਸੀ। ਹਰਮੀਤ ਮੈਨੂੰ ਕਿਤੇ ਵੀ ਲੈ ਕੇ ਨਹੀਂ ਗਿਆ ਸੀ। ਵੀਕ-ਇੰਡ 'ਤੇ ਉਹ ਘਰ ਨਾ ਆਉਂਦਾ। ਬਹਾਨਾ ਕਰਦਾ ਕਿ ਫੈਕਟਰੀ 'ਚ ਬਹੁਤ ਜ਼ਿਆਦਾ ਕੰਮ ਹੈ। ਓਵਰਟਾਈਮ ਲਾਉਣਾ ਪੈ ਰਿਹਾ ਹੈ।

ਮੇਰੀ ਰੀਝ ਤਾਂ ਸਮੁੰਦਰ ਦੇਖਣ ਦੀ ਸੀ। ਮੈਂ ਉਹਨੂੰ ਇਸ ਬਾਰੇ ਦੱਸਿਆ ਸੀ ਪਰ ਉਸਨੇ ਇਸ ਬਾਰੇ ਕੰਨਲਘੇਸੀ ਮਾਰ ਲਈ ਸੀ। ਇਕ ਵਾਰ ਮੈਂ ਖਹਿੜੇ ਹੀ ਪੈ ਗਈ ਸੀ ਤਾਂ ਉਹ ਕਹਿਣ ਲੱਗਾ, "ਬਾਹਰ ਮੀਂਹ ਪੈ ਰਿਹਾ। ਉਥੇ ਜਾ ਕੇ ਕੀ ਕਰਨਾ। ਚੰਗਾ ਦਿਨ ਹੋਵੇ ਤਾਂ ਲੋਕੀਂ ਉਥੇ ਜਾਂਦੇ ਆਂ।' ਉਹ ਮੇਰੀਆਂ ਬਹੁਤੀਆਂ ਖਾਹਿਸ਼ਾਂ ਨੂੰ ਟਾਲ ਜਾਂਦਾ ਸੀ। ਉਹਨੂੰ ਮੇਰੀ ਲੋੜ ਹੀ ਮਹਿਸੂਸ ਨਹੀਂ ਹੁੰਦੀ ਸੀ। ਮੈਨੂੰ ਨੀਂਦ ਨਹੀਂ ਆਉਂਦੀ ਸੀ। ਮੈਂ ਵਾਰ-ਵਾਰ ਪਾਸੇ ਬਦਲਦੀ ਤਾਂ ਉਹ ਖਿਝ ਜਾਂਦਾ ਸੀ। ਉਸ ਤਾਂ ਮੈਨੂੰ ਇੱਥੋਂ ਤੀਕ ਵੀ ਕਹਿ ਦਿੱਤਾ ਸੀ, "ਜੇ ਤੈਨੂੰ ਨੀਂਦ ਨਹੀਂ ਆਉਂਦੀ ਤਾਂ ਹੇਠਾਂ ਜਾ ਕੇ ਫਰੰਟ ਰੂਮ 'ਚ ਪੈ ਜਾ।" ਮੈਂ ਨਾਟਕ ਕਰਨ ਲੱਗ ਜਾਂਦੀ ਸੀ। ਉਸ ਨੂੰ ਚੁੰਬੜ ਜਾਂਦੀ ਸੀ। ਮੈਂ ਜੋ ਸੋਚਦੀ ਸੀ-ਉਹ ਉਸ ਪਹਿਲਾਂ ਹੀ ਸੋਚਿਆ ਹੁੰਦਾ ਸੀ। ਮੈਂ ਆਪਣੇ ਦਿਮਾਗ ਅਨੁਸਾਰ ਇਹ ਰਿਸ਼ਤਾ ਨਿਭਾਇਆ ਸੀ। ਫੇਰ ਮੈਨੂੰ ਜੌਬ ਮਿਲ ਗਈ। ਹਰਮੀਤ ਨੇ ਕਿਹਾ ਸੀ ਕਿ ਜਦੋਂ ਤੱਕ ਉਹ ਉਚਿਤ ਸਮਾਂ ਨਹੀਂ ਮਿੱਥਦਾ, ਉਦੋਂ ਤੱਕ ਮੈਂ ਕਨਸੀਵ ਨਾ ਹੋਵਾਂ। ਮੈਨੂੰ ਉਸ ਦੀ ਹਰੇਕ ਗੱਲ ਮੰਨਣੀ ਪੈਂਦੀ ਸੀ।

ਫੈਕਟਰੀ ਘਰੋਂ ਦੋ ਮੀਲ ਦੂਰ ਸੀ। ਫੈਕਟਰੀ ਵਾਲਿਆਂ ਦੀ ਵੈਨ ਆਉਂਦੀ ਸੀ। ਮੈਂ ਕੁਝ ਚਿਰ ਵੈਨ 'ਤੇ ਗਈ। ਫੇਰ ਪੈਦਲ ਹੀ ਆਉਣ ਜਾਣ ਲੱਗੀ। ਮੈਨੂੰ ਤੁਰਨਾ ਚੰਗਾ ਲੱਗਦਾ। ਵਾਪਸੀ ਤੇ ਮੈਂ ਸਾਊਥਹਾਲ ਬਰੌਡਵੇਅ ਤੋਂ ਖਰੀਦੋ-ਫਰੋਖਤ ਵੀ ਕਰ ਲੈਂਦੀ।

ਉੱਥੇ ਮੈਨੂੰ ਲਾਤੀਫ ਮਿਲਿਆ। ਉਹ ਪੇਸ਼ਾਵਰ ਲਾਗਲੇ ਪਿੰਡ ਮੀਰਵਾਲੇ ਤੋਂ ਸੀ। ਬਾਲ-ਬੱਚੇਦਾਰ ਸੀ। ਫੈਕਟਰੀ 'ਚ ਵੀਹ ਕੁ ਔਰਤਾਂ ਕੰਮ ਕਰਦੀਆਂ ਸਨ। ਬਹੁਤੀਆਂ ਅੱਧਖੜ੍ਹ ਸਨ। ਅਨਪੜ੍ਹ ਕਿਸਮ ਦੀਆਂ। ਜਿਦਾਂ ਇਧਰਲੀਆਂ ਜੁੰਡਲੀ ਬਣਾ ਕੇ ਬੈਠ ਜਾਂਦੀਆਂ ਹਨ, ਉਵੇਂ ਹੀ ਉਹ ਵੀ ਲੰਚ-ਟਾਈਮ 'ਤੇ ਉਦਾਂ ਹੀ ਕਰਦੀਆਂ। ਮੈਨੂੰ ਉਨ੍ਹਾਂ ਦੀ ਕੰਪਨੀ ਪਸੰਦ ਨਹੀਂ ਸੀ। ਉਸ ਨਾਲੋਂ ਤਾਂ ਇਕੱਲਿਆਂ ਬੈਠਣਾ ਸੌ ਗੁਣਾ ਚੰਗਾ ਸੀ। ਇਕ ਦਿਨ ਲੰਚ ਵੇਲੇ ਮੈਂ ਲਾਤੀਫ ਕੋਲੋਂ ਲੈ ਕੇ ਮੈਗ਼ਜੀਨ ਪੜ੍ਹਨ ਲੱਗੀ। ਤਾਲਿਬਾਨ ਦੇ ਸੋਲ੍ਹਾਂ ਫਤਵਿਆਂ ਬਾਰੇ ਛਪਿਆ ਸੀ। ਔਰਤਾਂ ਬਾਰੇ ਬਹੁਤ ਹੀ ਜ਼ਿਆਦਾ ਬੰਦਿਸ਼ਾਂ ਸਨ। ਮੈਂ ਸਭ ਕੁਝ ਭੁੱਲ-ਭੁਲਾ ਕੇ ਪੜ੍ਹਣ ਲੱਗੀ-ਬਿਨਾਂ ਬੁਰਕਾ ਪਾਈ ਔਰਤ ਨੂੰ ਟੈਕਸੀ 'ਚ ਬੈਠਾਉਣ ਦੀ ਡਰਾਈਵਰਾਂ ਨੂੰ ਸਖ਼ਤ ਮਨਾਈ ਹੈ। ਇਸ ਦੀ ਉਲੰਘਣਾ ਕਰਨ 'ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਊਗਾ। ਜੇ ਅਜਿਹੀਆਂ ਔਰਤਾਂ ਸੜਕ 'ਤੇ ਦਿਖਾਈ ਦਿੰਦੀਆਂ ਹਨ ਤਾਂ ਉਨ੍ਹਾਂ ਦੇ ਘਰ ਪਹੁੰਚ ਕੇ ਉਨ੍ਹਾਂ ਦੇ ਸ਼ੌਹਰਾਂ ਨੂੰ ਸਜ਼ਾ ਦਿੱਤੀ ਜਾਊਗੀ..... ਔਰਤਾਂ ਨੂੰ ਅਜਿਹਾ ਕੁਝ ਵੀ ਨਹੀਂ ਕਰਨਾ ਚਾਹੀਦਾ ਜਿਸ ਨਾਲ ਬੁਰੇ ਲੋਕਾਂ ਦਾ ਧਿਆਨ ਉਨ੍ਹਾਂ 'ਵੱਲ ਖਿਚਿਆ ਜਾਏ ਤੇ ਉਹ ਉਨ੍ਹਾਂ ਵੱਲ ਵਹਿਸ਼ੀਆਨਾ ਨਿਗਾਹਾਂ ਨਾਲ ਦੇਖਣ। ਔਰਤ ਦੀ ਜ਼ਿੰਮੇਵਾਰੀ ਹੈ ਪਰਿਵਾਰ ਦਾ ਪਾਲਣ-ਪੋਸ਼ਣ ਤੇ ਦੇਖਭਾਲ ਕਰਨਾ ਤੇ ਉਨ੍ਹਾਂ ਦੀ ਖਾਣ ਅਤੇ ਕਪੜੇ ਸੰਬੰਧੀ ਲੋੜਾਂ ਨੂੰ ਪੂਰਾ ਕਰਨਾ। ਜੇ ਔਰਤਾਂ ਨੇ ਘਰੋਂ ਬਾਹਰ ਜਾਣਾ ਹੀ ਹੈ ਤਾਂ ਉਨ੍ਹਾਂ ਨੂੰ ਆਪਣੇ ਆਪ ਨੂੰ ਢੱਕ ਕੇ ਜਾਣਾ ਚਾਹੀਦਾ ਹੈ। ਜੇ ਔਰਤਾਂ ਫੈਸ਼ਨ ਵਾਲੇ ਕੱਪੜੇ ਪਾਉਂਦੀਆਂ ਹਨ, ਭੜਕੀਲੇ, ਤੰਗ, ਉਤੇਜਨਾ ਜਗਾਉਣ ਵਾਲੇ ਕੱਪੜੇ ਪਾਉਂਦੀਆਂ ਹਨ ਤਾਂ ਉਨ੍ਹਾਂ ਨੂੰ ਇਸਲਾਮ, ਸਾਰਿਆਂ ਦਾ ਕੁ਼ਫ਼ਰ ਝੱਲਣਾ ਪਾਊਗਾ ਤੇ ਜੰਨਤ ਨਸੀਬ ਨਹੀਂ ਹੋਊਗੀ...ਇਕ ਹੋਰ ਥਾਂ ਲਿਖਿਆ ਸੀ.....ਔਰਤਾਂ ਦੇ ਕੱਪੜੇ ਸੀਊਣ ਵਾਲੇ ਜਾਂ ਔਰਤਾਂ ਦੇ ਸਰੀਰ ਦਾ ਨਾਪ ਲੈਣ ਵਾਲੇ ਦਰਜੀਆਂ 'ਤੇ ਪਾਬੰਦੀ ਲਾਈ ਜਾਂਦੀ ਹੈ।

ਪੜ੍ਹਦਿਆਂ-ਪੜ੍ਹਦਿਆਂ ਮੇਰੀਆਂ ਅੱਖਾਂ ਭਰ ਗਈਆਂ ਸਨ। ਉਹ ਵਿਚਾਰੀਆਂ ਕਿਵੇਂ ਕੈਦ 'ਚ ਆਪਣੇ ਆਪ ਨੂੰ ਜਿਊਂਦੀਆਂ ਰੱਖਦੀਆਂ ਹੋਣਗੀਆਂ। ਐਡਾ ਵੱਡਾ ਨਰਕ। ਲਾਤੀਫ ਨੇ ਮੇਰੇ ਚਿਹਰੇ ਦੇ ਹਾਵਾਂ-ਭਾਵਾਂ ਨੂੰ ਪੜ੍ਹ ਲਿਆ ਸੀ। ਉਹ ਮੇਰੇ ਕੋਲ ਆ ਬੈਠਾ ਸੀ ਤੇ ਉਸ ਦੱਸਿਆ ਸੀ ਕਿ ਉਸ ਦੀ ਇਕ ਮਾਮੀ ਕਾਬੁਲ ਰਹਿੰਦੀ ਹੈ। ਉਹ ਦੋ ਵਾਰ ਕਾਬੁਲ ਜਾ ਆਇਆ। ਉਥੋਂ ਦਾ ਸਮਾਜ ਬਹੁਤ ਪਛੜਿਆ। ਦੇਖ ਔਰਤ ਦੀ ਦੁਰਗਤੀ। ਇੱਕ ਪੰਜਾਹ ਵਰ੍ਹਿਆਂ ਦੇ ਦੁਕਾਨਦਾਰ ਨੇ, ਜਿਸ ਦੇ ਪਹਿਲਾਂ ਹੀ ਅੱਠ ਬੱਚੇ ਸਨ ਤੇ



ਉਸ ਦੀ ਬੀਵੀ ਚੰਗੀ ਭਲੀ ਸੀ, ਨੇ ਇੱਕ ਸੋਲ੍ਹਾਂ ਸਾਲਾਂ ਦੀ ਕੁੜੀ ਨਾਲ ਵਿਆਹ ਕੀਤਾ। ਉਥੇ ਇੱਕ ਰਿਵਾਜ ਆ ਕਿ ਮੁੰਡੇ ਦੇ ਪਰਿਵਾਰ 'ਚੋਂ ਕੋਈ ਇੱਕ ਔਰਤ ਕੁੜੀ ਦਾ ਰਿਸ਼ਤਾ ਮੰਗਣ ਜਾਂਦੀ ਹੈ। ਫੇਰ ਕੀ-ਕੀ ਮੁੰਡੇ ਵਾਲੇ ਦੇਣਗੇ-ਨਗਦ ਤੇ ਸੌਗਾਤਾਂ-ਇਹਦਾ ਫੈਸਲਾ ਹੁੰਦਾ। ਆਪਣੇ ਬਾਣੀਆਂ ਵਾਂਗੂੰ। ਲੈ ਅੜੀਏ ਉਸ ਦੁਕਾਨਦਾਰ ਦਾ ਵਿਆਹ ਹੋ ਗਿਆ। ਸੁਹਾਗ ਰਾਤ ਤੋਂ ਅਗਲੀ ਸਵੇਰ ਨੂੰ ਉਸ ਦੁਕਾਨਦਾਰ ਦੀ ਇੱਕ ਰਿਸ਼ਤੇਦਾਰ ਖ਼ੂਨ ਨਾਲ ਲਿਬੜੀ ਚਾਦਰ ਲੈ ਕੇ ਕੁੜੀ ਦੇ ਘਰ ਗਈ। ਕੁੜੀ ਦੀ ਮਾਂ ਨੇ ਅਲ੍ਹਾ ਦਾ ਸ਼ੁਕਰ ਮਨਾਇਆ ਕਿ ਉਸ ਦੀ ਧੀ ਵਸਦੀ ਰਸਦੀ ਰਹੇਗੀ ਤੇ ਫੇਰ ਉਸ ਉਹ ਚਾਦਰ ਆਪਣੇ ਪਰਿਵਾਰ ਦੀਆਂ ਹੋਰ ਔਰਤਾਂ ਨੂੰ ਦਿਖਾਈ।.... ਉਹ ਬਹੁਤ ਸਹਿਜੇ-ਸਹਿਜੇ ਗੱਲਾਂ ਕਰਦਾ ਸੀ। ਮੈਨੂੰ ਉਸ ਦੇ ਸਹਿਜਪਣ ਨੇ ਮੋਹ ਲਿਆ। ਉਹ ਮੇਰੇ ਨਾਲ ਘਰ ਦੀਆਂ ਗੱਲਾਂ ਕਰਨ ਲੱਗਾ। ਉਹਨੂੰ ਇਥੇ ਆਇਆਂ ਪੰਦਰਾਂ ਸਾਲ ਹੋ ਗਏ ਸਨ। ਦੋ ਕੁ ਸਾਲ ਪਹਿਲਾਂ ਹੀ ਉਹ ਪੱਕਾ ਹੋਇਆ ਸੀ ਤੇ ਉਸ ਕਾਫੀ ਸਾਰੇ ਪੈਸੇ ਜੋੜ ਰੱਖੇ ਸਨ। ਪਿਛਲੇ ਮਹੀਨੇ ਉਸ ਆਪਣਾ ਮਕਾਨ ਖਰੀਦਿਆ ਸੀ। ਇਸ ਦੀ ਇੱਕ ਰੀਝ ਇਹ ਵੀ ਸੀ ਕਿ ਉਹ ਆਪਣੇ ਪਿੰਡ 'ਚ ਇੱਕ ਅਜਿਹੀ ਹਵੇਲੀ ਬਣਾਵੇ ਜਿਸ ਤਰ੍ਹਾਂ ਦੀ ਆਲੇ-ਦੁਆਲੇ ਕਿਸੇ ਦੀ ਨਾ ਹੋਵੇ। ਪਰ ਨਾਲ ਹੀ ਉਹ ਡਰਦਾ ਸੀ ਕਿ ਕਿਤੇ ਇਨ੍ਹਾਂ 'ਤੇ ਕੋਈ ਤਾਲਿਬਾਨ ਜਿਹਾ ਕਬਜਾ ਹੀ ਨਾ ਕਰ ਲਵੇ। ਫੇਰ ਉਸ ਮੈਨੂੰ ਮੇਰੇ ਪਿਛਲੇ ਪਰਿਵਾਰ, ਹਸਬੈਂਡ ਦੀਆਂ ਆਦਤਾਂ ਬਾਰੇ ਵੀ ਪੁੱਛਿਆ ਸੀ। ਅਸੀਂ ਤਿੰਨਾਂ ਹਫਤਿਆਂ 'ਚ ਇੰਨੇ ਖੁੱਲ੍ਹ ਗਏ ਸੀ ਜਿਵੇਂ ਪਿੱਛੋਂ ਇੱਕੋ ਹੀ ਪਿੰਡ ਦੇ ਹੋਈਏ। ਇੱਕ ਦਿਨ ਅਸੀਂ ਇਕ ਪੱਬ 'ਚ ਜਾ ਬੈਠੇ ਸੀ। ਪੱਬ ਨਹਿਰ ਦੇ ਬਿਲਕੁੱਲ ਨਾਲ ਸੀ। ਮੈਂ ਸ਼ੀਸ਼ੇ ਵਾਲੀ ਤਾਕੀ ਕੋਲ ਬੈਠ ਗਈ। ਮੈਂ ਨਹਿਰ ਵੱਲ ਦੇਖਿਆ ਤਾਂ ਚੰਗਾ ਲੱਗਾ। ਲਾਤੀਫ ਨੇ ਦੋ ਗਿਲਾਸ ਬੀਅਰ ਦੇ ਲੈ ਆਂਦੇ। ਮੈਂ ਆਪਣੇ ਵਾਲਾ ਗਲਾਸ ਪਰ੍ਹਾਂ ਨੂੰ ਖਿਸਕਾ ਦਿੱਤਾ ਤਾਂ ਲਾਤੀਫ ਬੋਲਿਆ, "ਤੇਰੀਆਂ ਇਨ੍ਹਾਂ ਆਦਤਾਂ ਕਰਕੇ ਹੀ ਸ਼ਾਇਦ ਤੇਰਾ ਹਸਬੈਂਡ ਤੈਨੂੰ ਪਸੰਦ ਨ੍ਹੀਂ ਕਰਦਾ।" ਮੈਨੂੰ ਉਸ ਦੀ ਇਹ ਗੱਲ ਅੱਧੀ ਕੁ ਸੱਚੀ ਲੱਗੀ। ਮੇਰਾ ਹਸਬੈਂਡ ਮੈਨੂੰ ਕਿਸੇ ਗੱਲ 'ਤੇ ਜ਼ੋਰ ਨਹੀਂ ਪਾਉਂਦਾ ਸੀ। ਬੱਸ, ਉਹ ਇਕੋ ਵਾਰ ਕਹਿੰਦਾ ਜਾਂ ਪੁੱਛਦਾ ਸੀ।

ਲਾਤੀਫ ਹੀ ਮੈਨੂੰ ਪਹਿਲੀ ਵਾਰ ਸਮੁੰਦਰ ਕੰਢੇ ਲੈ ਕੇ ਗਿਆ ਸੀ। ਅਸੀਂ ਕੰਮ ਤੋਂ ਛੁੱਟੀ ਲੈ ਲਈ ਸੀ ਤੇ ਵਰਦਿੰਗ ਗਏ ਸੀ। ਫੇਰ ਉਹ ਮੈਨੂੰ ਸਾਊਥਇੰਡ, ਲਿਟਲ-ਹੈਮਪਟਨ ਲੈ ਗਿਆ। ਮੈਂ ਰੋਮਾਂਚਿਤ ਹੋ ਉੱਠੀ। ਲਾਤੀਫ ਇਹੀ ਕੁਝ ਚਾਹੁੰਦਾ ਸੀ। ਲਿਟਲ ਹੈਮਪਟਨ ਆ ਕੇ ਤਾਂ ਉਹ ਬੇਕਾਬੂ ਹੋ ਗਿਆ ਸੀ ਤੇ ਉਸ ਮੈਨੂੰ ਬਾਹਾਂ 'ਚ ਨੂੜ ਹੀ ਲਿਆ ਸੀ। ਹੌਲੀ ਜਿਹੇ ਮੇਰੇ ਕੰਨ 'ਚ ਕਿਹਾ ਸੀ, "ਆਹ ਦੇਖ ਸਮੁੰਦਰ ਦੀਆਂ ਲਹਿਰਾਂ। ਮੇਰਾ ਮਨ ਵੀ ਉਵੇਂ ਹੀ ਮਚਲ ਰਿਹਾ।" ਮੈਂ ਉਸ ਦੀ ਕਿਸੇ ਇੱਛਾ ਦਾ ਵਿਰੋਧ ਨਹੀਂ ਕੀਤਾ ਸੀ। ਇਹ ਜਾਣਦਿਆਂ ਹੋਇਆਂ ਵੀ ਕਿ ਮੇਰੇ ਪੱਕੇ ਹੋਣ 'ਚ ਸਾਲ ਕੁ ਰਹਿੰਦਾ। ਵਾਪਸੀ 'ਤੇ ਉਸ ਕਾਰ ਇੱਕ ਪਾਸੇ ਕਰਕੇ ਰੋਕ ਦਿੱਤੀ ਸੀ।

ਫੇਰ ਮੈਂ ਪੱਕੀ ਹੋ ਗਈ ਸੀ। ਮੈਨੂੰ ਕਿਸੇ ਦਾ ਡਰ ਡੁਕਰ ਨਹੀਂ ਰਿਹਾ ਸੀ। ਪਹਿਲਾਂ ਹਰਮੀਤ ਮੈਨੂੰ ਇਗਨੌਰ ਕਰਦਾ ਸੀ, ਫੇਰ ਮੈਂ ਉਹਨੂੰ ਇਗਨੌਰ ਕਰਨਾ ਸ਼ੁਰੂ ਕਰ ਦਿੱਤਾ ਸੀ। ਲਾਤੀਫ ਮੇਰੀ ਹਰ ਖਾਹਿਸ਼ ਪੂਰੀ ਕਰਦਾ। ਮੈਂ ਉਹਨੂੰ ਇਹ ਵੀ ਦੱਸਿਆ ਸੀ ਕਿ ਮੇਰੀ ਇੱਛਾ ਹੈ ਕਿ ਮੇਰੇ ਪੇਕਿਆਂ ਦੀ ਆਪਣੀ ਕੋਠੀ ਹੋਵੇ। ਉਹਨੇ ਝੱਟ ਪੁੱਛਿਆ ਸੀ, "ਕਿੰਨੇ ਪੈਸੇ ਚਾਹੀਦੇ?

ਝਕਦੀ ਝਕਦੀ ਨੇ ਮੈਂ ਕਿਹਾ ਸੀ, "ਵੀਹ ਲੱਖ।"

"ਪਾਊਂਡ ਕਿੰਨੇ ਬਣੇ?"

"ਅੱਸੀ ਰੁਪਈਆਂ ਦਾ ਪਾਊਂਡ ਬਣਦਾ। ਹਿਸਾਬ ਤੂੰ ਲਾ ਲੈ।"

"ਤੇਰੇ ਕੋਲ ਕਿੰਨੇ ਕੁ ਆ?"

"ਇਹੀ ਦੋ ਕੁ ਹਜ਼ਾਰ ਹੋਣਗੇ।"

"ਕੋਈ ਗੱਲ ਨ੍ਹੀਂ। ਮੈਂ ਹਾਜ਼ਿਰ ਹਾਂ। ਸ਼ੇਰਨੀ ਬਣ ਜਾ। ਮੈਂ ਆਪਣੇ ਦੋਸਤ ਫਾਜ਼ਿਲ ਨਾਲ ਗੱਲ ਕਰਦਾਂ।"

ਮੈਂ ਲਾਤੀਫ਼ ਨਾਲ ਬਾਹਰ ਜਾਣ ਲੱਗੀ। ਕਦੇ-ਕਦਾਈਂ ਉਸਦੇ ਘਰ 'ਚ ਵੀ ਰਹਿ ਪੈਂਦੀ। ਹਰਮੀਤ ਨੂੰ ਇਸ ਬਾਰੇ ਪਤਾ ਲੱਗ ਗਿਆ ਸੀ। ਉਸ ਮੈਨੂੰ ਘੂਰਿਆ ਸੀ ਤੇ ਧਮਕੀ ਦਿੱਤੀ ਸੀ, "ਅਸੀਂ

ਹਮੀਰਪੁਰੀਏ ਸੰਧੂ ਆਂ।" ਮੈਂ ਉਸ ਦੀ ਇਸ ਗੱਲ 'ਤੇ ਹੈਰਾਨ ਹੋਈ ਸੀ ਕਿ ਉਹ ਹਮੀਰਪੁਰ ਇੱਕ ਵਾਰ ਵੀ ਨਹੀਂ ਗਿਆ। ਪਰ ਇਹਨੂੰ ਕਿਵੇਂ ਯਾਦ ਰਹਿ ਗਿਆ ਕਿ ਉਹ ਹਮੀਰਪੁਰੀਆ ਸੰਧੂ ਹੈ। ਅੱਗੋਂ ਮੈਂ ਘੱਟ ਨਹੀਂ ਕੀਤੀ ਸੀ। ਮੈਂ ਕਿਹਾ ਸੀ, "ਮੈਂ ਕੀ ਕਰਨਾ-ਮੈਨੂੰ ਪਤਾ।" ਫੇਰ ਉਹ ਦੂਜੇ ਬੈੱਡ ਰੂਮ 'ਚ ਸੌਣ ਲੱਗਾ ਸੀ। ਮੈਂ ਵੀ ਇਹੀ ਚਾਹੁੰਦੀ ਸੀ। ਲਾਤੀਫ ਨੇ ਮੈਨੂੰ ਦੋ ਲੱਖ ਰੁਪਈਆ ਦਿੱਤਾ ਸੀ ਤੇ ਕਿਹਾ ਸੀ, "ਆਹ ਭੇਜ-ਆਪਾਂ ਹੌਲੀ-ਹੌਲੀ ਭੇਜਦੇ ਰਹਾਂਗੇ। ਸਾਰੇ ਪੈਸਿਆਂ ਦੀ ਇਕਦਮ ਤਾਂ ਲੋੜ ਪੈਣੋ ਰਹੀ।" ਮੈਂ ਉਸ ਦੀ ਇਸ ਗੱਲ ਨਾਲ ਸਹਿਮਤ ਹੋ ਗਈ ਸੀ। ਉਸ ਕੋਲ ਹਰ ਸਮੱਸਿਆ ਦਾ ਹੱਲ ਸੀ। ਮੈਂ ਉਹਨੂੰ ਆਪਣੇ ਛੋਟੇ ਭਾਈ ਸਤਿੰਦਰ ਨੂੰ ਇਧਰ ਬੁਲਾਉਣ ਲਈ ਕਿਹਾ ਸੀ ਤੇ ਉਹ ਇਸ ਦਾ ਹੱਲ ਵੀ ਸੋਚਣ ਲੱਗਾ ਸੀ।

ਉਸ ਦਿਨ ਲਾਤੀਫ ਦੇ ਜਨਮ-ਦਿਨ ਦੀ ਪਾਰਟੀ ਸੀ। ਸਾਰਾ ਪ੍ਰਬੰਧ ਮੇਰੇ ਹੱਥਾਂ 'ਚ ਸੀ। ਕਿਸ-ਕਿਸ ਨੂੰ ਸੱਦਣਾ ਹੈ-ਇਸ ਦਾ ਫੈਸਲਾ ਲਾਤੀਫ ਨੇ ਕੀਤਾ ਸੀ। ਉਸ ਦੇ ਘੇਰੇ ਦੇ ਬਹੁਤੇ ਦੋਸਤ ਪਾਕਿਸਤਾਨੀ ਹੀ ਸਨ। ਖੂਬ ਪਾਰਟੀ ਜੰਮੀ ਸੀ। ਮੇਰੇ ਨਾਂਹ ਨਾਂਹ ਕਹਿੰਦਿਆਂ ਵੀ ਮਸੂਰ ਨੇ ਮੱਲੋਜੋਰੀ ਵਿਸਕੀ ਦਾ ਪੈੱਗ ਪਿਲਾ ਦਿੱਤਾ ਸੀ। ਫੇਰ ਮੈਂ ਕਿੰਨੇ ਪੈੱਗ ਪੀਤੇ ਸਨ। ਇਸ ਦੀ ਮੈਨੂੰ ਹੋਸ਼ ਨਹੀਂ ਰਹੀ ਸੀ। ਜਦੋਂ ਹੋਸ਼ ਆਈ ਤਾਂ ਮੈਂ ਬੈੱਡ 'ਤੇ ਬਿਲਕੁਲ ਅਲਫ ਨੰਗੀ ਪਈ ਸੀ। ਕੱਪੜੇ ਪਾ ਕੇ ਹੇਠਾਂ ਆਉਣ ਲਈ ਪੌੜੀ ਕੋਲ ਹੀ ਆਈ ਸੀ ਕਿ ਮੈਨੂੰ ਸੁਲਤਾਨ ਦੀ ਗੱਲ ਸੁਣਾਈ ਦਿੱਤੀ। ਉਸ ਕਿਹਾ ਸੀ, "ਮੇਰੀ ਕਦੇ ਇੱਕ ਇੱਛਾ ਹੁੰਦੀ ਸੀ ਕਿ ਕਿਸੇ ਸਿੱਖੜੀ ਨਾਲ ਸੌਂਵਾਂ। ਲਾਤੀਫ, ਮੇਰੇ ਭਾਈ ਤੂੰ ਮੇਰੀ ਇੱਛਾ ਰਾਤੀਂ ਪੂਰੀ ਕਰ ਦਿੱਤੀ।"

ਲਾਤੀਫ ਨੇ ਉਸ ਦਾ ਸਾਥ ਦਿੰਦਿਆਂ ਹੋਇਆਂ ਕਿਹਾ ਸੀ, "ਉਹ ਤਾਂ ਮੇਰੇ ਘੜੇ ਦੀ ਮੱਛੀ ਆ-ਜਦੋਂ ਚਾਹਾਂਗਾ ਘੰਡੀ ਮਰੋੜ ਕੇ ਸੁਆਦ ਲੈ ਲਾਵਾਂਗਾ।"

ਪੰਜੇ ਦੇ ਪੰਜੇ ਖੁਸ਼ ਸਨ। ਜੋ ਹੋਣਾ ਸੀ-ਉਹ ਤਾਂ ਹੋ ਗਿਆ ਸੀ। ਮੇਰੇ ਸਿਰ 'ਤੇ ਤਾਂ ਪੇਕਿਆਂ ਨੂੰ ਪੈਸੇ ਭੇਜਣ ਦਾ ਭੂਤ ਸਵਾਰ ਸੀ। ਮੈਂ ਹੇਠਾਂ ਆਈ ਤਾਂ ਲਾਤੀਫ ਨੇ ਮੈਨੂੰ ਆਪਣੇ ਪੱਟਾਂ 'ਤੇ ਬੈਠਾ ਲਿਆ ਸੀ ਤੇ ਸੁਲਤਾਨ ਨੂੰ ਕਿਹਾ ਸੀ, "ਇਹਨੂੰ ਬਹੁਤ ਸਾਰੇ ਪੈਸਿਆਂ ਦੀ ਲੋੜ ਆ। ਆਪਾਂ ਸਾਰਿਆਂ ਨੇ ਇਸ ਦੀ ਮੱਦਤ ਕਰਨੀ ਆ।"

ਫੇਰ ਉਨ੍ਹਾਂ ਮਦਦ ਕੀਤੀ ਸੀ ਤੇ ਇਸ ਮਦਦ ਦਾ ਮੈਨੂੰ ਮੁੱਲ ਤਾਰਨਾ ਪਿਆ ਸੀ।

ਉਨ੍ਹਾਂ ਦਾ ਘੇਰਾ ਫੈਲਦਾ ਗਿਆ ਸੀ। ਇੱਕ ਵਾਰ ਤਾਂ ਹਮੀਦ ਦੇ ਘਰੇ ਮੈਨੂੰ ਮਹੀਨਾ ਭਰ ਕੈਦ ਹੀ ਰਹਿਣਾ ਪਿਆ ਸੀ।

ਹਰਮੀਤ ਨੇ ਤਲਾਕ ਲਈ ਅਪਲਾਈ ਕਰ ਦਿੱਤਾ ਸੀ।

ਮੈਂ ਸਾਊਥਲ ਤੋਂ ਹੇਜ ਆ ਗਈ ਸੀ। ਮੇਰਾ ਆਪਣਾ ਘਰ ਹੈ। ਮੇਰੇ ਕੋਲ ਬਹੁਤੇ ਈਲੀਗਲ ਬੰਦੇ ਆਉਂਦੇ ਸਨ। ਮੈਂ ਆਪਣੇ ਕੰਮ ਤੋਂ ਸੰਤੁਸ਼ਟ ਸੀ। ਜਦੋਂ ਮੈਂ ਕਿਸੇ ਕਸਟਮਰ ਨੂੰ ਦੇਖਦੀ ਹਾਂ ਮੈਨੂੰ ਪਤਾ ਲੱਗ ਜਾਂਦਾ ਹੈ ਕਿ ਮੈਂ ਉਸ ਨਾਲ ਕਿਵੇਂ ਸੌਣਾ ਹੈ। ਕਦੇ ਕਦਾਈਂ ਮਨ 'ਚ ਆਉਂਦਾ ਕਿ ਮੇਰਾ ਆਪਣਾ ਬੰਦਾ ਹੋਵੇ। ਮੇਰਾ ਆਪਣਾ ਬੱਚਾ ਹੋਵੇ। ਕੋਈ ਮੈਨੂੰ ਮੰਮੀ ਕਹਿ ਕੇ ਬੁਲਾਵੇ। ਵਿਆਹ ਕਰਵਾਉਣ ਦੇ ਮਕਸਦ ਨਾਲ ਮੈਂ ਇਧਰ ਆਈ ਹਾਂ। ਅਜੇ ਤਾਈਂ ਕੋਈ ਬੰਦਾ ਨਹੀਂ ਲੱਭਿਆ। ਮੈਂ ਅਜਿਹੇ ਬੰਦੇ ਦੀ ਭਾਲ 'ਚ ਹਾਂ ਜਿਹੜਾ ਕਿ ਲਾਤੀਫ ਵਰਗਾ ਹੋਵੇ। ਲਾਤੀਫ ਨੂੰ, ਪਤਾ ਨਹੀਂ ਮੈਂ ਕਿਉਂ ਐਨਾ ਪਿਆਰ ਕਰਦੀ ਹਾਂ। ਮੈਨੂੰ ਉਸ ਕਾਲਗਰਲ ਬਣਾਇਆ। ਪਰ ਫੇਰ ਵੀ ਉਨ੍ਹਾਂ ਪ੍ਰਤੀ ਮੇਰੀ ਚਾਹਤ ਅਜੇ ਤਾਈਂ ਨਹੀਂ ਘਟੀ।

ਮੈਂ ਉਲਝ ਗਈ ਹਾਂ। ਆ-ਅੜੀਏ ਆ। ਹੁਣ ਤੂੰ ਹੀ ਆ। ਮੈਂ ਤੈਨੂੰ ਇਸ ਧੰਦੇ ਦੇ ਹੋਰ ਗੁਰ ਦੱਸਾਂਗੀ। ਫੇਰ ਆਪਾਂ ਫੋਟੋ ਖਿਚਵਾਉਣੀ ਆਂ। ਇਕੱਠਿਆਂ ਤੂੰ ਮੇਰੇ ਵੱਲ ਦੇਖ ਕੇ ਹੱਸ ਲਿਆ ਕਰੀਂ। ਮੈਂ ਤੇਰੇ ਵੱਲ ਦੇਖਕੇ ਹੱਸ ਛੱਡਿਆ ਕਰਾਂਗੀ।੦



## ਕਹਾਣੀ / ਠੀਹਾ / ਬਲੀਜੀਤ

"ਆਇਆ ਨੀਂ ਕੋਈ ਰਾਜੂ ਕਿਓਂ?" , ਉੱਚੇ ਬੰਨੇ ਵਾਲੇ ਬਾਰੀਆਂ ਦੇ ਹਜ਼ਾਰਾ ਸਿਓਂ ਨੇ ਅੰਦਰ ਵੜਦੇ ਈ ਪਸ਼ੂਆਂ ਦੇ ਲੰਮੇ ਛੱਪਰ ਵੱਲ ਨਿਗ੍ਹਾ ਮਾਰੀ, ਜਿਸ ਹੇਠ ਅਗੜ-ਦੁਗੜ ਮੱਝੀਆਂ, ਗਊਆਂ ਤੇ ਵੱਛੀਆਂ ਬੰਨ੍ਹੀਆਂ ਖਲੋਤੀਆਂ ਸਨ। ਮੂਹਰਲੀਆਂ ਦੋਵੇਂ ਵੱਡੀਆਂ ਮੱਝਾਂ ਨੇ ਮੋਟੇ ਮੋਟੇ ਡੇਲਿਆਂ ਨਾਲ ਹਜ਼ਾਰੇ ਨੂੰ ਮੁਜ਼ਰਮਾਨਾ ਘੂਰਿਆ ਤਾਂ ਓਹਦਾ ਮੱਥਾ ਠਣਕ ਗਿਆ। ਛੱਪਰ ਤੋਂ ਬਾਹਰ ਲੱਕੜ ਦੀ ਛੋਟੀ ਖੁਰਲੀ ਮੂਹਰੇ ਖੁਰਲੀ ਦੀ ਇੱਕ ਲੱਤ ਨਾਲ ਬੱਧੀ ਸਾਲ ਕੁ ਦੀ ਕੱਟੀ ਅੱਖਾਂ ਬੰਦ ਕੀਤੇ ਸੁੱਤੀ ਪਈ ਸੀ।

"ਉਹ ਆਪੂੰ ਆਇਆ ਕੇ.....।"

"ਫੇਰ ਕੀ ਆਂਹਦਾ" , ਹਜ਼ਾਰੇ ਨੇ ਮੰਜੀ 'ਤੇ ਬਹਿੰਦਿਆਂ ਭੇਡੀ ਦੀ ਜੁੱਤੀ ਲਾਹ ਦਿੱਤੀ। ਜੁੱਤੀ 'ਚੋਂ ਮਿੱਟੀ ਝਾੜਣ ਲੱਗਾ। ਪਰ ਜੁੱਤੀ ਜਾਂ ਮਿੱਟੀ ਝਾੜਣ 'ਚ ਓਹਦਾ ਧਿਆਨ ਕੋਈ ਨਹੀਂ ਸੀ।

"ਆਂਹਦਾ ਕੀ.....ਜੋ ਕੱਲ੍ਹ ਆਂਹਦਾ ਹੀਅ"

"ਹੈਂਅ?.....ਭੂਤਰਿਆ.........।"

"ਆਂਹਦਾ ਹਾਲੇ ਨਈਂ...... " ,ਓਹਦੇ ਘਰੋਂ ਥੋੜ੍ਹੀ ਡਰੀ ਸੀ।

"ਹਾਲੇ ਨਈਂ?.....ਹਾਲੇ ਨਈਂ ਦਾ ਲੱਗਦਾ.......ਜੁਆਕਾਂ ਰੋਟੀ ਨੀ ਖਾਧੀ........ਚੱਜ ਨਾ' .....ਹਾਲੇ ਨਈਂ.....ਮੈਂ ਜਾਨਾਂ......ਬੇ-ਜ਼ਬਾਂ ਪਸ਼ੂ ਫਸੇ ਖੜ੍ਹੇ ਆ...ਮੈਂ ਜਾਨਾਂ ਹੁਣੇ। ਕੱਢਦਾਂ ਇਹਨਾਂ ਦੀ ਚਮਲ੍ਹਾਓਟ.....।" ਹਜ਼ਾਰੇ ਨੇ ਝੱਟ ਜੁੱਤੀ ਮੁੜ ਪੈਰਾਂ 'ਚ ਫਸਾ ਲਈ ਤੇ ਘਰੋਂ ਨਿਕਲ ਗਿਆ।

ਉਤਰਾਈ ਬਹੁਤ ਸੀ। ਰਾਤੀਂ ਮੀਂਹ ਵੀ ਬੜਾ ਵਰ੍ਹਿਆ ਸੀ। ਦਿਨ ਚੜ੍ਹੇ ਜਾ ਕੇ ਕਿਤੇ ਥੰਮਿਆ। ਪਿਛਾਂਹ ਉਚੇ ਪਹਾੜਾਂ ਵਿਚੋਂ ਬਰਸਾਤੂ ਪਾਣੀ ਨਾਲਿਆਂ ਵਿਚੀਂ ਤੇਜੋ ਤੇਜ ਲੰਘ ਕੇ ਦਰਿਆ 'ਚ ਜਾ ਗਿਰਿਆ ਸੀ। ਹਜ਼ਾਰੇ ਦਾ ਘਰ ਦੋ ਸਲੰਘ ਉਚੀ ਟਿੱਬੀ 'ਤੇ ਸੀ। ਗਿੱਲੀ ਬਰੀਕ ਬੱਜਰੀ ਉਤੋਂ ਤਿਲ੍ਹਕ ਕੇ ਗਿਰਨ ਦੇ ਡਰੋਂ ਹਜ਼ਾਰਾ ਸਿਓਂ ਭੁੱਲ ਈ ਗਿਆ ਕਿ ਉਸਨੂੰ ਗੁੱਸਾ ਕਾਹਤੋਂ ਚੜ੍ਹਿਆ ਸੀ। ਐਵੇਂ ਹੀ ਭੁੱਲਿਆ ਭੁਲਾਇਆ ਉਹ ਪੱਧਰੀ ਪੱਕੀ ਸੜਕ 'ਤੇ ਆ ਗਿਆ ਜਿਹੜੀ ਛੋਟੇ ਵੱਡੇ ਟਿੱਬਿਆਂ, ਪਹਾੜੀਆਂ ਦੇ ਨਾਲ ਨਾਲ ਸੱਪ ਵਾਂਗ ਵਲ ਖਾਂਦੀ ਪੱਛਮ ਵੱਲ ਨੂੰ ਹੋਰ ਉੱਚੀਆਂ ਪਹਾੜੀਆਂ ਵਿੱਚ ਗੁੰਮ ਹੋ ਜਾਂਦੀ ਸੀ। ਸੜਕ 'ਤੇ ਲੋਕੀਂ ਬਲਦ ਹੱਕੀ ਸ਼ਹਿਰ ਤੋਂ ਟਾਵੇਂ ਟਾਵੇਂ ਮੁੜ ਰਹੇ ਸਨ। ਪਸ਼ੂਆਂ ਦੀ ਮੰਡੀ ਲੱਗੀ ਹੋਣੀ। ਤਿਲ੍ਹਕਣ ਦਾ ਡਰ ਘਟ ਗਿਆ ਤਾਂ ਫੇਰ ਓਹਦੀ ਛਾਤੀ 'ਚ ਰਾਜੂ ਦਾ ਕਲਬੂਤ ਅੜ ਗਿਆ। ਮੋੜ ਤੋਂ ਆਪਣੇ ਆਪ ਨੂੰ ਗੁੱਸਾ ਚੜ੍ਹਾਉਣਾ ਸ਼ੁਰੂ ਕਰ 'ਤਾ:

"ਲੱਗਦਾ ਹਾਲੇ ਨਈਂ ਦਾ"

ਪੱਕੀ ਸੜ੍ਹਕ ਤੋਂ ਹੇਠਾਂ ਦਰਿਆ ਵੱਲ ਨੂੰ ਹੋਰ ਨਿਮਾਣ 'ਚ ਆ ਕੇ ਨਾਲੇ 'ਚ ਉਤਰ ਆਇਆ ਜਿਸ ਵਿਚ ਬਰਸਾਤੂ ਪਾਣੀ ਰਾਤੀਂ ਤਾਜੇ ਰੇਤ ਦੀ ਨਦੀ ਵਿਛਾ ਗਿਆ ਸੀ। ਇਹੀ ਨਾਲਾ ਰਾਜੂ ਦੇ ਘਰ ਨੂੰ ਜਾਂਦਾ ਰਾਹ ਸੀ। ਏਸ ਅਜੀਬ ਰਸਤੇ ਦੇ ਦੋਹੀਂ ਪਾਸੀਂ ਹਜ਼ਾਰਾ ਸਿਓਂ ਦੀ ਜ਼ਮੀਨ ਸੀ, ਜਿਹੜੀ ਪਾਕਿਸਤਾਨ ਤੋਂ ਉੱਜੜ ਕੇ ਆਇਆਂ ਉਸ ਦੇ ਬਾਪ ਤੇ ਛੜੇ ਤਾਏ ਨੂੰ ਅਲਾਟ ਹੋਈ ਸੀ। ਉਹ ਆਪ ਇਸ ਰਾਹ ਕਦੇ ਘੱਟ ਹੀ ਆਇਆ ਸੀ। ਕਦੇ ਲੋੜ ਈ ਨਹੀਂ ਸੀ ਪਈ। ਪਰ ਜਦੋਂ ਵੀ ਆਉਂਦਾ ਸੀ ਤਾਂ ਇਸ ਰਾਹ ਦਾ ਰੰਗ ਰੂਪ ਨਵਾਂ ਈ ਹੁੰਦਾ ਸੀ। ਚਮਕੀਲੀ ਗਿੱਲੀ ਰੇਤ ਦੀ ਇਹ ਸੜਕ ਕਿਤੇ ਖੁੱਲ੍ਹੀ ਸੋਹਣੀ ਲੱਗਦੀ ਤੇ ਕਿਤੇ ਹਰੇ ਨੜਿਆਂ ਵਿਚ ਲੁਕੀ ਹੋਈ ਹੋਰ ਵੀ ਸੋਹਣੀ ਲੱਗਦੀ। ਕਿਤੇ ਕਿਤੇ ਤੰਗ ਰਸਤੇ ਉਤੇ ਤੇਜ਼ ਪਾਣੀ ਨੇ ਨੜਿਆਂ ਦੀਆਂ ਛੋਟੀਆਂ ਛੋਟੀਆ 'ਬਸਤੀਆਂ' ਵਿਛਾ ਕੇ ਰੱਖ ਦਿੱਤੀਆਂ ਸਨ। ਸੱਜਰੀ ਰੇਤ ਉੱਤੇ ਹਜ਼ਾਰੇ ਦੀ ਪੈੜ ਪਿਛਾਂਹ ਨੂੰ ਲੰਬੀ....ਲੰਬੀ ਹੁੰਦੀ ਜਾ ਰਹੀ ਸੀ ਤੇ ਓਹਤੋਂ ਵੀ ਲੰਬੀ ਗੁੱਸੇ ਦੀ ਪੈੜ ਓਹਦੇ ਅੰਦਰੋ ਅੰਦਰੀ ਫੁਨਕਾਰਦੀ, ਦਿਮਾਗ ਵਿਚ ਖੁਰ ਗੱਡਦੀ ਓਹਦੇ ਲੂੰਅ ਖੜ੍ਹੇ ਕਰ ਰਹੀ ਸੀ। ਗੁੱਸੇ ਨਾਲ ਰੇਤ 'ਚ ਧਸਦੇ ਜੁੱਤੀ ਦੇ ਪੰਜੇ ਓਹਦਾ ਮੂੰਹ ਪਾੜ ਰਹੇ ਸਨ:

"ਦੀਂਹਦਾ..... ਹੁਣ ਦੀਂਹਦਾ... ਪਹਿਲੋਂ ਨੀ ਸੋਚਿਆ ਪਈ..... ਵਿਚਾਰਿਆ.... ਪਈ ਤੁਹਾਂ ਚਮਲਾਹਤੇ..... ਤੀਈਆ ਗੇੜਾ ਈ....।"

ਰੇਤ ਦਾ ਸਫ਼ਰ ਮੁੱਕਿਆ ਤਾਂ ਅੱਗੇ ਵੱਡੇ ਵੱਡੇ ਪਹਾੜੀ ਪੱਥਰਾਂ ਦੇ ਝੁੰਡ ਸਨ। ਓਦੂੰ ਦੂਰ ਪਰ੍ਹਾਂ ਦਰਿਆ ਵਗਦਾ ਸੀ.. ਜੀਹਦਾ ਪਾਣੀ ਨੀਲਾ ਹੁੰਦਾ ਸੀ। ਜੀਹਦੇ ਵਿਚ ਰਾਤ ਦੀ ਬਰਸਾਤ ਨੇ ਮਿੱਟੀ ਦਾ ਰੰਗ ਘੋਲ ਦਿੱਤਾ ਸੀ। ਹਜ਼ਾਰੇ ਦੇ ਦੇਖਦੇ ਦੇਖਦੇ ਸੂਰਜ ਪਤਲੇ ਬੱਦਲਾਂ ਵਿਚੀਂ ਡੰਡੋਤ ਕਰਦਾ ਸਿਖ਼ਰਲੀਆਂ ਪਹਾੜੀਆਂ ਓਹਲੇ ਖਿਸਕ ਗਿਆ। ਨਾਲੇ ਦੇ ਸੱਜੇ ਖੱਬੇ ਥੋੜ੍ਹੀ ਵਿੱਥ 'ਤੇ ਦਿੱਭ, ਕਾਹੀ ਤੇ ਨੜਿਆਂ ਦੀਆਂ ਹੋਰ ਸੰਘਣੀਆਂ 'ਬਸਤੀਆਂ' ਆ ਗਈਆਂ ਜਿਹਨਾਂ ਦੀ ਹਰੀ ਭਾਅ ਨੇ ਉਸ ਦੀਆਂ ਅੱਖਾਂ ਅੱਗੇ ਕੋਰਾ ਨੇਰ੍ਹਾ ਈ ਕਰ ਛੱਡਿਆ। ਸ਼ਾਮ ਦੀ ਬਦਲਦੀ ਰੋਸ਼ਨੀ ਵਿਚ ਦੂਰ ਦਰਿਆ ਦਾ ਰੰਗ ਫੇਰ ਬਦਲ ਗਿਆ। ਕਿੰਨਾ ਕੁਝ ਬਦਲ ਗਿਆ ਸੀ, ਕਿੰਨਾ ਕੁਝ ਵਧ ਫੁੱਲ ਗਿਆ ਸੀ ਤੇ ਬੜਾ ਕੁਝ ਖ਼ਤਮ ਹੀ ਹੋ ਗਿਆ ਸੀ। ਜਦੋਂ ਉਹ 'ਬਾਡਰ ' ਟੱਪ ਕੇ ਇਧਰ ਆਏ ਤਾਂ ਉਹਨਾਂ ਦੀ ਕਿਹੜਾ ਇੱਧਰ ਕੋਈ 'ਅਪਰੋਚ ' ਸੀ। ਅਗਲਿਆਂ ਵਧੀਆ ਜ਼ਮੀਨਾਂ ਆਪਣਿਆਂ 'ਚ ਵੰਡ ਦਿੱਤੀਆਂ ਤੇ ਉਹਨਾਂ ਨੂੰ ਐਈਥੇ ਆਹ ਟੋਏ ਟਿੱਬੇ ਅਲਾਟ ਕਰ ਦਿੱਤੇ ਸਨ, ਪਈ ਮਰੀ ਜਾਓ। ਦੋ ਪੀੜ੍ਹੀਆਂ ਦੀ ਜੁਆਨੀਆਂ ਪਹਾੜੀ ਪੱਥਰਾਂ ਤੇ ਦਿੱਭ ਕਾਹੀ ਦੀਆਂ 'ਬਸਤੀਆਂ' ਪੁੱਟਦੇ ਈ ਨਿਕਲ ਗਈ। ਪਹਿਲੋਂ ਥੋੜ੍ਹੀ ਭੋਇੰ ਪੱਧਰ ਕੀਤੀ। ਬੀਜੀ। ਹੋਰ ਰੋਟੀ ਕਿੰਨ...ਕਿੱਥੋਂ ਦੇਣੀ ਸੀ। ਫੇਰ ਸਾਲ ਦਰ ਸਾਲ ਹਲਾਂ ਹੇਠ ਜ਼ਮੀਨ ਵਧੀ ਗਈ।

"ਧਰਤੀ ਗੋਲ ਅੰਡਾਕਾਰ ਹੈ", ਦਸਵੀਂ 'ਚੋਂ ਹਜ਼ਾਰਾ ਦੋ ਵਾਰ ਫੇਲ੍ਹ ਹੋਇਆ ਤਾਂ ਉਸਨੂੰ ਕਿਤਾਬਾਂ ਝੂਠੀਆਂ ਜਾਪਦੀਆਂ। ਗੋਲ ਕਿੱਥੇ ਆ? ਧਰਤੀ ਤੇ ਚਪਟੀ ਪਈ ਆ। ਫਿਰ ਖਿਆਲ ਆਉਂਦਾ ਪਈ ਗੋਲ...... ਨਾ ਕੇ ... ਚਪਟੀ ਧਰਤੀ ਦੀ ਮਿੱਟੀ, ਪੱਥਰਾਂ ਤੇ ਪਾਣੀਆਂ ਉਤੇ ਕਬਜ਼ਾ ਕਰਨ ਲਈ ਦੁਨੀਆਂ ਦੀ ਹਰ ਚੀਜ਼ ਤਰਲੋ ਮੱਛੀ ਹੋ ਰਹੀ ਆ। ਉਸਦੇ ਵਿਆਹ ਤੋਂ ਯਕਦਮ ਬਾਅਦ ਓਹਦੇ ਪਿਉ ਨੇ ਟਰੈਕਟਰ ਲੈ ਆਂਦਾ ਤੇ ਇਕ ਸਾਲ 'ਚ ਈ ਸਾਰੀ ਭੋਇੰ ਲੋਟ ਕਰ ਦਿੱਤੀ। ਟਿੱਬੇ ਘੜੀਸ ਦਿੱਤੇ। ਟੋਏ ਪੂਰ ਦਿੱਤੇ। ਰਾਤਾਂ ਲਾਈਆਂ। ਸਰਕੜੇ, ਦਿੱਬ, ਕਾਹੀ, ਨੜੇ ਸਭ ਰਗੜ 'ਤੇ। ਫਲਾਹੀ, ਟਾਹਲੀਆਂ, ਕਿੱਕਰਾਂ, ਮੁੰਜ, ਮਾਹਲਾ, ਮਰੂਨਾ। ਮਸ਼ੀਨਰੀ ਦੇ ਜ਼ੋਰ ਪੂਰੇ ਪੱਚੀ ਕਿੱਲੇ ਭੋਇੰ ਪੈਰ ਦੀ ਜੁੱਤੀ ਹੇਠ ਕਰ ਲਈ। ਪੂਰੇ ਬੇਲੇ ਦੀ ਮਿੱਟੀ ਤਾਸ਼ ਦੇ ਪੱਤਿਆਂ ਵਾਂਗ ਫੈਂਟ ਕੇ ਰੱਖ ਦਿੱਤੀ। ਇਕ ਪਾਸੇ ਦਰਿਆ। ਦੂਸਰੇ ਬੰਨੇ ਪਹਾੜੀਆਂ ਉਹਨਾਂ ਦੀ ਮਾਲਕੀ ਦੀਆਂ ਝੰਡੀਆਂ ਸਨ। ਬਾਕੀ ਦੋਏਂ ਪਾਸੀਂ ਬਨਵਾਸੀ ਜਿਹੇ ਪਾਪੂਲਰ ਤੇ ਸਫ਼ੈਦੇ ਲਾ 'ਤੇ। ਸ਼ਾਮਲਾਤ ਤੇ ਵਕਫ ਦੀ ਜ਼ਮੀਨ ਵੀ ਬਿਨਾਂ ਜਰੀਬ ਤੋਂ ਈ ਦੱਬ ਲਈ.......ਤਾਂ ਵੀ ਆਹ ਨੜਿਆਂ ਦੀਆਂ 'ਬਸਤੀਆਂ' ਧਰਤੀ 'ਚੋਂ ਫੇਰ ਪਤਾ ਨਈਂ ਕਿੱਥੋਂ ....ਕਦੋਂ ਨਿਕਲ ਪਈਆਂ ਤੇ ਹਜ਼ਾਰੇ ਦਾ ਰਾਹ ਰੋਕ ਰਹੀਆਂ ਲੱਗੀਆਂ। ਹਰ ਦਮ ਇਹ ਕੁਦਰਤੀ ਸਮਾਨ ਉਸ ਦੀਆਂ ਡੋਲਾਂ ਤੋਂ ਸੂਤ ਸੂਤ ਵਧਦਾ ਤੁਰਿਆ ਆਉਂਦਾ...... ਪਤਾ ਨਹੀਂ ਕਦੋਂ ਚਮਰੋਹੜ ਜਾਂ ਪਰਦੇਸੀ ਰੁੱਖਾਂ ਦੇ ਗਲ ਲੱਗ ਚਿੱਬੜਾਂ ਤੇ ਕਤੂਰੀਆਂ ਦੀਆਂ ਵੇਲਾਂ ਉਤਾਂਹ ਸਿਖ਼ਰ ਚੜ੍ਹ ਜਾਂਦੀਆਂ......

..... ਓਹਦੀ ਜੁੱਤੀ ਅੰਦਰ ਪਾਣੀ ਚਲੇ ਗਿਆ ਸੀ। ਪੈਰਾਂ ਨੂੰ ਠੰਢ ਲੱਗੀ। ਮੁੱਕਦੀ ਸ਼ਾਮ ਠੰਢ ਓਹਦੇ ਗਿੱਟਿਆਂ ਤੋਂ ਉਤਾਂਹ ਨੂੰ ਤੁਰਨ ਲੱਗੀ......ਤੇ ਇਹ ਠੰਢ ਹਰ ਕਦਮ ਉਸਦੀ ਸੋਚ ਦਾ ਲਹਿਜ਼ਾ ਬਦਲੀ ਜਾਦੀ.... ਰਾਜੂ.... ਉਸ ਦੀਆਂ ਝੂੰਗੀਆਂ.... ਘੂਰਦੀਆਂ ਮੱਝੀਆਂ...... ਕੱਟੀ..... ਹਾਲੇ ਨਈਂ....

"ਦੋ ਵਾਰੀ ਸੁਨੇਹਾ ਦਿੱਤਾ ਬੱਚਿਆਂ ਘਰੋਂ ।ਘਰੇ ਜਾ ਕੇ। ਆਹ ਤੀਈਆ ਗੇੜਾ ਈ। ਸਾਲੇ ਅੱਖਾਂ ਦੇ......ਹੁੰਦਾ ਘਰੇ....।"

ਚੜ੍ਹੇ ਸਾਹ ਨੂੰ ਸੂਤ ਕਰਨ ਲਈ ਉਹ ਬੋਲਦਾ ਗਿਆ। ਜੇ ਉਸਨੂੰ ਰਾਜੂ ਜਾਂ ਉਸਦੀਆਂ ਝੂੰਗੀਆਂ ਹੁਣ ਤੱਕ ਨਾ ਦਿਸਦੀਆਂ ਤਾਂ ਭਾਵੇਂ ਉਸ ਨੂੰ ਦਿਲ ਦਾ ਦੌਰਾ ਈ ਪੈ ਜਾਂਦਾ। ਲੜਨਾ ਤਾਂ ਕੀ ਉਹ ਉਂਜ ਰਾਜੂ ਦੇ ਮੂੰਹ ਵੀ ਨਹੀਂ ਲੱਗਣਾ ਚਾਹੁੰਦਾ ਸੀ। ਕਿੰਨਾ ਸਮਾਂ ਲੰਘ ਗਿਆ। ਮੂੰਹ ਲੱਗਣ ਦਾ ਐਂਤਰਾਂ ਦਾ ਕੋਈ ਮੌਕਾ ਈ ਨਈਂ ਸੀ ਬਣਿਆ ।ਗੱਲ ਵੀ ਕੋਈ ਨਹੀਂ ਹੋਈ ਕਦੇ ਐਂਜ ਦੀ।



"ਖਬਰੇ ਸਹੁਰਿਆਂ ਨੂੰ ਆਹ ਕਿਹੜਾ ਭੂਤ ਚੰਬੜ ਗਿਆ। ਉਦੋਂ ਚੱਕ ਦਿੰਦੇ ਤਾਂ ਠੀਕ ਹੀਅ। ਇਹ ਕਿਹੜੇ ਮਾਲਕ ਹੀਅ। ....ਪਰ ਮਜਬੂਰੀ ਵੀ ਆਪਣੀ ਹੀਅ। ਵਕਫ਼ ਸੀ ਸਾਰਾ। ਚਲੋ.....ਇਕੋ ਝੂੰਗੀ ਹੀਅ ਉਦੋਂ....।" ਓਹਦੀ ਨਿਗ੍ਹਾ ਦੇ ਫੇਰ 'ਚ ਸ੍ਹਾਮਣੇ ਰਾਜੂ ਬੁੜ੍ਹੇ ਦੀਆਂ ਛੇ ਝੂੰਗੀਆਂ ਆ ਗਈਆਂ।

"ਪਹਿਲੋਂ ਇਕੋ ਹੁੰਦੀ ਹੀਅ। ਕਿੰਨਾ ਵਾਧਰਾ ਹੋ ਗਿਆ ਕੇ ... ਟਿੱਡ ਦਾ....।"

ਦਰਿਆ ਤੋਂ ਦੋ ਘੁਮਾਂ ਹਟਵੀਆਂ ਛੇ ਵੱਖਰੋ ਵੱਖਰੇ ਲਿਬਾਸ ਦੀਆਂ ਝੂੰਗੀਆਂ ਕਿੰਨਾ ਕੁੱਝ ਆਪਣੇ ਅੰਦਰ ਲਕੋਈ ਖਲੋਤੀਆਂ ਸਨ...

..ਪਹਾੜੀਆਂ ਦੇ ਨਾਲ ਨਾਲ ਰਾਜੂ ਵਰਗਿਆਂ ਦੀਆਂ ਬਹੁਤ ਸੰਘਣੀਆਂ ਅਬਾਦੀਆਂ ਸਨ। ਪਿੰਡਾਂ ਦੇ ਪਿੰਡ। ਪਰ ਉਸਦਾ ਆਪਣਾ ਟੱਬਰ, ਪੁੱਤ, ਪੋਤੇ ਇਹਨਾਂ ਝੂੰਗੀਆਂ ਵਿਚ ਸਾਰੀਆਂ ਅਬਾਦੀਆਂ ਤੋਂ ਦੂਰ, ਉਸਦੀ ਸਮਝ ਤੋਂ ਕਿਤੇ ਪਹਿਲਾਂ ਸਦੀਆਂ... ਸਦੀਆਂ.... ਤੋਂ ਜਿਓਂਦੇ ਮਰਦੇ ਚਲੇ ਆ ਰਹੇ ਸਨ। ਕਦੇ ਇਕੋ ਝੂੰਗੀ ਹੁੰਦੀ ਸੀ ਜਿਹੜੀ ਬਾਰ ਬਾਰ ਢਾਹੀ ਤੇ ਫੇਰ ਓਹੀ ਬਣਾਂ ਦੀ ਲੱਕੜ ਨਾਲ ਬਣਾਈ ਤੇ ਉਤੇ ਫੂਸ , ਕਾਨਿਆਂ ਦੀ ਛੱਤ ਪਾਈ ਸੀ। "ਟਿੱਡ" ।ਹੁਣ ਛੇ ਸਨ। ਭਾਵੇਂ ਇਹ ਅਬਾਦੀਆਂ ਤੋਂ ਪਰ੍ਹੇ ਸਨ ਤਾਂ ਵੀ ਇਹ ਰਫੂਜੀਆਂ ਦੀ ਪੰਚਾਇਤ 'ਚ ਬੋਲਦੀਆਂ ਸਨ। ਪਾਕਿਸਤਾਨੀ ਜਿਮੀਂਦਾਰਾਂ ਦੇ ਛਿੱਦਰੇ ਛਿੱਦਰੇ ਪੰਜ ਸੱਤ ਮੀਲਾਂ 'ਚ ਫੈਲੇ ਘਰਾਂ ਨੂੰ ਜੋੜ ਕੇ ਬਣੀ ਪੰਚਾਇਤ ਦਾ ਨਾਓਂ ਗੜ੍ਹੀਵਾਲ ਰੱਖ ਦਿੱਤਾ ਸੀ। ਪਰ ਅਸਲੀ ਅਰਥਾਂ ਵਿਚ ਇਹ ਝੂੰਗੀਆਂ ਪੰਚਾਇਤ ਵਿਚ ਆਉਂਦੀਆਂ ਹੀ ਨਹੀਂ ਸਨ। ਪੰਚਾਇਤ ਦਾ ਅਸਰ ਇਹਨਾਂ ਝੂੰਗੀਆਂ ਤੱਕ ਕਦੇ ਗਿਆ ਹੀ ਨਹੀਂ ਸੀ। ਉਂਜ ਰਾਜੂ ਨੂੰ ਇਕ ਵਾਰ ਪਿੰਡ ਵਾਲਿਆਂ ਨੇ 'ਪੈਂਚ' ਬਣਾ ਲਿਆ ਸੀ। ਉਪਰੋਂ ਕੋਈ ਹੁਕਮ ਜਿਹਾ ਆ ਗਿਆ ਸੀ। ਕਿਤੇ 'ਕਾਗਤਾਂ' ਵਿਚ ਉਸ ਦਾ ਨਾਓਂ ਤੇ 'ਗੂਠਾ ਸੀ। ਪਰ ਕਿਸੇ ਨੇ ਕਦੇ ਉਸਨੂੰ ਪੰਚਾਇਤ ਵਿਚ ਬੁਲਾਇਆ ਨਹੀਂ ਸੀ। ਐਹੋ ਜਿਹੀਆਂ ਪੰਚਾਇਤਾਂ ਤੋਂ ਉਹ ਦੂਰ ਹੀ ਰਹਿਣਾ ਠੀਕ ਸਮਝਦਾ। ਪੰਚਾਇਤ ਦੇ ਉਸ ਦੇ ਲਈ ਹੋਰ ਹੀ ਅਰਥ ਸਨ। ਉਸ ਦੀ ਸੋਝੀ ਵਿਚ ਇਕੋ ਵਾਰ ਪੰਚਾਇਤ ਜੁੜੀ ਸੀ। ਉਦੋਂ ਉਸ ਦੇ ਭਾਈ ਬਾਜੂ, ਜਿਸ ਨੂੰ ਉਹ ਛੋਟਾ ਸਮਝਦਾ ਸੀ, ਦੀ ਕੁੜੀ ਦਾ ਰੁਪੱਈਆ ਮੁੜਾਉਣ ਜਾਣਾ ਸੀ। ਰਾਜੂ ਤੇ ਬਾਜੂ ਉਂਜ ਜੌੜੇ ਜੰਮੇ ਸਨ ਤਾਂ ਵੀ ਦੋ ਪਲ ਪਹਿਲਾਂ ਜੰਮਣ ਕਰਕੇ, ਬਾਜੂ ਦੇ ਨਿਆਣੇ ਉਸ ਨੂੰ ਤਾਇਆ ਕਹਿ ਕੇ ਬੁਲਾਉਂਦੇ ਸਨ। ਇਨਸਾਫ਼ ਦੀ ਗੱਲ ਸੀ।

"ਜਿੰਨੇ ਬੰਦਿਆਂ, ਰਿਸ਼ਤੇਦਾਰਾਂ, ਨਾਤੀਆਂ, ਗੋਤੀਆਂ ਸ੍ਹਾਮਣੇ ਰੁਪੱਈਆ ਫੜ੍ਹਿਆ ਓਨਿਆਂ ਦੀ ਹਾਜ਼ਰੀ ਵਿਚ ਰੁਪੱਈਆ ਮੋੜਨਾ ਪਊ" ਵਿਚੋਲਾ ਇਸ ਅਚਾਨਕ ਜੁੜੀ ਪੰਚਾਇਤ ਦਾ ਮੂਹਰਲਾ ਬਣਿਆ ਹੋਇਆ ਸੀ। ਮੁੰਡੇ ਵਾਲਿਆਂ ਤੋਂ ਸ਼ਗਨਾਂ ਦਾ ਰੁਪੱਈਆ ਮੁੜਾ ਕੇ, ਅਵਾ ਤਵਾ ਬੋਲ ਕੇ, ਚਾਹ ਪਾਣੀ ਉਹਨਾਂ ਆਪਣੀਆਂ ਝੂੰਗੀਆਂ ਵਿਚ ਆ ਕੇ ਹੀ ਪੀਤਾ ਸੀ। ਪੰਚਾਇਤ ਦੇ ਰਾਜੂ ਲਈ ਕੋਈ ਚੰਗੇ ਅਰਥ ਨਹੀਂ ਸਨ। 'ਕੁੱਤਾ ਕੰਮ' । ਤਾਂ ਵੀ ਮਜਬੂਰਨ ਉਦੋਂ ਜਦੋਂ ਉਹ ਪੈਂਚ ਬਣਿਆ ਸੀ, ਜਿੰਦਗੀ 'ਚ ਪਹਿਲੀ ਵਾਰੀ ਉਸਦਾ 'ਗੂਠਾ ਲਵਾਇਆ ਗਿਆ ਸੀ। 'ਗੂਠੇ 'ਤੇ ਸੁੱਕੀ ਜਾਮਣੀ ਰੰਗ ਦੀ ਸਿਆਹੀ ਉਸੇ ਦਿਨ ਸ਼ਾਮ ਤੱਕ ਕੰਮ ਕਰਦੇ ਕਰਦੇ ਘਸ ਕੇ ਭੁੱਲ ਗਈ ਸੀ। ..ਕੰਮ. ਕੰਮ.....ਬਸ ਕੰਮ....

ਕੰਮ ਤਾਂ ਰਾਜੂ ਕੋਲੇ ਬਥੇਰਾ ਸੀ।

ਦਰਿਆ ਦੇ ਵੱਡੇ ਪੁਲ ਤੋਂ ਲੈ ਕੇ ਵੱਡੀ ਪਹਾੜੀ ਤੱਕ ਵਿਚਾਲੜੇ ਚੌਂਵੀ ਪਿੰਡਾਂ ਦੀਆਂ ਉਹ ਜੁੱਤੀਆਂ ਗੰਢਦਾ ਹੁੰਦਾ ਸੀ। ਝੂੰਗੀਆਂ ਤੋਂ ਦਰਿਆ ਦੇ ਰੁਖ਼ ਸੰਘਣੀ ਡੇਕ ਥੱਲੇ ਛੋਟੀ ਜਿਹੀ ਖੂਹੀ ਦੇ ਨਾਲ ਟੁੱਟੇ ਛਿੱਤਰਾਂ ਦਾ ਢੇਰ ਲੱਗਿਆ ਹੁੰਦਾ। ਏਸ ਡੇਕ ਦੀ ਛਾਂ ਵਿਚ ਉਸਦਾ ਅੱਡਾ ਸੀ। ਲੱਕੜ ਦੀ ਪੁਰਾਣੀ ਮਸਾਲੇਦਾਨੀ ਵਿਚ ਮੇਖਾਂ, ਬਰੰਜੀਆਂ ਤੇ ਸੂਤ ਪਿਆ ਹੁੰਦਾ। ਕੱਪੜੇ 'ਚ ਲਪੇਟੀਆਂ ਆਰਾਂ, ਕੰਡਿਆਰੀਆਂ, ਰੰਬੀਆਂ। ਤੇ ਨਿੱਕ ਸੁੱਕ ਵਿੱਚ ਝੱਟ ਗੁੰਮ ਜਾਂਦੀਆਂ ਮੋਮ ਦੀਆਂ ਫਿੰਡਾਂ, ਜਿਹਨਾਂ ਨੂੰ ਸਭ ਤੋਂ ਵੱਧ ਗਾਲ੍ਹਾਂ ਪੈਂਦੀਆਂ।

"ਸਹੁਰਾ, ਕਿੱਥੇ ਘੁਸ ਗਿਆ ਮੋਮ.......।" ਤੇ ਮੋਮ ਦੇ ਕਾਲੇ ਗੋਲਿਆਂ ਉਤੇ ਵੱਟਿਆ ਸੂਤ ਖਿੱਚ ਖਿੱਚ ਕੇ ਲਾਸਾਂ ਪਈਆਂ ਹੁੰਦੀਆਂ।

ਨਾਲ ਹੀ ਵੱਡੇ ਫੌਜੀ ਬਕਸੇ ਵਿਚ ਪੁਰਾਣੀਆਂ ਬੁੱਤਾ ਸਾਰਨ ਵਾਲੀਆਂ ਕੁਰਮ, ਨਰੀ, ਭੇਡੀ,ਧੌੜੀ ਦੀਆਂ ਟਾਕੀਆਂ, ਪੱਚਰਾਂ, ਜਿਹੜੀਆਂ ਕੰਡਮ ਜੁੱਤੀਆਂ ਉਧੇੜ ਕੇ ਇਕੱਠੀਆਂ ਕੀਤੀਆਂ ਹੁੰਦੀਆਂ। ਉਸਦੇ ਬਿਲਕੁਲ ਸਾਹਮਣੇ ਪੱਥਰ, ਉਚਾ ਕਰਕੇ ਟਿਕਾਇਆ ਹੁੰਦਾ, ਜਿਹੜਾ ਚੌਰਸ ਨਹੀਂ ਸੀ। ਪਾਣੀ ਦਾ ਠ੍ਹੀਕਰਾ। ਬੁਰਸ਼। ਮੋਗਰਾ। ਕੁਆਈ। ਟਾਕਣੇ।.......ਤੇ ਫਲ੍ਹੀ ਜਿਸ ਨੂੰ ਕਦੇ ਹੱਥ 'ਚ ਲੰਬੀ ਫੜ ਕੇ, ਬੱਚਿਆਂ ਨੂੰ ਮਜ਼ਾਕ 'ਚ ਡਰਾ ਦਿੰਦਾ ਸੀ। ਤੇ ਪਿੱਤਲ ਦਾ ਹੁੱਕਾ ਚੁੰਘਦਾ ਗੰਢ ਤੁੱਪ ਕਰੀ ਜਾਂਦਾ। ਦਿਹਾੜੀ 'ਚ ਕਈ ਵਾਰੀ ਚਿਲਮ ਭਰਨ ਲਈ ਅੱਗ ਪਿਛੇ ਆਪਣੀ ਤੀਮੀ ਨਾਲ ਖਹਿਬੜਦਾ......

"ਤੂੰ ਖਿਆਲ ਰੱਖੀਂ ਮੇਰੀ ਇਕ ਗੱਲ ਦਾ...। ਸੁਣਦੀ ਐਂ। ਬੁੱਢੀ ਹੱਡੀ ਟੁੱਟੀ ਜੁੜਦੀ ਨੀਂ ਹੁੰਦੀ।"

ਹਰ ਵੇਲੇ ਕੋਈ ਨਾ ਕੋਈ ਟੁੱਟੀ ਜੁੱਤੀ ਹੱਥ ਵਿਚ ਫੜੀ ਉਹਦੇ ਸਿਰ੍ਹਾਣੇ ਖੜ੍ਹਾ ਹੁੰਦਾ। ਛੇਈਂ ਮਹੀਨੀਂ ਗੇੜਾ ਲਾਉਣ ਵਾਲਾ ਕਦੇ ਕੋਈ ਮੌਜੀ ਬੰਦਾ ਗੁਰਕਾਬੀਆਂ, ਖੁੱਸਿਆਂ ਤੇ ਮੌਜਿਆਂ ਦਾ ਝੋਲਾ ਭਰ ਕੇ ਛੱਡ ਜਾਦਾ:

" ....ਸ਼ਾਮਾਂ ਤੱਕ...?"

"ਟੈਮ ਲੱਗ ਜਾਣਾ ਸਰਦਾਰ, ਤੂੰ ਨਾ ਆਈਂ। ਮੈਂ ਆਪੇ ਮੁੰਡੇ ਨੂੰ ਭੇਜੂੰ" ਤਾਂ ਵੀ ਉਸ ਨੂੰ ਪਤਾ ਹੁੰਦਾ ਕਿ ਐਹੋ ਜਿਹੇ ਸ਼ਕੀਨਾਂ ਨੂੰ ਉਸ ਦੀ ਕਾਰੀਗਰੀ ਰਾਸ ਨਹੀਂ ਆਉਂਦੀ। ਉਸ ਦਾ ਕਸਬ ਟੌਹਰੀ ਜੁੱਤੀਆਂ ਦਾ ਕੀ ਸਵਾਰ ਸਕਦਾ ਸੀ। ਝਾੜ ਝੂੜ ਕੇ ਝੋਲਾ ਉਵੇਂ ਹੀ ਮੋੜ ਦਿੰਦਾ। ਜੀਹਦਾ ਉਲਾਂਭਾ ਦੇਰ ਸਵੇਰ ਉਸ ਦੇ ਠੀਹੇ 'ਤੇ ਆ ਵੱਜਦਾ....

"ਕੀਤਾ ਤੇ ਕੁੱਝ ਹੈ ਨਈਂ। ਜੁੱਤੀ ਦੀ ਕੋਰ ਉਵੇਂ ਈ ਲਗਦੀ ਆ ਬਾਬਿਆ", ਪਰ ਰਾਜੂ ਦੀ ਹੋਰ ਗਾਹਕੀ ਕਿਤੇ ਥੋੜ੍ਹੀ ਸੀ। ਹਲਾਂ ਮਗਰ, ਬਣਾਂ ਵਿਚ ਘੁਮੰਣ ਵਾਲਿਆਂ ਦੀਆਂ ਜੁੱਤੀਆਂ ਕਿਤੇ ਖੜ੍ਹਦੀਆਂ। ਉਸ ਦਾ ਆਪਣੀ ਕਿਸਮ ਦਾ ਕਸਬ ਸੀ, ਜੀਹਦਾ ਉਹ ਚੋਰ ਵੀ ਸੀ। ਬਣਾਂ ਵਿਚੋਂ ਡੂਮਣਿਆਂ ਦੇ ਛੱਤੇ ਲੱਭ ਜਾਂਦੇ। ਮੁਖ਼ਤ ਦਾ ਮੋਮ ਬਣ ਜਾਂਦਾ। ਹੋਰ ਪੱਲਿਓਂ ਉਹ ਲਾਉਂਦਾ ਕੀ ਸੀ? ਰੰਗ, ਬਦਰੰਗ ਟਾਕੀਆਂ ਅਗਲੇ ਦਾ ਮੂੰਹ ਦੇਖ ਕੇ ਜੜੀ ਜਾਂਦਾ। ਬਸ ਸ਼ਹਿਰ ਤੋਂ ਦੋ ਤਿੰਨ ਚੀਜਾਂ ਮੁੰਡੇ ਤੋਂ ਮੰਗਵਾਉਂਦਾ। ਬਰੰਜੀਆਂ, ਮੇਖਾਂ, ਸੂਤ। ਜੇ ਉਹ ਆਪ ਸ਼ਹਿਰ ਜਾਂਦਾ ਤਾਂ ਬਾਹਰੋ ਬਾਹਰੀ ਚੰਦੇਲ ਨਾਈ ਤੋਂ ਹਜਾਮਤ ਕਰਾ ਕੇ ਮੁੜ ਆਉਂਦਾ, ਦੋ ਢਾਈ ਮਹੀਨੇ ਪਿਛੋਂ ਵੀ ਨਾਈ ਦੇ ਖੋਖੇ ਤੋਂ ਬਾਹਰ ਪਹਿਲਾਂ ਭਾਅ ਜ਼ਰੂਰ ਕਰਦਾ:

....ਓ ਤੂੰ ਮੰਨ ਜਾ, ਮੇਰੇ ਕੋਲ ਆਹੀ ਡੂਢ ਰਪੱਈਆ।

....ਐਨੇਂ ਨੀਂ ਮੈਂ ਦੇਣੇ। ਤੂੰ 'ਕੱਲਾ ਹੀ ਨਾਈ ਐਂ ਕਿਤੇ ਐਥੇ?

....ਕਰਦੇ...ਕਰਦੇ....ਤੂੰ ਮੇਰਾ ਸ਼ੇਰ, ਊਂ ਵੀ ਤੂੰ ਵਿਹਲਾ ਬੈਠਾ।

...ਤੈਂ ਕਿਹੜਾ ਕੁਛ ਲਾਉਣਾ... ਤੇ ਨਾਈ ਮੰਨ ਜਾਂਦਾ।

ਰਾਜੂ ਉਸ ਦਾ ਪੱਕਾ ਗਾਹਕ ਸੀ। ਉਹ ਵੀ ਆਪਣੇ ਕਸਬ ਦਾ ਚੋਰ ਸੀ। ਇਹ ਗੱਲ ਰਾਜੂ ਨੂੰ ਪਤਾ ਈ ਸੀ। ਜੀਵਨ ਮਜਬੂਰੀਆਂ ਦਾ ਸਫ਼ਰ ਸੀ। ਇਹ ਮਜਬੂਰੀਆਂ, ਮੁਥਾਜੀਆਂ ਦੀ ਗੱਲ ਬੜੀ ਵਾਰ ਕੜਕਦੀ ਉਹਦੇ ਬੁੜ੍ਹੇ ਸਰੀਰ 'ਚੋਂ ਗੁਜ਼ਰ ਜਾਂਦੀ .... ਤੇ ਦਿਮਾਗ਼ ਨੂੰ ਬੇਸੁਰਾ ਕਰ ਜਾਂਦੀ..ਤਾਂ ਵੀ ਹਜ਼ਾਮਤ ਕਰਾ ਕੇ, ਨਵਾਂ ਨਕੋਰ ਬਣਿਆ ਉਹ ਆਪਣੇ ਪੱਕੇ ਠੀਹੇ ਉਤੇ ਬੈਠਾ ਚੁਸਕੀਆ ਲੈਂਦਾ ਜੀਵਨ ਦਾ ਅਸਲ ਭੁੱਲ ਜਾਂਦਾ......ਤੇ ਕਦੇ ਉਸ ਨੂੰ ਲਗਦਾ ਕਿ ਓਹਦੇ ਵਰਗਾ ਕੌਣ?.. ਓਹ ਸਾਰਾ ਇਲਾਕਾ, ਚੌਵੀ ਪਿੰਡਾਂ ਦੀ ਓਹ ਅਜੀਬ ਕਿਸਮ ਦੀ ਓਹਦੀ ਰਿਆਸਤ , ਓਹਦੇ ਜ਼ਿਹਨ 'ਚ ਘੁੰਮ ਜਾਂਦੀ ਜਿਹੜੀ ਓਹਦੇ ਠੀਹੇ ਵਿੱਚ ਸਮੋਈ ਹੋਈ ਸੀ। ਸਵੇਰੇ ਜਦ ਉਹ ਆਪਣੇ ਠੀਹੇ ਵੱਲ ਨੂੰ ਆਉਂਦਾ ਤਾਂ ਬਹਿਣ ਤੋਂ ਪਹਿਲਾਂ ਕਿਸੇ ਅਗਿਆਤ ਸ਼ਕਤੀ ਨੂੰ ਹੱਥ ਜੋੜ ਕੇ, ਨਿਊਂ ਕੇ ਨਮਸਕਾਰ ਕਰਦਾ। ਆਪਣੇ ਮਨ ਵਿਚ ਕਿਸੇ ਦਾ ਡਰ ਭੈਅ ਪੈਦਾ ਕਰਦਾ। ਚੌਵੀ ਪਿੰਡਾਂ ਦੇ ਬਹੁਤੇ ਬਸ਼ਿੰਦਿਆਂ ਦੇ ਪੈਰਾਂ ਦੇ ਨਾਪ ਉਸ ਨੂੰ ਯਾਦ ਸਨ ਤੇ ਇਹ ਵੀ ਪਤਾ ਸੀ ਕਿ ਕਿਹੜੇ ਜੱਟ ਦੀ ਜੁੱਤੀ ਕਿਧਰੋਂ ਟੁੱਟਦੀ ਐ। ਜੁੱਤੀ ਦਾ ਤਲਾ ਘਸਣ ਦੇ ਹਿਸਾਬ ਤੋਂ, ਪੈਰਾਂ ਵਾਲੇ ਦੇ ਸੁਭਾਅ ਬਾਰੇ ਕਿਆਫ਼ੇ ਲਾਉਣਾ ਉਹਦਾ ਸ਼ੁਗਲ ਸੀ। ਉਹਦੇ ਅੰਦਰ ਟੁੱਟੀਆਂ ਜੁੱਤੀਆਂ ਦੀ ਜੁਬਾਨੀ ਬਹੁਤ ਸਾਰੀ ਅਣਲਿਖੀ ਸਮੱਗਰੀ ਦਾ ਮਣਾਂ ਦੇ ਮਣ ਮਾਇਆ ਜਾਲ ਸੀ.... ਇਹਨਾਂ ਜੁੱਤੀਆਂ ਦੇ ਸਿਰ ਉਸ ਨੇ, ਉਸ ਦੇ ਬਾਪ, ਦਾਦੇ ਤੇ ਪਤਾ ਨਹੀਂ ਕਿਹੜੇ ਕਿਹੜੇ ਨੱਕੜ ਦਾਦੇ .. ਫਕੜ ਦਾਦੇ ਨੇ



ਰੋਟੀਆਂ ਖਾਧੀਆਂ ਸਨ.... ਅਸਲ ਵਿਚ ਉਹ ਨੀਵਾਂ ਹੋ ਕੇ ਹੱਥ ਜੋੜ ਕੇ ਆਪਣੇ ਸਰੀਰ ਦੇ ਉਸ ਹਿੱਸੇ ਨੂੰ ਨਮਸਕਾਰ ਕਰਦਾ, ਯਾਦ ਰੱਖਦਾ ਤੇ ਭੁੱਲਦਾ ਨਹੀਂ ਸੀ, ਜਿਥੇ ਕਿ ਸਭ ਦੇ ਢਿੱਡ ਲੱਗਿਆ ਹੁੰਦਾ ਹੈ.... ਤੇ ਜਿਊਂਦੇ ਰਹਿਣ ਦੀ ਲਾਲਸਾ ਨਾ ਉਸਨੇ ਕਦੇ ਤਿਆਗੀ ਸੀ....ਤੇ ਨਾ ਸਦੀਆਂ...ਸਦੀਆਂ ਪਹਿਲਾਂ ਜੰਗਲਾਂ ਪਹਾੜਾਂ 'ਚ ਨੰਗ ਧੜੰਗ ਫਿਰਦੇ ਉਸ ਦੇ ਪੁਰਾਣੇ ਪੁਰਖਿਆਂ ਨੇ ...ਤੇ ਨਾ ਹੀ ਚੌਵੀ ਪਿੰਡਾਂ ਦੇ ਕਿਸੇ ਉਸ ਬਸ਼ਿੰਦੇ ਨੇ, ਜਿਹਨਾਂ ਦੀਆਂ ਟੁੱਟੀਆਂ ਜੁੱਤੀਆਂ ਵਿਚੋਂ ਉਸ ਦੀ ਜੀਵਨਧਾਰਾ ਗੁਜ਼ਰਦੀ ਸੀ। ਜਿਹਨਾਂ ਦਾ ਕੰਮ ਉਸ ਦੇ ਪੱਥਰ ਵਰਗੇ ਹੱਥਾਂ ਨੂੰ ਵੀ ਥਕਾ ਦਿੰਦਾ ਸੀ....ਤੇ ਕਦੇ ਬਹੁਤੀਆਂ ਕੱਠੀਆਂ ਹੋਈਆਂ ਜੁੱਤੀਆਂ ਦਾ ਫਾਹਾ ਵੱਢਣ ਲਈ ਆਪਣੇ ਮੁੰਡੇ ਨਾਲ ਗੁੱਸੇ ਹੋ ਜਾਂਦਾ ਸੀ:

"ਬੈਠਾ ਗੋਡਿਆਂ 'ਚ ਸਿਰ ਦਈ। ਮਰਿਆਂ , ਮਰੀਜਾਂ ਮਾਂਗਣ । ਜੀਊਂਦਿਆਂ 'ਚ ਹੋਅ.... ਜੀਊਂਦਿਆਂ 'ਚ "

. ......ਚੌਵੀ ਪਿੰਡਾਂ ਦਾ ਕੰਮ ਮੁੱਕਦਾ? ਜਿਸ ਨੂੰ ਨਬੇੜਦੇ ਓਹ ਦਿਹਾੜੀ 'ਚ ਕਈ ਵਾਰ ਮਰਦਾ...ਤੇ ਫੇਰ ਜੀਊ ਪੈਂਦਾ......ਤੇ ਇਹਦੇ ਬਦਲੇ ਉਸ ਨੂੰ ਮਿਲਦਾ ਕੀ ਸੀ? ......ਨਕਦ ਪੈਸਾ ਕੋਈ ਕੌਡੀ ਨਹੀਂ ਸੀ ਦਿੰਦਾ ਫੁੱਟੀ। ਹਾੜ੍ਹੀ ਨੂੰ ਘਰ 'ਪਰਤੀ' ਕਣਕ ਦੀ ਇਕ ਭਰੀ ਤੇ ਅੱਠ ਕਿਲੋ ਕਣਕ। ਸਾਉਣੀ ਨੂੰ ਇਕ ਬੰਦ ਮੱਕੀ ਤੇ ਅੱਠ ਕਿਲੋ ਦਾਣੇ। ਦਾਣੇ ਪਹਿਲਾਂ ਪੰਜ ਕਿਲੋ ਹੀ ਸਨ.....ਤੇ ਜਿਹੜਾ ਡੰਗਰ ਪਸ਼ੂ ਮਰੇ ਉਹਨਾਂ ਦਾ ਠੇਕੇਦਾਰ.....ਮਾਲਕ ਵੀ ਰਾਜੂ, ਜੀਹਦੀਆਂ ਖੱਲਾਂ ਦੀ ਖਰੀਦੋ ਫਰੋਖ਼ਤ ਸਮੇਂ ਵੱਡੇ ਠੇਕੇਦਾਰਾਂ, ਵਪਾਰੀਆਂ ਦੀ ਚੁਸਤੀ, ਠੱਗੀ ਤੋਂ ਉਸ ਨੂੰ ਕੋਈ ਨਹੀਂ ਬਚਾ ਸਕਦਾ ਸੀ। ਵੱਡੇ ਕਾਰਖਾਨੇ ਵਾਲਿਆਂ, ਦੁਆਬੀਆਂ ਨਾਲ ਰੇਟਾਂ ਦੀ ਲੜਾਈ ਵਿਚ ਉਹ ਸਦਾ ਹਾਰਦਾ ਆਇਆ ਸੀ। ਨਾ ਇਹ ਲੜਾਈ ਕਦੇ ਮੁੱਕਣੀ ਸੀ। ਮੁਰਦੇ ਪਸ਼ੂਆਂ ਦੇ ਸੁਨੇਹੇ, ਫੜੱਕ ਉਸ ਦੀ ਝੁੱਗੀ ਜਾ ਪੁੱਜਦੇ। ਕੱਟੇ, ਕੱਟੀਆਂ, ਬਲਦ, ਮੱਝਾਂ, ਗਊਆਂ, ਬੱਕਰੀਆਂ, ਊਂਟ । ਤਾਂ ਵੀ ਕਦੇ ਚੌਵੀ ਪਿੰਡਾਂ ਦੇ ਕਿਸੇ ਜ਼ਿਮੀਦਾਰ ਨੂੰ ਰਾਜੂ ਉਲਾਂਭਾ ਭੇਜਦਾ ਜਿਸ ਨੇ ਉਸ ਨੂੰ ਦੂਰ ਉੱਚੀ ਪਹਾੜ੍ਹੀ 'ਤੇ ਘਾਹ ਚੁੱਗਦੇ ਡੰਗਰ ਦੇ ਤਿਲ੍ਹਕ ਕੇ ਡਿੱਗਣ, ਮਰਨ ਦਾ ਰੁੱਕਾ ਨਹੀਂ ਭੇਜਿਆ ਸੀ।

"ਉਸ ਨੂੰ ਕਹੀਂ, ਮੀਂਹ ਜਾਓ, ਸਿਆਲ ਜਾਓ, ਚੌਵੀ ਘੰਟੇ ਮੈਂ ਠੀਹੇ ਪਰ ਬੈਠਦਾਂ। ਕਿਉਂ ਨਹੀਂ ਦਿੱਤਾ ਸੁਨੇਹਾ। ਭਮਾਂ ਕੌਂ ਹੱਥ ਸੁਨੇਹਾ ਭੇਜਦਾ।....ਜ਼ਰੂਰ ਕਹੀਂ । ਯਾਦ ਨਾਲ.....ਗਰੀਬ ਦਾ ਊਈਂ ਨਾ ਕਰੀ ਜਾਓ ਕੂੰਡਾ।"

ਓਧਰ ਤੀਮੀ ਉਹਦੀ ਪੈਸੇ ਪੈਸੇ ਦਾ ਹਿਸਾਬ ਲਾਉਂਦੀ। ਪੱਲੇ ਨਾ ਹੁੰਦਾ ਧੇਲਾ, ਤੇ ਵੱਧ ਰੇਟ 'ਤੇ ਉਧਾਰ ਦਿੱਤੇ ਮਾਲ ਦੇ ਪੈਸੇ ਨਾ ਮੁੜਦੇ ਜਾਂ ਦੇਰ ਹੋ ਜਾਂਦੀ ਤਾਂ ਉਸ ਦੀ ਤੀਮੀ ਛੋਟੀ ਜ਼ਨਾਨਾ ਹੁੱਕੀ ਚੁੰਘਦੀ ਜ਼ੋਰ ਨਾਲ ਖੰਘਦੀ:

"ਤੇਰੇ ਪਰ ਕਹੇ ਦਾ ਕਿਹੜਾ ਅਸਰ ਹੁੰਦਾ। ਜਿੰਨਾ ਮਰਜ਼ੀ ਭੌਂਕੀ ਜਾਵਾਂ। ਫਸਣਾ ਤੈਂ ਫੇਰ ਦੁਆਬੀਆਂ ਕੋਲੇ।"

ਉਂਜ ਰਾਜੂ ਆਪਣੇ ਕਸਬ ਦਾ ਇਸ ਪਾਸੇ ਦਾ ਵੀ ਚੋਰ ਸੀ। ਜੇ ਮੌਕੇ ਦੇ ਮੌਕੇ ਉਹਦੇ ਮਨ 'ਚ ਮਾਲ ਦੇ ਘੱਟ ਪੈਸੇ ਮਿਲਣ ਦੀ ਗੱਲ ਟਿਕੀ ਹੁੰਦੀ ਜਾਂ ਤੀਮੀ ਤੋਂ ਤਾਜ਼ੀ ਤਾਜ਼ੀ ਕੁਪੱਤ ਹੋਈ ਹੁੰਦੀ ਤਾਂ ਵਪਾਰੀ ਨੂੰ ਝੁੱਗੀਆਂ ਦੇ ਬਾਹਰੋਂ ਈ ਮੋੜ ਦਿੰਦਾ, ਬਹਿਣ ਨੂੰ ਵੀ ਨਾ ਕਹਿੰਦਾ:

"ਨਾ ਬਈ, ਹੈ ਨੀ ਮਾਲ" ਤੇ ਉਮੀਦ ਕਰਦਾ ਕਿ ਦੁਪਹਿਰ ਤਾਈਂ ਕੋਈ ਕਲਾਹੇ ਪਿੰਡ ਦਾ ਓਹ ਲੰਬੇ ਲੜੂਏ ਵਾਲਾ ਆ ਜਾਵੇ। ਤੇਜੀ ਦਾ ਕੁੱਟਿਆ । ਜੀਹਨੂੰ ਮੰਜਾ ਡਾਹ ਕੇ, ਪਾਣੀ ਪਿਲਾ ਕੇ, ਘਰ ਬੱਚਿਆਂ ਦੀ ਸੁੱਖ ਸਾਂਦ ਪੁੱਛ ਕੇ ਤੇ ਆਪਣੀ ਤੀਮੀ ਨੂੰ ਚਾਹ ਧਰਨ ਲਈ ਕਹਿ ਕੇ, ਮਲ੍ਹਕ ਦੇ ਕੇ ਪੁੱਛੇ:

"ਕਟਾਹਲ ਦਾ ਕੀ ਰੇਟ ਐ ਹੁਣ"

ਪਰ ਵਪਾਰੀ ਜਿਹੜੇ ਮਰਜ਼ੀ ਹੋਣ, ਉਹ ਠੱਗੇ ਜਾਣ ਲਈ ਹੀ ਜੰਮਿਆ ਸੀ। ਹਲੇ ਤੱਕ ਤਾਂ ਉਸ ਨੂੰ ਕਿਤੋਂ ਕਦੇ ਵੀ ਇਨਸਾਫ, ਮਿਹਨਤ ਮੁਸ਼ੱਕਤ ਦਾ ਪੂਰਾ ਮੁੱਲ ਨਹੀਂ ਸੀ ਮਿਲਿਆ। ਭਾਵੇਂ ਉਸ ਨੇ ਆਪਣੇ ਹੱਕ ਦੇ ਜ਼ੁਬਾਨੀ ਕਈ ਸਮਝੌਤੇ ਵਪਾਰੀਆਂ ਨਾਲ ਕੀਤੇ ਸਨ। ਤਿੰਨ ਸਾਲ ਤੋਂ ਉਸ ਨੇ ਇਕ ਵਪਾਰੀ ਨਾਲ

ਸਾਲ ਦੇ ਸਿਆਲੂ ਮਹੀਨੇ ਮੱਘਰ, ਪੋਹ, ਮਾਘ, ਫੱਗਣ ਚਾਰ ਮਹੀਨੇ ਦੇ ਕੱਟੇ ਕੱਟੀਆਂ ਦਾ ਰੇਟ ਮੁਕੱਰਰ ਕਰ ਲਿਆ ਸੀ।

"ਸੱਠ ਦੀ ਹੁਣ ਤੇਰੇ ਨਾਲ ਗੱਲ ਹੋ ਗੀ ਪੱਕੀ, ਆਈ ਜਾ, ਜਾਈ ਜਾ। ਪੈਸੇ ਨਕਦ, ਉਧਾਰ ਕੋਈ ਨੀਂ ।"

"ਸੱਠ ਦੀ ਹੋ ਗੀ ਜਬਾਨ ਨਕਦ ਦੀ "', ਆਪਣੀ ਤੀਮੀ ਨੂੰ ਵੀ ਉਚੀ ਬਾਂਗ ਦੇ ਦਿੰਦਾ, "ਲੈ ਬਈ, ਤੇਰੇ ਭਾਗ ਤੇਰੇ, ਮੇਰੇ ਭਾਗ ਮੇਰੇ। ਰੇਟ ਵਧੇ ਘਟੇ...ਸੱਠ ਨੂੰ.....।" ਵਪਾਰੀ ਨੂੰ ਦੋ ਤਿੰਨ ਵਾਰ ਕਹਿ ਕੇ ਸਮਝੌਤੇ ਨੂੰ ਹੋਰ ਪੱਕਾ ਕਰ ਦਿੰਦਾ। ਅੱਗੋਂ ਵਪਾਰੀ ਵੀ ਕਿਹੜਾ ਘੱਟ ਸੀ। ਉਹ ਉਂਗਲਾਂ 'ਤੇ ਮਹੀਨੇ ਗਿਣ ਦਿੰਦਾ:

"ਮੱਘਰ ਇਕ, ਪੋਹ ਦੋ, ਮਾਘ ਤਿੰਨ...ਤੇ ਫੱਗਣ ਚਾਰ"

"ਸੋਲਾਂ ਆਨੇ"

"ਪਰ ਮਾਲ ਨਾ ਹੁਣ, ਨਾ ਫੇਰ....ਹੋਰ ਨੂੰ ਨਾ ਦਈਂ", ਰਾਜੂ ਧਰਤੀ ਤੋਂ ਤੇ ਵਪਾਰੀ ਮੰਜੇ ਤੋਂ ਉਠ, ਆਪੋ ਆਪਣੀਆਂ ਕਿਸਮਤਾਂ, ਲੇਖਾਂ ਦਾ ਭਾਰ ਚੁੱਕੀ ਤੁਰ ਪੈਂਦੇ।

ਪਰ ਨਾ ਰਾਜੂ ਨੂੰ, ਨਾ ਵਪਾਰੀ ਨੂੰ ਦਿਲੋਂ ਇਕ ਦੂਏ 'ਤੇ ਇਤਬਾਰ ਸੀ, ਭਾਵੇਂ ਕਿ ਦੋਹਾਂ ਨੇ:

"ਆਹ ਮੈਂ ਸੁੱਕੀ ਮੰਜੀ ਤੇ ਬੈਠਾਂ..."

"ਆਹ ਮੈਂ ਆਪਣੇ ਠੀਹੇ ਤੇ ਬੈਠਾਂ..." ਵਰਗੀਆਂ ਸਹੁੰਆਂ ਦੀਆਂ ਬਾਂਗਾਂ ਦੇ ਦਿੱਤੀਆਂ ਸਨ। ਤੇ ਹੋਰਾਂ ਨੂੰ ਪਰ੍ਹੇ ਰੱਖਣ ਲਈ, ਮੰਨੋ ਕੁੱਲ ਦੁਨੀਆਂ ਦੇ ਖਿਲਾਫ਼ ਸਮਝੌਤਾ ਕੀਤਾ ਸੀ। ਤਾਂ ਵੀ ਜੇ ਚਾਰ ਮਹੀਨੇ 'ਚ ਕਿਸੇ ਦਿਨ, ਕਿਸੇ ਹਫਤੇ ਰੇਟ ਵੱਧ ਜਾਂਦਾ ਤਾਂ ਰਾਜੂ ਦੂਸਰੇ ਵਪਾਰੀ ਨੂੰ, ਚੋਰੀਓਂ ਚਾਹ ਪਿਲਾ ਕੇ ਮਾਲ ਵੇਚ ਦਿੰਦਾ:

"ਗੱਲ ਨਾ ਕਰੀਂ ਕਿਸੇ ਹੋਰ ਕੋਲ..... ।"

ਜੇ ਰੇਟ ਘਟ ਜਾਂਦਾ ਤਾਂ ਵਪਾਰੀ ਪੰਦਰਾਂ ਦਿਨਾਂ 'ਚ ਇਕ ਵੀ ਗੇੜਾ ਨਾ ਮਾਰਦਾ। ਜਦ ਰੇਟ ਸੁਰ ਹੋ ਜਾਂਦਾ ਤਾਂ ਉਹ ਮੂੰਹ ਨ੍ਹੇਰੇ ਰਾਜੂ ਦੀ ਝੁੱਗੀ ਹਾਜ਼ਰੀ ਲਵਾਉਂਦਾ। ਕਦੇ ਸੁੱਤਿਆਂ ਨੂੰ ਉਠਾਉਂਦਾ ਤੇ ਇਕਰਾਰਨਾਮੇ ਦੀ ਯਾਦ ਦੁਆਉਂਦਾ:

"ਗੇੜਾ ਨੀ ਮਾਰਿਆ" ਅਨਪੜ੍ਹ ਰਾਜੂ ਵਪਾਰੀ ਨੂੰ ਪੜ੍ਹਣ ਦੀ ਕੋਸ਼ਿਸ਼ ਕਰਦਾ।

"ਤੈਨੂੰ ਪਤਾ ਨੀ ਲੱਗਿਆ। ਮੈਂ ਤਾਂ ਮਰਨ ਤੋਂ ਬਚਿਆ। ਨਮੂਨੀਆ ਹੋ ਗਿਆ.....ਬਈ ਠੰਢ ਵੀ ਬਹੁਤ ਪੈਣ ਲੱਗ ਪੀ "

ਫਿਰ ਦੋਵੇਂ ਇਕ ਦੂਸਰੇ ਨਾਲ ਇੰਜ ਗੱਲਾਂ ਕਰਦੇ ਜਿਵੇਂ ਕਿਸੇ ਤੀਸਰੇ ਦੇ ਨੁਕਸ, ਗੁਣ ਫੜਦੇ ਹੋਣ। ਪਰ ਗੱਲਾਂ ਸਾਰੀਆਂ ਇਕ ਦੂਜੇ ਦੀ ਵਾਅਦਾ ਖਿਲਾਫ਼ੀ ਦੇ ਬਰਖਿਲਾਫ਼ ਹੁੰਦੀਆਂ। ਫਿਰ ਹਲਕਾ ਜਿਹਾ ਨਵਾਂ ਸਮਝੌਤਾ ਹੁੰਦਾ। ਮਾਲ ਵਿਕ ਜਾਂਦਾ। ਪੈਸੇ ਹੱਥਾਂ 'ਚ ਥੁੱਕ ਲਾ-ਲਾ ਕੇ ਗਿਣੇ ਜਾਂਦੇ। ਫਟੇ ਬੋਦੇ ਨੋਟ ਮੋੜੇ ਜਾਂਦੇ। ਨਵੇਂ ਇਕਰਾਰਨਾਮੇ ਨੂੰ ਬੰਗਾਲਣ ਦੀ ਘੱਗਰੀ ਵਾਂਗ ਹੋਰ ਰੰਗ ਬਰੰਗੀਆਂ ਟਾਕੀਆਂ ਲੱਗ ਜਾਂਦੀਆਂ। ਘੱਗਰੀ ਦੇ ਰੰਗਾਂ ਵਿਚ ਵਪਾਰੀ ਤੇ ਰਾਜੂ ਨੂੰ ਆਪਣੇ ਆਪਣੇ ਹਿੱਸੇ ਦੇ ਰੰਗ ਚੰਗੇ ਚੰਗੇ ਲੱਗਦੇ ।

...000000 ....

ਓਦਣ ਜਦ ਰਾਜੂ ਨੂੰ ਹਜ਼ਾਰਾ ਝੁੱਗੀਆਂ ਵੱਲ ਨੂੰ ਆਉਂਦਾ ਦਿਸਿਆ ਤਾਂ ਉਸ ਦਾ ਵੀ ਮੱਥਾ ਠਣਕ ਗਿਆ। ਰਾਜੂ ਝੁੱਗੀਆਂ ਤੋਂ ਦੋ ਕਿੱਲਿਆਂ ਦੀ ਵਾਟ 'ਤੇ ਦਿੱਬ ਓਹਲੇ ਦਰਿਆ ਦੇ ਕੰਢੇ ਬੀਜਿਆ ਤਮਾਖੂ ਪੁੱਟ ਰਿਹਾ ਸੀ। ਉਸ ਨੇ ਘਬਰਾ ਕੇ ਥਾਏਂ ਖੁਰਪਾ ਛੱਡ ਦਿੱਤਾ। ਤਮਾਖੂ ਦੇ ਬੂਟਿਆਂ ਦੀਆਂ ਢੇਰੀਆਂ ਲਾ ਦਿੱਤੀਆਂ। ਤੰਬੇ ਦਾ ਲੜ ਫੜ ਕੇ ਮੱਥਾ ਪੂੰਝਿਆ। ਓਹਦਾ ਮੱਥਾ ਬਾਰ ਬਾਰ ਠਣਕ ਰਿਹਾ ਸੀ। ਉਹ ਵੀ ਐਸ ਵੇਲੇ ਹਜ਼ਾਰੇ ਦੇ ਮੱਥੇ ਨਹੀਂ ਲੱਗਣਾ ਚਾਹੁੰਦਾ ਸੀ। ਫੇਰ ਵੀ ਦਰਿਆ ਦੀ ਨਿਵਾਣ ਤੋਂ ਹਜ਼ਾਰੇ ਵੱਲ ਤੁਰਨ ਤੋਂ ਸਿਵਾ ਉਸ ਕੋਲ ਕੋਈ ਚਾਰਾ ਨਹੀਂ ਸੀ। ਸੁੱਕੇ ਹੱਥਾਂ ਤੋਂ ਤੰਬੇ ਨਾਲ ਮਿੱਟੀ ਝਾੜੀ। ਮੱਥੇ 'ਤੇ ਕਈ ਵਾਰ ਹੱਥ ਫੇਰਿਆ।



ਗੱਲ ਉਸ ਨੂੰ ਪਤਾ ਸੀ। ਪਰ ਉਹ ਕਰ ਕੁਝ ਨਹੀਂ ਸੀ ਸਕਦਾ। ਸੱਠ ਬਰਸ ਦੇ ਏੜ ਗੇੜ ਲੰਘਾਈ ਉਮਰ 'ਚ ਮਾਂ-ਬਾਪ ਮਰ ਗਏ, ਤਿੰਨ ਬੱਚਿਆਂ ਦੀ ਸੁਆਹ ਆਪਣੇ ਹੱਥੀਂ ਹੂੰਝੀ ਤੇ ਸਤਲੁੱਜ 'ਚ ਵਹਾਈ ਸੀ .... ਪਰ ਤਾਂ ਵੀ ਐਨਾ ਸਖ਼ਤ ਸਮਾਂ ਓਹਦੇ 'ਤੇ ਕਦੇ ਨਹੀਂ ਆਇਆ ਸੀ। ਐਨਾ ਲੰਮਾ ਸਮਾਂ, ਇਕ ਲੰਬੀ ਦੂਰੀ ਤੋਂ ਪਰ ਫੇਰ ਵੀ ਇਨ੍ਹਾਂ ਵੱਡੇ ਜ਼ਮੀਨਾਂ ਵਾਲਿਆਂ ਨਾਲ ਵਿਚਰਦਿਆਂ ਲੰਘਾ ਦਿੱਤਾ। ਕਦੇ ਕਿਸੇ ਨਾਲ ਅੜਨ ਬਾਰੇ ਬਾਰੀਕ ਗੱਲ ਵੀ ਮਨ 'ਚ ਨਹੀਂ ਸੀ ਆਈ।

.... ਪਰ ਗੱਲ ਹੁਣ ਨੁਕਤੇ ਦੀ ਸੀ। ਕਸਬ ਦੀ। ਆਪਣੇ ਧਰਮ ਦੀ... ਜੀਹਦਾ ਉਸ ਨੂੰ ਭੂਤ ਚਿੰਬੜ ਗਿਆ ਸੀ।

ਹਜ਼ਾਰੇ ਦਾ ਭੂਤ। ਹਜ਼ਾਰੇ ਦੀਆਂ ਅੱਡੀਆਂ ਅੱਖਾਂ ... ਦੋ ਚੌੜੀਆਂ ਅੱਖਾਂ .... ਚਾਰ ਅੱਖਾਂ .... ਹਜ਼ਾਰੇ ਦੀਆਂ ਹਜ਼ਾਰ ਅੱਖਾਂ...

ਕੱਲ ਜਦੋਂ ਹਜ਼ਾਰੇ ਦਾ ਮੁੰਡਾ ਆਇਆ ਸੀ ਤਾਂ ਉਸ ਨੇ ਆਪਣੇ ਮੁੰਡੇ ਪਖੀਰੀਏ ਨੂੰ ਦਿਨੇ ਦੋ ਵਾਰ ਭੇਜਿਆ। ਦੂਸਰੀ ਵਾਰ ਜਦੋਂ ਪਖੀਰੀਆ ਹਜ਼ਾਰੇ ਦੇ ਘਰੋਂ ਉਵੇਂ ਹੀ ਮੁੜ ਆਇਆ ਤਾਂ ਉਹਨੇ ਮੁੰਡੇ ਨੂੰ ਸੌ ਗਾਲ੍ਹ ਕੱਢੀ ਹੋਣੀ। ਵਿਆਹੇ ਵਰ੍ਹੇ ਮੁੰਡੇ ਨੇ ਅੱਖਾਂ ਨੀਵੀਆਂ ਪਾਈ ਰੱਖੀਆਂ। ਗੱਲ ਨੂੰ ਟਾਲੀ ਰੱਖਿਆ। ਕਿਸੇ ਦੀ ਕਰੀ ਰਾਜੂ ਭੁੱਲਣ ਵਾਲਾ ਨਹੀਂ ਸੀ। ਭਾਵੇਂ ਹੱਡ ਵਾਹ ਕੇ ਰੋਟੀ ਖਾਧੀ ਸੀ, ਤਾਂ ਵੀ ਇਹਨਾਂ ਹਜ਼ਾਰੇ ਵਰਗੇ ਜ਼ਿਮੀਦਾਰਾਂ ਦੇ ਨੂਣ ਦਾ ਬੋਝ ਡਾਹੇ ਵਾਂਗ ਚੌਵੀ ਘੰਟੇ ਉਸ ਦੇ ਗਲ ਵਿੱਚ ਲਟਕਦਾ ਰਹਿੰਦਾ ਸੀ। ਅੜੀ, ਥੁੜੀ ਨੂੰ ਜਾਣਾ ਕਿੱਥੇ ਸੀ। ਨੂਣ ਦੇ ਬੋਝ ਨੇ ਮੁੰਡੇ ਨੂੰ ਗਾਲ੍ਹਾਂ ਪੁਆਈਆਂ। "ਗੇੜੇ ਦੋ ਮਾਰ ਆਇਆ...ਫੰਡਰ... ... " । ਉਂਜ ਰਾਜੂ ਨੂੰ ਪਤਾ ਸੀ ਕਿ ਮੁੰਡੇ ਨੇ ਕੋਈ ਗਲਤੀ ਨਹੀਂ ਕੀਤੀ। ਅੱਜ ਸਾਝਰੇ ਹਜ਼ਾਰੇ ਦਾ ਭੱਈਆ ਆਇਆ :

"ਬਾਬੇ ... ਚੱਲ ..ਅ "

"ਅੱਛਾ"

"ਸ਼ਹਰ ਜਾਤੇ ਸਰਦਾਰ ਬੋਲੇ, ਜਲਦੀ ਆਵੇ। ਔਰ ਕਹਤੇ ਰੇੜੀ ਮੇ ਲੇ ਜਾਮੇ "

ਹਜ਼ਾਰੇ ਦੀ ਮਰੀ ਕੱਟੀ ਦਾ ਸੁਨੇਹਾ ਆਇਆ ਤਾਂ ਰਾਜੂ ਆਪ ਬੋਰੀ, ਰੰਬੀ, ਛੁਰੀ ਲੈ ਕੇ ਤੁਰ ਪਿਆ ਸੀ। ਪਰ... ...

" ...ਗੁਰੂਦੇਵ....ਗੁਰੂਦੇਵ "

ਹਜ਼ਾਰਾ ਸਾਮ੍ਹਣੇ ਫਰਾਟੇ ਮਾਰਦਾ ਆ ਰਿਹਾ ਸੀ। ਘੋਰ ਸੰਕਟ। ਰਾਜੂ ਦੀਆਂ ਲੱਤਾਂ ਥਿੜ੍ਹਕ ਗਈਆਂ। ਜੀਵਨ ਦੇ, ਆਪਣੇ ਕਸਬਾਂ ਦੇ ਕਿੰਨੇ ਈ ਗੁਰ ਉਹ ਜਾਣਦਾ ਸੀ, ਪਰ ਇਸ ਮੌਕੇ ਕੱਖ ਵੀ ਉਸ ਦੀ ਸਮਝ ਵਿੱਚ ਨਹੀਂ ਸੀ ਆਉਂਦਾ।

"ਮ੍ਹਾਰਾਜ। ਮ੍ਹਾਰਾਜ"

"ਕੀ ਕਰਦੇ ਓ ਤੁਹੀਂ, ਰਾਜੂਆ, ਸੁਣਦੇ ਨੀ ਗੱਲ ਕੱਖ ਕਿਹੇ ਦੀ... ਐਤਰਾਂ"

"ਓ ਮ੍ਹਰਾਜ, ਮੈਂ ਮੁੰਡਾ ਭੇਜਿਆ"

"ਮੁੰਡਾ ਭੇਜਿਆ ... ਤੇ ਕੀ ਸੁਆਹ ਉੜਾਈ.... ਮੁੰਡਾ ਭੇਜਿਆ .... ਜੁਆਕਾਂ ਰੋਟੀ ਨੀ ਖਾਧੀ ... ਤੂੰ ਆਂਹਦਾ ਮੁੰਡਾ ਭੇਜਿਆ ... ਚਲ... ਆਹ ਤੀਈਆ ਗੇੜਾ ਈ.."

"ਸਰਦਾਰ, ਕੱਲ ਮੈਂ ਮੁੰਡਾ ਦੋ ਵਾਰ ਭੇਜਿਆ"

"ਦੋ ਵਾਰ ਭੇਜਿਆ ਮੁੰਡਾ ਤੂੰ"

"ਮੈਂ ਆਪ ਸਵੇਰੇ ਜਾ ਕੇ ਆਇਆਂ"

"ਗੱਲ ਤੇ ਓਥੇ ਈ ਰਈ। ਦੋ ਦਿਨ ਹੋ ਗਏ ਆ ਕੱਟੀ ਮਰੀ ਨੂੰ। ... ਤੇ ਤੁਹਾਂ ਗੱਲ ਈ ਨੀ ਕੱਖ ਸੁਣਦੇ ਕਿਹੇ ਕੰਜਰ ਦੀ ..."

"ਕੰਜਰ ਦੀ ਕਾਹਨੂੰ ਸਰਦਾਰਾ, ਕੱਟੀ ਹਲੇ ਪੂਰੀ ਨੀ ਹੋਈ। ਤੂੰ ਆਪਣੇ ਭੱਈਏ ਨੂੰ ਪੁੱਛ। ਜਦ ਪਿਛਲੀਆਂ ਲੱਤਾਂ ਖਿੱਚਣ ਲੱਗੇ ਤਾਂ ਕੱਟੀ ਅੱਖਾਂ ਝੱਪਕਣ ਲੱਗ ਪੀ।"

"ਓਹ ਤੇ ਮਰੀ ਪਈ ਆ"

" ਕਾਹਨੂੰ???!!!!"

"ਦੂਸਰੇ ਪਸ਼ੂ ਵੀ ਕੱਖੋਂ ਹਟ ਗਏ ਆ... ਚਲ ਛੇਤੀ ਨੇਰ੍ਹਾ ਹੁੰਦਾ"

"ਸਰਦਾਰ ਤੇਰੀ ਕੱਟੀ ਜਿਉਂਦੀ ਆ ਹਲੇ। ਪਿਛਲਾ ਪਾਸਾ ਮਰ ਗਿਆ .. ਪਰ ਮੂਹਰੇ ਅਜੇ ਜਾਨ ਹੈਗੀ"

"ਓਏ ਹੁਣ ਮਰੀ ਪਈ ਆ। ਤੁਰ ਤੂੰ। ਭੱਈਏ ਨਾ' ਰੇਹੜੀ 'ਤੇ ਲੱਦ ਲੱਜਵੀਂ ... ਤੁਰਿਆ ਤੂੰ ... ਧ੍ਹਾਡੇ ਹੁਣ ਖੇਖਣ ਈ ਨੀ ਮੁੱਕਦੇ" , ਪਖੀਰੀਆ ਬਾਪ ਦੀ ਮਦਦ ਲਈ ਝੁੱਗੀਆਂ 'ਚੋਂ ਨਿਕਲ ਆਇਆ ਸੀ।

"ਚਲ ਮੈਂ ਮੁੰਡੇ ਨੂੰ ਭੇਜਦਾਂ .. ਤੇਰੇ ਮਗਰੇ ਮਗਰ"

" ਛੱਡ ਓਹਨੂੰ ... ਆਪੂੰ ਤੁਰ ਤੂੰ "

"ਮੁੰਡਾ ਈ ਜਾਊਗਾ ... ਨੇਰ੍ਹੇ 'ਚ ਮੇਤੇ ਕਿਆ ਹੋਣਾ"

"  ਚਲ ਮੁੰਡਾ ਈ ਭੇਜ, ਛੇਤੀ ..., ਕਿੱਤਰਾਂ ਨਖਰੇ ਕਰਦੇ। ਤੁਹਾਂ ਨੀਂ ਲੋੜ ਪੈਣੀ ਸਾਡੀ। ... ਦੇਖ ਲਿਓ ਫੇਰ, ਜੇ ਮਰਜੀਆਂ ਕਰਨੀਆਂ ਐਤਰਾਂ..."

"ਦੇਖ ਸਰਦਾਰ, ਗੁੱਸੇ ਨਾ ਹੋ। ... ਸਾਰੇ ਇਲਾਕੇ ਨੂੰ ਪਤਾ ... ਕਦੇ ਕੋਈ ਗੱਲ ਹੋਈ ... ਕੁਸਕਿਆ ਕੋਈ ਕਦੇ ... ਜਦ ਗੱਲੋ ਹੋਰ ਐ ... ਮਜ਼ਬੂਰੀ ਹੋ ਗੀ ... ਉਮਰਾਂ ਲੰਘ ਗੀਆਂ ਥੁਆਡੇ ... ਮੈਂ ਜਾਵਾਂ ... ਭਮਾਂ ਮੁੰਡਾ ਜਾਵੇ... ਸਰਦਾਰ ਅਸੀਂ ਮਰੀ ਦੇ ਗਾਹਕ ਐਂ.... ਜਿਉਂਦੀ ਦਾ ਤੂੰ.."

ਹਜ਼ਾਰਾ ਕੱਟੀ ਦੀ ਅਜਿਹੀ ਮਾਲਕੀ ਤੋਂ ਠਠੰਬਰ ਗਿਆ। ਉਸਦੀ ਜੁੱਤੀ 'ਚ ਹੋਰ ਠੰਡ ਵੜ ਗਈ।

"ਭੇਜਦਾਂ ਮੈਂ ਮੁੰਡੇ ਨੂੰ .. ਜਾ ਓਏ" , ਪਰ ਪਖੀਰੀਏ ਨੇ ਪਰ੍ਹਾਂ ਉੱਚੀਆਂ ਪਹਾੜੀਆਂ ਦੇ ਨਕਸ਼ਿਆਂ ਵੱਲ ਨਿਗ੍ਹਾ ਮੋੜ ਲਈ। ਉਹ ਅਜੇ ਵੀ ਟਲਦਾ ਸੀ।

"ਭੇਜ ਦਈਂ ਮੁੰਡੇ ਨੂੰ ਹੁਣ, ਝੱਟ... ਚੁੱਲ੍ਹਾ ਚੌਂਕਾ ਕਰਨੋਂ ਬੈਈਠੇ ਆਂ..."

ਹਜ਼ਾਰਾ ਭਾਵੇਂ ਤੁਰ ਗਿਆ ਪਰ ਰਾਜੂ ਦਾ ਸੰਕਟ ਨਹੀਂ ਟਲਿਆ। ਡੂਢਾ ਹੋ ਗਿਆ।

"ਮ੍ਹਾਰਾਜ, ... ਰਹਿਮ ਕਰੀਂ ... ਰਹਿਮ ਕਰੀ , ਮੇਰੇ ਦਾਤਾ, ਦੀਨ ਦਇਆਲ ", ਉਹ ਅਰਦਾਸ ਕਰਨ ਲੱਗਾ ਕਿ ਉਸ ਦੀ ਸਾਲਾਂ ਦੀ ਬਣੀ ਬਣਾਈ, ਰੱਖੀ ਰੱਖਾਈ ਰਹਿ ਜਾਵੇ। ਉਸ ਦੀ 'ਇੱਜ਼ਤ ' ਬਚ ਜਾਵੇ। ਪਰ ਕਰੇ ਕੀ.. ਬਾਪ ਪੁੱਤ ਇਕ ਦੂਏ ਤੋਂ ਸੰਗਦੇ, ਡਰਦੇ, ਚੁੱਪ ਚਾਪ ਝੁੱਗੀਆਂ 'ਚ ਆ ਗਏ। ਰਾਜੂ ਦੀਆਂ ਲੱਤਾਂ ਜੁਆਬ ਦੇ ਗਈਆਂ। ਜੀਅ ਕਰੇ ਥਾਵੇਂ ਈ ਬਹਿ ਜਾਵੇ। ਉਸ ਦੇ ਸਰੀਰ ਦੇ ਧੁੰਨੀ ਤੋਂ ਹੇਠਲੇ ਹਿੱਸਿਆਂ 'ਚ ਜਿਵੇਂ ਜਾਨ ਨਹੀਂ ਸੀ।

"ਪੁੱਤ, ਜਾ ਦੇਖ ਕੇ ਆ ... ", ਪਰ ਪਖੀਰੀਏ ਨੂੰ ਸਮਝ ਨਾ ਲੱਗੇ ਕਿ ਬਾਪੂ ਕਹਿੰਦਾ ਕੀ ... ਤੇ ਜਾਣਾ ਕਿੱਥੇ, ...ਤੇ ਉਥੇ ਜਾ ਕੇ ਕਰਨਾ ਕੀ....

"ਹਾਂਅ...?" ਅੱਧੇ ਮਰੇ ਰਾਜੂ ਨੂੰ ਉਸ ਦੀ ਤੀਮੀ ਨੇ ਟਟੋਲਿਆ।

"ਕੁਸ਼ ਨੀ" ਓਹਦਾ ਹੇਠਲਾ ਹਿੱਸਾ ਹੋਰ ਸੁੰਨ ਹੋ ਗਿਆ।

"ਘਰ ਦੁਆਨੀ ਨੀਂ "

"ਮੈਂ ਠੇਕਾ ਲਿਆ। ਤੇਰੀ ਦੁਆਨੀ ਦਾ। ਨਾਲੇ ਕਿਸੇ ਹੋਰ ਦਾ।" ਤੀਮੀ ਦੀਆਂ ਹੱਡੀਆਂ ਤੋੜਦਾ ਵੀ ਉਹ ਉਸ ਨੂੰ ਫੁੱਲਾਂ ਵਾਂਗ ਰੱਖਦਾ ਸੀ। ਪਰ ਮੋਹ 'ਚ ਹੱਡੀਆਂ ਤੋੜਨ ਤੇ ਤੁੜਾਉਣ ਦਾ ਵੀ ਕੋਈ ਸਮਾਂ ਹੁੰਦਾ।

"ਕਟਾਹਲ ਦਾ ਰੇਟ ਹੁਣ ਪਝੱਤਰ ਹੋ ਗਿਆ। ਕਲਾਹੇ ਆਲਾ ਆਇਆ ਤਾ"

"ਪਝੱਤਰ ਛੱਡ ਭਮਾਂ ਸੌ ਹੋ ਜਵੇ।"

ਰਾਜੂ ਮੰਜੇ 'ਤੇ ਢਹਿ ਪਿਆ। ਅੱਖਾਂ ਮੀਚ ਲਈਆਂ। ਕੋਇਆਂ 'ਚ ਹੁਲਾਸ ਨਾਲ ਪਾਣੀ ਇਕੱਠਾ ਹੋ ਗਿਆ। ਫੇਰ ਕਿਸੇ ਮਿਹਰਬਾਨ ਅੱਗੇ ਉਮੀਦ 'ਚ ਹੱਥ ਜੋੜ ਅਰਦਾਸ ਕਰਨ



ਲੱਗਿਆ। ਅਰਦਾਸ ਜੋ ਹੋਰ ਕੋਈ ਸੁਣ ਨਹੀਂ ਸਕਦਾ ਸੀ।

...ਮੇਰੇ ਮਿਹਰਬਾਨ ..... ਮਿਹਰਬਾਨ, ਦਾਤਾ ਦੋ ਰੋਟੀਆਂ ਖਾਤਰ ਤੈਂ ਦੋ ਕਸਬ ਮੈਨੂੰ ਸਿਖਾਏ ... ਦੋ ..ਅ ... ਜੁੱਤੀਆਂ ਗੱਠਣਾ ... ਤੇ ਮਰੇ ਡੰਗਰਾਂ ਦੀਆਂ ਖੱਲਾਂ ਲ੍ਹਾਉਣਾ .... ਹੁਣ ਕਸਾਈ ਨਾ ਬਣਾਈ.....

ਮੂਕ ਅਰਦਾਸ ਨੇ ਉਸ ਅੱਧ ਮਰੇ ਨੂੰ ਹੌਲਾ ਫੁੱਲ ਕਰ ਦਿੱਤਾ। ਮੀਚੀਆ ਅੱਖਾਂ ਨੇ ਦੁਨੀਆਂ ਦਾ ਸਾਰਾ ਮਾਇਆ ਜਾਲ ਉਸ ਦੇ ਵਜੂਦ ਤੋਂ ਹਟਾ ਦਿੱਤਾ। ਅਜੀਬ ਡੂੰਘੇ ਰੌਸ਼ਨੀਆਂ ਦੇ ਰਾਹ ਤੁਰਦਾ ਉਹ ਆਪਣੇ ਧੁਰ ਅੰਦਰ ਲਹਿ ਗਿਆ। ਬਿਨਾ ਖੜਾਕ । ਨੰਗੇ ਪੈਰੀਂ। ਇਸ ਰਸਤੇ ਉਹ ਪਹਿਲਾਂ ਕਦੇ ਨਹੀਂ ਸੀ ਗਿਆ। ਆਪਣੀ ਖੱਲ ਦੇ ਅੰਦਰ, ਪੈਰਾਂ ਤੋਂ ਸਿਰ ਤੱਕ ਦਾ ਸਫ਼ਰ, ਜਿਥੇ ਕੋਈ ਹੋਰ ਧਰਤੀ, ਪਹਾੜ, ਪੱਥਰ ਨਹੀਂ ਸਨ। ਕੁਝ ਵੀ ਨਹੀਂ ਸੀ। ਨਾ ਡਰ। ਨਾ ਭੈਅ। ਨਾ ਮੌਤ....ਕੇਵਲ ਉਹ ਰੰਗ ਤੇ ਰੌਸ਼ਨੀਆਂ ਸਨ , ਜਿਹਨਾਂ ਦੇ ਅਜੇ ਤੱਕ ਨਾਓਂ ਨਹੀਂ ਪਤਾ....ਸਾਰੀਆਂ ਇੰਦਰੀਆਂ ਚੁੱਪ। ਸਾਰਾ ਵਜੂਦ ਇੱਕ ਜਾਨ ਜਿਵੇਂ ਠੰਡੇ ਮੋਮ ਦਾ ਬਣਿਆ ਹੋਵੇ। ਜਾਂ ਬੇਵਜ਼ਨ ਪੱਥਰ ਦਾ। ਡੂੰਘੀ ਬੇਸੁਰਤ ਨੀਂਦ ਪਿੱਛੋਂ ਉੱਠਣ ਦਾ ਅਹਿਸਾਸ ...

.. ਉਸ ਦੀ ਸੁਰਤ ਜਦੋਂ ਉਸ ਦੇ ਬੱਜਰ ਸਰੀਰ 'ਚੋਂ ਮੁੜੀ ਤਾਂ ਲੱਗਿਆ ਲੱਤਾਂ 'ਚ ਜਾਨ ਇੱਕ ਵਾਰ ਫੇਰ ਮੁੜ ਆਈ। ਉਸ ਨੇ ਹੱਥ ਜੋੜੀ ਰੱਖੇ। ਅੱਖਾਂ ਖ੍ਹੋਲੀਆਂ। ਝਪਕੀਆਂ। ਦੀਵੇ ਦੀ ਲੋਅ 'ਚ, ਅੱਖਾਂ ਦੇ ਪਾਣੀ ਨਾਲ ਧੋਤੀਆਂ, ਅੱਖਾਂ ਚਮਕ ਪਈਆਂ। ਟਿਕ ਟਿਕੀ ਲਾ ਕੇ ਝੁੱਗੀ ਦੀ ਛੱਤ ਦੇ ਕਾਨੇ ਦੇਖਦਾ ਰਿਹਾ। ਕਾਨੇ ਅੱਖਾਂ ਅੱਗੇ ਰੰਗ ਬਦਲਣ ਲੱਗ ਪਏ। ਲੇਟਿਆ ਰਿਹਾ... ਸ਼ਾਂਤ ... ਅਹਿੱਲ। ਹਿੱਲ ਕੇ ਕਿਤੇ ਰੰਗਾਂ , ਰੌਸ਼ਨੀਆਂ ਦੀ ਯਾਤਰਾ ਦਾ ਅਕਸ਼ ਨਾ ਤਿੜਕ ਜਾਵੇ। ਫੇਰ ਉਂਵੇ ਈ ਲੇਟੇ , ਪਏ ਪਏ ਆਪਣਾ ਆਲਾ ਦੁਆਲਾ ਸਮਝਣ ਦੀ ਕੋਸ਼ਿਸ਼ ਕੀਤੀ। ਰਾਤ... ?? ਰਾਤ ਦਾ ਕਿਹੜਾ ਪਹਿਰ... ?? ਕੁੱਝ ਪਤਾ ਨਹੀਂ ਲੱਗਦਾ ... ਤਾਂ ਵੀ ਉਸਨੂੰ ਪੂਰਾ ਯਕੀਨ ਸੀ ਕਿ ਉਸ ਦਾ ਮੁੰਡਾ, ਪਖੀਰੀਆ ਉਸ ਵੇਲੇ ਝੁੱਗੀਆਂ ਵਿੱਚ ਨਹੀਂ ਸੀ .. ....o




## ਹਾਏ ਓਏ ਦੁੱਲਿਆ

(ਕਹਾਣੀ ਸੰਗ੍ਰਹਿ) ਭੋਲਾ ਸਿੰਘ ਸੰਘੇੜਾ

ਭੋਲਾ ਸਿੰਘ ਸੰਘੇੜਾ ਨੇ ਖ਼ੂਬਸੂਰਤ ਕਹਾਣੀਆਂ ਲਿਖੀਆਂ ਹਨ। ਉਹਦੇ ਕੋਲ 'ਗੱਲ' ਹੈ ਅਤੇ ਇਸ ਗੱਲ ਨੂੰ ਆਖਣ ਜਾਂ ਬਿਆਨ ਕਰਨ ਦਾ ਤਰੀਕਾ ਅਤੇ ਹੁਨਰ ਵੀ। ਮਲਵਈ ਭਾਸ਼ਾ ਦਾ ਜਾਦੂ ਉਹਦੇ ਬਿਆਨ ਨੂੰ ਹੋਰ ਵੀ ਦਿਲਚਸਪ ਅਤੇ ਭਾਵਪੂਰਨ ਬਣਾ ਦਿੰਦਾ ਹੈ। ...'ਮਾਰੂਥਲ' ਇਕ ਲੰਮੀ ਕਹਾਣੀ ਹੈ। ਔਲਾਦ ਖਾਸ ਕਰਕੇ ਮੁੰਡੇ ਖਾਤਰ ਬੰਦਾ ਕੀ ਕੀ ਝੂਲੇ ਫ਼ਕਦਾ ਹੈ, ਸੰਘੇੜਾ ਦੀ ਇਸ ਰਚਨਾ ਰਾਹੀਂ ਇਹ ਤੱਥ ਬੜੀ ਭਾਵਪੂਰਤਾ ਨਾਲ ਪੇਸ਼ ਹੋਏ ਹਨ।

ਕਹਾਣੀ 'ਹਾਏ ਓਏ ਦੁੱਲਿਆ' ਵਿਚ ਜ਼ਮੀਨ ਦੇ ਪਰੰਪਰਿਕ ਵਿਸ਼ਿਆ ਤੋਂ ਅਲੱਗ ਆਫ਼ਤ ਬਿਆਨ ਕੀਤੀ ਗਈ ਹੈ। ਪਹਿਲਾਂ ਤਾਂ ਜੱਟ ਆਪਣੀ ਗਰਜ਼ ਖ਼ਾਤਰ ਜ਼ਮੀਨ ਵੇਚਦੇ ਹੁੰਦੇ, ਹੁਣ ਪਤਾ ਵੀ ਨਹੀਂ ਲਗਦਾ ਕਦੋਂ ਉਨ੍ਹਾਂ ਦੀ ਜ਼ਮੀਨ ਉਹਨਾਂ ਦੇ ਹੱਥਾਂ ਵਿਚੋਂ ਖੋਹ ਲਈ ਜਾਂਦੀ ਹੈ। ਇਸ ਮਸਲੇ ਨੂੰ ਲੈ ਕੇ ਭੋਲਾ ਸਿੰਘ ਸੰਘੇੜਾ ਨੇ ਇਕ ਦਿਲ ਚੀਰਵੀਂ ਕਹਾਣੀ ਦੀ ਸਿਰਜਣਾ ਕੀਤੀ ਹੈ। **-ਰਾਮ ਸਰੂਪ ਅਣਖੀ**

ਪ੍ਰਕਾਸ਼ਕ:
**ਲੋਕ ਗੀਤ ਪ੍ਰਕਾਸ਼ਨ,**
26-27, ਸੈਕਟਰ-34-ਏ,
ਚੰਡੀਗੜ੍ਹ,
ਮੁੱਲ 150 ਰੁਪਏ, ਪੰਨੇ 140

## ਕਹਾਣੀ / ਸੀਨੀਆਰਟੀ / ਸਰੂਪ ਸਿਆਲਵੀ

ਤੁਰੀ ਆਉਂਦੀ ਰਵਾਇਤ ਅਨੁਸਾਰ... ਕਲਾਸ ਇੰਚਾਰਜ ਸੈਕਿੰਡ ਮਾਸਟਰ ਸਰਵਨ ਸਿੰਘ ਨੇ ਇਸ ਸਾਲ ਵੀ ਮੈਟਰਿਕ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਨੂੰ ਫੋਟੋ ਖਿਚਵਾਉਣ ਲਈ ਸਕੂਲ ਦੀ ਗਰਾਉਂਡ ਵਿਚ ਸਟੇਜ 'ਤੇ ਚੜ੍ਹਨ ਲਈ ਬਣਾਏ ਪੌਡਿਆਂ 'ਤੇ... ਉਪਰ ਹੇਠਾਂ ਲਾਈਨਾ ਵਿਚ ਖੜ੍ਹੇ ਕੀਤਾ... ਤੇ ਅੱਗੇ ਰਖਵਾਈਆਂ ਕੁਰਸੀਆਂ ਵਿਚੋਂ ਵਿਚਕਾਰਲੀ ਕੁਰਸੀ 'ਤੇ ਮੁਖ ਅਧਿਆਪਕ ਜੀ ਨੂੰ ਬਿਠਾ ਕੇ... ਬਾਕੀ ਅਧਿਆਪਕਾ ਨੂੰ ਸੀਨੀਆਰਟੀ ਅਨੁਸਾਰ ਇਕ ਨੂੰ ਮੁਖ ਅਧਿਆਪਕ ਤੋਂ ਐਧਰਲੀ... ਦੂਜੇ ਨੂੰ ਓਧਰਲੀ ਕੁਰਸੀ 'ਤੇ ਬਹਿਣ ਲਈ ਕਹਿਣ ਲੱਗਾ। ਮਾਸਟਰ ਮਨਸਾ ਰਾਮ ਕੁਝ ਅਧਿਆਪਕਾ ਨੂੰ ਇਕ ਪਾਸੇ ਲਈ ਖੜਾ ਗੱਲਾਂ ਕਰ ਰਿਹਾ ਸੀ। ਕਿ ਜਿਵੇਂ ਵਿਦਿਆਰਥੀ ਫੋਟੋ ਖਿਚਵਾਉਣ ਲਈ ਦੋਸਤਾਂ, ਮਿਤਰਾਂ ਨਾਲ ਖੜੇ ਕਲੋਲਾਂ ਕਰ ਰਹੇ ਸਨ... ਅਧਿਆਪਕ ਵੀ ਚਾਹੁੰਦੇ ਸਨ ਕਿ ਉਹ ਵੀ ਮਨ-ਮਰਜ਼ੀ ਅਨੁਸਾਰ ਜਿਥੇ ਜੀ ਚਾਹੇ ਦੋਸਤਾਂ, ਮਿੱਤਰਾਂ ਨਾਲ ਬਹਿ ਕੇ ਫੋਟੋ ਖਿਚਵਾਉਣ... ਫੋਟੋ ਖਿਚਵਾਉਣ ਲਈ ਭਲਾ ਮਹਿਕਮੇ ਦੀ ਸੀਨੀਆਰਟੀ ਕਿਥੋਂ ਆ ਗਈ?

ਮੈਨੂੰ ਮਨਸਾ ਰਾਮ ਹੋਰਾਂ ਦੀਆਂ...ਜਿਸ ਨਾਲ ਜੀ ਕਰੇ, ਬਹਿਕੇ ਫੋਟੋ ਖਿਚਵਾਉਣ ਦੀਆਂ ਗੱਲਾਂ ਚੰਗੀਆਂ ਲੱਗ ਰਹੀਆਂ ਸਨ। ਮਨਸਾ ਰਾਮ ਅਤੇ ਕੁਝ ਅਧਿਆਪਕ... ਫੋਟੋ ਖਿਚਵਾਉਣ ਤੋਂ ਵਾਕ ਆਊਟ ਕਰ ਗਏ ਸਨ... ਮੈਂ ਵੀ ਉਹਨਾਂ ਨਾਲ ਹੀ ਚਲਿਆ ਗਿਆ ਸਾਂ।

ਜਦ ਮੈਂ ਹਰ ਗੱਲ ਵਿਚ 'ਸਕੂਲ ਇਕ ਪਰਿਵਾਰ ਵਾਂਗ ਹੈ' ਕਹਿਣ ਵਾਲੇ ਮੁਖ ਅਧਿਆਪਕ ਜੀ ਨੂੰ... ਕਿਸੇ ਅਧਿਆਪਕ ਨੂੰ ਵਿਦਾਇਗੀ ਜਾਂ ਰਿਟਾਇਰਮੈਂਟ ਪਾਰਟੀ ਦੇਣ ਜਾਂ ਕਿਸੇ ਅਧਿਆਪਕ ਦੀ ਖੁਸ਼ੀ, ਗਮੀ ਬਾਰੇ ਸਟਾਫ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦੇਖਦਾ... ਤਾਂ ਸ਼ਾਇਦ ਸਰਵਿਸ ਵਿਚ ਨਵਾਂ ਨਵਾਂ ਆਇਆ ਹੋਣ ਕਰਕੇ ... ਮੈਨੂੰ ਚੰਗਾ ਜਿਹਾ ਨਾ ਲਗਦਾ।... ਮੈਂ ਸੋਚਦਾ... ਜੇ ਸਕੂਲ ਇਕ ਪਰਿਵਾਰ ਵਾਂਗ ਹੈ... ਤਾਂ ਕਿੰਨਾ ਚੰਗਾ ਹੋਵੇ... ਜੇ ਸਟਾਫ ਦੀਆਂ ਸਮਾਜਿਕ ਸਹਿਮਰ ਸਬੰਧੀ ਮੀਟਿੰਗਾਂ ਦੀ ਪ੍ਰਧਾਨਗੀ... ਸਭ ਤੋਂ ਵੱਡੀ ਉਮਰ ਦੇ ਅਧਿਆਪਕ... ਗਿਆਨੀ ਗਿਆਨ ਸਿੰਘ ਜੀ ਕਰਨ।... ਜਿਵੇਂ ਪਰਿਵਾਰ ਵਿਚ ਸਭ ਤੋਂ ਵੱਡੀ ਉਮਰ ਦਾ ਬਜ਼ੁਰਗ ਪਰਿਵਾਰ ਦੇ ਵਰਤ-ਵਿਹਾਰ ਬਾਰੇ ਫੈਸਲੇ ਲੈਂਦਾ ਏ।

ਪਰ ਮੈਂ ਸਟਾਫ ਮੀਟਿੰਗ ਵਿਚ... ਇਹ ਗੱਲਾਂ ਕਰਨ ਤੋਂ ਆਪਣੇ ਆਪ ਨੂੰ ਰੋਕਦਾ ਰਹਿੰਦਾ... ਮੈਂ ਪਹਿਲਾ ਆਪਣਾ ਸ਼ੰਕਾ ਦੂਰ ਕਰਨ ਲਈ ਸਰਵਨ ਸਿੰਘ ਨੂੰ ਪੁਛਿਆ ਸੀ ਕਿ ਸਕੂਲ ਵਿਚ ਸਾਰੇ ਅਧਿਆਪਕ ਕੁਰਸੀਆਂ 'ਤੇ ਬਹਿੰਦੇ ਹਨ ... ਪਰ ਪਿਆਰਾ ਸਿੰਘ ਧੀਮਾਨ, ਚੰਦਰ ਚੌਕੀਦਾਰ ਤੇ ਹਰ ਗੱਲ ਵਿਚ 'ਹਾਂ ਜੀ... ਹਾਂ ਜੀ' ਕਹਿਣ ਵਾਲਾ ਜੀ ਹਜ਼ੂਰੀਆ ਹਜ਼ੂਰਾ ਸਿੰਘ, ਸਫਾਈ ਸੇਵਕ ... ਬੈਂਚਾ 'ਤੇ ਈ ਕਿਉਂ ਬਹਿੰਦੇ ਹਨ?

ਸਰਵਨ ਸਿੰਘ ਨੇ ਮੈਨੂੰ ਹਸਦਿਆਂ ਹੋਇਆ ਦੱਸਿਆ ਸੀ ਕਿ ਇਹਨਾਂ ਨੂੰ ਸੇਵਾਦਾਰ ਹੋਣ ਕਰਕੇ... ਕੁਰਸੀਆਂ 'ਤੇ ਬਹਿਣ ਦਾ ਅਧਿਕਾਰ ਨਹੀਂ। ਮੈਂ ਦੇਖੀ ਜਾਂਦਾ ਕਿ ਹੋਰਾਂ ਵਿਦਿਆਰਥੀਆਂ ਦੇ ਦਿਹਾੜੀਦਾਰ ਤੇ ਟੱਪਰੀਵਾਸ (ਬੰਗਾਲੇ ਆਦਿ) ਮਾਪੇ ਵੀ ਜਦ ਆਪਣੇ ਬੱਚਿਆਂ ਨੂੰ ਦਾਖਲ ਕਰਵਾਉਣ ਜਾਂ ਉਹਨਾਂ ਦੀ ਪੜ੍ਹਾਈ ਬਾਰੇ ਪਤਾ ਕਰਨ ਲਈ ਆਉਂਦੇ... ਤਾਂ ਅਧਿਆਪਕਾਂ ਦੇ ਬਰਾਬਰ ਕੁਰਸੀਆਂ 'ਤੇ ਬਹਿੰਦੇ। ਇਥੋਂ ਤੱਕ ਕਿ ਅੱਧੀ ਛੁੱਟੀ ਵੇਲੇ, ਅਧਿਆਪਕਾਂ ਦੇ ਸਕੂਲ ਵਿਚ ਪੜ੍ਹਦੇ ਬੱਚੇ ਵੀ... ਉਹਨਾਂ ਨਾਲ ਉਹਨਾਂ ਦੇ ਬਰਾਬਰ ਕੁਰਸੀਆਂ 'ਤੇ ਬਹਿਕੇ ਖਾਣਾ ਖਾਂਦੇ। ... ਪਰ ਇਹਨਾਂ ਸੇਵਾਦਾਰਾਂ ਦੇ ਬੱਚਿਆ ਨੂੰ ਅੱਧੀ ਛੁੱਟੀ ਵੇਲੇ।... ਆਪਣੇ ਪਿਓਆ ਨਾਲ ਬੈਂਚਾ 'ਤੇ ਬਹਿਕੇ ਹੀ ਖਾਣਾ ਖਾਣਾ ਪੈਂਦਾ। ਇਹ ਕੁਦਰਤੀ ਹੈ ਕਿ ਉਹਨਾਂ ਨੇ ਉਥੇ ਈ ਬੈਠਣਾ ਹੁੰਦਾ... ਜਿਥੇ ਉਹਨਾਂ ਦੇ ਪਿਓ ਬੈਠੇ ਹੁੰਦੇ। ਮੈਂ ਸੋਚਦਾ ਕਿ ਇਹਨਾ ਪੜ੍ਹੇ-ਲਿਖੇ ਬੰਦਿਆ ਦੀ ਦਰਜਾ ਚਾਰ ਵਿਚ ਸੀਨੀਆਰਟੀ ਹੋਣ ਦਾ ਖਮਿਆਜਾ... ਇਹਨਾਂ ਦੇ ਬੱਚਿਆ ਨੂੰ ਬੈਂਚਾ ਤੇ ਬਹਿ ਕੇ ਕੁਰਸੀਆਂ 'ਤੇ ਬੈਠੇ ਅਧਿਆਪਕਾ ਦੇ ਬੱਚਿਆਂ ਨਾਲੋਂ ਘਟੀਆਪਣ ਦਾ ਵਰਤਾਓ ਕਰਵਾਕੇ ਭੁਗਤਣਾ ਪੈਂਦਾ ਸੀ।

ਕੁਰਸੀਆਂ ਦੀ ਥਾਂ ਬੈਂਚਾਂ ਤੇ ਬਿਠਾਉਣ ਦੇ ਨਾਲ ਨਾਲ ਇਹਨਾ ਸੇਵਾਦਾਰਾ ਨਾਲ ਭੈੜਾ ਵਰਤਾਓ ਵੀ ਕੀਤਾ ਜਾਂਦਾ। ਜਿਵੇਂ ਕਹਿਣਾ ਧੀ ਨੂੰ ਸੁਣਾਉਣਾ ਨੂੰਹ ਨੂੰ ਹੁੰਦਾ। ਤਾਂ ਜੋ ਮੁਖ ਅਧਿਆਪਕ ਰਾਹੀਂ ਇਹਨਾਂ ਨਾਲ ਕੀਤੀ ਜਾਂਦੀ ਕੁੱਤ-ਕੁਪੱਤ ਨੂੰ ਦੇਖਕੇ... ਅਧਿਆਪਕ ਵੀ ਸਮਝ ਜਾਣ ਕਿ ਉਹਨਾਂ ਨੂੰ ਵੀ ਮੁਖ ਅਧਿਆਪਕ ਜੀ ਦਾ ਹੁਕਮ ਮੰਨਣਾ ਚਾਹੀਦਾ ਹੈ... ਨਹੀਂ ਤਾਂ ਉਹਨਾਂ ਨਾਲ ਵੀ ਉਹੀ ਸਲੂਕ ਕੀਤਾ ਜਾਵੇਗਾ... ਕਈਆਂ ਨਾਲ ਕੀਤਾ ਜਾਂਦਾ ਵੀ। ਮੁਖ ਅਧਿਆਪਕ ਮੁਖਤਿਆਰ ਸਿੰਘ ਸਫਾਈ ਸੇਵਕ ਹਜ਼ੂਰਾ ਸਿੰਘ ਨੂੰ ਹਰ ਵੇਲੇ ਡਾਂਟ ਫਟਕਾਰ ਪਾਈ ਜਾਂਦਾ ਬੁਢੇ ਹਜ਼ੂਰਾ ਸਿੰਘ ਨੂੰ ਹਰ ਗੱਲ ਵਿਚ 'ਹਾਂ ਜੀ... ਹਾਂ ਜੀ' ਕਹਿਣ ਦੀ ਆਦਤ ਸੀ। ਮੈਨੂੰ ਪਤਾ ਲੱਗਿਆ ਇਕ ਦਿਨ ਉਹਨੂੰ ਮੁਖ ਅਧਿਆਪਕ ਨੇ ਗੁੱਸੇ ਵਿਚ ਆਖਿਆ, "ਓਏ ਤੂੰ ਗੱਲ ਨੂੰ ਸਮਝਦਾ ਕਿਉਂ ਨੀ? ... ਅਸੀਂ ਜਿਹੜੇ ਤੇਰੇ ਨਾਲ ਐਨੀ ਦੇਰ ਤੋਂ ਮਗਜ ਮਾਰੀ ਜਾਂਦੇ ਆਂ... ਬਈ ਤੂੰ ਮੁਰਗੇ ਨੂੰ ਲੁਕੋ ਕੇ ਲਿਆਉਣਾ ਸੀ... ਮੂਰਖ ਆ? " ਹਜ਼ੂਰਾ ਸਿੰਘ ਨੇ ਫੇਰ ਮੁਖ ਅਧਿਆਪਕ ਦੀ ਗੱਲ ਨੂੰ ਸਮਝਿਆ ਤਾਂ ਹੈ ਨੀ... ਆਪਣੇ 'ਹਾਂ ਜੀ... ਹਾਂ ਜੀ' ਕਹਿਣ ਵਾਲੇ ਸੁਭਾ ਅਨੁਸਾਰ ਮੁਖ ਅਧਿਆਪਕ ਨੂੰ, "ਹਾਂ ਜੀ... ਹਾਂ ਜੀ... ਤੁਸੀਂ ਕਿਹੜਾ ਝੂਠ ਬੋਲਦੇ ਐ" ਆਖ ਦਿਤਾ। ਮੁਖਤਿਆਰ ਸਿੰਘ ਕਹਿੰਦਾ, " ਦੇਖ ਲਓ... ਸਾਨੂੰ ਵੀ ਮੂਰਖ ਬਣਾਈ ਜਾਂਦਾ।" ਕੋਲ ਬੈਠੇ ਅਧਿਆਪਕ ਹਸ ਪਏ। ਮੁਖਤਿਆਰ ਸਿੰਘ ਨੂੰ ਗੱਸਾ ਆ ਗਿਆ। ਉਹਨੇ ਉਠਕੇ ਹਜ਼ੂਰਾ ਸਿੰਘ ਦੇ ਮੂੰਹ 'ਤੇ ਥੱਪੜ ਮਾਰ ਦਿਤਾ। ਚੌਹੀ ਪਾਸੀ ਸੁੰਨ ਸਾਂ ਵਰਤ ਗੀ। ਕੋਲ ਬੈਠੇ ਅਧਿਆਪਕ ਉਠਕੇ ਕਲਾਸਾ ਵਿਚ ਚਲੇ ਗਏ।

ਮੁਖਤਿਆਰ ਸਿੰਘ ਨੇ ਆਪਣੇ ਘਰ ਆਏ ਪ੍ਰਹੁਣਿਆ ਦੀ ਸੇਵਾ ਕਰਨ ਵਾਸਤੇ, ਬਾਲਮੀਕੀ ਬਸਤੀ ਵਿਚੋਂ ਹਜ਼ੂਰਾ ਸਿੰਘ ਤੋਂ ਮੁਰਗਾ ਮੰਗਵਾਇਆ ਸੀ। ਉਹਨੇ ਸੋਚਿਆ ਹੋਣਾ... ਹਜ਼ੂਰਾ ਸਿੰਘ ਨੂੰ ਐਨੀ ਤਾਂ ਸਮਝ ਹੋਵੇਗੀ ਹੀ ਕਿ ਮੁਰਗੇ ਨੂੰ ਕੱਟ ਕੇ ਸਾਫ ਕਰਕੇ ਕਿਸੇ ਝੋਲੇ ਜਾਂ ਲਿਫਾਫੇ ਵਿਚ ਪਾ ਕੇ ਲਿਆਵੇਗਾ। ਪਰ ਉਹਨੇ ਮੁਰਗੇ ਨੂੰ ਟੰਗਾ ਤੋਂ ਫੜਕੇ ਮੋਢੇ 'ਤੇ ਚੁਕਿਆ ਹੋਇਆ ਸੀ ਤੇ ਮੁਰਗਾ ਫੰਘ ਫਲਾਰਦਾ 'ਕੁੜ-ਕੁੜ' ਕਰ ਰਿਹਾ ਸੀ।

ਮੁਖਤਿਆਰ ਸਿੰਘ ਨੇ ਗੁੱਸੇ ਵਿਚ ਕਿਹਾ, "ਓ ਸ਼ੁਦਾਈਆ ਲੁਕੋ ਤਾਂ ਲਿਆਉਂਦਾ?" ਹਾਜਰ ਜਵਾਬ ਹਜ਼ੂਰਾ ਸਿੰਘ ਨੇ ਜਦੋਂ ਕੋਟ ਦਾ ਪੱਲਾ ਮੁਰਗੇ ਦੇ ਉੱਤੇ ਨੂੰ ਕਰਿਆ, "ਹਾਂ ਜੀ... ਹਾਂ ਜੀ... ਲਓ ਜੀ ਲੁਕੋ ਲਿਆ।"

ਇਸੇ ਗੱਲੋਂ ਮੁਖ ਅਧਿਆਪਕ ਰਾਹੀਂ ਉਹਦੇ ਮੂੰਹ 'ਤੇ ਥੱਪੜ ਮਾਰਨ 'ਤੇ ... ਜੇ ਉਹ ਸਰਪੰਚ ਕੋਲ ਚਲੇ ਜਾਂਦਾ, ਤਾਂ ਜ਼ੈਲਦਾਰ ਨੇ ਉਹਦੇ ਮੂੰਹ 'ਤੇ ਦੂਜੇ ਪਾਸੇ ਥੱਪੜ ਮਾਰ ਕੇ ਕਹਿਣਾ ਸੀ, "ਓਏ ਤੈਂ ਵੀ ਤਾਂ ਮੁਖ ਅਧਿਆਪਕ ਨੂੰ ਮੂਰਖ ਕਿਹਾ ਆ... ਜਾਹ ਵਗਾੜ ਲਾ... ਉਹਦਾ ਤੇ ਮੇਰਾ... ਜੋ ਕੁਝ ਵਗਾੜਨਾ।... ਸਾਲੇ ਗਲੀਆਂ ਸੰਭਰਦੇ ਚੂੜੇ ਨੂੰ... ਚੱਜ ਦੀ ਨੌਕਰੀ ਕੀ ਦਿਵਾ 'ਤੀ... ਸਾਲਾ ਬਹੁਤਾ ਈ ਭੂਤਰੀ ਜਾਂਦੈ।"

ਪਰ ਹਜ਼ੂਰਾ ਸਿੰਘ ਨੂੰ ਇਲਾਕੇ ਦੇ ਅਨੁਸੂਚਿਤ ਜਾਤੀ... ਐਮ. ਐਲ. ਏ. ਕੋਲ ਲੈ ਗਿਆ ਸੀ। ਐਮ. ਐਲ. ਏ. ਨੇ ਉਹਨੂੰ ਬੁਲਾ ਕੇ ਕਿਹਾ ਸੀ, "ਮੁਖਤਿਆਰ ਸਿਆ... ਤੈਨੂੰ ਸਰਕਾਰ ਨੇ ਅਲਾਕੇ ਦੇ ਸਕੂਲ ਦਾ ਮਾਲਕ ਨਹੀਂ... ਮੁਖਤਿਆਰ ਲਾਇਆ। ਹਜ਼ੂਰ ਸਿੰਘ ਤੇਰਾ ਖੇਤ-ਮਜਦੂਰ ਨੀ... ਬਈ ਤੂੰ ਉਹਦੇ ਮੂੰਹ 'ਤੇ ਥੱਪੜ ਮਾਰੇ। ... ਇਹ ਵੀ ਸਰਕਾਰੀ ਕਰਮਚਾਰੀ ਐ... ਜਿਹੋ ਜਿਹਾ ਤੂੰ ਐਂ।" ਤੇ ਉਹਨੇ ਹਜ਼ੂਰਾ ਸਿੰਘ ਕੋਲੋਂ ਮੁਖਤਿਆਰ ਸਿੰਘ ਤੋਂ ਲਿਖਤੀ ਰੂਪ ਵਿਚ ਮਾਫੀ ਮੰਗਵਾ ਦਿਤੀ।

ਮੁਖਤਿਆਰ ਸਿੰਘ ਹਜ਼ੂਰਾ ਸਿੰਘ ਦੇ ਥੱਪੜ ਮਾਰਨ ਕਰਕੇ ਪਤਾ ਨਹੀਂ ਕਿਵੇਂ ਮਾਰ ਖਾ ਗਿਆ ਸੀ।... ਉਹ ਤਾਂ ਬੰਦਾ ਦੇਖਕੇ ਗੱਲ ਕਰਨ ਵਾਲਾ ਕਾਮਯਾਬ ਮੁਖ ਅਧਿਆਪਕ ਸੀ।... ਮਸਲਨ ਮੇਰੇ ਨਾਲ ਉਹ ਸਮਾਜਵਾਦੀ ਸਮਾਜ ਦੀਆਂ ਗੱਲਾਂ ਕਰਦਾ ਰਹਿੰਦਾ। ... ਉਹ ਮੈਨੂੰ ਕਹਿੰਦਾ, "ਜਦ ਅਸੀਂ ਕੋਈ ਪੈਸਾ ਖਾਣਾ ਈ ਨੀ... ਸਾਡੇ ਵੱਲ ਕੋਈ ਉਂਗਲ...।" ਉਹ ਉਂਗਲ ਸਿਧੀ ਕਰਕੇ ਕਹਿੰਦਾ, "ਕਿਵੇਂ ਕਰ ਜਾਊ।"

ਅੱਧੀ ਛੁੱਟੀ ਵੇਲੇ (ਉਹਦੇ ਦੂਰ, ਨੇੜੇ ਨੇ ਰਿਸ਼ਤੇਦਾਰ ਤੇ ਜਾਣਕਾਰ) ਫੰਡ ਇੰਚਾਰਜ ਹਸ ਹਸ ਕੇ ਗੱਲਾਂ ਕਰਦੇ। "ਸਾਨੂੰ ਮੀਟਿੰਗ ਤੋਂ ਆ ਕੇ ਕਹਿੰਦਾ, "ਜ਼ਿਲ੍ਹੇ ਵਾਲੇ ਸਾਰਾ ਖਰਚਾ ਸਕੂਲਾਂ 'ਤੇ ਪਾਈ ਜਾਂਦੇ ਐ।" ਤੇ

ਖਪਤਯੋਗ ਵਸਤੂਆਂ ਦੇ ਜਾਅਲੀ ਬਿਲ ਫੰਡਾ ਵਿਚ ਪੁਆ ਦਿੰਦਾ... ਤੇ ਉਹਨਾਂ ਦੇ ਡੁਪਲੀਕੇਟ ਬਿਲ ਸਵਰਨ ਸਿੰਘ ਨੂੰ ਬੁਲਾ ਕੇ ਪੀ. ਟੀ. ਏ. ਫੰਡ ਵਿਚ ਪੁਆ ਕੇ ਆਖਦਾ, "ਓ ਇਹਦਾ ਕਿਹੜਾ ਆਡਿਟ ਹੋਣਾ ਆ... ਖਰਚਾ ਬੜਾ ਹੋ ਗਿਆ... ਸਰਵਨ ਸਿਆਂ... ਕਢਵਾ ਲਿਆ ਪੈਸੇ... ਪੀ. ਟੀ. ਏ. ਪ੍ਰਧਾਨ ਸਰਪੰਚ ਸਾਹਿਬ ਤੋਂ ... ਚੈੱਕ 'ਤੇ ਸਾਈਨ ਕਰਵਾਕੇ ਏ...!" ਇਵਜਾਨੇ ਵਜੋਂ ਉਹਦੇ ਚਹੇਤੇ ਫਰਲੋ ਲਈ ਜਾਂਦੇ। ਉਦੋਂ ਵਿਦਿਆਰਥੀਆਂ ਨੂੰ ਪਛਾਉਣ ਲਈ... ਅਧਿਆਪਕਾ ਦੀਆਂ ਲੜਾਈਆਂ ਹੁੰਦੀਆਂ ਸਨ। ...ਉਂਜ ਤਾਂ ਅਧਿਆਪਕ ਛੁੱਟੀ ਓ ਬੜੀ ਘੱਟ ਲੈਂਦੇ ਸਨ। ਪਰ ਜੇ ਗਿਆਨ ਸਿੰਘ ਵਰਗਾ ਕੋਈ ਬਹਾਨੇ ਬਾਜ ਫਰਲੋ ਤੇ ਗਿਆ... ਮਨਸਾ ਰਾਮ ਨੂੰ ਉਹਦੀ ਜਮਾਤ ਦੀ ਵਿਹਲੀ ਘੰਟੀ ਲਾਉਣ ਨੂੰ ਕਹਿ ਜਾਂਦਾ। ... ਪਰ ਉਹਦੀ ਬੋਰਡ ਦੀ ਪ੍ਰੀਖਿਆ ਵਾਲੀ ਦਸਵੀਂ ਜਮਾਤ ਦੀ ਵਿਹਲੀ ਘੰਟੀ ਵਿਚ ਮਨਸਾ ਰਾਮ ਦੇ ਜਾਣ ਤੋਂ ਪਹਿਲਾ ਈ... ਸਰਵਨ ਸਿੰਘ ਕਲਾਸ ਵਿਚ ਖੜਾ ਹੁੰਦਾ। ਤੇ ਆਖਦਾ, "... ਤੂੰ ਦਸਵੀਂ ਦੀ ਅਗਲੀ ਘੰਟੀ ਲਾ ਲਈ... ਉਸੇ ਦੀ ਓ ਐ... ਵਿਹਲੀ ਐ...!" ਪਰ ਮਨਸ਼ਾ ਰਾਮ ਬੁੜ-ਬੁੜ ਕਰਦਾ ਲੰਘ ਜਾਂਦਾ। "ਓ ਅਗਲੀ ਘੰਟੀ ਤਾਂ ਮੇਰੀ ਵੀ ਲੱਗੀ ਹੋਈ ਐ।... ਜੇ ਮੇਰਾ ਗਾਣਿਤ ਦਾ ਨਤੀਜਾ ਬੋਰਡ ਦੇ ਨਤੀਜੇ ਤੋਂ ਘੱਟ ਆ ਗਿਆ... ਮੈਂ ਤਾਂ ਇਹੀ ਲਿਖਕੇ ਦਊਂਗਾ ਕਿ ਸਰਵਨ ਸਿੰਘ ਈ ਓਵਰ ਟਾਈਮ ਲਾ ਲਾ ਕੇ ਅੰਗਰੇਜ਼ੀ ਪੜ੍ਹਾਈ ਗਿਆ... ਵਿਦਿਆਰਥੀਆਂ ਨੂੰ ਹੋਰ ਵਿਸ਼ੇ ਪੜ੍ਹਨ ਈ ਨੀ ਦਿਤੇ।"

ਸਕੂਲ ਵਿਚ ਵਿਦਿਆਰਥੀਆਂ ਦੀ ਪੜ੍ਹਾਈ ਦਾ ਪੱਧਰ ਤਾਂ ਸਗੋਂ ਪਹਿਲੇ ਮੁਖ ਅਧਿਆਪਕ ਵੇਲੇ ਵੱਧ ਉਚਾ ਸੀ। ਅੱਠਵੀਂ ਦਸਵੀਂ ਦੇ ਨਤੀਜੇ ਬੋਰਡ ਦੇ ਨਤੀਜਿਆਂ ਤੋਂ ਕਿਤੇ ਵੱਧ ਆਉਂਦੇ ਸਨ। ਪਰ ਪਹਿਲੇ ਮੁਖ ਅਧਿਆਪਕ ਨੇ ਆਕੜ ਦਿਖਾਉਂਦਿਆਂ ਅਨਪੜ੍ਹ ਸਰਪੰਚ ਨਾਲ ਪੰਗਾ ਲੈ ਕੇ ਮਾਰ ਖਾਧੀ ਸੀ। ...

ਪਰ ਅਨਪੜ੍ਹ ਸਰਪੰਚ ਨਾਲ ਉਠਕੇ ਹੱਥ ਮਿਲਾਉਣ ਵਾਲਾ ਮੁਖ ਅਧਿਆਪਕ ... ਪੜ੍ਹੇ-ਲਿਖੇ ਮਾਸਟਰਾਂ ਦੇ ਹੱਥ ਜੋੜ ਕੇ ਸਾ ਸ਼੍ਰੀ 'ਕਾਲ ਬੁਲਾਉਣ 'ਤੇ ਵੀ... ਉਹਨਾਂ ਨਾਲ ਹੱਥ ਨਹੀਂ ਸੀ ਮਿਲਾਉਂਦਾ। ਸਰਵਨ ਸਿੰਘ ਨੇ ਦੱਸਿਆ ਸੀ, "ਇਹ ਮੁਖ ਅਧਿਆਪਕ ਕੋਈ ਅਸਮਾਨੋਂ ਤਾਂ ਉਤਰਦੇ ਨੀ।" ਹੁੰਦੇ ਤਾਂ ਇਹ ਸਾਡੇ ਵਿਚੋਂ ਈ ਨੇ। ...ਆਮ ਤੌਰ 'ਤੇ ਬਹੁਤ ਸਾਰੇ ਮਾਸਟਰ ਤਾਂ ਮਾਸਟਰ ਈ ਰਿਟਾਇਰ ਹੋ ਜਾਂਦੇ ਐ। ...ਜਿਹੜੇ ਪਰਮੋਟ ਹੋ ਕੇ ਮੁਖ ਅਧਿਆਪਕ ਬਣ ਜਾਂਦੇ ਹਨ... ਉਹ ਬਾਕੀ ਸਟਾਫ ਨਾਲ ਹੱਥ ਮਿਲਾਉਣਾ ਛੱਡ ਦਿੰਦੇ ਹਨ।"

ਮੈਂ ਇਕ ਦਿਨ ਇਕ ਬਜ਼ੁਰਗ ਨੂੰ ਖਜਾਨਾ ਖਰੜ ਵਿਖੇ... ਮੇਰੇ ਨਾਲ ਦੇ ਸਕੂਲ ਕਲਰਕ ਤੋਂ ਪੈਨਸ਼ਨ ਕੇਸ ਚੈੱਕ ਕਰਵਾਉਂਦੇ ਦੇਖਿਆ ਉਹ ਬਜ਼ੁਰਗ ਉਹਦਾ ਹੱਥ ਘੁੱਟਦਿਆ ਚਾਪਲੂਸੀ ਜਹੀ ਕਰ ਰਿਹਾ ਸੀ। ਸਾਥੀ ਕਲਰਕ ਨੇ ਦੱਸਿਆ, "ਇਹ ਹੈਡ ਮਾਸਟਰ ਹਾਂਡਾ ਜੀ... ਹੁਣੇ ਪਿਛਲੇ ਮਹੀਨੇ ਸੇਵਾ ਮੁਕਤ ਹੋਏ ਨੇ।"

ਹਾਂਡਾ ਜੀ ਨੇ ਮੇਰੇ ਨਾਲ ਵੀ ਬੜੀ ਗਰਮਜੋਸ਼ੀ ਨਾਲ ਹੱਥ ਮਿਲਾਇਆ। ਉਹਦੇ ਨਾਲ ਹੱਥ ਮਿਲਾਉਂਦਿਆਂ ਮੈਂ ਹੈਰਾਨ ਹੋ ਰਿਹਾ ਸਾਂ। ਕੀ ਫੇਰ ਇਹ ਹੈਡਮਾਸਟਰ ਸਾਹਿਬ ... ਜੂਨੀਅਰ ਸਟਾਫ ਨਾਲ ਉਨ੍ਹਾਂ ਚਿਰ ਹੀ ਹੱਥ ਨਹੀਂ ਮਿਲਾਉਂਦੇ... ਜਿੰਨਾ ਚਿਰ ਮੁਖ ਅਧਿਆਪਕ ਲੱਗੇ ਰਹਿੰਦੇ ਹਨ। ਫੇਰ ਉਹੋ ਜਿਹੇ ਹੀ ਬਣ ਜਾਂਦੇ ਹਨ... ਪਹਿਲਾ ਵਰਗੇ ਈ।

ਮੁਖ ਅਧਿਆਪਕ ਹੀ ਨਹੀਂ ਅਧਿਆਪਕ ਵੀ ਇਕ ਦੂਜੇ ਤੋਂ ਛੋਟਾ ਵੱਡਾ ਸਮਝਦੇ ਸਨ। ਇਕ ਦਿਨ ਮੇਰੇ ਸਾਹਮਣੇ ਕੁਰਸੀ 'ਤੇ ਬੈਠਾ ਬਚਨ ਸਿੰਘ , ਜੇ. ਬੀ. ਟੀ. ਅਧਿਆਪਕ ਆਪਣਾ ਪੈਨਸ਼ਨ ਕੇਸ ਤਿਆਰ ਕਰਨ ਬਾਰੇ ਗੱਲ-ਬਾਤ ਕਰ ਰਿਹਾ ਸੀ। ਸੈਕਿੰਡ ਮਾਸਟਰ ਸਰਵਨ ਸਿੰਘ ਦੇ ਆਉਂਦਿਆ ਹੀ ਉਹ ਝੱਟ ਕੁਰਸੀ ਤੋਂ ਉਠ ਕੇ ਖੜਾ ਹੋ ਗਿਆ।... ਮੈਨੂੰ ਬਹੁਤ ਬੁਰਾ ਲੱਗਿਆ। ਮੈਂ ਸ. ਬਚਨ ਸਿੰਘ ਕੋਲ ਪੰਜਵੀਂ ਜਮਾਤ ਤੱਕ ਪੜ੍ਹਿਆ ਸਾਂ। ਮੈਂ ਉਹਨਾਂ ਦੇ ਗੋਡੀਂ ਹੱਥ ਲਾਉਂਦਾ ਸਾਂ। ਜੇ ਸਰਵਨ ਸਿੰਘ ਲਈ ਕੁਰਸੀ ਛੱਡਣੀ ਸੀ... ਤਾਂ ਉਹਨਾਂ ਦੇ ਹੁੰਦਿਆਂ ਮੈਂ ਛੱਡ ਦਿੰਦਾ। ਮੈਂ ਸ. ਬਚਨ ਸਿੰਘ ਨੂੰ ਕਿਹਾ, "ਤੁਸੀਂ ਕਿਉਂ ਉਠਕੇ ਖੜੇ ਹੋ ਗਏ... ਮੈਂ ਇਹਨਾਂ ਲਈ ਹੋਰ ਕੁਰਸੀ ਮੰਗਵਾ ਰਿਹਾ। " ਬਚਨ ਸਿੰਘ ਦੇ ਜਾਣ ਤੋਂ ਬਾਦ ਮੈਂ ਸਰਵਨ ਸਿੰਘ ਨੂੰ ਪੁੱਛਿਆ, "ਮੈਨੂੰ ਸਮਝਾਓ ... ਆਹ ਗੱਲ ਕੀ ਐ?" ਸਰਵਨ ਸਿੰਘ ਨੇ ਮੈਨੂੰ ਦੱਸਿਆ,



"ਸਕੂਲ ਵਿਚ ਤਿੰਨ ਵਰਗਾ ਦੇ ਅਧਿਆਪਕ ਹਨ... ਮਾਸਟਰ ਕੇਡਰ, ਸੀ, ਤੇ ਵੀ. ਕੇਡਰ ਅਤੇ ਜੇ. ਬੀ. ਟੀ. ਕੇਡਰ... ਚੋਥੇ ਦਰਜਾ ਚਾਰ ਤਾਂ ਹੈ ਈ।" ਹੁਣ ਮੈਨੂੰ ਸਮਝ ਲੱਗੀ... ਤਾਂ ਹੀ ਸੀ. ਤੇ. ਵੀ. ਅਧਿਆਪਕ ਸ਼ੁਸੀਲ... ਮਾਸਟਰ ਕੇਡਰ ਵਾਲਿਆ ਨੂੰ ਬੀ. ਟੀ. (ਬੇਸਿਕ ਟਰੇਨਿੰਗ) ਕੀਤੀ ਹੋਣ ਕਰਕੇ ... ਟੀ. ਬੀ. ਦੱਸਦਾ ... ਅਖੇ ਇਹਨਾਂ ਨੂੰ ਟੀ. ਬੀ. ਹੋਈ ਐ... ਤਾਂ ਹੀ ਤਾਂ ਸਾਡੇ ਵਿਚ ਰਲਦੇ ਨੀ।

ਪਰ ਮੁਖ ਅਧਿਆਪਕ ਸਾਹਿਬ ਨੇ ਵੀ... ਉਹਨਾਂ ਕੋਲ ਆਏ ਇਕ ਬੰਦੇ ਦੀ ਬੜੀ ਆਓ ਭਗਤ ਕੀਤੀ। ਉਹਦੇ ਜਾਣ ਬਾਦ ਸਰਵਨ ਸਿੰਘ ਨੇ ਦੱਸਿਆ, "ਇਹ ਬਾਬੂ ਜੀ... ਹੈਡ ਆਫਿਸ ਵਿਚ ਲੱਗੇ ਹੋਏ ਨੇ।" ਮੈਂ ਸਰਵਨ ਸਿੰਘ ਨੂੰ ਪੁਛਿਆ, "ਪਰ ਮੁਖ ਅਧਿਆਪਕ ਸਾਹਿਬ ਤਾਂ... ਮਾਸਟਰਾਂ ਨਾਲ ਵੀ ਹੱਥ ਨੀ ਮਿਲਾਉਂਦੇ... ਫੇਰ ਸੀ. ਤੇ ਵੀ. ਅਤੇ ਜੇ. ਬੀ. ਟੀ. ਕੇਡਰ ਤੋਂ ਵੀ ਥੱਲੇ ਦੀ ਪੋਸਟ ਐ... ਕਲਰਕ ਤਾਂ?? "

"ਓ ਬਈ ਨਹੀਂ... ਨਹੀਂ... ਹੈੱਡ ਆਫਿਸ ਦੇ ਬਾਬੂ ਤਾਂ... ਥੋੜ੍ਹੇ ਕੀਤੇ ਕਿਸੇ ਨੂੰ ਬਹਿਣ ਨੂੰ ਨੀ ਕਹਿੰਦੇ।...ਅਧਿਆਪਕਾ ਦੀਆਂ ਨਿਯੁਕਤੀਆਂ, ਬਦਲੀਆਂ, ਪਰਮੋਸ਼ਨਾਂ ਜੁ ਹੈੱਡ ਆਫਿਸ ਤੋਂ ਹੁੰਦੀਆਂ।... ਦਫਤਰਾਂ ਦਾ ਵੀ ਵਰਗੀਕਰਣ ਹੋਇਆ। ... ਏ ਕਲਾਸ ... ਬੀ ਕਲਾਸ ਆਫਿਸ। ... ਤੈਨੂੰ ਅਜੇ ਪਤਾ ਨਹੀਂ... ਡਾਇਰੈਕਟਰ ਦਫਤਰ ਏ ਕਲਾਸ ਹੋਣ ਕਰਕੇ... ਉਹਨਾਂ ਦੀ ਸੀਨੀਆਰਟੀ ਅਲਗ ਹੈ। ਡਾਇਰੈਕਟਰ ਦਫਤਰ ਕਲਰਕ ਪਰਮੋਟ ਹੋ ਕੇ ਸੁਪਰਡੈਂਟ ਤੱਕ ਚਲੇ ਜਾਂਦੇ ਐ... ਜਦਕਿ ਕਈ ਸਕੂਲਾਂ ਦੇ ਕਲਰਕ ... ਕਲਰਕ ਹੀ ਰੀਟਾਇਰ ਹੋ ਜਾਂਦੇ ਐ।" ਉਹਨੇ ਮੈਨੂੰ ਅਪਣੱਤ ਦਿਖਾਉਂਦਿਆਂ ਕਿਹਾ, "ਤੈ! ਵੀ ਤਾਂ ਬੀ. ਏ. ਕੀਤੀ ਹੋਈ ਐ... ਤੂੰ ਅਰਜ਼ੀ ਦੇ ਕੇ ਡਾਇਰੈਕਟਰ ਦਫਤਰ ਚਲਿਆ ਜਾ... ਉਥੇ ਤੇਰੀ ਪਰੋਮੋਸਨ ਜਲਦੀ ਹੋ ਜੂ 'ਗੀ।"

ਪਰ ਮੇਰਾ ਰੁਚੀ ਦਫਤਰੀ ਕੰਮ ਦੀ ਥਾਂ ਪੜ੍ਹਾਉਣ ਵਿਚ ਸੀ। ਦਫਤਰੀ ਕੰਮ ਮੇਰੇ 'ਤੇ ਬੋਝ ਬਣਿਆ ਰਹਿੰਦਾ ਮੈਂ ਐਮ. ਏ. ਬੀ. ਐੱਡ ਕੀਤੀ ਹੋਈ ਸੀ। ਮੇਰੇ ਪੈਸੇ ਤੇ ਪਹੁੰਚ ਵਾਲੇ ਕਿੰਨੇ ਈ ਜਮਾਤੀ ਤਾਂ... ਪਹਿਲਾਂ ਈ ਮਾਸਟਰ ਲੱਗ ਗਏ ਸਨ।

ਪਰ ਮੈਨੂੰ ਨਾਲ ਦੇ ਹਾਈ ਸਕੂਲ ਵਿਚ ਐਡਹਾਕ ਕਲਰਕ ਦੀ ਓ ਨੌਕਰੀ ਮਿਲੀ ਸੀ। ਤੇ ਇਕ ਅਪਰੈਲ ਉਨੀ ਸੋ ਸਤੱਤਰ ਤੋਂ ਇਕ ਸਾਲ ਤੋਂ ਵੱਧ ਸਰਵਿਸ ਹੋਣ ਕਰਕੇ, ਕਲਰਕ ਦੀ ਅਸਾਮੀ 'ਤੇ ਰੇਗੂਲਰ (ਪੱਕਾ) ਹੋ ਗਿਆ ਸਾਂ। ... ਤੇ ਐਸ. ਐਸ. ਮਾਸਟਰ ਦੀ ਪੋਸਟ 'ਤੇ ਨਿਯੁਕਤੀ ਲਈ ਮਹਿਕਮੇ ਨੂੰ ਅਰਜ਼ੀ ਭੇਜ ਦਿੱਤੀ ਸੀ। ...ਐਥੇ ਤਾਂ ਛੋਟੀ ਪੋਸਟ ਦੇ ਬੰਦੇ ਨੂੰ ਬੰਦਾ ਈ ਨੀ ਸਮਝਦੇ।

ਇਸ ਲਈ ਮੈਂ ਆਪਣੇ ਤੋਂ ਛੋਟੀ ਪੋਸਟ ਦੇ ਸੇਵਾਦਾਰਾਂ ਨਾਲ ਘੁੱਟਕੇ ਹੱਥ ਮਿਲਾਉਣ ਲੱਗ ਪਿਆ ਸਾਂ। ਮੈਂ ਤਾਂ ਪਹਿਲਾਂ ਈ ਸਕੂਲ ਆ ਕੇ... ਮੁਖ ਅਧਿਆਪਕ ਦੇ ਦਫਤਰ ਮੂਹਰੇ ਬੈਂਚ 'ਤੇ ਬੈਠੇ ਸੇਵਾਦਾਰ ਨਾਲ ਹੱਥ ਮਿਲਾਉਂਦਾ ਸਾਂ। ... ਪਰ ਅੱਗੇ ਕਦੇ ਕਦਾਈ ਛੱਡ ਵੀ ਦਿੰਦਾ ਸਾਂ। ... ਉਹਨਾਂ ਵਿਚ ਜੀ ਹਜੂਰੀਆਂ, ਹਜੂਰਾ ਸਿੰਘ, ਸਵੀਪਰ ਤੇ ਪਛੜੀ ਸ੍ਰੈਣੀ ਦੇ ਚੌਂਕੀਦਾਰ ਚਰਨ ਸਿੰਘ ਦੇ ਨਾਲ ਉੱਚ ਜਾਤੀ ਦਾ ਪੀਅਨ ਪਿਆਰਾ ਸਿੰਘ ਵੀ ਬੈਠਾ ਹੁੰਦਾ। ... ਪਰ ਉਹਨਾਂ ਨਾਲ ਮੈਥੋਂ ਬਿਨਾ ਕੋਈ ਵੀ ਅਧਿਆਪਕ ਹੱਥ ਨਹੀਂ ਸੀ ਮਿਲਾਉਂਦਾ।

ਪਰ ਨਵਾਂ ਬਦਲ ਕੇ ਆਇਆ ਮਾਸਟਰ ਮਨਸ਼ਾ ਰਾਮ ਧੁੱਪ ਸੇਕਦੇ ਬਾਕੀ ਸਭ ਅਧਿਆਪਕਾਂ ਨਾਲ ਹੱਥ ਮਿਲਾਉਂਦਿਆਂ... ਮੇਰੇ ਨਾਲ ਹੱਥ ਮਿਲਾਏ ਬਿਨਾ... ਅਗੋ ਨਿਕਲ ਜਾਂਦਾ। ਉਹਨੇ ਤਾਂ ਸਕੂਲ ਵਿਚ ਹਾਜ਼ਰ ਹੋਣ ਵੇਲੇ ਵੀ ਆਕੜ ਦਿਖਾਈ ਸੀ। ਉਹਨੇ ਦਫਤਰੋਂ ਬਾਹਰ ਬੈਠੇ ਸੇਵਾਦਾਰਾਂ ਨੂੰ ਪੁੱਛਿਆ ਸੀ, "ਹੈਡ ਮਾਸਟਰ ਸਹਿਬ ਕਿਥੇ ਐ?" ਮੈਂ ਅਤੇ ਸੈਕਿੰਡ ਮਾਸਟਰ ਸਰਵਨ ਸਿੰਘ ਮੇਰੇ (ਕਲਰਕ ਦੇ) ਕਮਰੇ ਵਿਚ ਬੈਠੇ ਸਨ। ਅਸੀਂ ਸੋਚਿਆ, 'ਇਹ ਤਾਂ ਕੋਈ ਅਫਸਰ ਆ ਗਿਆ ਹੈ।' ਸੇਵਾਦਾਰ ਦੇ ਦੱਸਣ 'ਤੇ, "ਮੁਖ ਅਧਿਆਪਕ ਜੀ! ਤਾਂ ਛੁੱਟੀ ਤੇ ਐ।" ਫਿਰ ਉਹਨੇ ਸਾਡੇ ਕੋਲ ਆ ਕੇ ਹਾਜ਼ਰੀ ਰਿਪੋਰਟ ਲਿਖ ਕੇ ਦਿੱਤੀ ਸੀ।

ਉਹਦੀਆਂ ਗੱਲਾਂ ਤੋਂ ਪਤਾ ਲੱਗਿਆ ਸੀ ਕਿ ਉਹ ਤੇ ਮੁਖ ਅਧਿਆਪਕ ਮੁਖਤਿਆਰ ਸਿੰਘ ਪੁਰਾਣੇ

ਸਕੂਲ ਵਿਚ ਇਕੱਠੇ ਸਰਵਿਸ ਕਰਦੇ ਸਨ। ਸਕੂਲ ਘਰੋਂ ਦੂਰ ਹੋਣ ਕਰਕੇ, ਮੁਖਤਿਆਰ ਸਿੰਘ ਆਮ ਤੌਰ 'ਤੇ ਛੁੱਟੀ 'ਤੇ ਡਿਊਟੀ ਤੇ ਜਾਂ ਫਰਲੋ 'ਤੇ ਰਹਿੰਦਾ। ਪਿਛੋਂ ਮਨਸ਼ਾ ਰਾਮ ਹੀ ਸਕੂਲ ਦਾ ਪ੍ਰਬੰਧ ਚਲਾਉਂਦਾ। ਉਹ ਸਕੂਲ ਵਿਚ ਨੰਬਰ ਦੋ 'ਤੇ ਹੁੰਦਿਆਂ ਵੀ... ਆਪਣੇ ਆਪ ਨੂੰ ਨੰਬਰ ਇਕ 'ਤੇ ਸਮਝਦਾ। ਉਹ ਦੱਸਦਾ ਕਿ ਉਸ ਕੋਲੋਂ ਚੈੱਕ ਕਰਵਾਏ ਬਿਨਾ ਮੁਖ ਅਧਿਆਪਕ ਜੀ ਤਨਖਾਹ ਦੇ ਬਿਲਾਂ ਉੱਤੇ ਦਸਖਤ ਨਹੀਂ ਸਨ ਕਰਦੇ। ਪਰ ਇਸ ਸਕੂਲ ਵਿਚ... ਲੋਕਲ ਹੋਣ ਕਰਕੇ... ਮੁਖ ਅਧਿਆਪਕ ਦੇ ਦੂਰੋਂ ਪਾਰੋਂ ਰਿਸ਼ਤੇਦਾਰ 'ਤੇ ਕਈ ਜਾਤ ਬਰਾਦਰੀ ਦੇ ਅਧਿਆਪਕ ਕੰਮ ਕਰਦੇ ਸਨ। ਜਦਕਿ ਪਛੜੀ ਸ੍ਰੇਣੀ ਦਾ ਮਨਸ਼ਾ ਰਾਮ... ਪੁਰਾਣੇ ਸਕੂਲ ਵਾਲੀ ਸਥਿਤੀ ਭਾਲਦਾ ਸੀ। ਮਨਸ਼ਾ ਰਾਮ ਦੀ... ਮੁਖ ਅਧਿਆਪਕ ਮੁਖਤਿਆਰ ਸਿੰਘ ਦੇ ਸਕੂਲੋਂ ਗੈਰ ਹਾਜ਼ਰ ਰਹਿਣ ਤੇ ... ਪੁਰਾਣੇ ਸਕੂਲ ਵਾਂਗ ਚੌਧਰ ਚਲਾਉਣ ਦੀ ਮਨਸ਼ਾ ਪੂਰੀ ਨਾ ਹੋਣ ਕਰਕੇ... ਉਹ ਆਪਣੇ ਆਪ ਨੂੰ ਅਣ-ਗੌਲਿਆ ਮਹਿਸੂਸ ਕਰਨ ਲੱਗ ਪਿਆ ਸੀ। ... ਤੇ ਆਪਣੇ ਵੱਲ ਦੇ ਅਧਿਆਪਕਾਂ ਦਾ ਅਲਗ ਗਰੁੱਪ ਜਿਹਾ ਬਣਾਉਣ ਲੱਗ ਪਿਆ ਸੀ।

ਸਕੂਲ ਵਿਚ ਆਪਣੇ ਆਪ ਨੂੰ ਅਣਗੋਲਿਆ ਸਮਝਦਿਆਂ... ਮਨਸ਼ਾ ਰਾਮ ਨੇ ਸਭ ਤੋਂ ਪਹਿਲਾਂ ਮੈਨੂੰ ਅਣਗੌਲਿਆਂ ਕਰਨਾ ਸ਼ੁਰੂ ਕੀਤਾ। ਉਹਨੇ ਸਕੂਲ ਆ ਕੇ... ਹੋਰ ਸਾਰੇ ਅਧਿਆਪਕਾ ਨਾਲ ਹੱਥ ਮਿਲਾਉਣਾ... ਪਰ ਮੇਰੇ ਨਾਲ ਨਹੀਂ। ... ਦੋ ਕੁ ਦਿਨ ਤਾਂ ਮੈਂ ਦੇਖਦਾ ਰਿਹਾ।... ਫਿਰ ਮੈਂ ਵੀ ਏਦਾਂ ਈ ਕਰਨ ਲੱਗ ਪਿਆ। ਸੇਵਾਦਾਰ ਸਮੇਤ ਹੋਰ ਸਾਰੇ ਅਧਿਆਪਕਾਂ ਨਾਲ ਹੱਥ ਮਿਲਾਉਂਦਿਆਂ ... ਉਹਨੂੰ ਛੱਡ ਕੇ ਅੱਗੇ ਲੰਘ ਜਾਣਾ। ਉਹਨੇ ਵਿਚ ਵਿਚ ਅਧਿਆਪਕਾਂ ਨੂੰ ਕਹਿਣਾ ਸ਼ੁਰੂ ਕਰ ਦਿੱਤਾ, "ਇਸ ਸਕੂਲ ਦਾ ਬਾਬੂ ਈ ਅਫਸਰ ਬਣੀਂ ਫਿਰਦੈ।" ਮੈਂ ਕਿਸੇ ਅਧਿਆਪਕ ਤੋਂ ਉਹਦਾ ਕੋਈ ਕੰਮ ਕਰਨ ਜਾਂ ਕਰਵਾਉਣ ਦਾ ਕੋਈ ਪੈਸਾ ਨਹੀਂ ਸਾਂ ਲੈਂਦਾ। ਅਧਿਆਪਕਾਂ ਨਾਲ ਮੇਰੇ ਚੰਗੇ ਸਬੰਧ ਸਨ। ਕਈਆ ਨਾਲ ਤਾਂ ਮੈਂ ਪੜ੍ਹਿਆ ਹੋਇਆ ਸਾਂ। ਮੈਨੂੰ ਪਤਾ ਲਗਦਾ ਰਹਿੰਦਾ... ਅਧਿਆਪਕਾ ਨੇ ਉਹਨੂੰ ਕਹਿ ਦਿਤਾ ਸੀ, ਕਿ ਅਜਿਹੀ ਤਾਂ ਕੋਈ ਗੱਲ ਨਹੀਂ।

ਫੇਰ ਇਕ ਹੋਰ ਘਟਨਾ ਵਾਪਰ ਗਈ। ਮਾਸਟਰ ਸੱਤ ਪ੍ਰਕਾਸ਼ ਦਸਵੀਂ ਜਮਾਤ ਦੀ ਇੰਟਰਨਲ ਅਸੈਸਮੈਂਟ ਤਿਆਰ ਕਰਕੇ ਪੰਜਾਬ ਸਕੂਲ ਸਿਖਿਆ ਬੋਰਡ ਨੂੰ ਭੇਜਣ ਲਈ ਮੈਨੂੰ ਦਫਤਰ ਵਿਚ ਦੇ ਗਿਆ। ਕੁਝ ਚਿਰ ਬਾਦ ਆ ਕੇ ਪੁੱਛ ਗਿਆ,

"ਭੇਜੀ ਕਿ ਨਹੀਂ?" ਮੈਥੋਂ ਕਿਹਾ ਗਿਆ, "ਮਾਸਟਰ ਜੀ, ਤੁਸੀਂ ਬਣਾ ਕੇ ਦੇ ਦਿਤੀ, ਹੁਣ ਭੇਜਣੀ ਮੇਰੀ ਜਿੰਮੇਵਾਰੀ, ਐ। ਮੈਂ ਆਪੇ ਭੇਜ ਦਿਆਂਗਾ।" ...ਐਨੇ ਨੂੰ ਮਨਸ਼ਾ ਰਾਮ ਸੱਤ ਪ੍ਰਕਾਸ਼ ਆਦਿ ਕੁਝ ਅਧਿਆਪਕਾਂ ਨੂੰ ਲੈ ਕੇ ਆ ਗਿਆ। ਤੇ ਆਖਣ ਲਗਾ, "ਤੈਂ ਸਤ ਪ੍ਰਕਾਸ਼ ਨਾਲ ਮਿਸ-ਬੀਹੇਵ ਕੀਤਾ? " ਮੇਰੇ ਮੂੰਹੋਂ ਸਹਿਮਤੀ ਨਿਕਲ ਗਿਆ, "ਐਥੇ ਮੇਰੇ ਕੋਲ ਮਾਸਟਰ ਸਰਵਨ ਸਿੰਘ ਤੇ ਗਿਆਨੀ ਗਿਆਨ ਸਿੰਘ ਜੀ ਬੈਠੇ ਐ... ਇਹਨਾਂ ਨੂੰ ਪੁੱਛ ਲਓ... ਮੈਂ ਕੀ ਕਿਹਾ?"

ਮਨਸ਼ਾ ਰਾਮ ਗਰਮ ਹੁੰਦਿਆ ਬੋਲਿਆ, "ਥੁਆਡੀ ਤਾਂ ਪੂਰੀ ਪਲੈਨ ਐ...।" ਮੈਂ ਕਿਹਾ, "ਪਰੀ-ਪਲੈਨ ਤਾਂ ਥੁਆਡੀ ਐ... ਤਾਂ ਹੀ ਤੁਸੀਂ 'ਕੱਠੇ ਹੋ ਕੇ ਆਏ ਓ?" ਆਪਣਾ ਨਾਂ ਵਿਚ ਆਉਣ ਨਾਲ ਸਰਵਨ ਸਿੰਘ ਤੇ ਗਿਆਨ ਸਿੰਘ ਵੀ ਉਠ ਕੇ ਖੜ੍ਹੇ ਹੋ ਕੇ ਬੋਲਣ ਲੱਗ ਪਏ। ਦੋਹਾਂ ਪਾਸਿਆਂ ਤੋਂ ਮੈਂ ਮੈਂ ਤੂੰ ਤੂੰ ਹੋਣ ਲੱਗੀ ਮਨਸ਼ਾ ਰਾਮ ਕੜਕ ਕੇ ਕਹਿਣ ਲੱਗਿਆ, "ਤੂੰ ਮੇਰੇ ਅੱਗੇ ਕੀ ਬੋਲ ਸਕਦਾ... ਯੂ ਆਰ ਜੂਨੀਅਰ ਟੂ ਮੀ।" ਵੀ ਆਰ ਪੰਜਾਬ ਗੌਰਮਿੰਟ ਇੰਪਲਾਈਜ ... ਨੋ ਕੁਐਸਚਨ ਆਫ ਜੂਨੀਅਰ ਆਰ ਸੀਨੀਅਰ। "ਜ਼ੋਰ ਨਾਲ ਕਹਿੰਦਿਆ... ਮੈਥੋਂ ਹੱਥਾਂ ਵਿਚ ਫੜੀ ਹੋਈ ਕੁਰਸੀ ਪਿਛੇ ਨੂੰ ਖਿਚੀ ਗਈ। ਮਨਸ਼ਾ ਰਾਮ ਡਰਕੇ ਦੋ ਕਦਮ ਪਿਛਾਂਹ ਨੂੰ ਹੋ ਗਿਆ। ਮੈਂ ਕਿਹਾ... ਕਲ੍ਹ ਨੂੰ ਇਹ ਗੱਲ ਮੁਖ ਅਧਿਆਪਕ ਸਾਹਿਬ ਦੇ ਟੇਬਲ 'ਤੇ ਹੋਵੇਗੀ। ਮਨਸ਼ਾ ਰਾਮ ਆਪਣੇ ਗਰੁੱਪ ਦੇ ਬੰਦਿਆਂ ਨੂੰ ਲੈ ਕੇ ਚਲੇ ਗਿਆ।

ਮੈਂ ਤੇ ਸਰਵਨ ਸਿੰਘ ਬੈਠੇ ਮਨਸ਼ਾ ਰਾਮ ਹੋਰਾਂ ਦੇ ਮਾੜੇ ਵਤੀਰੇ ਦੀਆਂ ਗੱਲਾਂ ਕਰ ਰਹੇ ਸਾਂ... ਥੋੜ੍ਹੇ ਸਮੇਂ ਬਾਦ ਗਿਆਨੀ ਗਿਆਨ ਸਿੰਘ ਆਇਆ, ਮੈਨੂੰ 'ਕੱਲੇ ਨੂੰ ਬਾਹਰ ਬੁਲਾ ਕੇ ਕਹਿਣ ਲੱਗਾ, "ਭਈ ਜੀ... ਹੈ ਤਾਂ ਤੂੰ ਸਾਡੇ ਨਾਲੋਂ ਜੁਨੀਅਰ ਈ... ਭਈ ਈ ਏ...।" ਹਰ ਗੱਲ ਵਿਚ 'ਭਈ ਭਈ' ਕਹਿਣ ਕਰਕੇ



ਸਕੂਲ ਦੇ ਬੱਚਿਆਂ ਨੇ ਉਹਦਾ ਨਾਂ 'ਭਈ ਗਿਆਨੀ' ਰੱਖਿਆ ਹੋਇਆ ਸੀ। ਉਹ ਕਹਿਣ ਲੱਗਾ, "ਭਈ ਈ ... ਅਸੀਂ ਤੇਰੇ ਕੋਲੋਂ ਪੁੱਛ ਸਕਦੇ ਆ... ਭਈ ਈ... ਤੈਂ ਸਾਡਾ ਕੰਮ ਕੀਤਾ ਜਾਂ ਨਹੀਂ... ਭਈ ਈ... ਫੇਰ ਤੂੰ ਸਾਥੋਂ ਜੂਨੀਅਰ ਈ ਹੋਇਆ ... ਭਈ ਈ... ਤੂੰ ਅਧਿਆਪਕਾ ਸ਼ਾਮਣੇ ਮੰਨ ਜਾ... ਭਈ ਈ... ਤੂੰ ਸਾਥੋਂ ਜੂਨੀਅਰ ਮੈਂ ਭਈ..." ਮੈਨੂੰ ਭਈ..." ਗਿਆਨੀ ਦੇ ਇਸ ਤਰ੍ਹਾਂ ਕਹਿਣ 'ਤੇ ਬੜਾ ਗੁੱਸਾ ਆਇਆ। ਹੁਣੇ ਉਹ ਮਾਸਟਰ ਸਰਵਨ ਸਿੰਘ ਨਾਲ ਖੜ੍ਹਾ ਸੀ... ਹੁਣ ਮਾਸਟਰ ਮਨਸ਼ਾ ਰਾਮ ਦੇ ਗਰੁੱਪ ਵਲੋਂ ਆ ਗਿਆ ਸੀ। ਮੈਂ ਉਹਨੂੰ ਸਾਫ਼ ਸ਼ਬਦਾਂ ਵਿਚ ਔਖੇ ਹੋ ਕੇ ਕਿਹਾ, "ਗਿਆਨੀ ਜੀ... ਥੁਆਡੇ ਕੋਲੋਂ ਵਿਦਿਆਰਥੀਆਂ ਦੇ ਮਾਪੇ ਆ ਕੇ... ਆਪਣੇ ਬੱਚਿਆਂ ਦੀ ਪੜ੍ਹਾਈ ਬਾਰੇ ਪੁੱਛਦੇ ਐ... ਕਿ ਉਹ ਕਿਉਂ ਨੀ ਪੜ੍ਹਦੇ? .... ਫੇਰ ਕੀ ਤੁਸੀਂ ਵਿਦਿਆਰਥੀਆਂ ਦੇ ਮਾਪਿਆਂ ਤੋਂ ਯੂਨੀਅਰ ਹੋਏ? ਭਈ।" ਗਿਆਨੀ ਠੱਪ ਠੱਪ ... ਪੈਰ ਮਲਦਾ... ਮੁੜ ਗਿਆ। "ਭਈ ਈ...।"

ਆਖਰੀ ਘੰਟੀ ਵਿਚ ਉਹ ਫੇਰ ਆਇਆ ਤੇ ਮੈਨੂੰ ਛੁੱਟੀ ਹੋਣ 'ਤੇ ਸਕੂਲ ਦੇ ਪਿਛਲੇ ਪਾਸੇ ਵਾਲੀ ਬਲਬੀਰ ਦੀ ਚਾਹ ਪਕੌੜਿਆਂ ਦੀ ਦੁਕਾਨ ਤੇ ਆਉਣ ਨੂੰ ਕਹਿ ਗਿਆ। ਤਿੰਨ, ਚਾਰ ਸਾਥੀ ਆ ਨਾਲ ਮਨਸ਼ਾ ਰਾਮ, ਮੇਰਾ ਹੱਥ ਘੁੱਟਦਿਆਂ ਮਿਲਿਆ। ਉਹ ਦੇਸੀ ਦਾਰੂ ਪੀ ਰਹੇ ਸਨ। ... ਮਨਸ਼ਾ ਰਾਮ ਦਾ ਗੁਬਾਰੇ ਵਾਂਗ ਗਲ੍ਹਾਂ ਫੁਲਾ ਕੇ ਹਸਣਾ... ਜਿਹੜਾ ਕੁਝ ਸਮੇਂ ਤੋਂ ਗਾਇਬ ਸੀ... ਮੁੜ 'ਫੁ ਹੁ ਹੂ ਹੂ ...।' ਗੁਬਾਰੇ ਫਟਣ ਵਾਂਗ ... ਫੁੱਟ ਰਿਹਾ ਸੀ। ਉਹ ਆਖ ਰਿਹਾ ਸੀ... "ਮੈਂ ਦਾਰੂ ਤਾਂ ਪੀਂਦਾ ਆ... ਜਦ ਜੇਬ ਵਿਚ ਪੈਸੇ ਹੋਣ... ਤਾਂ ਜੋ ਘਰ ਗਏ ਨੂੰ ਪਤਨੀ ਐ ਨਾ ਕਹਿ ਸਕੇ ਕਿ ਆਪ ਪੀ ਕੇ ਆ ਗਿਆ... ਘਰ ਦੇ ਸੌਦਿਆ ਜੋਗੇ ਨਹੀਂ... ਮੰਗਣ 'ਤੇ ਪੈਸੇ ਕੱਢ ਕੇ ਮਾਰੀਦੇ...।" ਉਹਨੇ ਮੂੰਹ 'ਚੋਂ ਸਿਗਰਟ ਦਾ ਧੂੰਆਂ ਛੱਡਿਆ... ਤੇ ਗੱਲਾਂ ਫੁਲਾ ਕੇ... ਫੁਸਾਕਾ ਮਾਰ ਕੇ ਹੱਸਿਆ।

ਦੂਜੇ ਦਿਨ ਮਨਸਾ ਰਾਮ ਨੇ ਆ ਕੇ ਸਭ ਤੋਂ ਪਹਿਲਾ ਮੇਰੇ ਨਾਲ ਹੱਥ ਮਿਲਾਇਆ... ਤੇ ਗਲ੍ਹਾ ਫੁਲਾ ਕੇ... ਫੁਹੂ ਹੂ ਹੂ ... ਖੂਬ ਫੁਸਾਕੇ ਮਾਰ ਕੇ ਮਿਲਿਆ। ਪ੍ਰਾਰਥਨਾ ਕਰਵਾਕੇ ਅਧਿਆਪਕਾ ਦੇ ਕਲਾਸਾਂ ਵਿਚ ਜਾਣ ਤੋਂ ਬਾਦ ਪਿਆਰਾ ਸਿੰਘ, ਪੀਅਨ ਨੇ ਮੇਰੇ ਕੋਲ ਆ ਕੇ ਪੁੱਛਿਆ, "ਆਹ ਕਿਆ ਹੋ ਗਿਆ?" ਮੈਂ ਉਹਨੂੰ ਕਲ੍ਹ ਦੀ ਵਾਪਰੀ ਸਾਰੀ ਘਟਨਾ ਦੱਸੀ। ਪੁਰਾਣਾ ਤੇ ਸਮਝਦਾਰ ਹੋਣ ਕਰਕੇ... ਬਹੁਤੇ ਅਹੁਦੇ ਤੇ ਪੈਸੇ ਦੀ ਘੁਮੇਰ ਵਿਚ ਘੁੰਮਣ ਵਾਲੇ ਅਧਿਆਪਕਾਂ ਨਾਲੋਂ ਉਹਨੂੰ ਜ਼ਿੰਦਗੀ ਦਾ ਵੱਧ ਤਜਰਬਾ ਸੀ। ਮੈਂ ਉਹਦੀ ਰਾਇ ਲੈਂਦਾ ਰਹਿੰਦਾ ਸਾਂ।

ਮੇਰੇ ਕੋਲ ਬੈਠਣ ਲਈ... ਉਹ ਆਪਣਾ ਸਟੂਲ ਚੁੱਕ ਲਿਆਇਆ। ਮੈਂ ਉਹਨੂੰ ਕਿਹਾ, "ਤੂੰ ਮੇਰੇ ਕੋਲ ਕੁਰਸੀ 'ਤੇ ਬੈਠ ... ਮੈਂ ਆਪੇ ਦੇਖ ਲਊਂ... ਜਿਹੜਾ ਤੈਨੂੰ ਰੋਕੂਗਾ।"

ਐਨੇ ਪੜ੍ਹੇ ਲਿਖੇ ਅਧਿਆਪਕਾ ਦੇ ਵੱਡਪਣ ਨੂੰ ਨਿੱਕੀਆਂ ਨਿੱਕੀਆਂ ਗੱਲ ਨਾਲ ਠੇਸ ਲੱਗਦੀ ਰਹਿੰਦੀ ਹੈ।

ਕੁਝ ਦਿਨ ਪਹਿਲਾਂ ਮੇਰੇ ਕੋਲੋਂ ਪੁਰਾਣਾ ਰੀਕਾਰਡ ਲੈਣ ਆਏ ਸਕੂਲ ਦੇ ਸਾਬਕਾਂ ਸੂਟੂਡੈਂਟਾਂ ਨੂੰ ਮੈਂ ਆਪਣੇ ਕਮਰੇ ਵਿਚ ਕੁਰਸੀਆਂ 'ਤੇ ਬਿਠਾ ਕੇ... ਉਹਨਾਂ ਨਾਲ ਉਹਨਾਂ ਦੀ ਪੜ੍ਹਾਈ ਤੇ ਕੈਰੀਅਰ ਬਾਰੇ ਗੱਲਾਂ ਕਰਦਾ ਰਿਹਾ ਸਾਂ। ਮੈਂ ਮੁਖ ਅਧਿਆਪਕ ਨੂੰ ਕਹਿ ਕੇ ਅੰਗਰੇਜ਼ੀ, ਪੰਜਾਬੀ ਤੇ ਸਮਾਜਿਕ ਸਿਖਿਆ ਦੇ ਕੁਝ ਪੀਰੀਅਡ ਪੜ੍ਹਾਉਣ ਲਈ ਲੈ ਲਏ ਸਨ। ਇਸ ਤਰ੍ਹਾਂ ਵਿਦਿਆਰਥੀਆਂ ਨਾਲ ਮੇਰਾ ਵਾਅਵਾ ਰਾਬਤਾ ਬਣਿਆ ਰਹਿੰਦਾ ਸੀ। ...ਮੈਂ ਉਹਨਾਂ ਨੂੰ ਦੱਸਦਾ, "ਹਾਇਰ ਸੈਕੰਡਰੀ ਦੀ ਪ੍ਰੀਖਿਆ ਦੇਣ ਤੋਂ ਬਾਦ ਖਾਲਸਾ ਸਕੂਲ ਕੁਰਾਲੀ ਵਿਚ ਸਾਡੇ ਕਲਾਸ ਇੰਚਾਰਜ ਰਾਮ ਕਿਸ਼ਨ ਸਾਗਰ, ਜੀਹਨੂੰ ਸਾਰੇ ਜੀ. ਟੀ. (ਗਰੇਟ ਟੀਚਰ) ਕਹਿੰਦੇ ਸਨ, ਨੇ ਸਾਨੂੰ ਆਖ ਦਿਤਾ ਸੀ 'ਅੱਜ ਤੋਂ ਬਾਦ ਮੈਂ ਥੁਆਨੂੰ ਐਜ਼ ਏ ਫਰੈਂਡ (ਬਤੌਰ ਇਕ ਦੋਸਤ) ਮਿਲਿਆ ਕਰਾਂਗਾ।' ... ਤੇ ਉਸ ਦਿਨ ਤੋਂ ਬਾਦ, ਜਦ ਅਸੀਂ ਉਹਨਾਂ ਨੂੰ ਮਿਲਣ ਜਾਂਦੇ... ਉਹ ਸਾਡੇ ਨਾਲ ਹੱਥ ਮਿਲਾਉਂਦੇ। ...ਪਰ ਇਸ ਸਕੂਲ ਦੇ ਬਹੁਤੇ ਅਧਿਆਪਕ ਸਾਬਕਾ ਸਟੂਡੈਂਟਾ ਤੋਂ ਗੋਡੀਂ ਹੱਥ ਲੁਆ ਕੇ ਵਿੱਥ ਜਹੀ ਬਣਾ ਕੇ ਰੱਖਦੇ, ਉਹਨਾਂ ਨੂੰ ਬੈਠਣ ਲਈ ਵੀ ਨਾ ਕਹਿੰਦੇ। ਮੇਰੇ ਕਮਰੇ ਵਿਚ ਕੁਰਸੀਆਂ 'ਤੇ ਬੈਠੇ ਸਾਬਕਾ ਸਟੂਡੈਂਟਾ ਨੂੰ ਵੀ ਕਈ ਅਧਿਆਪਕ ਚੋਰ ਅੱਖ ਨਾਲ ਤਾੜ ਗਏ ਸਨ। ਪਰ ਬੋਲ ਕੁਝ ਨਹੀਂ

ਸਨ ਸਕੇ।

ਪਿਆਰਾ ਸਿੰਘ ਦੇ ਦਿਮਾਗ ਵਿਚ, ਸ਼ਾਇਦ ਉਸ ਦਿਨ ਵਾਲੀ ਘਟਨਾ ਵੀ ਰੜਕਦੀ ਹੋਵੇਗੀ। ... ਜਦ ਨਾਲ ਦੇ ਸਕੂਲ ਦਾ, ਡਾਕ ਲੈ ਕੇ ਆਇਆ ਪੀਅਨ ਹੈਡ ਮਾਸਟਰ ਸਾਹਿਬ ਦੇ ਦਫਤਰ ਵਿਚ ਕੁਰਸੀ ’ਤੇ ਬੈਠ ਗਿਆ ਸੀ। ਉਸਦੇ ਕੋਟ ਪੈਂਟ ਪਾਇਆ ਹੋਣ ਕਰਕੇ ਪਹਿਲਾਂ ਤਾਂ ਕੋਈ ਧਿਆਨ ਨਾ ਦਿਤਾ ਪਰ ਅਚਾਨਕ ਮੁਖ ਅਧਿਆਪਕ ਨੇ ਪੁੱਛ ਲਿਆ, “ਕਿਹੜੀ ਪੋਸਟ ਤੇ ਲੱਗਿਆ।”

“ਜੀ ਸੇਵਾਦਾਰ।”

ਉਹਨੇ ਹਲੀਮੀ ਨਾਲ ਜਵਾਬ ਦਿੱਤਾ।

“ਕੀਹਨੂੰ ਪੁੱਛ ਕੇ ਬੈਠਿਆ ਕੁਰਸੀ ’ਤੇ?”

ਹੈਡ ਮਾਸਟਰ ਕੜਕਿਆ। ਉਹ ਵਿਚਾਰਾ ਜਦੋ ਉਠਕੇ ਖੜਾ ਹੋ ਗਿਆ... ਤੇ ਡਾਕ ਦੇ ਕੇ ਨੀਵੀਂ ਪਾ ਕੇ ਭੱਜ ਗਿਆ। ... ਵਰਾਂਡੇ ਵਿਚ ਖੜੇ ਅਧਿਆਪਕ... ਉਚੀ ਉਚੀ ਹਸਕੇ... ਉਹਨੂੰ ਠਿਠ ਕਰਦਿਆਂ... ਜਿਵੇਂ ਇਹ ਦਰਸਾ ਰਹੇ ਸਨ... ਕਿ ਮੁਖ ਅਧਿਆਪਕ ਨੇ... ਬਿਲਕੁਲ ਠੀਕ ਕੀਤਾ।... ਇਹਨੇ ਪੀਅਨ ਹੁੰਦਿਆਂ, ਕੁਰਸੀ ’ਤੇ ਬਹਿਣ ਦੀ ਜੁਰਅਤ ਕਿਵੇਂ ਕੀਤੀ?

ਤੇ ਪਿਆਰਾ ਸਿੰਘ ਪੀਅਨ ਵੀ ਮੇਰੇ ਕੋਲ ਪਈ ਕੁਰਸੀ ’ਤੇ ਬਹਿਣ ਦੀ ਥਾਂ... ਆਪਣਾ ਸਟੂਲ ਚੁੱਕ ਲਿਆਇਆ ਸੀ। ਉਹ ਕਹਿਣ ਲੱਗਿਆ, “ਕੁਰਸੀ ’ਤੇ ਬੈਠਿਆ ਦੇਖ... ਇਹਨਾਂ ਨੂੰ ਤਕਲੀਫ ਹੋਵੇਗੀ... ਬਈ ਸਾਡੀ ਬਰਾਬਰੀ ਕਰਕੇ ਐ...

ਇਹਨਾਂ ਤੋਂ ਕੁਹਾਉਣ ਨਾਲੋਂ ਸਟੂਲ ਤੇ ਈ ਠੀਕ ਐ... ਆਪਣੀ ਇੱਜਤ ਆਪਣੇ ਹੱਥ ਹੁੰਦੀ ਏ।” ਉਹ ਅਲਮਾਰੀ ਵਿਚੋਂ ਕੁੜੀਆਂ ਦੀਆਂ ਪੁਰਾਣੀਆਂ ਚਿਠੀਆਂ ਕੱਢ ਲਿਆਇਆ। ਕਈ ਸਾਲ ਪਹਿਲਾਂ ਇਲਾਕੇ ਵਿਚ ਇਹ ਇਕੱਲਾ ਹੀ ਹਾਈ ਸਕੂਲ ਹੁੰਦਾ ਸੀ। ਮੁੰਡੇ ਕੁੜੀਆਂ ਦੂਰ-ਦੂਰ ਤੋਂ ਸਾਈਕਲਾ ’ਤੇ ਪੜ੍ਹਨ ਆਉਂਦੇ ਸਨ। ਤੇ ਇਕ ਦੂਜੇ ਨੂੰ ਦੇਣ ਲਈ ਰਾਹ ਵਿਚ ਚਿਠੀਆਂ ਲੁਕਾ ਦਿੰਦੇ ਸਨ। ਭੇਤ ਖੁਲ੍ਹਣ ਨਾਲ ਚਿਠੀਆਂ ਫੜੀਆਂ ਗਈਆਂ ਸਨ। ਪਿਆਰਾ ਸਿੰਘ ਦੀ ਨੇੜੇ ਦੀ ਨਜ਼ਰ ਕਮਜੋਰ ਹੋਣ ਕਰਕੇ, ਕੁਝ ਦਿਨ ਬਾਦ ਇਹ ਚਿਠੀਆਂ ਮੇਰੇ ਕੋਲੋਂ ਪੜ੍ਹਾ ਕੇ ਸੁਣ ਲੈਂਦਾ ਸੀ। ਤੇ ਫੇਰ ਪੁਰਾਣੇ ਰੀਕਾਰਡ ਦੀ ਅਲਮਾਰੀ ਵਿਚ ਲੁਕੋ ਕੇ ਰੱਖ ਦਿੰਦਾ ਸੀ।

ਪਿਆਰਾ ਸਿੰਘ ਆਪਣਾ ਸਟੂਲ ਚੁੱਕ ਕੇ ਮੈਥੋਂ ਪਰ੍ਹਾਂ ਜਾਣ ਲੱਗਿਆ। “ਜੀ ਆ... ਭਈ ਗਿਆਨੀ ਆਉਂਦੈ... ਕਲ੍ਹ ਨੂੰ ਗੱਲਾਂ ਬਣਾਉਗਾ... ਪਰ ਇਹਦੀ ਗੱਲ ਮੁਖਅਧਿਆਪਕ ਜੀ ਮੰਨਦੇ ਤਾਂ ਹੈ ਨੀ।” ਉਂਝ ਕੋਈ ਵੀ ਸਟਾਫ ਮੈਂਬਰ ... ਭਈ ਗਿਆਨੀ ਦੀ ਕੋਈ ਗੱਲ ਨਹੀਂ ਸੀ ਮੰਨਦਾ। ਉਹਨੂੰ ਚੱਕ-ਥੱਲ ਕਰਨ ਦੀ ਆਦਤ ਸੀ। ਜੇ ਕੁਝ ਚਿਰ ਸਟਾਫ ਵਿਚ ਲੜਾਈ ਝਗੜਾ ਨਾ ਹੁੰਦਾ... ਤਾਂ ਭਈ ਗਿਆਨੀ ਨੂੰ ਰੋਟੀ ਪਚਣੀ ਔਖੀ ਹੋ ਜਾਂਦੀ।

ਉਹਨੇ ਮੇਰੇ ਵਿਰੁੱਧ ਵੀ ਜੌਨ ਆਂਟੀ ਤੋਂ ਸਟਾਫ ਮੀਟਿੰਗ ਕਰਵਾ ਦਿਤੀ ਸੀ। ਸਕੂਲਾਂ ਵਿਚ ‘ਸਰ’ ‘ਮੈਡਮ’ ਕਹਿਣ ਦੀ ਪਿਰਤ ਉਨ੍ਹੀ ਸੋ ਛਿਆਸੀ ਸਤਾਸੀ ਤੋਂ +੨ ਸਕੂਲ ਅਪਗਰੇਡ ਹੋਣ ਕਰਕੇ ਲੈਕਚਰਾਰ , ਪ੍ਰਿੰਸੀਪਲ ਨਿਯੁਕਤ ਹੋਣ ’ਤੇ ਪਈ। ਉਸ ਤੋਂ ਪਹਿਲਾਂ ਅਧਿਆਪਕਾਵਾਂ ‘ਭੈਣ ਜੀ’ ਕੁਹਾ ਕੇ ਖੁਸ਼ ਹੁੰਦੀਆਂ ਸਨ। ਹੁਣ ਤਾਂ ਕਾਲਜਾਂ ਵਿਚ ਸਾਧਾਰਣ ਕਪੜੇ ਪਾ ਕੇ ਜਾਣ ਵਾਲੀਆਂ ਕੁੜੀਆਂ ਨੂੰ ਦੂਜੇ ਸਟੂਡੈਂਟ ‘ਭੈਣ ਜੀ’ ਕਹਿਕੇ ਖਿਝਾਉਣ ਲੱਗ ਪੈਂਦੇ ਹਨ। ਪਰ ਸੁੰਦਰ ਨਗਰ ਤੋਂ ਸਾਡੇ ਸਕੂਲ ਵਿਚ ਬਦਲ ਕੇ ਆਈ ਮਯੂਜ਼ਿਕ ਮਿਸਟਰੈਸ, ਜੋਨ ਪ੍ਰਤੀ ਵਿਦਿਆਰਥੀਆਂ ਤੋਂ ‘ਭੈਣ ਜੀ’ ਦੀ ‘ਆਂਟੀ ਜੀ’ ਕੁਹਾਉਂਦੀ ਸੀ। ਜੇ ਉਹਨੂੰ ਕਿਸੇ ਕੰਮ ਲਈ, ਦਫਤਰ ਬੁਲਾਉਣਾ ਹੁੰਦਾ ਤਾਂ ਮੁਖ ਅਧਿਆਪਕ ਮੁਖਤਿਆਰ ਸਿੰਘ ਵੀ ਪਿਆਰਾ ਸਿੰਘ ਪੀਅਨ ਨੂੰ ਆਖਦਾ, “ਜਾ... ਆਂਟੀ ਨੂੰ ਬੁਲਾ ਕੇ ਲਿਆ ਪਿਆਰਾ ਸਿੰਘ ਮੁਸਕੜੀਆਂ ਹਸਦਾ, ਉਹਨੂੰ ਬੁਲਾਉਣ ਤੁਰ ਪੈਂਦਾ।

ਦਫਤਰੀ ਕੰਮ ਵਿਚ ਰੁਝਾਨ ਨਾ ਹੋਣ ਕਰਕੇ, ਮੈਨੂੰ ਇਹ ਕੰਮ ਭਾਰੂ ਲਗਦਾ ਰਹਿੰਦਾ। ਮੈਂ ਗੱਪਾ ਮਾਰਨ ਤੇ ਦਫਤਰੀ ਕੰਮ ਕਰਵਾਉਣ ਲਈ ਅਧਿਆਪਕਾਂ ਨੂੰ ਕੋਲ ਬਿਠਾ ਰੱਖਦਾ ਤੇ ਅਕੇਵਾਂ ਦੂਰ ਕਰਨ ਲਈ



ਥੋੜੀ ਥੋੜੀ ਦੇਰ ਬਾਦ ਪਿਆਰਾ ਸਿੰਘ ਨੂੰ ਭੇਜਕੇ ਬਲਬੀਰ ਦੀ ਦੁਕਾਨ ਤੋਂ ਚਾਹ ਮੰਗਵਾਉਂਦਾ ਰਹਿੰਦਾ, “ਓ ਓ ਮੱਖੀ” ਆਪਣੇ ਆਪ ਨੂੰ ਮੱਖੀ ਆਖਦਿਆਂ ਮਾਸਟਰ ਮਹਿੰਦਰ ਸਿੰਘ ਪਤਾ ਨਹੀਂ ਕਿਧਰੋਂ ਆ ਟਪਕਦਾ। ... ਤੇ ਕੱਪਾਂ ਵਿਚ ਚਾਹ ਪਾ ਕੇ... ਪੀਂਦਿਆਂ, ਮੇਰੇ ਨਾਲ ਦਫਤਰੀ ਕੰਮ ਕਰਵਾਉਣ ਲਗਦਾ।

ਜੋ ਸਟਾਫ ਦੀ ਤਨਖਾਹ ਦੇ ਬਿਲ ਬਣਾਉਂਦਿਆਂ ਵੇਲੇ ਕੋਈ ਅਧਿਆਪਕ, ਜਿਸਦੀ ਸਾਲਾਨਾ ਤਰੱਕੀ ਲੱਗਣੀ ਹੁੰਦੀ ਆ ਜਾਂਦਾ ਤਾਂ ਮੈਂ ਹਾਸੇ ਵਿਚ ਆਖਦਾ, “ਬਈ ਜੇ ਤਰੱਕੀ ਲੁਆਉਣੀ ਐ... ਬਿਲ ਬਣਾਉਂਦੇ ਮਹਿੰਦਰ ਸਿੰਘ ਨੂੰ ਚਾਹ ਪਿਲਾਓ।” ਤੇ ਉਹਦੇ ਕਹਿਣ ਤੇ ਸੇਵਾਦਾਰ ਉਹਦੇ ਤੇ ਹੋਰ ਦਫਤਰ ਬੈਠੇ ਬੰਦਿਆਂ ਲਈ ਚਾਰ ਪੰਜ ਕੱਪ ਚਾਹ ਦੇ ਲੈ ਆਉਂਦਾ।

ਮੇਰੇ ਤਾਂ ਯਾਦ ਨਹੀਂ, ਇਸ ਤਰ੍ਹਾਂ ਮੈਥੋਂ ਦਫਤਰ ਆਈ ਜੋਨ ਨੂੰ ਚਾਹ ਪਿਲਾਉਣ ਨੂੰ ਕਹਿ ਹੋ ਗਿਆ ਹੋਣਾ। ਜੌਨ ਮੇਰੇ ਵਿਰੁੱਧ ਸਟਾਫ ਮੀਟਿੰਗ ਬੁਲਾ ਕੇ ਕਹਿਣ ਲਗੀ, “ਦਫਤਰ ਵਿਚ ਆਓ, ਤਕ ਵੀ ਚਾਇ ਦਫਤਰ ਤੋਂ ਜਾਓ, ਤਦ ਵੀ ਚਾਇ...।” ਕਿਸੇ ਦੇ ਕੁਝ ਕਹਿਣ ਤੋਂ ਪਹਿਲਾਂ ਈ ਮਨਸ਼ਾ ਰਾਮ ਬੋਲ ਪਿਆ, “ਬਾਬੂ ਬਰਿੰਦਰ ਸਟਾਫ ਮੈਂਬਰਾਂ ਨੂੰ... ਸਭ ਤੋਂ ਵੱਧ ਚਾਹ ਪਿਲਾਉਂਦੇ... ਇਹਦਾ ਮਹੀਨੇ ਦਾ ਚਾਹ ਦਾ ਬਿਲ ਐਨਾ ਆਉਂਦਾ ... ਸਾਡੇ ਵਿਚੋਂ ਕਿਸੇ ਦਾ ਦਾਰੂ ਦਾ ਨੀ ਆਉਂਦਾ ਹੋਣਾ... ਅਸਲ ਵਿਚ ਜੋਨਪ੍ਰਤੀ ਆ... ਉਸ ਤੋਂ ਉਹਨੂੰ ਮੂੰਹ ਤੇ ਈ ਆਂਟੀ ਕਹਿ ਹੋਣ ਲੱਗਿਆ ਸੀ, ਪਿਠ ਪਿਛੇ ਤਾਂ ਸਟਾਫ ਮੈਂਬਰ ਕਹਿੰਦੇ ਈ ਰਹਿੰਦੇ ਸਨ।) ਦਫਤਰੀ ਤੇ ਨਿਜੀ ਸਬੰਧਾਂ ਨੂੰ ਖਲਤ-ਮਲਤ ਕਰ ਰਹੇ ਐ।” ਤੇ ਉਹ ਗਲ੍ਹਾਂ ਫੁਲਾ ਕੇ ਫੁਸਾ-ਕਾ ਮਾਰ ਕੇ ਹਸ ਪਿਆ। ਸਟਾਫ ਮੈਂਬਰ ਇਹ ਆਖਦਿਆਂ ਉਠ ਕੇ ਤੁਰਨ ਲੱਗ ਪਏ ਅਖੇ ... ‘ਪੁਟਿਆ ਪਹਾੜ ਨਿਕਲਿਆ ਚਾਹ ਦਾ ਕੱਪ।’

ਅਗਲੇ ਦਿਨ ਜੋਨ ਮੇਰੇ ਕੋਲ ਆਈ ਤੇ ਕਹਿਣ ਲੱਗੀ, “ਮੈਨੂੰ ਤਾਂ ਚੁੱਕ-ਚੁਕਾ ਕੇ ਚੁਫਰੇ ਗੜੀਏ... ਗਿਆਨੀ ਗਿਆਨ ਸਿੰਘ ਨੇ ਭੇਜ ਦਿੱਤਾ। ... ਬਜ਼ੁਰਗ ਹੋਣ ਕਰਕੇ, ਮੈਂ ਉਹਦੀਆਂ ਗੱਲਾਂ ਵਿਚ ਆ ਗਈ।... ਮੈਨੂੰ ਦੱਸਿਓ... ਜਿਥੇ ਸਟੈਂਡ ਲੈਣਾ ਪਿਆ ਮਨਸ਼ਾ ਰਾਮ ਤੋਂ ਵੱਧ ... ਥੁਆਡੇ ਨਾਲ ਖੜ੍ਹੇਗੀ।” ਜੌਨ ਜਥ੍ਹੇ ਵਾਲੀ ਜਨਾਨੀ ਸੀ। ਉਹ ਤਾਂ ਵੱਡੀਆਂ ਵੱਡੀਆਂ ਤੁਹਮਤਾ ਤੋਂ ਵੀ ਨਹੀਂ ਸੀ ਡਰਦੀ। ... ਸਗੋਂ ਉਧਰ ਨੂੰ ਹੀ ਹੋ ਲੈਂਦੀ ਸੀ।

ਜੌਨ ਦੇ ਵਿਆਹ ਤੋਂ ਬਾਦ ਦਸ ਸਾਲ ਤੱਕ ਕੋਈ ਬੱਚਾ ਨਹੀਂ ਸੀ ਹੋਇਆ ਉਹ ਡਾਕਟਰੀ ਇਲਾਜ ਤੋਂ ਇਲਾਵਾ ਸਾਧਾਂ. ਸੰਤਾਂ ਕੋਲ ਵੀ ਘੁੰਮਦੀ ਰਹਿੰਦੀ। ਉਹਨੂੰ ਨਵੇਂ ਨਿਯੁਕਤ ਹੋਏ ਪੰਜਾਬੀ ਅਧਿਆਪਕ ਅਮਰ ਸਿੰਘ ਨੇ ਦੱਸਿਆ ਕਿ ਕਾਲਕਾਂ ਤੋਂ ਅੱਗੇ ਉਹਦੇ ਪਿੰਡ ਪਹਾੜਪੁਰ ਵਿਚ ਇਕ ਕਰਨੀ ਵਾਲੇ ਸੰਤਾਂ ਦਾ ਡੇਰਾ ਹੈ। ਉਥੇ ਸੱਤ ਚੌਕੀਆਂ ਭਰਨ ’ਤੇ ਬਹੁਤ ਲੋਕਾਂ ਦੀ ਮੁਰਾਦ ਪੂਰੀ ਹੋਈ ਹੈ।

ਜੌਨ ਹਰ ਐਤਵਾਰ ਆਪਣੀ ਮਾਂ ਨੂੰ ਲਿਜਾ ਕੇ ਚੌਕੀਆਂ ਭਰਨ ਲੱਗੀ। ਪਹਾੜਪੁਰ ਤੋਂ ਸ਼ਾਮ ਨੂੰ, ਜੰਗਲ ਵਿਚੋਂ ਲੰਘ ਕੇ ਸੜਕ ਤੱਕ ਆਉਣਾ ਔਖਾ ਸੀ। ਉਹ ਮਾਂ, ਸੀ ਰਾਤ ਨੂੰ ਅਮਰ ਸਿੰਘ ਦੇ ਘਰ ਹੀ ਅਟਕ ਜਾਂਦੀਆਂ। ਉਸੇ ਸਮੇਂ ਵਿਚ ਉਹਦੀ ਜੜ੍ਹ ਹਰੀ ਹੋ ਗਈ ਸੀ। ਤੇ ਸੁਹਣੇ-ਸੁਨਖੇ ਅਮਰ ਸਿੰਘ ਨਾਲ ਕਈ ਗੱਲਾਂ ਜੁੜ ਗਈਆਂ ਸਨ। ਖੁਲੇ-ਡੁੱਲ੍ਹੇ ਸੁਭਾ ਦੀ ਜੌਨ... ਇਹਨਾਂ ਗੱਲਾਂ ਦੀ ਕੋਈ ਪਰਵਾਹ ਨਾ ਕਰਦੀ। ਸਗੋਂ ਜੈਂਟਸ ਸਟਾਫ ਨਾਲ ਖੁਲ੍ਹੀਆਂ-ਡੁੱਲ੍ਹੀਆਂ ਗੱਲਾਂ ਮਾਰਦੀ ਕਈ ਹੱਦਾ-ਬੰਨੇ ਟੱਪ ਜਾਂਦੀ।

ਉਦੋਂ ਕੁਰਾਲੀ ਤੋਂ ਸੀਸਵਾਂ ਸੜਕ ਤਾਂ ਬਣ ਗਈ ਸੀ। ਪਰ ਰਾਹ ਵਿਚ ਪੈਂਦੀ ਸੀਸਵਾਂ ਨਦੀਂ ’ਤੇ ਪੁਲ ਨਹੀਂ ਸੀ ਲੱਗਿਆ ਅਤੇ ਬੱਸ ਵੀ ਟਾਵੀਂ ਟਾਵੀਂ ਚੱਲਦੀ ਸੀ। ਦੂਰ-ਦੁਰਾਡੇ ਦੇ ਇਲਾਕਿਆ ਦੇ, ਸੰਭਾਲਖੀ ਸਕੂਲ ਵਿਚ ਸਰਵਿਸ ਕਰਦੇ ਅਧਿਆਪਕ, ਕੁਰਾਲੀ ਸ਼ਹਿਰ ਵਿਚ ਕਿਰਾਏ ’ਤੇ ਰਹਿੰਦੇ ਸਨ। ਉਦੋਂ ਅਧਿਆਪਕਾਂ ਦੀਆਂ ਸੈਂਕੜਿਆਂ ਵਿਚ ਤਨਖਾਹਾਂ ਹੋਣ ਕਰਕੇ, ਉਹ ਸਾਇਕਲਾਂ ’ਤੇ ਆਉਂਦੇ ਸਨ। ਦੇਸੀ ਦਾਰੂ ਪੀਂਦੇ ਸਨ। ਨਵੀਂ ਬਦਲ ਕੇ ਆਈ ਅਧਿਆਪਕਾ ਨੂੰ ਪਹਿਲਾਂ ਸਾਇਕਲ ਚਲਾਉਣਾ ਸਿਖਣਾ ਪੈਂਦਾ। ... ਜੋਨ ਕਈ ਵਾਰ ਢਿਲੀ ਮੱਠੀ ਹੋਣ ਕਰਕੇ ਜਾਂ ਚੌੜ ਵਿਚ ਹੀ, ਅਮਰ ਸਿੰਘ ਦੇ ਸਾਈਕਲ ’ਤੇ ਬਹਿ ਕੇ ਸਕੂਲ ਆਉਂਦੀ ਹੁੰਦੀ ਸੀ। ਕਈ ਵਾਰ ਮਾਸਟਰ ਅਮਰ ਸਿੰਘ ਨੂੰ ਮਖੌਲ ਕਰਦੇ। “ਓ ਬਈ ਦਿਲਾਂ ਦੀ ਜਾਨੀ ਜੌਨ ਨੂੰ ਪਿੰਡੋਂ ਬਾਹਰ ਈ ਕਾਹਨੂੰ ਲਾਹ ਆਇਆਂ... ਸਕੂਲ ਤੱਕ ਈ ਬਿਠਾ ਕੇ ਲਿਆਇਆ ਕਰ।...

ਉਧਰੋਂ ਆਉਂਦੇ ਬੱਚੇ ਦੱਸ ਕੇ ਗਏ ਐ... ਬਈ ਮਾਸਟਰ ਜੀ ਦੇ ਸਾਈਕਲ ਦੇ ਕੈਰੀਅਰ ਦਾ ਨਟ ਕਿਤੇ ਖੁਲ੍ਹ ਕੇ ਡਿਗ ਪਿਆ... ਉਹ ਜੌਨ ਆਂਟੀ ਨੂੰ ਆਪਣੇ ਸਾਈਕਲ ਦੇ ਅਗਲੇ ਡੰਡੇ 'ਤੇ ਬਿਠਾਈ ਆਉਂਦੇ ਸੀ।" ਇਉਂ ਹਾਸਾ-ਠੱਠਾ ਚਲਦਾ ਰਹਿੰਦਾ ਸੀ।

ਇਕ ਵਾਰੀ ਉਹਨਾਂ ਦੋਹਾਂ ਦੀ ਕਿਸੇ ਗੱਲੋਂ ਆਪੇ ਵਿਚ ਅਣਬਣ ਹੋ ਗਈ। ਉਹ ਸਕੂਲ ਵਿਚ ਵੀ ਇਕ ਦੂਜੇ ਨਾਲ ਖਹਿਬੜਦੇ ਰਹਿੰਦੇ। ਉਪਰਲੀ ਜਾਤੀ ਦੇ ਅਧਿਆਪਕਾਂ ਨੂੰ ਪਛੜੀ ਸ਼੍ਰੇਣੀ ਦੇ ਪੰਜਾਬੀ ਅਧਿਆਪਕ ਅਮਰ ਸਿੰਘ ਦੀ ਜੌਨ ਨਾਲ ਨੇੜਤਾ ਵੀ ਰੜਕਦੀ ਰਹਿੰਦੀ ਸੀ। ... ਜਿਵੇਂ ਉਹ ਸਮਝਦੇ ਹੋਣ ਕਿ ਆਸ਼ਕੀ 'ਤੇ ਵੀ ਉਪਰਲੀਆਂ ਜਾਤੀਆਂ ਦੇ ਅਧਿਆਪਕਾਂ ਦਾ ਹੀ ਅਧਿਕਾਰ ਹੋਵੇ। ਜੈਂਟਸ ਸਟਾਫ ਵਿਚੋਂ ਮਾਸਟਰ ਚਰਨ ਸਿੰਘ, ਜੌਨ ਨਾਲ ਖਾਸੀ ਖੁਲ੍ਹ ਲੈਣ ਲੱਗ ਪਿਆ ਸੀ। ... ਚਰਨ ਸਿੰਘ ਨੂੰ ਦਾਰੂ ਪੀ ਕੇ ਚੌੜ ਵਿਚ ਚੰਗੀ ਗੱਲ ਫੁਰਨ ਕਰਕੇ... ਉਹਨੂੰ ਸਾਰੇ ਚੌਰਾ'ਕਹਿੰਦੇ। ਉਹ ਅੱਗੋਂ ਹੱਸੀ ਜਾਂਦਾ। ਦਾਰੂ ਦੀਆਂ ਪਾਰਟੀਆਂ ਵਿਚ ਉਹ ਦਾਰੂ ਵਰਤਾਉਣ ਵਾਲਾ ਸਾਕੀ ਹੁੰਦਾ। ਉਹ ਹਿਸਾਬ ਲਾਉਂਦਾ... ਲੈ ਬਈ ਚਾਰ ਬੰਦੇ ਐ... ਇਸ ਬੋਤਲ ਦੇ ਸੋਲਾਂ ਪੈੱਗ ਬਣਾਉਣੇ ਐ। ਤੇ ਫੇਰ ਛੁੱਟੀ ਵੇਲੇ, ਸਕੂਲ ਦੇ ਪਿਛਲੇ ਪਾਸੇ ਵਾਲੀ ਬਲਬੀਰ ਦੀ ਚਾਹ, ਪਕੌੜਿਆ ਦੀ ਦੁਕਾਨ 'ਤੇ ਬੰਦੇ ਵਧੀ ਜਾਂਦੇ। ਪੈਸੇ 'ਕੱਠੇ ਹੋਈ ਜਾਂਦੇ, ਬੋਤਲਾਂ ਆਈ ਜਾਂਦੀਆਂ। ਕਿਸੇ ਕਿਸੇ ਬੋਤਲ ਵਿਚ ਉਹ ਕਹਿੰਦਾ, "ਬਾਬੂ ਬਰਿੰਦਰ ਤੂੰ ਹਿੱਸਾ ਪਾਉਣ ਨੂੰ ਰਹਿਣ ਦੇ।" ਸਕੂਲ ਵਿਚ ਮੇਰੇ ਤੱਕ ਅਧਿਆਪਕਾਂ ਦੇ ਕੰਮ ਪੈਂਦੇ ਰਹਿਣ ਕਰਕੇ, ਉਹ ਮੇਰੀ ਇੱਜ਼ਤ ਜਹੀ ਕਰਦੇ। ਨਾਲੇ ਮੈਂ ਵਿਚੋਂ ਕਈ ਪੈੱਗ ਛੱਡੀ ਜਾਂਦਾ। ਪਰ ਮੈਨੂੰ ਉਹਨਾਂ ਦੀਆਂ ਹਾਸੇ-ਠੱਠੇ, ਟਿੱਚਰ-ਮਜਾਕ ਦੀਆਂ ਗੱਲਾਂ ਚੰਗੀਆਂ ਲਗਦੀਆਂ। ਨਾਲੇ ਇਥੋਂ ਸਾਰੇ ਬਰਾਬਰ ਹੁੰਦੇ। ਘੱਟ ਗਿਲਾਸ ਹੋਣ ਕਰਕੇ, ਇਕ ਦੂਜੇ ਦੇ ਗਿਲਾਸ ਵਿਚ ਪੀਈ ਜਾਂਦੇ। ਸਾਰਿਆਂ ਦੇ ਚਮਚੇ ਇੱਕ ਹੀ ਮੀਟ ਦੀ ਪਲੇਟ ਵਿਚ ਚੱਲੀ ਜਾਂਦੇ। ਪੋਸਟ ਜਾਂ ਕਾਸਟ ਅਨੁਸਾਰ ਕੋਈ ਵੱਡਾ, ਊਚ ਨੀਚ... ਨਾ ਹੁੰਦਾ। ਜੇ ਉਹਨਾਂ ਦਾ ਸਕੂਲ ਤੋਂ ਕੁਰਾਲੀ ਨੂੰ ਜਾਂਦੀਆਂ, ਰਾਹ ਵਿਚ ਹੋਰ ਪੀਣ ਦਾ ਮੂਡ ਬਣ ਜਾਂਦਾ। ਤਾਂ ਮਾਸਟਰ ਸਾਹਿਬਾਨ ਰਸਤੇ ਵਿਚ ਹੀ ਪਾਸੇ ਨੂੰ ਖੜਕੇ ਬੋਤਲ ਖੋਲ੍ਹ ਲੈਂਦੇ। ਤੇ ਸਾਈਕਲ ਦੀ ਘੰਟੀ ਖੋਲ੍ਹ ਕੇ, ਨਟ ਵਾਲੇ ਛੇਕ ਤੇ ਉਂਗਲ ਰੱਖਕੇ ਘੰਟੀ ਵਿਚ ਹੀ ਦਾਰੂ ਪਾ ਕੇ ਵਾਰੀ ਵਾਰੀ ਪੈੱਗ ਲਾਈ ਜਾਂਦੇ। ਇਸ ਤਰ੍ਹਾਂ ਟੁੰਨ ਹੋ ਕੇ ਚੌਰੇ ਨੇ ਸਾਇਕਲ ਤੋਂ ਡਿਗ ਕੇ ਇਕ ਵਾਰੀ ਹੰਸ ਦੀ ਤੇ ਇਕ ਵਾਰੀ ਲੱਤ ਦੀ ਹੱਡੀ ਤੁੜਵਾ ਲਈ ਸੀ।

ਇਕ ਦਿਨ ਕੁਰਾਲੀ ਤੋਂ ਤਨਖਾਹ ਲੈਣ ਗਿਆ, ਚੌਰੇ ਨੇ ਸ਼ਰਾਬ ਪੀ ਕੇ ਸਾਡੇ ਨਾਲ ਜੌਨ ਦੇ ਘਰ ਜਾਣ ਦੀ ਸ਼ਰਤ ਲਾ ਲਈ। ਜੌਨ ਦਾ ਪਤੀ ਹਰਿਆਣੇ ਵਿਚ ਸਰਵਿਸ ਕਰਦਾ ਸੀ। ਵੱਧ ਪੀਤੀ ਹੋਣ ਕਰਕੇ, ਚੌਰਾ ਜੌਨ ਦੇ ਘਰ ਅੱਗੇ ਡਿਗ ਪਿਆ। ਜੌਨ ਤੇ ਉਹਦੀ ਮਾਂ ਨੇ ਉਹਨੂੰ ਉਠਾ ਕੇ, ਉਹਦੇ ਕਪੜੇ ਝਾੜੇ ਤੇ ਲਿਜਾ ਕੇ ਚਾਹ ਪਿਲਾਈ। ਚਾਹ ਉਹ ਅੰਦਰ ਨੂੰ ਪੀਵੇ, ਆਵੇ ਬਾਹਰ ਨੂੰ। ਉਹ ਦੋ ਘੁੱਟ ਭਰ ਕੇ ਆ ਗਿਆ। ਜੈਂਟਸ ਨਾਲ ਖੁਲਕੇ ਗੱਲਾਂ ਮਾਰਦੀ ਜੌਨ ਨੂੰ, ਚੌਰਾ ਚੌੜ ਵਿਚ ਹੱਥ ਮਿਲਾਉਣ ਨੂੰ ਕਹਿ ਦਿੰਦਾ। ਖੁਲ੍ਹੇ ਜਹੇ ਸੁਭਾ ਦੀ ਜੌਨ, ਝੱਟ ਉਹਦੇ ਨਾਲ ਹੱਥ ਮਿਲਾ ਲੈਂਦੀ ਹੋਰ ਕੋਈ ਅਧਿਆਪਕ ਜੌਨ ਨਾਲ ਹੱਥ ਮਿਲਾਉਣ ਦੀ ਜੁਰਅਤ ਨਾ ਕਰਦਾ। ਪਰ ਬਾਦ ਵਿਚ ਸਾਰੇ ਚੌਰੇ ਤੋਂ ਹੱਥ ਮਿਲਾਉਣ ਦੀ ਹਾਸੇ ਵਿਚ ਪਾਰਟੀ ਮੰਗਣ ਲੱਗ ਪੈਂਦੇ।

ਪਰ ਗਰਾਉਂਡ ਵਿਚ ਬੈਠੇ, ਧੁੱਪ ਸੇਕਦੇ ਅਧਿਆਪਕਾਂ ਦਾ ਹਾਸਾ... ਮੈਨੂੰ ਹੋਰ ਤਰ੍ਹਾਂ ਦਾ ਲਗਦਾ। ਜਦ ਹਰ ਗੱਲ ਦਾ ਤੋੜਾ ... ਤੇਲੀ 'ਤੇ ਕੋਹਲੂ 'ਤੇ ਟੁਟਦਾ। ਚੌਰਾ ਵਿਅੰਗ ਕਸਦਾ, "ਇਕ ਵਾਰੀ ਤੇਲੀ ਤੇ ਜੱਟ ਸ਼ੇਰੋ -ਸ਼ਾਇਰੀ ਕਰਨ ਲੱਗੇ। ਪਹਿਲਾਂ ਤੇਲੀ ਨੇ ਸ਼ੇਰ ਸੁਣਾਇਆ, "ਜਾਟ ਰੇ ਜਾਟ। ਤੇਰੇ ਸਿਰ ਪਰ ਖਾਟ' ਫੇਰ ਤੇਲੀ ਨੇ ਜੱਟ ਨੂੰ ਸ਼ੇਰ ਸੁਣਾਉਣ ਨੂੰ ਕਿਹਾ। ਜੱਟ ਨੂੰ ਫੁਰ ਗਈ।

'ਤੇਲੀ ਨਾਲ ਕੋਹਲੂ... ਮਿਸ਼ਰਾ ਜੁੜਿਆ ਨੀ।' ਜੱਟ ਬੋਲਿਆ 'ਤੇਲੀਆਂ ਮਿਸਰਾ ਜੁੜੇ ਨਾ ਜੁੜੇ... ਸਾਲਿਆ ਕੋਹਲੂ ਦੇ ਬੋਝ ਨਾਲ ਤਾਂ ਮਰੇਂਗਾ।" ਸਾਰੇ ਠਹਾਕੇ ਮਾਰ ਕੇ ਹਸਦੇ ਰਹੇ। ਪਰ ਮਨਸ਼ਾ ਰਾਮ ਚੁੱਪ ਚਾਪ ਬੈਠਾ ਰਿਹਾ।

ਮੈਂ ਚਰਨ ਸਿੰਘ ਨੂੰ 'ਕੱਲੇ ਨੂੰ ਪੁਛਿਆ, "ਚੌਰਿਆ... ਸਟਾਫ ਵਿਚ ਆਹ ਤੇਲੀ ਤੇ ਕੋਹਲੂ ਦੀਓ ਕਿਉਂ ਗੱਲ ਚੱਲੀ ਜਾਂਦੀ ਐ?" ਉਹਨੇ ਦੱਸਿਆ ਸੀ, "ਅਸੀਂ ਕਈ ਜਣੇ ਸੰਗਰੂਰ ਬਰਾਤ ਗਏ ਸੀ ਉਥੇ ਮਨਸ਼ਾ



ਰਾਮ ਦੇ ਪਿਓ ਦਾ ਸ਼ੈਲਰ ਨਾ ਲਭੇ... ਸਾਰਾ ਸ਼ਹਿਰ ਛਾਣ ਮਾਰਿਆ ਪੁੱਛਣ-ਪੁਛਾਣ 'ਤੇ ਇਕ ਬੰਦੇ ਨੇ ਸੋਚ ਸੋਚ ਕੇ ਦੱਸਿਆ, "ਓ ਓ ਓ... ਅੱਛਾ ਅੱਛਾ ਮਨਸ਼ਾ ਰਾਮ ਮਾਹਟਰ ਦਾ ਪਿਓ... ਆਹੁ ਹੱਕਦਾ ... ਕੋਹਲੂ ਜਾਓ ... ਮਿਲ ਲਓ।"

ਮੈਂ ਸੋਚਿਆ... ਅਸੀਂ ਵੀ ਤਾਂ ਪਛੜੀਆਂ ਸ਼੍ਰੇਣੀਆਂ ਵਿਚੋਂ ਈ ਆਂ... ਤੇ ਕਈ ਅਧਿਆਪਕ ਅਨੁਸੂਚਿਤ ਜਾਤੀ ਦੇ ਵੀ ਹਨ। ... ਪਰ ਸਾਡੀ ਸਭ ਦੀ ਜਾਤ ਛੁਪਾਈ ਨਾ ਹੋਣ ਕਰਕੇ... ਐਨਾ ਤਾਂ ਹੈ... ਕਿ ਕੋਈ ਵੀ ਸਾਡੇ ਮੂੰਹ 'ਤੇ ਤਾਂ... ਸਾਡੀ ਜਾਤੀ ਨੂੰ ਭੰਡਦਾ ਨੀ ਹੈਗਾ। ਪਰ ਮਨਸ਼ਾ ਰਾਮ ਨੇ ਆਪਣੀ ਜਾਤੀ ਨੂੰ ਲੁਕੋਇਆ ਹੋਇਆ ਸੀ... ਤਾਂ ਹੀ ਜਾਤ ਦੇ ਨਾਂ 'ਤੇ ਉਹਨੂੰ ਜਿੱਚ ਕਰੀ ਜਾਂਦੇ ਐ। ... ਪਰ ਉਹ ਜਾਤ ਛੁਪਾਈ ਹੋਣ ਕਰਕੇ... ਅੱਗੇ ਬੋਲਦਾ ਨੀ ਹੈਗਾ । ... ਇੱਜ਼ਤ ਆਬਰੂ ਪਖੋਂ... ਜਿਵੇਂ ਉਹਦਾ ਨਾਂ ਸਟਾਫ ਦੇ ਹਾਜਰੀ ਰਜਿਸਟਰ ਵਿਚ ਦਰਜਾ ਚਾਰ ਕਰਮਚਾਰੀਆਂ ਤੋਂ ਵੀ ਪਿਛੇ ਚਲਿਆ ਗਿਆ ਸੀ।

ਪਰ ਅਧਿਆਪਕਾਂ ਨੂੰ ਸਾਰੀਆਂ ਗੱਲਾਂ ਭੁਲ ਗਈਆਂ ਸਨ। ਹਰ ਦੋ ਸਾਲ ਬਾਦ ਹੋਣ ਵਾਲੀਆਂ ਗੌਰਮਿੰਟ ਟੀਚਰ ਯੂਨੀਅਨ (ਜੀ. ਟੀ. ਯੂ.) ਦੀਆਂ ਚੋਣਾਂ ਆ ਗਈਆਂ ਸਨ। ਅਧਿਆਪਕ ਨੇਤਾ, ਹਰ ਸਕੂਲ ਵਿਚ ਆਪਣੇ ਪੂਰੇ ਲਾਮ ਲਸ਼ਕਰ ਨਾਲ ਜਾ ਕੇ, ਆਪਣੇ ਆਪਣੇ ਗੁੱਰਪ ਦੇ ਕੈਂਡੀਡੇਟ ਦੇ ਹੱਕ ਵਿਚ ਚੋਣ ਪ੍ਰਚਾਰ ਕਰ ਰਹੇ ਸਨ। ਉਦੋਂ ਬਲਾਕ ਪ੍ਰਧਾਨ ਤੇ ਜਿਲ੍ਹਾ ਪ੍ਰਧਾਨ ਦੀ ਚੋਣ ਅਧਿਆਪਕ ਵੋਟਾਂ ਪਾ ਕੇ ਕਰਦੇ ਹੁੰਦੇ ਸਨ। ਅਧਿਆਪਕ ਗਿਬਦੇ ਕਿ ਜੀ. ਟੀ. ਯੂ. ਪੰਜਾਬ ਦਾ ਚੋਣ ਨਤੀਜਾ ਬੀ. ਬੀ. ਸੀ. ਲੰਡਨ ਤੋਂ ਵੀ ਬਰਾਡਕਾਸਟ ਹੁੰਦਾ।

ਬਲਾਕ ਪ੍ਰਧਾਨ ਦੀ ਚੋਣ ਲਈ ਸਾਡੇ ਸਕੂਲ ਵਿਚ ਬਦਲ ਕੇ ਆਏ ਕਾਮਰੇਡ ਕਰਤਾਰ ਸਿੰਘ ਦੇ ਪੁੱਤਰ ਮਾਸਟਰ ਮੱਲ ਸਿੰਘ ਨੂੰ ਢਿਲੋਂ ਗਰੁੱਪ ਵਲੋਂ ਖੜਾ ਕੀਤਾ ਗਿਆ ਸੀ॥ ਤੇ ਸਟਾਫ ਮੀਟਿੰਗ ਕਰਕੇ ਇਹ ਫੈਸਲਾ ਲਿਆ ਗਿਆ ਸੀ ਕਿ ਸਕੂਲ ਦਾ ਕੈਂਡੀਡੇਟ ਹੋਣ ਕਰਕੇ, ਸਾਰੇ ਅਧਿਆਪਕ ਉਹਦੇ ਹੱਕ ਵਿਚ ਚੋਣ ਪ੍ਰਚਾਰ ਕਰਨਗੇ। ਕੋਈ ਵੀ ਅਧਿਆਪਕ ਵਿਰੋਧੀ ਗਰੁੱਪ ਦੇ ਕੈਂਡੀਡੇਟ ਦੇ ਨਾਲ ਨਹੀਂ ਤੁਰੇਗਾ।

ਸਾਡੇ ਸਕੂਲ ਦਾ ਮਾਸਟਰ ਮੱਲ ਸਿੰਘ ਬਲਾਕ ਪ੍ਰਧਾਨ ਦੀ ਚੋਣ ਜਿੱਤ ਗਿਆ ਸੀ ਪਰ ਚਰਨ ਸਿੰਘ ਚੌਰਾ ਤੇ ਮਨਸ਼ਾ ਰਾਮ 'ਰਾਣਾ' ਧੜੇ ਦੇ ਕੱਟੜ ਸਮਰਥਕ ਹੋਣ ਕਰਕੇ, ਵਿਰੋਧੀ ਉਮੀਦਵਾਰ ਨਾਲ ਤੁਰੇ ਸਨ। ਤੇ ਜਿਲਾ ਪ੍ਰਧਾਨ ਉਹਨਾਂ ਦੇ 'ਰਾਣਾ' ਧੜੇ ਦਾ ਜਿੱਤ ਗਿਆ ਸੀ। ਸਕੂਲ ਦਾ ਜੈਂਟਸ ਸਟਾਫ ਚਰਨ ਸਿੰਘ ਤੇ ਮਨਸ਼ਾ ਰਾਮ 'ਤੇ ਬਹੁਤ ਗੁੱਸੇ ਹੋਇਆ ਫਿਰ ਰਿਹਾ ਸੀ। ਜੈਂਟਸ ਸਟਾਫ ਨੇ ਮੀਟਿੰਗ ਕਰਕੇ, ਵਿਰੋਧੀ ਧੜੇ ਨਾਲ ਚੁਰਨ 'ਤੇ ਚਰਨ ਸਿੰਘ ਚੌਰੇ ਨੂੰ ਚਾਰ ਬੋਤਲਾਂ ਦਾ ਜੁਰਮਾਨਾ ਕਰੇ ਛੱਡ ਦਿੱਤਾ ਸੀ। ਪਰ ਪਛੜੀ ਸ੍ਰੇਣੀ ਦੇ ਮਨਸ਼ਾ ਰਾਮ ਦਾ ਸਟਾਫ ਨੇ ਸ਼ੋਸ਼ਲ ਬਾਈਕਾਟ ਕਰਨ ਦਾ ਐਲਾਨ ਕਰ ਦਿਤਾ ਸੀ।

ਉਦੋਂ ਅਧਿਆਪਕਾਵਾਂ ਤਾਂ ਸਟਾਫ ਵਿਚ ਚਾਰ, ਪੰਜ ਕੁ ਹੀ ਹੁੰਦੀਆਂ ਸਨ, ਬਾਕੀ ਸਾਰੇ ਜੈਂਟਸ ਸਨ। ਤੇ ਵਿਸ਼ੇਸ ਕਰਕੇ ਜੈਂਟਸ ਨੇ ਮਨਸਾ ਰਾਮ ਨੂੰ ਮੁਕੰਮਲ ਤੌਰ ਤੇ ਬਲਾਉਣਾ-ਚਲਾਉਣਾ ਛੱਡ ਦਿਤਾ ਸੀ। ਉਹਨੇ ਆਪਣੇ ਵਿਹਲੇ ਪੀਰੀਅਡ ਵਿਚ ਮੇਰੇ ਕੋਲ ਆ ਬੈਠਣਾ। ਮੈਂ ਉਹਨੂੰ ਕਿਹਾ, "ਤੂੰ ਮੇਰੇ ਕਮਰੇ ਵਿਚ ਬਹਿ ਕੇ ਖਾਣਾ ਖਾਇਆ ਕਰ। ਮੇਰੇ ਨਾਲ ਈ ਅੱਧੀ ਛੁੱਟੀ ਵਿਚ, ਬਲਬੀਰ ਦੀ ਦੁਕਾਨ 'ਤੇ ਚਾਹ ਪੀਣ ਚੱਲਿਆ ਕਰ। ਅਧਿਆਪਕ ਮੈਨੂੰ ਤੇਰੇ ਨਾਲ ਮਿਲਣ 'ਤੋਂ ਰੋਕ ਨਹੀਂ ਸਕਦੇ... ਮੈਂ ਕਿਹੜਾ ਟੀਚਿੰਗ ਸਟਾਫ ਵਿਚ ਆਉਂਦਾ। ਤੂੰ ਪਰਵਾਹ ਨਾ ਕਰਿਆ ਕਰ। ਸਗੋਂ ਅਧਿਆਪਕਾਂ ਸਾਹਮਣੇ... ਫੁਸਾਕੇ ਮਾਰ ਕੇ... ਖੂਬ ਹਸਿਆ ਕਰ।"

ਅਧਿਆਪਕਾਂ ਰਾਹੀਂ ਮਨਸ਼ਾ ਰਾਮ ਦਾ ਕੀਤਾ ਗਿਆ... ਸ਼ੋਸ਼ਲ ਬਾਈਕਾਟ ਕਿੰਨਾ ਕੁ ਚਿਰ ਚੱਲਣਾ ਸੀ? ... ਬਹੁਤਾ ਚਿਰ ਤਾਂ ਨਾਲ ਦੇ ਪਿੰਡ ਚਮਾਰਕੀ ਦੇ ਜਿਮੀਂਦਾਰਾਂ ਰਾਹੀ ਦਲਿਤਾਂ ਦਾ ਕੀਤਾ ਗਿਆ... ਬਾਈਕਾਟ ਵੀ ਨਹੀਂ ਸੀ ਚੱਲਿਆ। ... ਦਲਿਤਾਂ ਦੇ ਵਿਆਹ ਵਿਚ ਇਕੋ ਸ਼ਰਾਬੀ ਜਿਮੀਂਦਾਰ ਆ ਕੇ ਖਰੂਦ ਕਰਨ ਲੱਗ ਪਿਆ। ਰੋਕਣ 'ਤੇ ਸਗੋਂ ਹੋਰ ਖਰ-ਮਸਤੀਆਂ ਕਰਨ ਲੱਗ ਪਿਆ। ... ਦਲਿਤਾਂ ਰਾਹੀਂ ਕੀਤੀ ਕੁੱਟ-ਮਾਰ ਨਾਲ... ਜਿਮੀਂਦਾਰ ਦੀ ਮੌਤ ਹੋ ਗਈ ਸੀ। ... ਹਜ਼ੂਮ 'ਤੇ ਕਤਲ ਕੇਸ ਚਲਾਉਣ ਦੇ ਨਾਲ ਨਾਲ ਦਲਿਤਾਂ ਦਾ ਸ਼ੋਸ਼ਲ ਬਾਈਕਾਟ ਕਰ ਦਿੱਤਾ ਸੀ। ... ਦਲਿਤਾਂ ਨੇ ਵੀ ਤਕੜਾ ਜਿਗਰਾ ਕਰ

ਲਿਆ। ਟੱਟੀ, ਪਿਸ਼ਾਬ ਵੀ ਨਾਲ ਦਿਆਂ ਪਿੰਡਾਂ ਦੇ ਖੇਤਾਂ ਵਿਚ ਜਾਣ ਲਗ ਪਏ। ਪਰ ਕੁਝ ਸਮਾਂ ਲੰਘਣ ’ਤੇ ਜਿਮੀਂਦਾਰਾਂ ਦੇ ਇਕ ਦੁਕਾ ਪਰਿਵਾਰ ... ਦਲਿਤਾਂ ਨੂੰ ਕੰਮ ਧੰਦੇ ਲਈ ਬੁਲਾਉਣ ਲੱਗ ਪਏ। ਹੌਲੀ ਹੌਲੀ ਫੇਰ ਹਾਲਾਤ ਆਮ ਵਾਂਗ ਬਣ ਗਏ ਸਨ। ਇਸੇ ਤਰ੍ਹਾਂ ਮਨਸ਼ਾ ਰਾਮ ਨਾਲ ਵੀ ਅਧਿਆਪਕ ਫੇਰ ਘੁਲ-ਮਿਲ ਗਏ ਸਨ।

ਅਗਲੇ ਸਾਲ ਦਸਵੀਂ ਜਮਾਤ ਦਾ ਇੰਚਾਰਜ ਮਨਸ਼ਾ ਰਾਮ ਨੂੰ ਬਣਾ ਦਿਤਾ ਗਿਆ ਸੀ। ਮੈਨੂੰ ਉਮੀਦ ਸੀ ਕਿ ਇਸ ਵਾਰੀ ਦਸਵੀਂ ਜਮਾਤ ਦੀ ਫੋਟੋ ਵੇਲੇ ਉਹ ਅਧਿਆਪਕਾਂ ਨੂੰ ਕਹੇਗਾ ਕਿ ਕੁਰਸੀਆਂ ’ਤੇ ਆਪਣੇ ਆਪਣੇ ਦੋਸਤਾਂ ਨਾਲ ਜਿਥੇ ਕਿਸੇ ਦਾ ਜੀ ਕਰਦਾ ਬਹਿ ਜਾਓ। ਕਿਉਂਕਿ ਪਿਛਲੇ ਸਾਲ ਦਸਵੀਂ ਜਮਾਤ ਨਾਲ ਫੋਟੋ ਖਿਚਵਾਉਣ ਲਈ, ਅਧਿਆਪਕਾਂ ਨੂੰ ਸੀਨੀਅਰਟੀ ਅਨੁਸਾਰ ਬਿਠਾਉਣ ਦੇ ਵਿਰੋਧ ਵਿਚ ਮਨਸ਼ਾ ਰਾਮ ਤੇ ਕਈ ਅਧਿਆਪਕ ਵਾਕ ਆਉਟ ਜੁ ਕਰ ਗਏ ਸਨ।

ਪਰ ਮੈਂ ਦੇਖਕੇ ਹੈਰਾਨ ਰਹਿ ਗਿਆ... ਮਨਸ਼ਾ ਰਾਮ ਤਾਂ ਅਧਿਆਪਕਾਂ ਦਾ ਹਾਜਰੀ ਰਜਿਸਟਰ ਚੁੱਕ ਲਿਆਇਆ ਸੀ। ਤੇ ਹਾਜਰੀ ਰਜਿਸਟਰ ਵਿਚ ਲਿਖੇ ਨਾਵਾਂ ਅਨੁਸਾਰ ਅਧਿਆਪਕਾਂ ਦੇ ਨਾਵਾਂ ਦੀਆਂ ਸਲਿਪਾਂ ਬਣ ਕੇ ਵਿਚਕਾਰ ਮੁਖ ਅਧਿਆਪਕ ਲਈ ਪਈ ਕੁਰਸੀ ਤੋਂ ਦੋਹਾਂ ਪਾਸੇ ਪਈਆਂ ਕੁਰਸੀਆਂ ’ਤੇ ਇਕ ਐਧਰ ... ਇਕ ਉਧਰ ਰੱਖਣ ਲੱਗ ਪਿਆ ਸੀ।

ਜਿਵੇਂ ਉਹਨੂੰ ਮਸਾਂ ਚੌਧਰ ਮਿਲੀ ਸੀ। ਮੈਂ ਦੇਖਦਾ ਰਿਹਾ... ਕੋਈ ਵੀ ਵਾਕ ਆਉਟ ਨਹੀਂ ਸੀ ਕਰ ਰਿਹਾ... ਸਗੋਂ ਅਧਿਆਪਕ ਆਪਣੇ ਆਪਣੇ ਨਾਵਾਂ ਵਾਲੀਆਂ ਕੁਰਸੀਆਂ ’ਤੇ ਬੈਠਣ ਲੱਗ ਪਏ ਸਨ।

ਇਥੋਂ ਤੱਕ ਕਿ ਮਾਸਟਰ ਕੇਡਰ , ਸੀ. ਤੇ . ਵੀ. ਕੇਡਰ ਤੇ ਜੇ. ਬੀ. ਟੀ. ਕੇਡਰ ਦੇ ਅਧਿਆਪਕਾਂ ਦੀਆਂ ਕੁਰਸੀਆਂ ਦੀਆਂ ਤਿੰਨ ਵੱਖ ਵੱਖ ਲਾਈਨਾ ਪਿਛੇ... ਖੜੇ ਦਸਵੀਂ ਦੇ ਮੁੰਡਿਆਂ ਦੀ ਪਹਿਲੀ ਕਤਾਰ ਦੇ ਆਲੇ-ਦੁਆਲੇ ਇਕ ਇਕ ਦੋ ਦੋ ਦਰਜਾ ਚਾਰ ਕਰਮਚਾਰੀਆਂ ਨੂੰ ਖੜਾਏ ਗਏ ਦੇਖਕੇ ਵੀ... ਕੋਈ ਅਧਿਆਪਕ ਉਹਨਾਂ ਨੂੰ ਕੁਰਸੀਆਂ ’ਤੇ ਬਿਠਾਉਣ ਲਈ ਨਹੀਂ ਸੀ ਕਹਿ ਰਿਹਾ।

ਇਥੋਂ ਤੱਕ ਕਾਮਰੇਡ ਜਾਗਰ ਸਿੰਘ ਦੇ ਬਲਾਕ ਪ੍ਰਧਾਨ ਬਣਿਆ ਪੁੱਤਰ ਮੱਲ ਸਿੰਘ ਵੀ ਕੁਝ ਨਹੀਂ ਸੀ ਕਰ ਰਿਹਾ। ਹੋਇਆ ਇਉਂ ਕਿ ... ਫੋਟੋ ਖਿੱਚਵਾ ਰਹੇ ਦੋ ਤਿੰਨ ਵਿਦਿਆਰਥੀਆਂ ਦੇ ਇਸ ਸਕੂਲ ਵਿਚ ਪੜਾਉਂਦੇ, ਅਧਿਆਪਕ ਪਿਓ... ਤਾਂ ਫੋਟੋ ਖਿਚਵਾਉਣ ਲਈ ਅੱਗੋ ... ਆਪਣੇ ਆਪਣੇ ਕੇਡਰ ਦੇ ਅਧਿਆਪਕਾਂ ਨਾਲ... ਕੁਰਸੀਆਂ ’ਤੇ ਬੈਠੇ ਸਨ। ਜਦਕਿ ਦਰਜਾ ਚਾਰ ਕਰਮਚਾਰੀਆਂ ਪਿਆਰਾ ਸਿੰਘ ਪੀਅਨ ਤੇ ਹਜੂਰਾ ਸਿੰਘ ਸਫਾਈ ਸੇਵਕ ਦੇ ਦਸਵੀਂ ਜਮਾਤ ਵਿਚ ਪੜ੍ਹਦੇ ਮੁੰਡੇ ਵੀ ... ਫੋਟੋ ਖਿਚਵਾਉਣ ਲਈ... ਉਹਨਾਂ ਦੇ ਨਾਲ ਬੈਂਚਾ ’ਤੇ ਖੜੇ ਸਨ। ਦਸਵੀਂ ਜਮਾਤ ਦੇ ਫੋਟੋ ਖਿਚਵਾ ਰਹੇ ਕੁਝ ਸ਼ਰਾਰਤੀ ਜਹੇ ਮੁੰਡੇ ਉਹਨਾਂ ਨੂੰ ਟਿਚਰਾਂ ਕਰਨ ਲੱਗ ਪਏ, “ਕੀ ਥੁਆਡੇ ਪਿਓ ਵੀ... ਥੁਆਡੇ ਨਾਲ ਪੜ੍ਹਦਿਆਂ ਮੈਟਾਰਿਕ ਪ੍ਰੀਖਿਆ ਦੇ ਰਹੇ ਹਨ? ਤਾਂ ਹੀ ਉਹ ਥੁਆਡੇ ਨਾਲ ਬੈਂਚਾ ’ਤੇ ਖੜਕੇ ਫੋਟੋ ਖਿਚਵਾ ਰਹੇ??” ਪਿਆਰਾ ਸਿੰਘ ਤੇ ਹਜੂਰਾ ਸਿੰਘ ਤਾਂ ਫੋਟੋ ਖਿਚਵਾਉਣ ਲਈ ਖੜੇ ਮੁੱਛਾ ਚੜਾਉਂਦੇ ਰਹੇ ਪਰ ਉਹਨਾਂ ਦੇ ਮੁੰਡੇ ਫੋਟੋ ਖਿਚਵਾਉਣ ਤੋਂ ਪਹਿਲਾਂ ਹੀ ਪਾਣੀ ਪੀਣ ਦੇ ਬਹਾਨੇ ਸਕੂਲ ਦੇ ਪਿਛਲੇ ਗੇਟ ਨੂੰ ਨਿਕਲ ਗਏ ਸਨ।

ਛੋਟੀ ਪੋਸਟ ਤੇ ਲੱਗਿਆ ਹੋਣ ਕਰਕੇ ਮੇਰਾ ਵਾਕ ਆਉਟ ਕਰਨਾ ਜਾਂ ਨਾ ਕਰਨਾ ਇਕ ਬਰਾਬਰ ਸੀ। ਜਾਂ ਫੇਰ ਮੇਰੇ ’ਕੱਲੇ ਵਿਚ ਵਾਕ ਆਉਟ ਕਰਨ ਦਾ ਦਮ ਨਹੀਂ ਸੀ। ਮੈਂ ਦੇਖਿਆ ਅਧਿਆਪਕਾਂ ਦੀ ਪਹਿਲੀ ਕਤਾਰ ਵਿਚ ਮੇਰੇ ਬੈਠਣ ਲਈ ਮੰਗਵਾ ਕੇ ਰਖਵਾਈ ਕੁਰਸੀ ’ਤੇ ਰੱਖੀ ਸਲਿੱਪ ’ਤੇ ਮੁਨਸ਼ਾ ਰਾਮ ਨੇ ‘ਕਲਰਕ’ ਦੀ ਥਾਂ ਪਲਾਵਟ ਲਈ ‘ਅਕਾਊਟੈਂਟ’ ਲਿਖਿਆ ਸੀ। ਜਿਵੇਂ ਹਜੂਰਾ ਸਿੰਘ ਸਵੀਪਰ ਨੂੰ ਸਕੂਲ ਵਿਚ ਮਿਲਣ ਆਇਆ ਉਹਦਾ ਕੁੜਮ ‘ਮਾਸਟਰ ਜੀ’ ਕਹਿੰਦਾ ਹੁੰਦੈ। ਜਾਂ ਜਿਵੇਂ ਡਿਸਪੈਂਸਰੀ ਵਿਚ ਡਾਕਟਰ ਦੀ ਗੈਰ ਹਾਜ਼ਰੀ ਵਿਚ ਦਵਾਈ ਲੈਣ ਗਏ ਅਸੀਂ ... ਕੰਪਾਊਡਰ ਨੂੰ ਮਤਲਬ ਲਈ ‘ਡਾਕਟਰ ਜੀ’ ਕਹੀ ਜਾਂਦੇ ਆ। ... ਪਰ ਹਸਪਤਾਲ ਵਿਚ ਜੋ ਸਚਮੁਚ ਦੀ ਡਾਕਟਰ ਨੂੰ ਕੋਈ ਅਣਪੜ੍ਹ ਔਰਤ ਨਰਸ ਸਮਝਕੇ ‘ਸਿਸਟਰ’ ਕਹਿ ਦੇਵੇ ਤਾਂ ਉਹ ਗੁੱਸੇ ਵਿਚ ਟੁੱਟ ਕੇ ਪੈ ਜਾਂਦੀ ਏ, “ਮੈਂ ਤੈਨੂੰ ਨਰਸ ਦੀਂਹਦੀ ਆਂ ਤੂੰ ਮੈਨੂੰ ‘ਡਾਕਟਰ’ ਨੂੰ ‘ਸਿਸਟਰ’ ਕਹੀ ਜਾਂਦੀ ਐ?”



ਭਾਵੇਂ ਉਹਦੇ ਪਿੱਠ ਮਰੋੜਦਿਆਂ ਹੀ ਸਵੇਰੇ ਤੋਂ ਮਰੀਜਾਂ ਦੇ ਟੀਕੇ ਭਰ ਭਰ ਕੇ ਲਾਉਂਦੀ ਨਰਸ ਔਖੀ ਹੋ ਕੇ ਬੋਲਦੀ ਐ, “ਲੈ ਨਰਸਾਂ ਕੋਈ ਪਸ਼ੂ, ਪੰਛੀ ਤਾਂ ਨਹੀਂ ਉਹ ਵੀ ਥੁਆਡੇ ਵਰਗੇ ਈ ਬੰਦੇ ਨੇ ਭਲਾ ਜੇ ਤੈਨੂੰ ਨਰਸ ਸਮਝਕੇ ‘ਸਿਸਟਰ’ ਕਹਿ ’ਤਾ ਕੋਈ ਆਫਤ ਤਾਂ ਨੀ ਆਗੀ ਤੇਰੀ ਡਾਕਟਰੀ ਦੀ ਡਿਗਰੀ ਤਾਂ ਨੀ ਖੋਹ ਲੀ।”

ਹੁਣ ਮੈਨੂੰ ਕੁਝ ਵੀ ਨਹੀਂ ਸੀ ਸੁਝ ਰਿਹਾ। ਹੁਣ ਮੇਰੇ ਬੈਠਣ ਲਈ, ਅਧਿਆਪਕਾਂ ਦੀ ਪਹਿਲੀ ਕਤਾਰ ਦੇ ਕੋਣੇ ਵਿਚ ਰੱਖੀ ਕਲਰਕ ਦੀ ਥਾਂ ਫਲਾਵਟ ਲਈ ਅਕਾਉਂਟੈਂਟ ਲਿਖੀ ਸਲਿਪ ਵਾਲੀ ਕੁਰਸੀ ਨੂੰ ਛੱਡਕੇ ਮੈਂ ਸਿਰ ਸੁੱਟੀ ਅਧਿਆਪਕਾਂ ਦੇ ਹਾਜ਼ਰੀ ਰਜਿਸਟਰ ਵਿਚ ਆਪਣੇ (ਕਲਰਕ ਦੇ) ਅਹੁਦੇ ਦੀ ਸੀਨੀਆਰਟੀ ਅਨੁਸਾਰ ਬੈਠਣ ਲਈ ਅਧਿਆਪਕਾ ਦੀ ਪਿਛਲੀ ਕਤਾਰ ਵਿਚ ਪਈਆਂ ਕੁਰਸੀਆਂ ਵੱਲ ਵਧ ਰਿਹਾ ਸਾਂ।

ਕੁਰਸੀ ’ਤੇ ਧੜੰਮ ਕਰਕੇ ਡਿੱਗੇ ਦਾ ਮੇਰਾ ਕਾਲਜਾ ਜ਼ੋਰ ਜ਼ੋਰ ਧੜਕ ਰਿਹਾ ਸੀ। ਤੇ ਮੈਨੂੰ ਡਰ ਲਗ ਰਿਹਾ ਸੀ ਕਿ ਐਸ. ਸੀ. ਤੇ ਬੀ. ਸੀ. ਵਿਦਿਆਰਥੀਆਂ ਦੇ ਸਟਾਈਪੰਡ ਫਾਰਮ ਭਰਨ ਨੂੰ ਭਾਰ ਸਮਝਦੇ ਨੱਕ ਬੁਲ ਵੱਟਣ ਵਾਲੇ ਤੇ ਉਹਨਾਂ ਨੂੰ ਕਲਾਸਾ ਵਿਚ ਪੜ੍ਹਆਉਂਦਿਆਂ ਵੀ...

ਹਰ ਗੱਲ ਵਿਚ ਬੇਇਜ਼ਤ ਕਰਕੇ ਉਹਨਾਂ ਨੂੰ ਨੀਵੀਂ ਜਾਤੀ ਦਾ ਅਹਿਸਾਸ ਕਰਵਾਉਣ ਵਾਲੇ ਉੱਚੀ ਜਾਤੀ ਦੇ ਅਧਿਆਪਕਾਂ ਦਾ ਜੇ ਵਸ ਚੱਲੇ ਤਾਂ ਇਹ ਤਾਂ ਅਧਿਆਪਕਾਂ ਨੂੰ ਵਰਗਾਂ ਅਨੁਸਾਰ ਵਖ ਵਖ ਕਤਾਰਾਂ ਵਿਚ ਕੁਰਸੀਆਂ ’ਤੇ ਬਿਠਾ ਕੇ... ਉਹਨਾਂ ਦੇ ਪਿਛੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵੀ ਚਾਰੇ ਵਰਣਾ ਅਨੁਸਾਰ ਪਹਿਲੀ ਦੂਜੀ ਤੀਜੀ ਤੇ ਚੌਥੀ ਕਤਾਰ ਵਿਚ ਖੜੇ ਕਰ ਦੇਣ।੦

## ਕਹਾਣੀ / ਜਿੱਤੀ ਹੋਈ ਬਾਜ਼ੀ / ਤ੍ਰਿਪਤਾ ਕੇ. ਸਿੰਘ

ਬਾਪੂ ਕਈ ਦਿਨਾਂ ਦਾ ਖੰਘ ਤੇ ਬੁਖਾਰ ਨਾਲ ਬੇਹਾਲ ਹੋਇਆ ਪਿਆ ਸੀ। ਮੰਜੇ ਤੇ ਪਿਆ ਉਹ ਬੀਬੀ ਨੂੰ ਕੋਈ ਦਵਾ ਲਿਆ ਕੇ ਦੇਣ ਨੂੰ ਕਹਿ ਰਿਹਾ ਸੀ। ਬੀਬੀ ਨੇ ਪਹਿਲੋਂ ਵੀ ਕਦੇ ਬਾਪੂ ਦੀ ਪਰਵਾਹ ਘੱਟ ਈ ਕੀਤੀ ਸੀ ਤੇ ਜਦ ਦਾ ਉਹ ਲਕਵੇ ਕਰਕੇ ਮੰਜੇ ਤੇ ਪਿਆ ਸੀ, ਉਹ ਹਰ ਵੇਲੇ ਉਹ ਤੋਂ ਖਿੱਝੀ ਰਹਿੰਦੀ।

“ਨਾ ਮਰਦਾ, ਨਾ ਗਲੋਂ ਲੱਥਦਾ।” ਬੀਬੀ ਰਾਂਗਲੀ ਦਾਤਣ ਕਰਦੀ ਹੋਈ ਖਿੱਝ ਕੇ ਬੋਲੀ।

“ਏਸ ਕੰਜਰੀ ਤੀਵੀ ਦੇ ਲੱਛਣ ਤਾਂ ਪਹਿਲੇ ਦਿਨੋਂ ਈ ਨੀ ਚੱਜ ਦੇ। ਇਹ ਤਾਂ ਚਾਹੁੰਦੀ ਏ ਕਿ ਕਲ ਨੂੰ ਮਰਦਾ ਮੈਂ ਅੱਜ ਮਰਜਾਂ, “ ਬਾਪੂ ਗਾਲ੍ਹਾਂ ਰਾਹੀਂ ਆਪਣੀ ਬੇਬਸੀ ਜਾਹਰ ਕਰਦਾ ਬੀਬੀ ਨੂੰ ਬੁਰਾ ਭਲਾ ਕਹਿੰਦਾ ਰਹਿੰਦਾ।

ਜਦ ਦਾ ਬਾਪੂ ਨੂੰ ਲਕਵਾ ਮਾਰ ਗਿਆ ਸੀ, ਘਰ ਦੀ ਹਾਲਤ ਬਦ ਤੋਂ ਬਦਤਰ ਹੋ ਗਈ ਸੀ। ਮੈਥੋਂ ਵੱਡਾ ਪਹਿਲਾਂ ਈ ਭੰਗੀ ਪੋਸਤੀਆਂ ਨਾਲ ਰਲ ਕੇ ਨਸ਼ੇ ਕਰਦਾ ਘਰੇ ਨੀ ਸੀ ਵੜਦਾ। ਦੋਨੋਂ ਛੋਟੇ ਵੀ ਸਾਰਾ ਦਿਨ ਗਲੀਆਂ ’ਚ ਅਵਾਰਾ ਘੁੰਮਦੇ ਰਹਿੰਦੇ। ਬੀਬੀ ਬਾਪੂ ਦੀ ਪਹਿਲੇ ਦਿਨ ਤੋਂ ਈ ਨੀ ਸੀ ਬਣੀ। ਬੀਬੀ ਸੁਹਣੀ ਸੁੱਣਖੀ ਸੁਕੀਨਣ ਤੀਵੀਂ ਸੀ। ਬਾਪੂ ਨੂੰ ਉਹਦੇ ਇਹ ਚੱਜ ਪਸੰਦ ਨਹੀਂ ਸਨ।

ਬਾਪੂ ਦੀ ਬੀਮਾਰੀ ਤੋਂ ਬਾਅਦ ਬੀਬੀ ਸਰਦਾਰਾਂ ਦੀ ਹਵੇਲੀ ਕੰਮ ਨੂੰ ਜਾਣ ਲੱਗੀ ਤਾਂ ਸਾਡੇ ਘਰੇ ਦੋ ਡੰਗ ਦੀ ਰੋਟੀ ਪੱਕਦੀ ਹੋਣ ਲਗੀ। ਬਾਪੂ ਨੂੰ ਬੀਬੀ ਦਾ ਇਹ ਕੰਮ ਪਸੰਦ ਨੀ ਸੀ। ਪਰ ਬੇਬਸ ਤੇ ਲਾਚਾਰ ਆਦਮੀ ਹੋਰ ਕਰ ਵੀ ਕੀ ਸਕਦਾ ਸੀ ਸਿਵਾਏ, ਖਿੱਝਣ ਕਰਿਝਣ ਤੋਂ।

“ਕੁੜੀ ਦੇ ਹੱਥ ਪੀਲੇ ਕਰਦੇ, ਕੋਈ ਚੱਜ ਦਾ ਮੁੰਡਾ ਦੇਖ ਕੇ।” ਅਕਸਰ ਬਾਪੂ ਮੇਰੇ ਵਿਆਹ ਦਾ ਫ਼ਿਕਰ ਕਰਦਾ ਬੀਬੀ ਨੂੰ ਆਖਦਾ।

“ਕਿਤੇ ਨਹੀਂ ਵਿਆਹ ਨੱਠਾ ਜਾਂਦਾ ਕਿਤੇ, ਆਪੇ ਹੋ ਜੂ, ਜਦੋਂ ਟੈਮ ਆਊ।” ਬੀਬੀ ਬੇਪਰਵਾਹੀ ਨਾਲ ਜੁਆਬ ਦਿੰਦੀ। ਤੇ ਇੱਕ ਦਿਨ ਮੇਰੀ ਫਿਕਰ ਕਰਦਾ ਕਰਦਾ ਬਾਪੂ ਸਦਾ ਲਈ ਅੱਖਾਂ ਮੀਟ ਗਿਆ ਸੀ।

ਹੁਣ ਬੀਬੀ ਮੈਨੂੰ ਵੀ ਆਪਣੇ ਨਾਲ ਕੰਮ ਤੇ ਲਿਜਾਣ ਲੱਗੀ। ਮੈਂ ਗਊਆਂ ਵਾਂਗ ਬੀਬੀ ਦੇ ਮਗਰ ਲੱਗ ਤੁਰਦੀ। ਉਹ ਜਿੱਦਾਂ ਕਹਿੰਦੀ ਮੈਂ ਉਦਾਂ ਈ ਕਰਦੀ। ਪਲਟ ਕੇ ਜੁਆਬ ਦੇਣਾਂ ਤਾਂ ਜਿਵੇਂ ਮੈਂ ਸਿੱਖਿਆ ਈ ਨੀ ਸੀ। ਦੱਬੀ-ਦੱਬੀ ਘੁੱਟੀ-ਘੁੱਟੀ ਮੈਂ ਆਪਣੇ ਆਪ 'ਚ ਈ ਸਿਮਟੀ ਰਹਿੰਦੀ।

ਪਿਛਲੇ ਕਈ ਦਿਨਾਂ ਤੋਂ ਮੈਨੂੰ ਮੇਰਾ ਸਰੀਰ ਕੁੱਝ ਢਿੱਲਾ ਜਿਹਾ ਲੱਗ ਰਿਹਾ ਸੀ। ਮੈਂ ਇਸਦੀ ਬਹੁਤੀ ਪਰਵਾਹ ਨਾ ਕੀਤੀ ਤੇ ਸਿਰ ਸੁੱਟ ਕੇ ਆਪਣੇ ਕੰਮ 'ਚ ਮਸਤ ਰਹੀ। ਪਰ ਜਿਸ ਦਿਨ ਮੈਨੂੰ ਆਪਣੀ ਅਸਲੀ ਬਿਮਾਰੀ ਬਾਰੇ ਸਮਝ ਆਈ ਤਾਂ ਜਾਣੀ ਮੇਰੇ ਪੈਰਾਂ ਥੱਲਿਓਂ ਜਿਵੇਂ ਧਰਤੀ ਖਿਸਕ ਗਈ ਸੀ। ਸਾਰਾ ਆਕਾਸ਼ ਮੈਨੂੰ ਘੁੰਮਦਾ ਨਜ਼ਰ ਆਇਆ। 'ਹੁਣ ਮੇਰਾ ਕੀ ਬਣੂ।' ਸੋਚਦੀ ਨੂੰ ਮੈਨੂੰ ਕੋਈ ਰਾਹ ਨੀ ਸੀ ਸੁਝਦਾ। ਕਈ ਦਿਨ ਚੁੱਪ-ਗੜੁੱਪ ਮੈਂ ਅੰਦਰ ਬਾਹਰ ਫਿਰਦੀ ਰਹੀ। ਕੋਈ ਹੋਰ ਗੱਲ ਹੁੰਦੀ ਤਾਂ ਮੈਂ ਅੰਦਰਖਾਤੇ ਪੀ ਜਾਂਦੀ। ਪਰ ਇਹ ਗੱਲ ਬਹੁਤ ਦੇਰ ਲਕੋਈ ਨੀ ਸੀ ਜਾ ਸਕਦੀ। ਕੋਈ ਰਾਹ ਅਹੁੜਦਾ ਨੀ ਵੇਖ ਇੱਕ ਦਿਨ ਮੈਂ ਆਪਣੀ ਸਾਰੀ ਹਿੰਮਤ 'ਕੱਠੀ ਕਰਕੇ ਪਿਛਲੇ ਅੰਦਰ ਪਈ ਬੀਬੀ ਕੋਲ ਜਾ ਕੇ ਬਹਿ ਗਈ।

"ਕੀ ਗੱਲ ਆ ਨੀ, ਹੈਦਾਂ ਕਿੱਦਾ ਬਹਿ ਗਈ ਚੁਪ ਗੜੁੱਪ।

"ਬੀਬੀ ਐਂਤਕੀ ਮੈਨੂੰ ਮਹੀਨਾ ਨੀ ਆਇਆ।" ਮੈਨੂੰ ਲੱਗਾ ਜਿਵੇਂ ਮੇਰੀ ਇਸ ਗੱਲ ਨਾਲ ਹੁਣੇ ਅਸਮਾਨ ਫਟੂ ਧਰਤੀ ਪਾਟ ਜਾਊ ਜਾਂ ਕੋਈ ਹਨੇਰੀ ਝੁੱਲੂ ਤੇ ਜਾ ਫਿਰ ਹੁਣੇ ਬੀਬੀ ਮੈਨੂੰ ਧਾਪੜ ਧਾਪੜ ਕੁੱਟਣ ਡਹਿ ਪਊ। ਮੈਂ ਮੰਜੇ ਦੀ ਹੀਂਅ ਤੇ ਬੈਠੀ ਤ੍ਰੇਲਿਓ ਤ੍ਰੇਲੀ ਹੋਈ ਆਉਣ ਵਾਲੇ ਤੂਫ਼ਾਨ ਬਾਰੇ ਸੋਚ ਰਹੀ ਸਾਂ। ਪਰ ਇਸ ਪਹਾੜ ਜਿੱਡੇ ਦੁੱਖ 'ਚ ਧਰਤੀ ਅਸਮਾਨ ਤਾਂ ਕੀ ਫਟਣੇ ਸਨ ਇੱਕ ਪੱਤਾ ਵੀ ਨਾ ਹਿੱਲਿਆ।

"ਕਿੰਨੇ ਦਿਨ ਉਪਰ ਹੋਗੇ।" ਬੀਬੀ ਮੇਰੀ ਹਾਲਤ ਤੋਂ ਜਿਵੇਂ ਪਹਿਲਾਂ ਈ ਜਾਣੂ ਸੀ।

"ਬਾਈ ਕੁ ਦਿਨ।" ਮੇਰੇ ਮੂੰਹੋਂ ਮਸੀਂ ਬੋਲ ਫੁੱਟੇ।

ਦੂਜੇ ਦਿਨ ਬੀਬੀ ਨੇ ਇੱਕ ਸੂਟ ਮੇਰਾ ਤੇ ਇੱਕ ਆਪਣਾ ਝੋਲੇ 'ਚ ਪਾਇਆ ਤੇ ਮੈਨੂੰ ਲੈ ਕੇ ਰਸੂਲਪੁਰੇ ਵਾਲੀ ਮਾਸੀ ਦੇ ਘਰ ਆ ਗਈ। ਮਾਸੜ ਮੇਰਾ ਫੌਜ 'ਚ ਸੀ।

ਬੀਬੀ ਨੇ ਮਾਸੀ ਨੂੰ ਜਾ ਕੇ ਕੀ ਕਹਾਣੀ ਸੁਣਾਈ ਮੈਨੂੰ ਨੀ ਪਤਾ। ਹਨੇਰੇ ਪਏ ਮਾਸੀ ਆਪਣੇ ਪਿੰਡ ਦੀ ਨੰਜੋ ਦਾਈ ਨੂੰ ਸੱਦ ਲਿਆਈ। ਨੰਜੋ ਮੈਨੂੰ 'ਕੱਲੀ ਨੂੰ ਮਾਸੀ ਦੇ ਪਿਛਲੇ ਅੰਦਰ ਲੈ ਗਈ।

ਮੇਰੀ ਸਲਵਾਰ ਖੁਲਾ ਕੇ ਨੰਜੋ ਨੇ ਨੰਗੇ ਹੱਥੀਂ ਮੇਰੇ ਸਰੀਰ ਨੂੰ ਟੋਹਿਆ ਤਾਂ ਮੇਰੀਆਂ ਲੱਤਾਂ ਕੰਬ ਰਹੀਆਂ ਸਨ। ਨੰਜੋ ਮੈਨੂੰ ਸਰੀਰ ਢਿੱਲਾ ਛੱਡਣ ਨੂੰ ਆਖਦੀ ਮੁਸਕੜੀਏ ਹੱਸਦੀ ਬਹੁਤ ਬੁਰੀ ਲੱਗੀ।

ਹੁਣ ਉਹਨੇ ਆਪਣੇ ਮੈਲੇ ਜਿਹੇ ਝੋਲੇ 'ਚੋਂ ਪਲਾਸਟਿਕ ਦੀ ਇੱਕ ਡੱਬੀ ਕੱਢੀ ਤੇ ਉਹਦੇ 'ਚੋਂ ਕੱਚ ਦੀ ਸਰਿੰਜ ਕੱਢ ਕੇ ਇੱਕ ਟੀਕਾ ਜਿਹਾ ਭੰਨ ਕੇ ਭਰਿਆ ਤੇ ਮੇਰੇ ਪੁੜੇ 'ਚ ਲਾ ਦਿੱਤਾ। ਮੈਂ ਕਸੀਸ ਜਿਹੀ ਵੱਟ ਕੇ ਪਈ ਰਹੀ।

ਪੰਜਾ ਕੁ ਮਿੰਟਾਂ ਬਾਅਦ ਮੇਰੇ ਅੰਗ ਪੈਰ ਢਿੱਲੇ ਜਿਹੇ ਪੈ ਗਏ ਤੇ ਸਿਰ ਭਾਰਾ ਜਿਹਾ ਹੋ ਗਿਆ, ਪਰ ਮੈਂ ਬੇਹੋਸ਼ ਨੀ ਸੀ ਹੋਈ।

ਹੁਣ ਨੰਜੋ ਨੇ ਇੱਕ ਹੋਰ ਪਲਾਸਟਿਕ ਦਾ ਡੱਬਾ ਜਿਹਾ ਖੋਲ੍ਹਿਆ ਤੇ ਉਸ 'ਚੋਂ ਕਈ ਤਰ੍ਹਾਂ ਦੇ ਔਜ਼ਾਰ ਕੱਢੇ। ਉਹ ਨੇ ਮੈਨੂੰ ਕਸਾਈ ਦੇ ਬੱਕਰੇ ਵਾਂਗ ਕੋਹਣਾ ਸ਼ੁਰੂ ਕਰ ਦਿੱਤਾ। ਮੈਨੂੰ ਲੱਗਾ ਕਿ ਦੁੱਖ ਤੇ ਦਰਦ ਦਾ ਸ਼ਾਇਦ ਇਹ ਅੰਤਲਾ ਪੜਾਅ ਸੀ। ਅੱਧਾ ਘੰਟਾ ਨੰਜੋ ਮੇਰੇ ਸਰੀਰ ਨੂੰ ਅੰਦਰੋਂ ਖੁਰਚ ਖੁਰਚ ਕੇ ਸਾਫ਼ ਕਰਦੀ ਰਹੀ ਤੇ ਮੈਂ ਦੰਦਾਂ ਥੱਲੇ ਜੀਭ ਲਈ ਕਸੀਸ ਵੱਟ ਕੇ ਪਈ ਰਹੀ।

ਬੀਬੀ ਤੇ ਮਾਸੀ ਬਾਹਰ ਵਰਾਂਡੇ 'ਚ ਬੈਠੀਆਂ ਸਨ। ਮਾਸੀ ਦੇ ਦੋਵੇਂ ਨਿਆਣੇ ਸੌਂ ਚੁੱਕੇ ਸਨ। ਨੰਜੋ ਦੀਆਂ ਦਿੱਤੀਆਂ ਦੋ ਗੋਲੀਆਂ ਮਾਸੀ ਨੇ ਮੈਨੂੰ ਚਾਹ ਨਾਲ ਖਲਾ ਦਿੱਤੀਆਂ ਤੇ ਉਸ ਤੋਂ ਬਾਅਦ ਮੈਨੂੰ ਸਵੇਰੇ ਹੋਸ਼ ਆਈ।



ਮੈਂ ਉਠੀ ਤਾਂ ਮੇਰੀਆਂ ਲੱਤਾਂ ਥਿੜਕ ਰਹੀਆਂ ਸਨ। ਮੈਂ ਹੌਲੀ ਹੌਲੀ ਗੁਸਲਖਾਨੇ ਤੱਕ ਗਈ। ਪਿਸ਼ਾਬ ਕਰਕੇ ਹੱਥ ਮੂੰਹ ਧੋ ਕੇ ਫਿਰ ਚੁਪਚਾਪ ਆ ਕੇ ਲੇਟ ਗਈ। ਮੰਜੇ ਤੇ ਲੰਮੀ ਪਈ ਪਈ ਮੈਂ ਸੋਚ ਰਹੀ ਸਾਂ ਕਿ ਮੇਰੀ ਜ਼ਿੰਦਗੀ 'ਚ ਕਿੰਨੀ ਵੱਡੀ ਘਟਨਾ ਘਟ ਗਈ। ਕੀ ਕਸੂਰ ਸੀ ਮੇਰਾ? ਕਿਉਂ ਮੈਨੂੰ ਐਡੀ ਵੱਡੀ ਸਰੀਰਕ ਤੇ ਮਾਨਸਿਕ ਪੀੜ ਸਹਿਣੀ ਪਈ। ਮੈਂ ਚਾਹੁੰਦੀ ਸਾਂ ਇਸ ਵੇਲੇ ਬੀਬੀ ਮੈਨੂੰ ਆ ਕੇ ਜੱਫੀ 'ਚ ਲੈ ਕੇ ਢਿੱਡ ਨਾ ਲਾ ਲਵੇ ਤਾਂ ਸ਼ਾਇਦ ਮੇਰੀ ਪੀੜ ਕੁੱਝ ਘੱਟ ਜੇ। ਪਰ ਬੀਬੀ ਤੇ ਮਾਸੀ ਆਮ ਵਾਂਗ ਗੱਲਾਂ ਕਰ ਰਹੀਆਂ ਸਨ। ਜਿਵੇਂ ਉਹਨਾਂ ਲਈ ਇਹ ਕੋਈ ਬਹੁਤ ਵੱਡੀ ਗੱਲ ਨਾ ਹੋਵੇ।

ਦੋ ਕੁ ਵਾਰ ਮਾਸੀ ਮੈਨੂੰ ਕੋਈ ਕਾੜ੍ਹਾ ਜਿਹਾ ਬਣਾ ਕੇ ਦੇ ਗਈ ਤੇ ਮੈਂ ਚੁਪਚਾਪ ਪੀ ਲਿਆ।

ਸ਼ਾਮ ਨੂੰ ਬੀਬੀ ਮੈਨੂੰ ਨਾਲ ਲੈ ਕੇ ਵਾਪਸ ਪਿੰਡ ਪਰਤ ਆਈ। ਦੂਜੇ ਦਿਨ ਸਵੇਰੇ ਸਵੇਰੇ ਬੀਬੀ ਆਪ ਸਰਦਾਰਾਂ ਦੀ ਹਵੇਲੀ ਕੰਮ ਕਰਨ ਚਲੀ ਗਈ ਤੇ ਮੈਨੂੰ ਘਰ ਦਾ ਮਾੜਾ ਮੋਟਾ ਕੰਮ ਕਰਨ ਨੂੰ ਕਹਿ ਗਈ। ਦੁਪਹਿਰਾਂ ਨੂੰ ਜਦੋਂ ਬੀਬੀ ਘਰ ਨੂੰ ਮੁੜੀ ਤਾਂ ਮੈਂ ਪੇਟੀਆਂ ਆਲੇ ਅੰਦਰ ਅੱਖਾਂ ਮੀਟੀ ਲੰਮੀ ਪਈ ਸਾਂ, ਪਰ ਮੈਂ ਸੁੱਤੀ ਹੋਈ ਨਹੀਂ ਸੀ। ਬੀਬੀ ਨੇ ਆਪਣੇ ਝੱਗੇ ਦੇ ਗਲਮੇ 'ਚ ਹੱਥ ਪਾ ਕੇ ਕੁੱਝ ਕੱਢਿਆ। ਮੈਂ ਚੋਰ ਅੱਖ ਨਾਲ ਵੇਖਿਆ, ਬੀਬੀ ਦੇ ਹੱਥਾਂ, 'ਚ ਪੰਜਾਹ-ਪੰਜਾਹ ਤੇ ਸੌ ਸੌ ਦੇ ਕਿੰਨੇ ਸਾਰੇ ਨੋਟ ਸਨ। ਏਨੇ ਨੋਟ ਮੈਂ ਪਹਿਲਾਂ ਕਦੀ ਵੀ ਬੀਬੀ ਕੋਲ ਨਹੀਂ ਸੀ ਵੇਖੇ। ਸ਼ਕ ਤਾਂ ਮੈਨੂੰ ਪਹਿਲਾਂ ਵੀ ਸੀ, ਪਰ ਹੁਣ ਗੱਲ ਹੌਲੀ ਹੌਲੀ ਸਾਰੀ ਮੇਰੀ ਸਮਝ 'ਚ ਆ ਗਈ ਸੀ। 'ਕੀ ਗਰੀਬੀ ਤੇ ਮਜ਼ਬੂਰੀ ਇਨਸਾਨ ਨੂੰ ਇਥੋਂ ਤੱਕ ਵੀ ਗਿਰਾ ਦਿੰਦੀ ਏ, ਜਿਥੇ ਮਮਤਾ ਦਾ ਰਿਸ਼ਤਾ ਢਿੱਡ ਦੀ ਅੱਗ ਵਿੱਚ ਸੜ ਕੇ ਸੁਆਹ ਹੋ ਜਾਵੇ, ਮੈਂ ਅੱਖਾਂ ਮੀਟੀ ਪਈ ਸੋਚ ਰਹੀ ਸਾਂ। ਬੀਬੀ ਵਾਸਤੇ ਮੇਰੇ ਮਨ 'ਚ ਨਾ ਕੋਈ ਨਫ਼ਰਤ ਸੀ ਤੇ ਨਾ ਹੀ ਪਿਆਰ। ਪਿਛਲੇ ਕੁਝ ਅਰਸੇ ਦਾ ਸਮਾਂ ਰੀਲ ਬਣ ਮੇਰੇ ਦਿਮਾਗ 'ਚ ਘੁੰਮ ਗਿਆ।

ਬਾਪੂ ਦੇ ਮਰਨ ਤੋਂ ਬਾਅਦ ਬੀਬੀ ਮੈਨੂੰ ਆਪਣੇ ਨਾਲ ਸਰਦਾਰਾਂ ਦੀ ਹਵੇਲੀ ਕੰਮ ਨੂੰ ਲਿਜਾਣ ਲੱਗੀ। ਕਈ ਵਾਰ ਆਪ ਉਹਨਾਂ ਦੇ ਖੇਤਾਂ 'ਚ ਮਟਰ ਤੋੜਨ ਜਾਂ ਆਲੂ ਪੱਟਣ ਤੁਰ ਜਾਂਦੀ ਤੇ ਮੈਨੂੰ ਇਕੱਲਿਆਂ ਕੰਮ ਨੂੰ ਭੇਜ ਦਿੰਦੀ। ਮੈਂ ਬੀਬੀ ਧੀ ਵਾਂਗ ਮਾਂ ਦੇ ਕਹੇ ਅਨੁਸਾਰ ਸਰਦਾਰਾਂ ਦੀ ਹਵੇਲੀ ਨੂੰ ਤੁਰ ਜਾਣਾ।

ਇੱਕ ਦਿਨ ਮੈਂ ਵੱਡੀ ਬੇਜੀ ਦੇ ਸਿਰ ਨੂੰ ਤੇਲ ਝੱਸ ਕੇ ਹਟੀ ਤਾਂ ਬੇਜੀ ਕਹਿਣ ਲੱਗੀ, "ਨੀ ਜਾਹ ਕੁੜੀਏ, ਸਰਦਾਰ ਜੀ ਦੀਆਂ ਪਾਤਲੀਆਂ ਤੇ ਵੀ ਤੇਲ ਝੱਸ ਆ। ਉਨ੍ਹਾਂ ਦਾ ਅੱਜ ਚਿੱਤ ਕੁਸ਼ ਢਿਲੈ।"

ਮੈਂ ਤੇਲ ਦੀ ਕੌਲੀ ਚੁੱਕ ਕੇ ਵੱਡੇ ਸਰਦਾਰ ਦੇ ਕਮਰੇ 'ਚ ਜਾ ਵੜ੍ਹੀ। ਪੈਰ ਝਸਾਉਣ ਤੋਂ ਬਾਅਦ ਕਿੰਨੀ ਦੇਰ ਸਰਦਾਰ ਮੇਰੀ ਪਿੱਠ ਪਲੋਸਦਾ ਰਿਹਾ। ਫਿਰ ਅਕਸਰ ਈ ਉਹ ਮੈਨੂੰ ਕੰਮ ਕਰਦੀ ਨੂੰ ਘੂਰਦਾ ਰਹਿੰਦਾ ਤੇ ਮੈਨੂੰ ਛੂਹਣ ਦੇ ਬਹਾਨੇ ਭਾਲਦਾ।

ਇਹ ਮੇਰੀ ਉਮਰ ਦੇ ਉਹ ਦਿਨ ਸਨ ਜਦੋਂ ਮੇਰਾ ਸਰੀਰ ਮੇਰੇ ਕਪੜਿਆਂ 'ਚ ਸਮਾਉਣੋਂ ਦਿਨੋ ਦਿਨ ਇਨਕਾਰੀ ਹੁੰਦਾ ਜਾਂਦਾ ਸੀ।

ਮੈਂ ਵੱਡੇ ਸਰਦਾਰ ਦੀਆਂ ਸਾਰੀਆਂ ਹਰਕਤਾਂ ਸਮਝਦੀ ਤਾਂ ਸੀ ਪਰ ਸ਼ੁਰੂ ਤੋਂ ਹੀ ਚੁੱਪ ਤੇ ਦੱਬੀ ਦੱਬੀ ਰਹਿਣ ਵਾਲੀ ਸੀ। ਮੈਂ ਦੋ ਕੁ ਵਾਰੀ ਬੀਬੀ ਨੂੰ ਆਨੀ ਬਹਾਨੀ ਦੱਸਣ ਦਾ ਯਤਨ ਕੀਤਾ ਪਰ ਉਸ ਨੇ ਗੱਲ ਨਾ ਗੌਲੀ।

ਤੇ ਫਿਰ ਉਸ ਦਿਨ ਜਿੱਦਣ ਬੀਬੀ ਵਿਹੜੇ ਦੀਆਂ ਤੀਵੀਆਂ ਨਾਲ ਮੱਕੀ ਗੁੱਡਣ ਗਈਓ ਸੀ। ਮੈਂ ਕੱਲੀ ਕੰਮ ਨੂੰ ਗਈ ਸੀ। ਅੱਗੋਂ ਵੱਡੀ ਬੇਜੀ ਕਿਸੇ ਰਿਸ਼ਤੇਦਾਰੀ 'ਚ ਗਈ ਹੋਈ ਸੀ ਤੇ ਉਸ ਅਭਾਗੇ ਦਿਨ ਹੀ ਉਹ ਭਾਣਾ ਵਰਤ ਗਿਆ ਸੀ ਜਿਸ ਵਿੱਚ ਮੇਰਾ ਸਰੀਰ ਹੀ ਨਹੀਂ ਸਗੋਂ ਆਤਮਾ ਵੀ ਲਹੂ-ਲੁਹਾਣ ਹੋ ਗਈ ਸੀ।

ਘਰੇ ਆ ਕੇ ਮੈਂ ਕਿਸੇ ਕੋਲ ਇਸ ਘਟਨਾ ਦਾ ਜ਼ਿਕਰ ਨਾ ਕਰ ਸਕੀ। ਤੇ ਕਰਦੀ ਵੀ ਤਾਂ ਕੀਹਦੇ ਕੋਲ। ਉਦਣ ਸਾਰੀ ਰਾਤ ਮੈਂ ਸੌਂ ਨਾ ਸਕੀ। ਮੇਰੀ ਉਮਰ ਦੇ ਨਾਲ ਹੀ ਜੁਆਨ ਹੋਈਆਂ ਮੇਰੀਆਂ ਸੱਧਰਾਂ ਦੀਆਂ ਟੁੱਟੀਆਂ ਕਿਰਚਾਂ ਸਾਰੀ ਰਾਤ ਮੇਰੇ ਸੀਨੇ 'ਚ ਖੁੱਭਦੀਆਂ ਰਹੀਆਂ ਤੇ ਮੇਰੀ ਆਤਮਾ ਨੂੰ ਵਲੂੰਧਰਦੀਆਂ ਰਹੀਆਂ।

ਸਵੇਰੇ ਮੈਂ ਬੀਬੀ ਨੂੰ ਕੰਮ ਤੋਂ ਜਾਣ ਤੋਂ ਨਾਂਹ ਕਰ ਦਿੱਤੀ।

"ਹੂੰਅ! ਟੱਬਰ ਨੂੰ ਰੋਟੀ ਜੁ ਰੱਜ ਕੇ ਮਿਲਣ ਲੱਗ ਪਈਆ। ਹੁਣ ਹੁੱਜਤਾਂ ਸੁਝਣ ਲੱਗ ਪੀਆਂ। ਚੁੱਪ ਕਰਕੇ ਵਗ ਜਾਂ ਕੰਮ ਨੂੰ, ਮੈਂ ਪੱਠਿਆਂ ਨੂੰ ਚੱਲੀ ਆਂ।" ਬੀਬੀ ਰੰਬਾ ਪੱਲੀ ਚੁੱਕ ਕੇ ਔਹ ਗਈ ਔਹ ਗਈ।

ਬੀਬੀ ਨੇ ਗਲ ਦੀ ਤਹਿ ਤੱਕ ਤਾਂ ਕੀ ਜਾਣਾ ਸੀ। ਉਸ ਨੇ ਇਹ ਜਾਨਣਾ ਵੀ ਜ਼ਰੂਰੀ ਨਾ ਸਮਝਿਆ ਕਿ ਮੇਰਾ ਕੁਸ਼ ਦੁਖਦਾ ਤਾਂ ਨੀ ਜਾਂ ਮੇਰੀ ਸਿਹਤ ਠੀਕ ਏ ਕਿ ਨਹੀਂ। ਮੈਨੂੰ ਲੱਗਾ ਜ਼ਿੰਦਗੀ ਦੀ ਬਾਜ਼ੀ ਮੈਂ ਹਾਰ ਚੁੱਕੀ ਹਾਂ ਤੇ ਇਹੋ ਕਿਸਮਤ ਸਮਝ ਕੇ ਆਪਣੇ ਆਪ ਨੂੰ ਬਲਦੀ ਦੇ ਬੂਥੇ 'ਚ ਜਾ ਧੱਕਿਆ। ਤੇ ਫਿਰ ਇਹ ਸਿਲਸਿਲਾ ਚਲ ਨਿਕਲਿਆ ਸੀ।

ਮੈਂ ਸਿਰ ਨੂੰ ਝਟਕ ਕੇ ਪਾਸਾ ਪਰਤਿਆ ਤਾਂ ਮੇਰੀ ਸੋਚਾਂ ਦੀ ਲੜੀ ਟੁੱਟੀ। ਬੀਬੀ ਕਦੋਂ ਦੀ ਉਥੋਂ ਜਾ ਚੁੱਕੀ ਸੀ ਤੇ ਬਾਹਰ ਡੇਕ ਥੱਲੇ ਮੰਜਾ ਡਾਹ ਕੇ ਲੰਮੀ ਪਈ ਹੋਈ ਸੀ। ਮੇਰੇ ਸਾਰੇ ਸ਼ਰੀਰ 'ਚ ਜਿਵੇਂ ਕੋਈ ਸੱਤਿਆ ਬਾਕੀ ਨਹੀਂ ਸੀ ਰਹੀ। ਬਹੁਤ ਦਿਨਾਂ ਤੱਕ ਮੇਰੇ ਸਰੀਰ 'ਚੋਂ ਲਹੂ ਨਿਚੜਦਾ ਰਿਹਾ ਸੀ।

ਇਸ ਘਟਨਾ ਤੋਂ ਛੇਤੀ ਬਾਅਦ ਹੀ ਬੀਬੀ ਨੇ ਮੇਰਾ ਵਿਆਹ ਪੱਕਾ ਕਰ ਦਿੱਤਾ ਤੇ ਮੈਂ ਲਾਲ ਕਪੜਿਆਂ 'ਚ ਲਿਪਟੀ ਦੇਸੇ ਦੀ ਬਹੂ ਬਣ ਕੇ ਉਹਦੇ ਘਰ ਆ ਗਈ। ਦੇਸਾ ਰਾਜ ਮਿਸਤਰੀ ਦਾ ਕੰਮ ਕਰਦਾ ਸੀ। ਮਾਂ ਪਿਓ ਉਹਦੇ ਨਿੱਕੇ ਹੁੰਦੇ ਦੇ ਹੀ ਮੁੱਕ ਗਏ ਸਨ। ਚਾਚੇ-ਚਾਚੀ ਨੇ ਉਹਦਾ ਵਿਆਹ ਕਰਕੇ ਉਹਦੀ ਰੋਟੀ ਪੱਕਦੀ ਕਰ ਦਿੱਤੀ।

ਦੇਸਾ ਮੇਰਾ ਬਹੁਤ ਮੋਹ ਕਰਦਾ ਸੀ। ਰੋਜ਼ ਆਥਣੇ ਕੰਮ ਤੋਂ ਮੁੜ ਕੇ ਸਾਰੇ ਪੈਸੇ ਮੇਰੇ ਹੱਥ ਤੇ ਲਿਆ ਧਰਦਾ। ਜਿੱਦਣ ਕਿਤੇ ਦਿਹਾੜੀ ਨਾ ਲੱਗਦੀ ਤਾਂ ਸਾਰਾ ਦਿਨ ਮੇਰੇ ਆਲੇ-ਦੁਆਲੇ ਘੁੰਮਦਾ ਰਹਿੰਦਾ। ਦੇਸੇ ਦੇ ਪਿਆਰ ਨੇ ਮੇਰੇ ਅਤੀਤ ਦੇ ਪਰਛਾਵੇਂ ਕੁਝ-ਕੁਝ ਧੁੰਦਲੇ ਜ਼ਰੂਰ ਕਰ ਦਿੱਤੇ ਸਨ ਪਰ ਇਹ ਮੇਰੇ ਜ਼ਿਹਨ 'ਚੋਂ ਪੂਰੀ ਤਰ੍ਹਾਂ ਮਿਟੇ ਨਹੀਂ ਸਨ।

ਵਿਆਹ ਦੇ ਪਹਿਲੇ ਵਰ੍ਹੇ ਰਾਣੋ ਜੰਮ ਪਈ ਤੇ ਉਸ ਤੋਂ ਬਾਅਦ ਨਿੱਕੀ। ਉਪਰੋਂ-ਥਲੀ ਦੋ ਕੁੜੀਆਂ ਹੋਣ ਤੇ ਵੀ ਦੇਸੋ ਦੇ ਮੱਥੇ ਤੇ ਵੱਟ ਨੀ ਸੀ ਪਿਆ ਕਦੇ। ਫਿਰ ਡੇਢ ਕੁ ਸਾਲ ਮਗਰੋਂ ਰੱਬ ਨੇ ਮੇਰੀ ਫਰਿਆਦ ਸੁਣੀ ਤੇ ਮੇਰੇ ਜੌੜੇ ਮੁੰਡੇ ਹੋਏ। ਦੇਸੇ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਸ ਨੇ ਸਾਰੇ ਵਿਹੜੇ ਨੂੰ ਰੱਜ ਕੇ ਸ਼ਰਾਬ ਪਿਆਈ ਤੇ ਆਪ ਵੀ ਕਈ ਦਿਨ ਮਸਤੀ ਦੀ ਲੋਰ 'ਚ ਰਿਹਾ।

ਖੱਠੇ ਮਿੱਠੇ ਦਿਨਾਂ ਦਾ ਪੰਧ ਮੁਕਾਉਦੀ ਜ਼ਿੰਦਗੀ ਦੀ ਗੱਡੀ ਆਪਣੀ ਰਫ਼ਤਾਰ ਨਾਲ ਤੁਰੀ ਜਾ ਰਹੀ ਸੀ।

ਪਰ ਸਾਡੇ ਵਰਗਿਆਂ ਨਾਲ ਚੰਗੇ ਦਿਨਾਂ ਦਾ ਸਾਥ ਬਹੁਤ ਲੰਮਾ ਕਦੇ ਵੀ ਨੀ ਹੁੰਦਾ। ਇਕ ਦਿਨ ਦੇਸਾ ਤੀਜੀ ਮੰਜ਼ਲ ਤੋਂ ਪੈੜ ਦਾ ਫੱਟਾ ਟੁੱਟਣ ਤੇ ਹੇਠਾਂ ਡਿਗ ਕੇ ਧੌਣ ਦਾ ਮਣਕਾ ਤੁੜਾ ਬੈਠਾ। ਤਿੰਨ ਦਿਨ ਜ਼ਿੰਦਗੀ ਮੌਤ ਨਾਲ ਜੂਝਦਾ ਉਹ ਮੌਤ ਤੋਂ ਹਾਰ ਗਿਆ ਸੀ।

ਮੇਰੇ ਤੇ ਦੁੱਖਾਂ ਦਾ ਪਹਾੜ ਟੁੱਟ ਗਿਆ ਸੀ। ਬੀਬੀ ਕੁੱਝ ਦਿਨ ਆ ਕੇ ਰਹੀ ਤੇ ਫਿਰ ਉਹ ਵੀ ਪਿੰਡ ਨੂੰ ਤੁਰ ਗਈ। ਘਰ ਮੈਨੂੰ ਖਾਣ ਨੂੰ ਆਉਂਦਾ। ਚਾਰ ਨਿਆਣੇ ਤੇ ਆਪਣੀ ਪਹਾੜ ਜਿੱਡੀ ਜਿੰਦ ਬਾਰੇ ਸੋਚ ਸੋਚ ਕੇ ਮੇਰੀ ਸੋਚ ਈ ਪਥਰਾ ਗਈ ਸੀ। ਸੁਹਰੇ ਤਾਂ ਪਹਿਲਾਂ ਈ ਹੈ ਨੀ ਸਨ ਤੇ ਮਾਪੇ ਖੱਬੀ-ਖਾਨ ਸਨ ਜਿਨ੍ਹਾਂ ਤੋਂ ਕੋਈ ਆਸ ਹੁੰਦੀ।

ਆਖਰ ਆਪਣੀ ਗੁੱਲੀ-ਜੁੱਲੀ ਦਾ ਇੰਤਜ਼ਾਮ ਆਪ ਈ ਕਰਨਾ ਸੀ। ਮੈਂ ਵਿਹੜੇ ਦੀਆਂ ਤੀਵੀਆਂ ਨਾਲ ਖੇਤਾਂ 'ਚ ਦਿਹਾੜੀ ਜਾਣ ਲੱਗੀ ਤੇ ਕਿਸੇ ਤਰ੍ਹਾਂ ਚੁਲ੍ਹਾ ਬਲਦਾ ਕੀਤਾ। ਸਾਰੀ ਦਿਹਾੜੀ ਘਰੋਂ ਬਾਹਰ ਰਹਿਣ ਕਰਕੇ ਨਿਆਣੇ ਰੁੱਲ ਗਏ ਸਨ। ਕਿਸੇ ਨਿਆਣੇ ਨੇ ਸਕੂਲ ਦਾ ਮੂੰਹ ਨਹੀਂ ਸੀ ਵੇਖਿਆ। ਰਾਣੋ ਸਾਰੀ ਦਿਹਾੜੀ ਗਲੀਆਂ 'ਚ ਭਾਉਂਦੀ ਫਿਰਦੀ ਰਹਿੰਦੀ। ਚੰਗੀ ਮਾੜੀ ਸੋਹਬਤ 'ਚ ਰਹਿ ਕੇ ਰਾਣੋ ਆਪਹੁਦਰੀ ਤੇ ਮੂੰਹ ਜ਼ੋਰ ਹੋ ਗਈ ਸੀ। ਕਿਸੇ ਨੇ ਕੋਈ ਗੱਲ ਆਖਣੀ ਤਾਂ ਪੱਟਕ ਕਰਦਾ ਜੁਆਬ ਅਗਲੇ ਦਿਆਂ ਗਿੱਟਿਆ 'ਚ ਮਾਰਨਾ।



ਦਿਨ ਦੇ ਜਿਵੇਂ ਚਾਰ ਚਾਰ ਵਾਰ ਉਹਨੂੰ ਚੜ੍ਹਦੇ। ਉਹਦੇ ਅੰਗ ਪੈਰ ਦਿਨੋ ਦਿਨ ਮੋਕਲੇ ਹੁੰਦੇ ਜਾਂਦੇ ਸਨ। ਰਾਣੋ ਨੂੰ ਮੁਟਿਆਰ ਹੁੰਦੀ ਵੇਖ ਕੇ ਮੈਂ ਹੁਣ ਖੇਤੀਂ ਦਿਆੜੀ ਜਾਣਾ ਛੱਡ ਦਿੱਤਾ ਸੀ ਤੇ ਲੰਬੜਾ ਦੇ ਘਰ ਦਾ ਕੰਮ ਸਾਂਭ ਲਿਆ ਸੀ। ਪਸ਼ੂਆਂ ਦਾ ਗੋਹਾ ਕੂੜਾ ਤੇ ਪੱਠਾ-ਦੱਥਾ ਵੀ ਮੈਂ ਹੀ ਕਰਦੀ। ਰਾਣੋ ਨੂੰ ਹਮੇਸ਼ਾ ਮੈਂ ਆਪਣੇ ਨਾਲ ਈ ਰੱਖਦੀ।

ਪਿਛਲੇ ਦੋ ਦਿਨਾਂ ਤੋਂ ਮੈਂ ਬੁਖਾਰ ਨਾਲ ਤਪਦੀ ਕੰਮ ਨੂੰ ਨਹੀਂ ਸੀ ਗਈ। ਐਨਾਸਿਨ ਦੀਆਂ ਗੋਲੀਆਂ ਵੀ ਮੈਂ ਲਾਲੇ ਦੀ ਹੱਟੀ ਤੋਂ ਲਿਆ ਕੇ ਖਾਧੀਆਂ ਸਨ ਪਰ ਕੋਈ ਫਰਕ ਨਹੀਂ ਸੀ ਪਿਆ। ਅੱਜ ਤੀਜੇ ਦਿਨ ਲੰਬੜਦਾਰਨੀ ਸੁਰਜੀਤ ਕੌਰ ਆਪ ਬੁਲਾਉਣ ਆ ਗਈ ਸੀ। ਮੇਰੇ ਬਿਮਾਰ ਦਾ ਪਤਾ ਲੱਗਣ ਤੇ ਉਹਨੇ ਰਾਣੋ ਨੂੰ ਆਪਣੇ ਨਾਲ ਭੇਜਣ ਨੂੰ ਕਿਹਾ ਤਾਂ ਮੈਂ ਰਤਾ ਕੁ ਹਿਚਕਚਾਉਂਦੀ ਨੇ ਰਾਣੋ ਨੂੰ ਉਸ ਨਾਲ ਭੇਜ ਦਿੱਤਾ। ਉਹਦੇ ਜਾਣ ਪਿਛੋਂ ਮੇਰੇ ਅੰਦਰ ਕਿਤੇ ਜਿਵੇਂ ਕੋਈ ਅੱਚੋਆਈ ਜਿਹੀ ਲੱਗ ਗਈ ਸੀ। ਅੱਧੇ ਕੁ ਘੰਟੇ ਮਗਰੋਂ ਮੈਂ ਵੀ ਡਿਗਦੀ ਢਹਿੰਦੀ ਲੰਬੜਾਂ ਦੀ ਹਵੇਲੀ ਵੱਲ੍ਹ ਨੂੰ ਤੁਰ ਪਈ।

"ਆ ਰਹਾਮਦਿਆਂ ਬਾਹਰ ਆ, ਆ ਤੇਰੀ ਦਾਹੜੀ ਪੁੱਟ ਕੇ ਤੇਰੇ ਢੂਏ 'ਚ ਦੇਵਾ।"

"ਮੈਂ ਤਾਂ ਖਾਖਾਂ ਪਾੜ ਦਊਂ ਜਿਹੜਾ ਮੈਨੂੰ ਮੈਲੀ ਅੱਖ ਨਾਲ ਵੇਖੂ, ਤੇਰੀ ਕੁੱਤਿਆਂ, ਹਿੰਮਤ ਕਿੱਦਾ ਪਈ ਮੈਨੂੰ ਹੱਥ ਲਾਉਣ ਦੀ।"

ਵੱਡੇ ਗੇਟ 'ਚ ਵੜ੍ਹਦੀ ਨੂੰ ਮੈਨੂੰ ਰਾਣੋ ਦੇ ਉੱਚੇ ਉੱਚੇ ਬੋਲ ਸੁਣਾਈ ਦਿੱਤੇ। ਪੋਚੇ ਵਾਲੀ ਬਾਲਟੀ ਲੰਬੜ ਦੇ ਕਮਰੇ 'ਚ ਮੂਧੀ ਪਈ ਸੀ ਤੇ ਮੈਲਾ ਪਾਣੀ ਵਰਾਂਡੇ ਵੱਲ੍ਹ ਨੂੰ ਵਗਿਆ ਪਿਆ ਸੀ।

"ਨੀਂ ਕੀ ਗੱਲ ਹੋਈ ਆ ਨੀ, ਕੀ ਬੱਕੀ ਜਾਂਦੀ ਏ ਕਮਜ਼ਾਤੇ ਦੂਜੇ ਅੰਦਰੋਂ ਸੁਰਜੀਤ ਕੌਰ ਤੇਜ਼ੀ ਨਾਲ ਬਾਹਰ ਆਈ।

"ਆ ਕੰਜਰੀਏ, ਫਫੇਕੁਟਣੀਏ, ਆ ਤੈਨੂੰ ਗੱਲ ਦੱਸਾਂ। ਆਹ ਤੇਰੇ ਖਸਮ ਨੂੰ ਨਵੀਂ ਜੁਆਨੀ ਚੜ੍ਹੀ ਆ ਨਾ। ਆਪਣੀ ਪੋਤੀ ਨੂੰ ਸੁਲਾ ਇਹਦੇ ਨਾਲ, ਮੇਰੀ ਜਿੱਡੀਓ ਈ ਆ, ਫੇਰ ਤਖ਼ਤੇ ਉਹਲੇ ਖੜ੍ਹੋ ਕੇ ਵੇਖੀ ਤਮਾਸ਼ਾ, ਲੁੱਚੀਏ।"

ਰਾਣੋ ਦੇ ਮੂੰਹੋ ਗੁਸੇ ਨਾਲ ਝੱਗ ਵਗ ਰਹੀ ਸੀ।

"ਨੀ ਕੀ ਭੌਂਕੀ ਜਾਨੀ ਏ, ਕੁੱਤੀਏ।" ਸੁਰਜੀਤ ਕੌਰ ਰਾਣੋ ਵੱਲ ਨੂੰ ਵੱਧੀ।

"ਆ ਤੇਰੇ ਝਾਟੇ ਨੂੰ ਝੁਲਕਾ ਲਾਵਾ, ਰੰਡੀਏ।" ਰਾਣੋ ਸੁਰਜੀਤ ਕੌਰ ਵੱਲ ਨੂੰ ਉੱਲਰੀ।

"ਮੈਂ ਜਾਣਦੀਆਂ ਤੁਹਾਨੂੰ ਕਮਜਾਤਾਂ ਨੂੰ, ਪਹਿਲਾਂ ਖਸਮਾਂ ਨੂੰ ਮਗਰ ਲਾਉਨੀਆਂ ਓ, ਮਗਰੋਂ ਜਦੋਂ ਗੱਲ ਨੀ ਬਣਦੀ ਤਾਂ ਰੌਲਾ ਪਾਉਣ ਡਹਿ ਪੈਂਦੀਆਂ। ਜਿਸ ਥਾਲੀ 'ਚ ਖਾਂਦੀਆਂ ਉਸੇ 'ਚ ਛੇਕ ਕਰਦੀਆਂ।" ਸੁਰਜੀਤ ਕੌਰ ਦੀ ਸੁਰ ਥੋੜ੍ਹੀ ਨੀਵੀਂ ਹੋ ਗਈ ਸੀ।

"ਢਕੀ ਰਹਿ ਕੰਜਰੀਏ, ਨਹੀਂ ਤਾਂ ਲੱਤ ਤੇ ਲੱਤ ਰੱਖ ਕੇ ਪਾੜ ਕੇ ਦੋ ਕਰ ਦਊ। ਵੱਡੀ ਆਈ ਆ ਥਾਲੀ ਵਾਲੀ। ਤੇਰੀ ਥਾਲੀ 'ਚ ਤਾਂ ਰਹਾਮਦੀਏ, ਮੈਂ ਮੂਤਾਂ ਵੀ ਨਾ।" ਰਾਣੋ ਗੁੱਸੇ 'ਚ ਜੋ ਮੂੰਹ ਆਇਆ ਬਕੀ ਜਾ ਰਹੀ ਸੀ। ਲੰਬੜ ਆਪਣੇ ਕਮਰੇ 'ਚੋਂ ਬਾਹਰ ਨਹੀਂ ਸੀ ਨਿਕਲਿਆ। ਰਾਣੋ ਨੂੰ ਚੁੱਪ ਕਰਾਉਂਦੀਂ ਦੀਆਂ ਮੇਰੀਆਂ ਲੱਤਾਂ ਕੰਬ ਰਹੀਆਂ ਸਨ। ਰਾਣੋ ਨੇ ਹੀ ਮੈਨੂੰ ਬਾਹੋਂ ਫੜ ਕੇ ਬਾਹਰਲੇ ਗੇਟ ਵੱਲ ਨੂੰ ਮੋੜਿਆ?

"ਚਲ ਬੀਬੀ, ਸਾਰੀ ਨਾ ਸਹੀ ਅਸੀਂ ਅੱਧੀ ਖਾਲਾਗੇਂ। ਪਰ ਇਸ ਗੰਦੇ ਖਲਣੇ ਦੇ ਘਰੇ ਨੀ ਪੈਰ ਪਾਉਂਦੇ ਅੱਜ ਤੋਂ। ਰਾਣੋ ਅਜੇ ਵੀ ਬੋਲ ਕਬੋਲ ਬੋਲੀ ਤੁਰੀ ਜਾਂਦੀ ਸੀ।

ਬੀਬੀ ਦੇ ਲੋਕੀ ਆਪੋ ਆਪਣੀਆਂ ਖਿੜਕੀਆਂ ਬੂਹਿਆਂ ਦੇ ਉਹਲੇ ਕੰਨ ਖੜ੍ਹੇ ਕਰਕੇ ਖੜੋਤੇ ਸਨ। ਅਸੀਂ ਦੋਵੇਂ ਮਾਵਾਂ ਧੀਆਂ ਸਿਰ ਉੱਚਾ ਕਰਕੇ ਬੀਹੀ ਪਾਰ ਕਰ ਗਈਆਂ। ਮੈਨੂੰ ਇਵੇਂ ਲੱਗਾ ਜਿਵੇਂ ਬਹੁਤ ਸਮਾਂ ਪਹਿਲਾ ਮੇਰੇ ਵੱਲੋਂ ਹਾਰੀ ਹੋਈ ਬਾਜ਼ੀ ਅੱਜ ਮੇਰੀ ਧੀ ਨੇ ਜਿੱਤ ਲਈ ਸੀ।○

## ਹਿੰਦੀ ਕਹਾਣੀ /ਨੌਕਰੀ /ਉਦੈ ਪ੍ਰਕਾਸ਼ /ਅਨੁਵਾਦ : ਭਜਨਬੀਰ ਸਿੰਘ

ਉਨ੍ਹਾਂ ਦਿਨਾਂ ਦੀ ਗੱਲ ਹੈ, ਜਦ ਮਹਾਂਪੰਡਤ ਰਾਹੁਲ ਬੇਰੁਜ਼ਗਾਰ ਸਨ। ਉਨ੍ਹਾਂ ਦੀ ਪਤਨੀ ਬੀਮਾਰ ਸੀ, ਉਹ ਬੱਚਿਆਂ ਦੀ ਫ਼ੀਸ ਭਰਨ ਤੋਂ ਅਸਮਰੱਥ ਸਨ। ਇੱਥੋਂ ਤੱਕ ਕਿ ਉਨ੍ਹਾਂ ਨੂੰ ਖਾਣ ਤੱਕ ਦੇ ਲਾਲੇ ਪਏ ਹੋਏ ਸਨ।

ਪ੍ਰੰਤੂ ਰਾਹੁਲ ਜੀ ਸਵੈਅਭਿਮਾਨੀ ਸਨ, ਇਸ ਲਈ ਕਿਸੇ ਦੇ ਸਾਹਮਣੇ ਆਪਣਾ ਸੰਕਟ ਅਤੇ ਆਪਣੇ ਦੁੱਖ ਪ੍ਰਗਟ ਨਹੀਂ ਸਨ ਕਰਦੇ।

ਉਨ੍ਹਾਂ ਦਿਨਾਂ ਵਿੱਚ ਅਖ਼ਬਾਰਾਂ ਵਿੱਚ ਇੱਕ ਇਸ਼ਤਿਹਾਰ ਨਿਕਲਿਆ। 'ਅਖ਼ਿਲ ਭਾਰਤੀ ਰਾਹੁਲ ਸਾਂਕਤਰਾਇਨ ਸ਼ੋਧ ਸੰਸਥਾਨ' ਵਿੱਚ ਇੱਕ ਅਨੁਵਾਦਕ ਅਤੇ ਇੱਕ ਗ੍ਰੰਥ ਸੰਪਾਦਕ ਦੇ ਲਈ ਅਸਾਮੀਆਂ ਖ਼ਾਲੀ ਸਨ।

ਰਾਹੁਲ ਸਾਂਕਤਰਾਇਨ ਕਿਉਂਕਿ ਕਈ ਭਾਸ਼ਾਵਾਂ ਜਾਣਦੇ ਸਨ ਅਤੇ ਆਪਣੀਆਂ ਕਿਤਾਬਾਂ ਅਤੇ ਅਨੇਕ ਦੁਰਲੱਭ ਪਾਂਡੂਲਿਪੀਆਂ ਦੇ ਸੰਪਾਦਨ ਅਤੇ ਪ੍ਰਕਾਸ਼ਨ ਦਾ ਲੰਮਾ ਤਜਰਬਾ ਉਨ੍ਹਾਂ ਕੋਲ ਸੀ, ਇਸ ਲਈ ਉਨ੍ਹਾਂ ਨੇ ਦੋਵਾਂ ਅਸਾਮੀਆਂ ਲਈ ਬਿਨੈ-ਪੱਤਰ ਦਿੱਤਾ।

ਇੱਕ ਮਹੀਨੇ ਬਾਅਦ 'ਅਖ਼ਿਲ ਭਾਰਤੀ ਰਾਹੁਲ ਸਾਂਕਤਰਾਇਨ ਸ਼ੋਧ ਸੰਸਥਾਨ' ਵੱਲੋਂ ਉਨ੍ਹਾਂ ਨੂੰ ਇੰਟਰਵਿਊ ਲਈ ਕਾਰਡ ਮਿਲਿਆ। ਆਉਣ-ਜਾਣ ਦਾ ਤੀਜੇ ਦਰਜੇ ਦਾ ਕਿਰਾਇਆ ਮਿਲ ਰਿਹਾ ਸੀ, ਇਸ ਲਈ ਉਹ ਰਵਾਨਾ ਹੋ ਗਏ।

ਇੰਟਰਵਿਊ ਵਿੱਚ ਉਹਨਾਂ ਕੋਲੋਂ 'ਵੋਲਗਾ ਤੋਂ ਗੰਗਾ ਤੱਕ' , 'ਦਰਸ਼ਨ ਦਿਗ-ਦਰਸ਼ਨ' , 'ਭੱਜੋ ਨਾ, ਦੁਨੀਆ ਨੂੰ ਬਦਲੋ' ਅਤੇ 'ਮੱਧ ਏਸ਼ੀਆ ਦਾ ਇਤਿਹਾਸ' ਕਿਤਾਬਾਂ ਨਾਲ ਸਬੰਧਤ ਕਈ ਪ੍ਰਸ਼ਨ ਪੁੱਛੇ ਗਏ। ਕਿਉਂਕਿ ਇਹ ਕਿਤਾਬਾਂ ਰਾਹੁਲ ਸਾਂਕਤਰਾਇਨ ਨੇ ਖੁਦ ਲਿਖੀਆਂ ਸਨ, ਇਸ ਲਈ ਉਹ ਬੜੀ ਸਹਿਜਤਾ ਨਾਲ ਉੱਤਰ ਦਿੰਦੇ ਰਹੇ। ਇੱਥੋਂ ਤੱਕ ਕਿ ਕਈ ਵਾਰ ਉਨ੍ਹਾਂ ਨੇ ਇੰਟਰਵਿਊ ਕਮੇਟੀ ਦੇ ਮੈਂਬਰਾਂ ਦੀਆਂ ਗ਼ਲਤੀਆਂ ਨੂੰ ਵੀ ਸੁਧਾਰਿਆ।

ਉਨ੍ਹਾਂ ਦੇ ਜਾਣ ਤੋਂ ਬਾਦ ਸ਼ੋਧ ਸੰਸਥਾਨ ਦੇ ਪ੍ਰਧਾਨ ਨੇ ਜੋ ਇੰਟਰਵਿਊ ਕਮੇਟੀ ਦਾ ਵੀ ਪ੍ਰਧਾਨ ਸੀ, ਕਮੇਟੀ ਦੇ ਮੈਂਬਰਾਂ ਨੂੰ ਪੁੱਛਿਆ ਕਿ ਇਸ ਕੈਂਡੀਡੇਟ ਦੇ ਬਾਰੇ ਵਿੱਚ ਉਨ੍ਹਾਂ ਦੀ ਕੀ ਰਾਇ ਹੈ?

ਸਮਿਤੀ ਦੇ ਮੈਂਬਰ ਸਸ਼ੋਪੰਜ ਵਿਚ ਸਨ। ਫ਼ਿਰ ਇੱਕ ਨੇ ਕਿਹਾ, 'ਸਵਾਲ ਕੁਆਲੀਫੀਕੇਸ਼ਨ ਦਾ ਹੈ ਅਤੇ ਪਾਸਟ ਐਕਸਪੀਰੀਐਂਸ ਦਾ ਹੈ। ਸਾਡੇ ਕੋਲ ਸਤਾਈ ਅਜਿਹੇ ਲੋਕਾਂ ਦੀਆਂ ਅਰਜੀਆਂ ਹਨ, ਜਿਨ੍ਹਾਂ ਨੇ ਮਹਾਂਪੰਡਤ ਰਾਹੁਲ ਸਾਂਕਤਰਾਇਨ ਦੀ ਰਚਨਾ ਅਤੇ ਵਿਅਕਤੀਤਵ ਤੇ ਪੀ. ਐਚ. ਡੀ. ਕੀਤੀ ਹੋਈ ਹੈ। ਪੰਜ ਸਾਲਾਂ ਤੋਂ ਲੈ ਕੇ ਦਸ ਸਾਲਾ ਤੱਕ ਅਧਿਐਨ ਅਤੇ ਸ਼ੋਧ ਦਾ ਤਜਰਬਾ ਵੀ ਹੈ।"

"ਫ਼ਿਰ ਇਹ ਕੈਂਡੀਡੇਟ ਸਾਡੇ ਪ੍ਰਸ਼ਨਾਂ ਦਾ ਉੱਤਰ ਵੀ ਬੜੇ ਅਪਮਾਨਜਨਕ ਅਤੇ ਅਭੱਦਰ ਤਰੀਕੇ ਨਾਲ ਦੇ ਰਿਹਾ ਸੀ। ਆਖ਼ਰ ਸੰਸਥਾਨ ਦੇ ਮਾਣ-ਸਨਮਾਨ ਅਤੇ ਅਹੁਦੇ ਦੇ ਪੱਧਰ ਦਾ ਵੀ ਅਸੀਂ ਧਿਆਨ ਰੱਖਣਾ ਹੈ।" ਇੱਕ ਹੋਰ ਮੈਂਬਰ ਨੇ ਆਪਣੀ ਰਾਇ ਦਿੱਤੀ।

ਸੰਸਥਾਨ ਦੇ ਪ੍ਰਧਾਨ ਜੋ ਕਿ ਇੰਟਰਵਿਊ ਅਤੇ ਚੋਣ ਕਮੇਟੀ ਦੇ ਵੀ ਮੁਖੀ ਸਨ, ਮੁਸਕਰਾਏ, "ਬਿਲਕੁਲ ਠੀਕ ਰਾਇ ਹੈ ਕਮੇਟੀ ਦੀ। ਮੈਂ ਵੀ ਇਸ ਨਾਲ ਸ਼ਤ-ਪ੍ਰਤੀਸ਼ਤ ਸਹਿਮਤ ਹਾਂ। ਮੈਨੂੰ ਤਾਂ ਦੋ ਮਿੰਟ ਵਿੱਚ ਹੀ ਇਹ ਆਦਮੀ 'ਅਬਨਾਰਮਲ' ਅਤੇ 'ਚਲਾਕ' ਲੱਗਣ ਲੱਗ ਗਿਆ ਸੀ। ਭਾਈ, ਸੰਸਥਾਨ ਨੂੰ ਅਜਿਹੇ ਲੋਕਾਂ ਤੋਂ ਦੂਰ ਰੱਖਣ ਵਿੱਚ ਹੀ ਭਲਾਈ ਹੈ।"

ਇਸ ਤੋਂ ਬਾਦ ਪ੍ਰਧਾਨ ਨੇ ਤੰਬਾਕੂ ਚੂਨਾ ਮਿਲਾ ਕੇ ਤਲੀ ਤੇ ਅੰਗੂਠੇ ਨਾਲ ਘਿਸਾਈ ਕੀਤੀ, ਇੱਕ ਚੁਟਕੀ ਹੇਠਲੇ ਬੁੱਲ੍ਹ ਥੱਲੇ ਦੱਬੀ ਅਤੇ ਉੱਠਦਿਆਂ ਹੋਇਆਂ ਕਿਹਾ, "ਕੱਲ੍ਹ ਮੈਂ ਰਾਹੁਲ ਸਾਂਕਤਰਾਇਨ ਜਨਮ ਸ਼ਤਾਬਦੀ ਸਮਾਰੋਹ ਵਿਚ ਵਿਖਿਆਨ ਦੇਣ ਭੁਪਾਲ ਜਾਣਾ ਹੈ। ਮੈਂ ਜਾਂ ਰਿਹਾ ਹਾਂ। ਤੁਸੀਂ ਲਿਸਟ ਆਊਟ ਕਰ ਦਿਉ। ਮੇਰੀ ਰਾਇ ਵਿੱਚ ਅਨੁਵਾਦਕ ਦੀ ਅਸਾਮੀ ਲਈ ਸ੍ਰੀ ਮੁਲਾਇਮ ਚੰਦ ਨੌਨਿਹਾਲ ਅਤੇ ਸੰਪਾਦਕ ਦੇ ਲਈ ਸ੍ਰੀ ਗਿਰਗਿਟ ਜੀ ਠੀਕ ਰਹਿਣਗੇ।"



ਜਾਂਦਿਆਂ-ਜਾਂਦਿਆਂ ਦਰਵਾਜ਼ੇ 'ਤੇ ਪ੍ਰਧਾਨ ਜੀ ਫ਼ਿਰ ਖੜ੍ਹੇ ਹੋਏ ਅਤੇ ਘੁੰਮ ਕੇ ਮੁਸਕਰਾਉਂਦੇ ਹੋਏ ਉਨ੍ਹਾਂ ਨੇ ਕਿਹਾ, "ਬਈ ਲੋਕਤਾਂਤਰਿਕ ਪ੍ਰਣਾਲੀ ਹੈ। ਕਮੇਟੀ ਦੇ ਸਾਰੇ ਮੈਂਬਰ ਤੁਸੀਂ ਸਹਿਮਤ ਤਾਂ ਹੋ ਨਾ?" ਇੰਟਰਵਿਊ ਕਮੇਟੀ ਦੇ ਮੈਂਬਰ ਪ੍ਰਧਾਨ ਦੇ ਜਾਣ ਤੋਂ ਬਾਦ ਵੀ ਕਮਰੇ ਵਿੱਚ 'ਹਾਂ, ਹਾਂ ਹਾਂ, ਹਾਂ, ਕਹਿੰਦੇ ਹੋਏ ਸਿਰ ਹਿਲਾ ਰਹੇ ਸਨ।

ਅਗਲੇ ਦਿਨ ਅਖ਼ਬਾਰਾਂ ਵਿੱਚ ਛੋਟੀ ਜਿਹੀ ਖ਼ਬਰ ਸੀ, 'ਦਿੱਲੀ ਤੋਂ ਆਜਮਗੜ੍ਹ ਜਾਣ ਵਾਲੀ ਰੇਲ ਗੱਡੀ ਦੇ ਤੀਜੇ ਸ਼੍ਰੇਣੀ ਦੇ ਡੱਬੇ ਵਿੱਚ ਇੱਕ ਅੱਧਖੜ੍ਹ ਉਮਰ ਦੇ ਬੰਦੇ ਦੀ ਲਾਸ਼ ਮਿਲੀ। ਚਿਹਰਾ ਗੋਲ, ਰੰਗ ਕਣਕ ਵੰਨਾ ਅਤੇ ਅੱਖਾਂ ਛੋਟੀਆਂ ਹਨ। ਹੁਲੀਏ ਤੋਂ ਇਹ ਬੰਦਾ ਹਿੰਦੀ ਦਾ ਕੋਈ ਲੇਖਕ ਲਗਦਾ ਹੈ। ਉਸਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਮ੍ਰਿਤਕ ਪਿਛਲੇ ਕਈ ਦਿਨਾਂ ਤੋਂ ਭੁੱਖਾ ਸੀ।


ਜਦ ਇਹ ਸੂਚਨਾ ਪ੍ਰਧਾਨ ਜੀ ਨੂੰ ਦਿੱਤੀ ਗਈ ਤਾਂ ਉਹ ਗੰਭੀਰ ਹੋ ਗਏ। ਤੰਬਾਕੂ ਮਲ ਕੇ ਉਨ੍ਹਾਂ ਨੇ ਹੇਠਲੇ ਬੁੱਲ੍ਹ ਥੱਲੇ ਦੱਬਿਆ, ਫ਼ਿਰ ਕਿਹਾ, ਇਹ ਜਾਣ ਬੁੱਝ ਕੇ ਬਣਾਈ ਗਈ ਖ਼ਬਰ ਹੈ। 'ਮਹਾਂਪੰਡਤ ਰਾਹੁਲ ਸਾਂਕਤਰਾਇਨ ਸ਼ੋਧ ਸੰਸਥਾਨ' ਨੂੰ ਬਦਨਾਮ ਕਰਨਾ ਇਸ ਦਾ ਉਦੇਸ਼ ਹੈ। ਜਦ ਕਿ ਅਸਲੀਅਤ ਇਹ ਹੈ ਕਿ ਰਾਹੁਲ ਜੀ ਦਾ ਜਨਮ ਸੰਨ ੧੮੯੩ ਵਿੱਚ ਹੋਇਆ ਸੀ। ਇਸ ਲਿਹਾਜ਼ ਨਾਲ ਉਨ੍ਹਾਂ ਦੀ ਜਨਮ ਸ਼ਤਾਬਦੀ ੧੯੯੩ ਵਿੱਚ ਹੋਣੀ ਚਾਹੀਦੀ ਹੈ। ਪ੍ਰੰਤੂ ੧੯੯੩ ਵਿੱਚ ਰੇਲ ਗੱਡੀਆਂ ਵਿਚ ਤਾਂ ਤੀਜੀ ਸ਼੍ਰੇਣੀ ਹੁੰਦੀ ਹੀ ਨਹੀਂ ਸੀ। ਇਸ ਲਈ ਉਸ ਵਿੱਚ ਕਿਸੇ ਦੇ ਮਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਇੰਨਾ ਕਹਿ ਕੇ ਪ੍ਰਧਾਨ ਹੱਸੇ, ਹੋ ਹੋ ਹੋ

ਆਉ, ਅਸੀਂ ਸਾਰੇ ਵੀ ਹੱਸੀਏ, ਹੋ ਹੋ ਹੋ।

**ਪਤਾ ਉਦੈ ਪ੍ਰਕਾਸ਼ ੯/੨ ਜੱਜ ਕਲੋਨੀ, ਨਿਆਏ ਮਾਰਗ, ਵੈਸ਼ਾਲੀ-੯, ਗਾਜ਼ੀਆਬਾਦ**


**ਪਰਨੇਸ਼ਵਰੀ** (ਨਾਵਲ) ਦੇਸ ਰਾਜ ਕਾਲੀ




'ਪਰਨੇਸ਼ਵਰੀ' ਦੇਸ ਰਾਜ ਕਾਲੀ ਦਾ ਪਲੇਠਾ ਨਾਵਲ ਹੈ। ਦਲਿਤ ਦਮਿਤ ਹਾਸ਼ਿਆਕ੍ਰਿਤ ਸਮਾਜ ਦੀ ਵੇਦਨਾ, ਵਿਥਿਆ ਤੇ ਵਾਸਤਵਿਕਤਾ ਨੂੰ ਪਹਿਚਾਣਦਾ ਇਹ ਬਿਰਤਾਂਤ ਇਤਿਹਾਸ 'ਚੋਂ ਵਰਤਮਾਨ ਤੇ ਵਰਤਮਾਨ 'ਚੋਂ ਇਤਿਹਾਸ ਪਹਿਚਾਨਣ ਵੱਲ ਰਚਿਤ ਹੈ। ਉਹ ਪ੍ਰਚਲਿਤ ਮਿੱਥਾਂ, ਵਿਸ਼ਵਾਸ਼ਾਂ ਤੇ ਪ੍ਰਭਾਵਾਂ ਨੂੰ ਤੋੜਦਾ ਹੈ। ਉਸਦੀ ਤੋੜਨ ਵਿਧੀ ਬੁੱਤ-ਸ਼ਿਕਨੀ ਦੀ ਨਹੀਂ, ਸਗੋਂ ਸੰਵਾਦ ਦੀ ਹੈ। ਉਹ ਪਰੰਪਰਾ ਨਾਲ ਸੰਵਾਦ ਰਚਾਉਂਦਾ ਹੈ ਤੇ ਵਰਤਮਾਨ ਨਾਲ ਪ੍ਰਵਚਨ। ਆਪਣੇ ਸ਼ਹਿਰ ਜਲੰਧਰ ਬਾਰੇ ਪ੍ਰਚਲਿਤ ਰਾਖਸ਼ਸ ਦੀ ਮਿੱਥ ਨੂੰ ਤੋੜ ਕੇ ਉਹ ਕਨਿਸ਼ਕ ਦੇ ਸਮੇਂ ਦੇ ਬੋਧੀ ਭਿਖਸ਼ੂ ਜਲੰਧਰ ਨਾਲ ਜੋੜਦਾ ਹੈ ਤੇ ਵਰਤਮਾਨ ਦੇ ਵਰਿੰਦਾ ਮੰਦਿਰ ਦੀ ਖ਼ੁਦਾਈ 'ਚੋਂ ਨਿਕਲੀ ਜਲੰਧਰ ਰਾਖਸ਼ਸ ਦੀ ਮੂਰਤੀ ਨੂੰ ਬ੍ਰਾਹਮਣੀ 'ਛੜਯੰਤਰ' ਗਰਦਾਨਦਾ ਹੈ। ਦਲਿਤ ਸਮਾਜ ਦੀਆਂ ਧਾਰਮਿਕ-ਅਨੁਸ਼ਠਾਨਕ ਆਸਥਾਵਾਂ ਨੂੰ ਹੋਇਆਂ ਇਕ ਬਹੁਵੰਦੇ-ਬਹੁਵਚਨੇ ਸਮਾਜ ਦੀ ਅਕਾਂਖਿਆ ਪਾਲਦਾ ਹੈ ਜੋ ਕਿ ਆਪਣੀ ਪਹਿਚਾਣ, ਸ਼ਨਾਖ਼ਤ ਤੇ ਵਿਵਹਾਰਾਂ ਪ੍ਰਤਿ ਜਾਗਰੂਕ ਹੋ ਰਿਹਾ ਹੈ। ਵਿਦਿਆ ਪ੍ਰਾਪਤੀ ਦੇ ਗਿਆਨ ਦੀ ਜਗਿਆਸਾ ਨੂੰ ਉਹ ਮੁਕਤੀ ਦਾ ਸਾਧਨ ਮੰਨਦਾ ਹੋਇਆ 'ਪਰਨੇਸ਼ਵਰੀ' ਦੇਵੀ ਦੇ ਇਕ ਅਜਿਹੇ ਬਿੰਬ ਦੀ ਪਰਿਕਲਪਨਾ ਕਰਦਾ ਹੈ ਜਿਸ ਵਿਚ ਗਣਪਤੀ ਨੂੰ ਪਰਨੇਸ਼ਵਰੀ ਦੇ ਕਮਲ ਸਿੰਘਾਸਨ ਹੇਠ ਦੱਬਿਆ ਦਿਖਾਇਆ ਗਿਆ ਹੈ। ਗਣਪਤੀ ਦੇ ਇਕ ਹੱਥ ਵਿਚ ਲਹੂ ਲਿਬੜੀ ਤਲਵਾਰ ਸੀ ਦੂਜੇ ਵਿਚ ਚਿੱਬ ਖੜੱਬੀ ਢਾਲ। ਨਾਇਕ ਵਲੋਂ ਇਸ ਮੂਰਤੀ ਨੂੰ ਆਪਣੇ ਪੜ੍ਹਨ ਵਾਲੇ ਕਮਰੇ ਵਿਚ ਸਥਾਪਿਤ ਕਰਨ ਦਾ ਬਿੰਬ ਬੜਾ ਸ਼ਕਤੀਸ਼ਾਲੀ ਹੈ। ਨਵੇਂ ਮੂੰਹ-ਮੁਹਾਂਦਰੇ ਵਾਲੇ ਇਸ ਬਿਰਤਾਂਤ ਨੂੰ ਪੜ੍ਹਨ ਵਾਸਤੇ ਮੈਂ ਪਾਠਕਾਂ ਨੂੰ ਤਾਕੀਦ ਕਰਦਾ ਹੋਇਆ 'ਪਰਨੇਸ਼ਵਰੀ' ਨੂੰ ਖ਼ੁਸ਼ਆਮਦੀਦ ਕਹਿੰਦਾ ਹਾਂ। - **ਮਨਮੋਹਨ**

ਪ੍ਰਕਾਸ਼ਕ : **ਚੇਤਨਾ ਪ੍ਰਕਾਸ਼ਨ**, ਪੰਜਾਬੀ ਭਵਨ, ਲੁਧਿਆਣਾ, ਮੁੱਲ: 100 ਰੁਪਏ

## ਪੰਜਾਬੀ ਕਹਾਣੀ-ਸ਼ਾਸਤਰ

ਡਾ. ਬਲਦੇਵ ਸਿੰਘ ਧਾਲੀਵਾਲ

ਕੋਈ ਵੀ ਸਾਹਿਤਕ ਵਿਧਾ ਕਿਉਂ ਰਚੀ ਜਾਂਦੀ ਹੈ ? ਕਿਵੇਂ ਰਚੀ ਜਾਂਦੀ ਹੈ ? ਅਤੇ ਕਿਉਂ ਪੜ੍ਹੀ ਜਾਂਦੀ ਹੈ ?, ਤਿੰਨ ਮੂਲ ਪ੍ਰਸ਼ਨ ਹਨ ਜਿਨ੍ਹਾਂ ਦਾ ਉੱਤਰ ਲੱਭ ਕੇ ਉਸ ਵਿਧਾ-ਵਿਸ਼ੇਸ਼ ਦੀ ਸ਼ਾਸਤਰ-ਉਸਾਰੀ ਦਾ ਕਾਰਜ ਨਪਰੇ ਚਾੜ੍ਹਿਆ ਜਾ ਸਕਦਾ ਹੈ। ਇਨ੍ਹਾਂ ਪ੍ਰਸ਼ਨਾਂ ਦੀ ਰੋਸ਼ਨੀ ਵਿਚ ਕਹਾਣੀ-ਸ਼ਾਸਤਰ ਬਾਰੇ ਸੋਚੀਏ ਤਾਂ ਉਕਹਾਣੀ-ਪਾਠਾਂ ਦਾ ਬਹੁਪੱਖੀ ਵਸਤੂਮੁਖੀ ਵਿਸ਼ਲੇਸ਼ਣ ਹੀ ਕਹਾਣੀ-ਸ਼ਾਸਤਰ ਅਖਵਾਉਂਦਾ ਹੈ। ਇਸ ਰਾਹੀਂ ਕਹਾਣੀ-ਤੱਤਾਂ ਦੇ ਕਲਾਤਮਕ ਸੰਗਠਨ ਅਤੇ ਉਸ ਪ੍ਰਬੰਧ ਦੇ ਪਿਛੋਕੜ ਵਿਚ ਕਾਰਜਸ਼ੀਲ ਨੇਮਾਂ ਦਾ ਅਧਿਐਨ ਕੀਤਾ ਜਾਂਦਾ ਹੈ। ਕਹਾਣੀ-ਪਾਠਾਂ ਦੀ ਅਜਿਹੀ ਸਮਝ ਅੱਗੋਂ ਉਨ੍ਹਾਂ ਸਮਾਜਕ-ਇਤਿਹਾਸਕ ਸੰਰਚਨਾਵਾਂ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ ਜਿਹੜੀਆਂ ਇਨ੍ਹਾਂ ਕਹਾਣੀ-ਪਾਠਾਂ ਦੀਆਂ ਪ੍ਰੇਰਕ ਹੁੰਦੀਆਂ ਹਨ। ਅੰਤ ਨੂੰ ਇਹ ਕਾਰਜ ਮਨੁੱਖੀ ਹੋਂਦ ਦੇ ਅਸਤਿੱਤਵੀ, ਸਮਾਜਕ, ਇਤਿਹਾਸਕ ਅਤੇ ਬ੍ਰਹਿਮੰਡਕੀ ਸਰੋਕਾਰਾਂ ਤੱਕ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ। 1

ਵਿਲੱਖਣ ਸਭਿਆਚਾਰਕ ਪਛਾਣ ਵਾਲੇ ਕਿਸੇ ਸਮਾਜਕ ਸਮੂਹ ਵੱਲੋਂ ਰਚੀ ਗਈ ਕਹਾਣੀ ਦਾ ਸ਼ਾਸਤਰ ਤਿਆਰ ਕਰਨ ਵੇਲੇ ਵਿਲੱਖਣਤਾ ਉਤੇ ਬਲ ਵਧ ਜਾਣ ਦੇ ਉਲਾਰ ਦਾ ਡਰ ਹਮੇਸ਼ਾਂ ਬਣਿਆ ਰਹਿੰਦਾ ਹੈ। ਇਸ ਲਈ ਪੰਜਾਬੀ ਕਹਾਣੀ-ਸ਼ਾਸਤਰ ਬਾਰੇ ਵਿਚਾਰ ਕਰਦਿਆਂ ਇਹ ਜ਼ਰੂਰੀ ਹੈ ਕਿ ਇਸਦੇ ਮੌਲਿਕ ਮੁਹਾਂਦਰੇ ਦੀ ਤਲਾਸ਼ ਦੇ ਨਾਲ ਨਾਲ ਇਸਦੇ ਭਾਰਤੀ ਲੋਕ-ਕਥਾ ਵਾਲੇ ਪ੍ਰੇਰਕਾਂ ਅਤੇ ਕਹਾਣੀ ਦੇ ਅੰਤਰਰਾਸ਼ਟਰੀ ਸਰੂਪ ਨਾਲ ਸਾਂਝ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ। ਆਧੁਨਿਕ ਪੰਜਾਬੀ ਕਹਾਣੀ ਸਾਡੇ ਵਾਰਤਕੀ ਬਿਰਤਾਂਤ ਦੀ ਇਕ ਕਿਸਮ ਅਤੇ ਸੁਤੰਤਰ ਵਿਧਾ ਹੈ ਪਰ ਇਸ ਦੇ ਬੁਨਿਆਦੀ ਤੱਤ ਵਿਸ਼ਵ ਦੀਆਂ ਸਮੁੱਚੀਆਂ ਬਿਰਤਾਂਤਕ ਵਿਧਾਵਾਂ ਵਾਲੇ ਹੀ ਹਨ। ਉਹ ਤੱਤ ਪੰਜਾਬੀ ਕਹਾਣੀ ਵਿਚ ਉਮਾਤਰਾ ਵਿਚ ਵੱਖਰੇ ਹਨ, ਵੰਨਗੀ 'ਚ ਨਹੀਂ। 2

ਆਧੁਨਿਕ ਪੰਜਾਬੀ ਕਹਾਣੀ ਵੀ ਬਿਰਤਾਂਤ ਦੇ ਬੁਨਿਆਦੀ ਤੱਤਾਂ ਬਿਰਤਾਂਤਕਾਰ, ਘਟਨਾ, ਪਾਤਰ, ਗਲਪੀ ਭਾਸ਼ਾ ਨਾਲ ਸਿਰਜੀ ਜਾਂਦੀ ਹੈ ਪਰ ਪੰਜਾਬੀ ਸਭਿਆਚਾਰ ਦੇ ਵੱਖਰੇ ਦਬਾਵਾਂ ਕਰ ਕੇ ਉਨ੍ਹਾਂ ਤੱਤਾਂ ਨੂੰ ਆਪਣੇ ਵਿਸ਼ੇਸ਼ ਲਹਿਜ਼ੇ ਅਨੁਸਾਰ ਗਲਪੀ-ਸੰਗਠਨ ਵਿਚ ਢਾਲ ਕੇ ਪੇਸ਼ ਕਰਦੀ ਹੈ। ਅਜਿਹੀ ਵਿਸ਼ੇਸ਼ਤਾ ਆਧੁਨਿਕ ਪੰਜਾਬੀ ਕਹਾਣੀ ਰੂਪਾਕਾਰ ਦੇ ਨਾਮਕਰਨ ਤੋਂ ਹੀ ਝਲਕਣ ਲਗਦੀ ਹੈ। ਮੱਧਕਾਲੀਨ ਭਾਰਤੀ ਬਿਰਤਾਂਤ ਰੂਪ ਬਾਤ ਜਾਂ ਲੋਕ-ਕਥਾ ਅਤੇ ਆਧੁਨਿਕ ਪੱਛਮੀ ਸਾਹਿਤ ਰੂਪਾਕਾਰ ਨਿੱਕੀ ਕਹਾਣੀ ਦੀ ਥਾਂ ਇਸ ਲਈ 'ਕਹਾਣੀ' ਸੰਕਲਪ ਹੀ ਵਧੇਰੇ ਢੁੱਕਵਾਂ ਮੰਨਿਆਂ ਜਾਂਦਾ ਹੈ। ਇਸ ਨਾਂ ਨਾਲ ਇਹ ਵਿਧਾ ਆਪਣੇ ਖੁੱਲ੍ਹੇਪਣ ਵੱਲ ਸੰਕੇਤ ਕਰਦੀ ਹੈ। ਇਸ ਖੁੱਲ੍ਹੇਪਣ ਵਿਚ ਮਿੰਨ੍ਹੀ ਕਹਾਣੀ ਤੋਂ ਲੈ ਕੇ ਲੰਮੀ ਜਟਿਲ ਕਹਾਣੀ ਤੱਕ ਦੀਆਂ ਸਭ ਪ੍ਰਵਿਰਤੀਆਂ ਸਹਿਜੇ ਹੀ ਸਮਾ ਜਾਂਦੀਆਂ ਹਨ। ਮੱਧਕਾਲੀ ਅਤੇ ਆਧੁਨਿਕ ਸਾਹਿਤ-ਵਿਧਾਵਾਂ ਦੀਆਂ ਅਨੰਤ ਸਾਹਿਤਕ ਜੁਗਤਾਂ ਜਿਵੇਂ ਦ੍ਰਿਸ਼ਟਾਂਤਕ, ਪ੍ਰਤਿਰੂਪਕ, ਫੈਂਟਸੀ ਆਦਿ, ਦੀ ਵਰਤੋਂ ਕਰ ਕੇ ਨਿੱਤ ਨਵੇਂ ਪ੍ਰਯੋਗਾਂ ਲਈ ਵੀ ਇਉਂ ਰਾਹ ਪੱਧਰਾ ਹੋ ਜਾਂਦਾ ਹੈ। ਆਪਣੀ ਅਜਿਹੀ ਸਮਰੱਥਾ ਸਦਕਾ ਹੀ ਆਧੁਨਿਕ ਪੰਜਾਬੀ ਕਹਾਣੀ ਆਪਣੇ ਸਮਾਨੰਤਰ ਚਲਦੀਆਂ ਸਾਹਿਤਕ ਵਿਧਾਵਾਂ ਨੂੰ ਮਾਤ ਪਾਉਣ ਵਿਚ ਸਫਲ ਹੁੰਦੀ ਹੈ।

ਨਿਰਸੰਦੇਹ, ਸਮੁੱਚੀ ਆਧੁਨਿਕ ਪੰਜਾਬੀ ਕਹਾਣੀ ਦੇ ਕੁਝ ਸਰਬ-ਸਾਂਝੇ ਲੱਛਣਾਂ ਦੀ ਨਿਸ਼ਾਨਦੇਹੀ ਵੀ ਕੀਤੀ ਜਾ ਸਕਦੀ ਹੈ, ਜਿਵੇਂ ਇਸਦੀ ਯਥਾਰਥਵਾਦੀ ਰਚਨਾ-ਦ੍ਰਿਸ਼ਟੀ, ਪ੍ਰਤਿਰੂਪਕ ਰਚਨਾ-ਵਿਧੀ ਅਤੇ ਸੰਦੇਸ਼ਮੂਲਕ ਸੰਚਾਰ ਯੋਗਤਾ ਆਦਿ, ਪਰ ਅਸਲ ਵਿਚ ਇਸਦੇ ਕਹਾਣੀ-ਸ਼ਾਸਤਰੀ ਸਰੋਕਾਰਾਂ ਨੂੰ ਵਧੇਰੇ ਡੂੰਘਾਈ ਵਿਚ ਸਮਝਣ ਲਈ ਇਸਦੇ ਵੱਖ ਵੱਖ ਪੜਾਵਾਂ ਅਤੇ ਉਨ੍ਹਾਂ ਪੜਾਵਾਂ ਵਿਚ ਸਮਾਨੰਤਰ ਚਲਦੀਆਂ ਰਹੀਆਂ ਧਾਰਾਵਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਇਤਿਹਾਸ ਦੇ ਵੱਖ ਵੱਖ ਪੜਾਵਾਂ ਉਤੇ



ਹੋਂਦ 'ਚ ਆਈਆਂ ਜਨ-ਜਾਗਰਨ ਦੀਆਂ ਵਿਭਿੰਨ ਲਹਿਰਾਂ ਦੀ ਆਧੁਨਿਕ ਪੰਜਾਬੀ ਕਹਾਣੀ ਦੇ ਰਚਨਾਤਮਕ ਨੇਮਾਂ ਨੂੰ ਪ੍ਰਭਾਵਿਤ ਕਰਨ ਵਿਚ ਪ੍ਰਮੁੱਖ ਭੂਮਿਕਾ ਰਹੀ ਹੈ।

ਵੀਹਵੀਂ ਸਦੀ ਦੇ ਆਰੰਭ ਵਿਚ ਆਧੁਨਿਕ ਪੰਜਾਬੀ ਕਹਾਣੀ ਦਾ ਜਨਮ ਭਾਰਤ ਵਿਚ ਪੁਨਰ-ਜਾਗਰਨ ਦੀ ਉਸ ਲਹਿਰ ਵਿਚੋਂ ਹੁੰਦਾ ਹੈ ਜਿਹੜੀ ਬਰਤਾਨਵੀ ਬਸਤੀਵਾਦੀ ਸਾਮਰਾਜ ਦੀ ਚੁਣੌਤੀ ਦੇ ਸਨਮੁਖ ਪੰਜਾਬੀਆਂ ਵਿਚ ਆਪਣੇ ਮੂਲ ਦੀ ਪਛਾਣ ਦਾ ਜ ਬਾ ਪੈਦਾ ਕਰਦੀ ਹੈ। ਇਸ ਚੇਤਨਾ ਅਧੀਨ ਪੰਜਾਬੀ ਆਪਣੀਆਂ ਸਿਰਜਣਾਤਮਕ ਸ਼ਕਤੀਆਂ ਦੇ ਵਿਰਸੇ ਨੂੰ ਜਗਾ ਕੇ ਸਮਕਾਲੀ ਚੁਣੌਤੀ ਨਾਲ ਸੰਵਾਦ 'ਚ ਪੈਣ ਦਾ ਉਪਰਾਲਾ ਕਰਦੇ ਹਨ। ਨਿਸਚੇ ਹੀ ਇਹ ਲੜਾਈ ਨਿਰੋਲ ਪਰੰਪਰਾਗਤ ਵਿਧੀਆਂ ਨਾਲ ਨਹੀਂ ਜਿੱਤੀ ਜਾ ਸਕਦੀ ਸੀ, ਇਸ ਲਈ ਉਹ ਆਪਣੇ ਵਿਰਸੇ ਅਤੇ ਪੱਛਮੀ ਜੀਵਨ-ਮੁੱਲਾਂ ਦੇ ਜੀਵੰਤ ਅਤੇ ਵੇਲਾ ਵਿਹਾ ਚੁੱਕੇ ਰੂਪਾਂ ਦੀ ਨਿਸ਼ਾਨਦੇਹੀ ਕਰਦਿਆਂ ਚੋਣ ਦੀ ਪ੍ਰਕਿਰਿਆ ਵਿਚ ਪੈਂਦੇ ਹਨ। ਸਿੱਟੇ ਵਜੋਂ ਮੁੱਢਲੇ ਪੰਜਾਬੀ ਕਹਾਣੀਕਾਰ ਇਕ ਪਾਸੇ ਭਾਰਤੀ ਲੋਕ-ਕਥਾ ਦਾ ਸਿਰਜਣਾਤਮਕ ਰੂਪਾਂਤਰਣ ਕਰਨ ਲਗਦੇ ਹਨ ਅਤੇ ਦੂਜੇ ਪਾਸੇ ਅੰਗਰੇ ੀ ਕਹਾਣੀ-ਚੇਤਨਾ ਨੂੰ ਗ੍ਰਹਿਣ ਕਰ ਕੇ ਆਧੁਨਿਕ ਪੰਜਾਬੀ ਕਹਾਣੀ ਰਚਨਾ ਦੀ ਉਤਪਤੀ ਦੇ ਅਮਲ ਵਿਚ ਪੈਂਦੇ ਹਨ। ਮੁਢਲੇ ਪੰਜਾਬੀ ਨਾਵਲ ਦਾ ਅਧਿਐਨ ਕਰਦਿਆਂ ਸਿਰਮੌਰ ਗਲਪ ਸ਼ਾਸਤਰੀ ਡਾ. ਜੋਗਿੰਦਰ ਸਿੰਘ ਰਾਹੀ ਨੇ ਇਸ ਨ ਰੀਏ ਦੀ ਭਰਪੂਰ ਅਤੇ ਪ੍ਰਮਾਣਿਕ ਵਿਆਖਿਆ ਕੀਤੀ ਹੈ। ਇਨ੍ਹਾਂ ਮੁੱਢਲੇ ਕਹਾਣੀਕਾਰਾਂ ਦੀ ਰਚਨਾ-ਦ੍ਰਿਸ਼ਟੀ ਨੂੰ ਵੀ ਪੰਜਾਬੀ ਦੇ ਗਲਪ-ਸ਼ਾਸਤਰੀਆਂ ਨੇ ਇਕ ਮੱਤ ਹੋ ਕੇ ਸੁਧਾਰਵਾਦੀ ਮੰਨਿਆ ਹੈ। ਪਰ ਪੰਜਾਬੀ ਚਿੰਤਕਾਂ ਅਤੇ ਕਹਾਣੀਕਾਰਾਂ ਦਾ ਇਕ ਵਰਗ ਇਸ ਪ੍ਰਵਿਰਤੀ ਨੂੰ ਨਾਂਹ-ਵਾਚੀ ਅਰਥਾਂ ਵਿਚ ਪਰਿਭਾਸ਼ਤ ਕਰਨ ਵੱਲ ਵੀ ਰੁਚਿਤ ਰਿਹਾ ਹੈ, ਜਿਸ ਕਰ ਕੇ ਮੁੱਢਲੀ ਪੰਜਾਬੀ ਕਹਾਣੀ ਨੂੰ ਉਭੁਲਾ ਕੇ ਸੰਤ ਸਿੰਘ ਸੇਖੋਂ ਤੋਂ ਆਧੁਨਿਕ ਪੰਜਾਬੀ ਕਹਾਣੀ ਦਾ ਮੁੱਢ ਬੰਨ੍ਹੇ ਜਾਣ ਦੀ ਵਕਾਲਤ ਵੀ ਕੀਤੀ ਜਾਂਦੀ ਰਹੀ ਹੈ।3

ਹੁਣ ਬਸਤੀਵਾਦੀ ਚੇਤਨਾ ਦੀ ਛੱਟ ਲਾਹ ਕੇ, ਉਤਰ-ਬਸਤੀਵਾਦੀ ਚੇਤਨਾ ਰਾਹੀਂ ਮੁੱਢਲੀ ਪੰਜਾਬੀ ਕਹਾਣੀ ਨੂੰ ਨਿਹਾਰਨ ਨਾਲ ਪੰਜਾਬੀ ਸੁਧਾਰਵਾਦ ਦੀ ਹਾਂ-ਵਾਚੀ ਵਿਆਖਿਆ ਨੂੰ ਵਿਸ਼ੇਸ਼ ਬਲ ਮਿਲਿਆ ਹੈ। ਸਾਡੀ ਜਾਚੇ ਇਸ ਸੁਧਾਰਵਾਦ ਨੂੰ ਪੂਰਬੀ ਆਧੁਨਿਕਵਾਦ ਦਾ ਹੀ ਦੂਜਾ ਨਾਂ ਕਿਹਾ ਜਾ ਸਕਦਾ ਹੈ। ਆਧੁਨਿਕ ਚੇਠਤਨਾ ਦੇ ਪਾਸਾਰ ਅਤੇ ਭਾਰਤੀ ਸੁਤੰਤਰਤਾ ਸੰਗਰਾਮ ਦੇ ਪ੍ਰਸੰਗ ਵਿਚ ਇਹ ਸੁਧਾਰਵਾਦ ਮੁਢਲੇ ਪੰਜਾਬੀ ਕਹਾਣੀਕਾਰਾਂ ਦੀ ਸ਼ਕਤੀ ਬਣਦਾ ਹੈ। ਉਮੁਢਲੇ ਕਹਾਣੀਕਾਰ ਹੀਰਾ ਸਿੰਘ ਦਰਦ, ਸੋਹਨ ਸਿੰਘ ਜੋਸ਼ ਮਾਰਕਸਵਾਦੀ ਦ੍ਰਿਸ਼ਟੀ ਤੋਂ ਸਾਮੰਤਵਾਦੀ ਕਦਰਾਂ ਦੇ ਖੰਡਨ ਰਾਹੀਂ ਨਵੇਂ ਸਮਾਜ ਦੀ ਪਰਿਕਲਪਨਾ ਕਰਦੇ ਹਨ। ਗੁਰਮੁਖ ਸਿੰਘ ਮੁਸਾਫ਼ਰ ਰਾਸ਼ਟਰਵਾਦ ਦੇ ਸੰਕਲਪ ਅਧੀਨ ਪੰਜਾਬੀ ਸਵੈਮਾਨ ਨੂੰ ਉਭਾਰਦਾ ਹੈ। ਮੋਹਨ ਸਿੰਘ ਦੀਵਾਨਾ ਵਿਰਸੇ ਦੇ ਅਛੋਪਲੇ, ਪਰੰਤੂ ਜੀਵੰਤ ਤੱਤਾਂ ਦੀ ਪੁਨਰ-ਪਛਾਣ ਕਰਾਉਂਦਾ ਹੈ। ਨਾਨਕ ਸਿੰਘ ਜਾਤ-ਪਾਤੀ ਵਿਵਸਥਾ ਦੀ ਕਰੂਰਤਾ ਦਾ ਚਿਤਰਨ ਕਰਦਾ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਵਿਸ਼ਵ ਮਾਨਵਵਾਦ ਦੇ ਵਡੇਰੇ ਪਰਿਪੇਖ ਵਿਚ ਪ੍ਰੀਤ ਦੇ ਮਹੱਤਵ ਨੂੰ ਦ੍ਰਿੜਾਉਂਦਾ ਹੈ। ਇਸ ਪ੍ਰਕਾਰ ਇਹ ਸਮੂਹ ਕਹਾਣੀਕਾਰ ਆਪਣੀ ਇਤਿਹਾਸਕ ਭੂਮਿਕਾ ਅਨੁਸਾਰ ਸੰਕ੍ਰਾਂਤੀ ਕਾਲ ਦੀ ਪਾਠਕ ਚੇਤਨਾ ਨੂੰ ਪੂਰਨ ਭਾਂਤ ਸੰਤੁਸ਼ਟ ਕਰਦੇ ਹਨ। 4

ਇਸ ਕਹਾਣੀ ਵਿਚ ਗ਼ੁਲਾਮ ਭਾਰਤ ਵਾਸੀਆਂ ਦਾ ਆਪਣੀ ਪਰੰਪਰਾ ਦੇ ਰੂੜ੍ਹੀਵਾਦੀ ਤੱਤਾਂ ਨਾਲ ਜੁੜਿਆ ਹੀਣ-ਭਾਵ, ਆ ਾਦੀ ਦੇ ਸੁਪਨੇ, ਸਥਾਪਤੀ ਦੇ ਬਰ ਦਾ ਭੈਅ ਅਤੇ ਉਸ ਦੇ ਵਿਰੁੱਧ ਪੈਦਾ ਹੋ ਰਹੀ ਨਾਬਰੀ ਦੀ ਭਾਵਨਾ ਆਦਿ ਦੇ ਜ ਬੇ ਇਕ ਦੂਜੇ ਵਿਚ ਰਲਗਡ ਨ ਰ ਆਉਂਦੇ ਹਨ। ਫਿਰ ਵੀ ਕਹਾਣੀਕਾਰ ਸੂਤਰਧਾਰੀ ਭੂਮਿਕਾ ਰਾਹੀਂ ਆਪਣੇ ਨਾਇਕ ਨੂੰ ਕੁਝ ਆਦਰਸ਼ਿਆ ਕੇ ਸੁਪਨਿਆਂ ਦੇ ਰਾਹ ਵਧੇਰੇ ਤੋਰਦਾ ਹੈ, ਭਾਵੇਂ ਇਸ ਵਾਸਤੇ ਉਸਨੂੰ ਕੁਝ ਮੱਧਕਾਲੀ ਬਿਰਤਾਂਤ ਜੁਗਤਾਂ (ਪੈਗੰਬਰੀ ਬਿਰਤਾਂਤਕਾਰ, ਮੌਕਾ-ਮੇਲ, ਅੰਤਿਮ ਕਾਵਿਕ ਨਿਆਂ, ਇਕਭਾਵੀ ਪਾਤਰ-ਸਿਰਜਣਾ ਆਦਿ) ਦਾ ਸਹਾਰਾ ਵੀ ਲੈਣਾ ਪੈਂਦਾ ਹੈ। ਪਰ ਅਜਿਹਾ ਕਰਦਿਆਂ ਵੀ ਉਹ ਸੁਚੇਤ ਤੌਰ ਤੇ ਆਧੁਨਿਕ ਚੇਤਨਾ ਦਾ ਪੱਲਾ ਘੁੱਟ ਕੇ ਫੜ੍ਹੀ

ਰਖਦਾ ਹੈ। ਸਿੱਟੇ ਵਜੋਂ ਉਸ ਦੀ ਕਹਾਣੀ ਲੌਕਿਕ ਸਰੋਕਾਰਾਂ ਵਾਲਾ ਕਥਾ-ਵਿਵੇਕ ਸਿਰਜਦੀ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਦੀ 1913 ਵਿਚ ਲਿਖੀ ਗਈ ਕਹਾਣੀ 'ਪ੍ਰਤਿਮਾ' ਮੁੱਢਲੀ ਪੰਜਾਬੀ ਕਹਾਣੀ ਦਾ ਇਕ ਪ੍ਰਤੀਨਿਧ ਨਮੂਨਾ ਪੇਸ਼ ਕਰਦੀ ਹੈ। ਆਪਣੀ ਬਾਹਰੀ ਸੰਰਚਨਾ ਤੋਂ ਇਹ ਕਹਾਣੀ ਮੱਧਕਾਲੀ ਲੋਕ-ਕਥਾ ਦਾ ਪੈਟਰਨ ਅਪਣਾਉਂਦੀ ਜਾਪਦੀ ਹੈ ਪਰ ਡੂੰਘ-ਸੰਰਚਨਾ ਨੂੰ ਘੋਖੀਏ ਤਾਂ ਇਸ ਵਿਚ ਮੱਧਕਾਲੀ ਕਥਾ-ਰੂੜ੍ਹੀਆਂ ਦਾ ਆਧੁਨਿਕ ਦ੍ਰਿਸ਼ਟੀ ਤੋਂ ਰੂਪਾਂਤਰਣ ਹੋਇਆ ਪ੍ਰਤੱਖ ਨ ਰ ਆਉਣ ਲਗਦਾ ਹੈ। ਇਕ ਅਮੀਰ ਬਾਪ ਦੇ ਵਿਗੜੇ ਬੇਟੇ ਸੁਖਰਾਜ ਦੀ ਹਵੇਲੀ ਵਿਚ  ਬਰੀ ਲਿਆ ਕੇ ਕੈਦ ਕੀਤੀ ਮੁਟਿਆਰ ਪ੍ਰਤਿਮਾ ਦਾ ਆਪਣੀ ਮੁਕਤੀ ਲਈ ਕੀਤਾ ਗਿਆ ਯਤਨ ਅਤੇ ਅੰਤ ਆਪਣੇ ਪ੍ਰੀਤਮ ਦਵਿੰਦਰ ਨਾਲ ਮੇਲ ਅੰਤਿਮ ਅਰਥਾਂ ਵਿਚ ਮਨੁੱਖ ਦੀ ਆ ਾਦੀ ਦੀ ਤਾਂਘ ਦਾ ਰਚਨਾ-ਵਿਵੇਕ ਸਿਰਜ ਜਾਂਦਾ ਹੈ। ਇਉਂ ਮੁੱਢਲਾ ਪੰਜਾਬੀ ਕਹਾਣੀਕਾਰ ਸੁਤੰਤਰਤਾ ਸੰਗਰਾਮ ਦੀ ਕਸਵੱਟੀ ਨਾਲ ਭਾਰਤੀ ਅਤੇ ਪੱਛਮੀ ਕਦਰਾਂ-ਕੀਮਤਾਂ ਨੂੰ ਤਿਆਗਣ ਅਤੇ ਅਪਨਾਉਣ ਦਾ ਕਾਰਜ ਸੁਚੇਤ ਭਾਂਤ ਨੇਪਰੇ ਚਾੜ੍ਹਦਾ ਹੈ। ਆਪਣੇ ਯੁਗ ਦੀ ਪਾਠਕ-ਚੇਤਨਾ ਦੇ ਲੌਕਿਕ ਸਰੋਕਾਰਾਂ ਅਨੁਕੂਲ ਉਹ ਭਾਰਤੀ ਲੋਕ-ਕਥਾ ਅਤੇ ਪੱਛਮੀ ਕਹਾਣੀ-ਵਿਧਾ ਦਾ ਸਿਰਜਣਾਤਮਕ ਰੂਪਾਂਤਰਨ ਕਰਦਾ ਹੈ।

ਵੀਹਵੀਂ ਸਦੀ ਦੇ ਚੌਥੇ ਦਹਾਕੇ ਦੇ ਅੰਤ ਤੇ ਪ੍ਰਗਤੀਵਾਦੀ ਲਹਿਰ ਦਾ ਬੋਲ-ਬਾਲਾ ਹੋ ਜਾਣ ਦੀ ਸੂਰਤ ਵਿਚ ਪੰਜਾਬੀ ਕਹਾਣੀ ਦੇ ਰਚਨਾਤਮਕ ਪੈਟਰਨ ਵੀ ਪਰਿਵਰਤਤ ਹੋਣ ਲਗਦੇ ਹਨ। ਪੰਜਾਬੀ ਕਹਾਣੀਕਾਰ ਦੀ ਰਚਨਾ-ਦ੍ਰਿਸ਼ਟੀ ਸਾਹਵੇਂ ਕ੍ਰਾਂਤੀ ਰਾਹੀਂ ਸਮਾਜਵਾਦ ਲਿਆਉਣ ਦਾ ਵਡੇਰਾ ਉਦੇਸ਼ ਚੁਣੌਤੀ ਬਣ ਜਾਂਦਾ ਹੈ। ਇਸ ਦੀ ਪੂਰਤੀ ਹਿਤ ਉਹ ਕ੍ਰਾਂਤੀ ਦੇ ਰਾਹ ਵਿਚ ਰੁਕਾਵਟ ਬਣਨ ਵਾਲੀਆਂ ਜਾਗੀਰੂ ਅਤੇ ਪੂੰਜੀਵਾਦੀ-ਸਾਮਰਾਜੀ ਪ੍ਰਸਥਿਤੀਆਂ ਦੀ ਵਾਸਤਵਿਕ ਪਛਾਣ ਕਰਨ ਦਾ ਯਤਨ ਕਰਦਾ ਹੈ ਅਤੇ ਨਾਲ ਹੀ ਕ੍ਰਾਂਤੀ ਦੇ ਸੁਪਨੇ ਨੂੰ ਪਾਠਕ ਦੀ ਚੇਤਨਾ ਦਾ ਅੰਗ ਬਨਾਉਣਾ ਲੋਚਦਾ ਹੈ। ਇਸ ਦ੍ਰਿਸ਼ਟੀ ਤੋਂ ਵੇਖਿਆਂ ਸਮੂਹ ਸਮਕਾਲੀ ਮਨੁੱਖੀ ਸਮੱਸਿਆਵਾਂ ਦਾ ਕਾਰਨ ਬੁਰਜੁਆ ਸ਼੍ਰੇਣੀ ਜਾਂ ਸਥਾਪਤੀ ਜਾਪਣ ਲਗਦੀ ਹੈ। ਭਾਰਤ ਦੀ ਆ ਾਦੀ ਵੀ ਅਧੂਰੀ ਨ ਰ ਆਉਂਦੀ ਹੈ ਕਿਉਂਕਿ ਬਸਤੀਵਾਦੀਆਂ ਦੀ ਥਾਂ ਕਾਬਜ ਹੋਈ ਕੌਮੀ ਬੁਰ ੁਆ ਜਮਾਤ ਆਪਣੇ ਹਿਤਾਂ ਨੂੰ ਪਹਿਲ ਦਿੰਦਿਆਂ ਆਮ ਲੋਕਾਂ ਤੱਕ ਆ ਾਦੀ ਦੀਆਂ ਬਰਕਤਾਂ ਪਹੁੰਚਣ ਹੀ ਨਹੀਂ ਦਿੰਦੀ। ਸੰਤਾਲੀ ਦੀ ਵੰਡ ਦੌਰਾਨ ਆਮ ਲੋਕਾਂ ਦੀਆਂ ਦੁਸ਼ਵਾਰੀਆਂ ਨੂੰ ਵੀ ਸਥਾਪਤੀ ਦੀ ਅਜਿਹੀ ਸੱਤਾ-ਭੁੱਖ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਬਾਅਦ ਵਿਚ ਨਕਸਲਬਾੜੀ ਲਹਿਰ ਇਸ ਰਚਨਾ-ਦ੍ਰਿਸ਼ਟੀ ਨੂੰ ਹੋਰ ਵਿਦਰੋਹੀ ਬਣਾਉਂਦੀ ਹੈ। ਪੰਜਾਬ ਸੰਕਟ ਦੇ ਵਿਕਰਾਲ ਰੂਪ ਧਾਰਨ ਅਤੇ ਵਿਸ਼ਵੀਕਰਨ ਦੀ ਪ੍ਰਕਿਰਿਆ ਦੇ ਤੇਜ ਹੋਣ ਨੂੰ ਵੀ ਪ੍ਰਗਤੀਵਾਦੀ ਦ੍ਰਿਸ਼ਟੀ ਸਾਮਰਾਜਵਾਦ ਦੀ ਨਵਬਸਤੀਵਾਦੀ ਨੀਤੀ ਦੇ ਪਰਿਪੇਖ ਵਿਚ ਹੀ ਸਮਝਣ ਦਾ ਯਤਨ ਕਰਦੀ ਹੈ।

ਦੂਜੇ ਅਤੇ ਤੀਜੇ ਪੜਾਅ ਦੀ ਪੰਜਾਬੀ ਕਹਾਣੀ ਦਾ ਵਡੇਰਾ ਭਾਗ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਹੀ ਰਚਿਆ ਗਿਆ ਮਿਲਦਾ ਹੈ। ਨਿਸਚੇ ਹੀ ਇਸਦਾ ਪ੍ਰੇਰਕ ਮਾਰਕਸਵਾਦੀ ਦਰਸ਼ਨ ਅਤੇ ਵਿਸ਼ਵ ਵਿਚ ਹੋਂਦ ਗ੍ਰਹਿਣ ਕਰ ਚੁੱਕਾ ਸਮਾਜਵਾਦ ਦਾ ਵਿਹਾਰਕ ਸਰੂਪ ਬਣਦਾ ਹੈ। ਸੰਤ ਸਿੰਘ ਸੇਖੋਂ ਅਤੇ ਸੁਜਾਨ ਸਿੰਘ ਤੋਂ ਲੈ ਕੇ ਵਰਿਆਮ ਸਿੰਘ ਸੰਧੂ ਤੱਕ ਸੈਂਕੜੇ ਕਹਾਣੀਕਾਰ ਆਪਣੇ ਆਪਣੇ ਲਹਿ  ਵਿਚ ਪ੍ਰਗਤੀਵਾਦੀ ਕਹਾਣੀ-ਮਾਡਲ ਨੂੰ ਅਪਣਾਉਂਦੇ ਅਤੇ ਵਿਕਸਤ ਕਰਦੇ ਹਨ। ਇਸ ਕਲਾਸਕੀ ਮਾਡਲ ਅਨੁਸਾਰ ਕਹਾਣੀ ਦਮਿਤ ਵਰਗ (ਦਲਿਤ, ਨਾਰੀ, ਨਿਮਨ ਕਿਸਾਨੀ, ਆਮ ਸੈਨਿਕ, ਸ਼ਹਿਰੀ ਨਿਮਨ ਮੱਧਵਰਗ, ਸੰਪਰਦਾਇਕ ਹਿੰਸਾ ਦਾ ਸ਼ਿਕਾਰ ਵਰਗ, ਪਰਵਾਸੀ ਵਰਗ ਪਾਕਿਸਤਾਨ ਦਾ ਆਮ ਪੰਜਾਬੀ ਵਰਗ, ਆਦਿ) ਦੇ ਦੁੱਖਾਂ-ਕਲੇਸ਼ਾਂ ਨਾਲ ਆਰੰਭ ਹੁੰਦੀ ਹੈ। ਇਨ੍ਹਾਂ ਦੁਸ਼ਵਾਰੀਆਂ ਦੇ ਕਾਰਨ ਵਜੋਂ ਸਥਾਪਿਤ ਧਿਰ ਦਾ ਕੋਈ ਪ੍ਰਤੀਨਿਧ ਪਾਤਰ ਜਾਂ ਸਥਿਤੀ ਦੇ ਖਲਨਾਇਕੀ ਸਰੂਪ ਨੂੰ ਵਿਅੰਗ ਨਾਲ ਚਿਤਰਿਆ ਜਾਂਦਾ ਹੈ। ਅੰਤ ਲੋਕ-ਪੱਖੀ ਕਦਰਾਂ-ਕੀਮਤਾਂ ਦੀ ਜਿੱਤ ਦਾ ਸੰਕੇਤ ਦੇ ਕੇ 'ਪ੍ਰੋਲਤਾਰੀ ਦੀ ਤਾਨਾਸ਼ਾਹੀ' ਦਾ ਪ੍ਰਤਿਮਾਨ ਉਭਾਰਿਆ ਜਾਂਦਾ ਹੈ। ਇਸ ਤਰ੍ਹਾਂ ਪਾਠਕ ਦੀ ਚੇਤਨਾ ਵਿਚ ਸਥਾਪਤੀ ਵਿਰੁੱਧ ਸੰਘਰਸ਼ ਦੇ ਬੀਜ ਬੀਜਣ ਦਾ ਯਤਨ



ਕੀਤਾ ਜਾਂਦਾ ਹੈ। ਬਹੁਤ ਸਮਾਂ ਪੰਜਾਬੀ ਪਾਠਕਾਂ ਦੀ ਵੱਡੀ ਗਿਣਤੀ ਅਜਿਹੀ ਕਹਾਣੀ ਨੂੰ ਗ੍ਰਹਿਣ ਵੀ ਇਸੇ ਭਾਵਨਾ ਨਾਲ ਹੀ ਕਰਦੀ ਰਹੀ ਹੈ। ਮਿਸਾਲ ਵਜੋਂ ਸੰਤ ਸਿੰਘ ਸੇਖੋਂ ਦੀ 'ਆਸ ਦਾ ਜਨਮ', ਸੁਜਾਨ ਸਿੰਘ ਦੀ 'ਪ੍ਰਾਹੁਣਾ', ਸੰਤੋਖ ਸਿੰਘ ਧੀਰ ਦੀ 'ਸਿੱਟਿਆਂ ਦੀ ਛਾਂ', ਵਰਿਆਮ ਸਿੰਘ ਸੰਧੂ ਦੀ 'ਲੋਹੇ ਦੇ ਹੱਥ' ਕੁਝ ਇਸੇ ਤਰ  ਦੀਆਂ ਕਹਾਣੀਆਂ ਹਨ। ਆਪਣੀ ਵਸਤੂ-ਚੋਣ ਵਜੋਂ ਪ੍ਰਗਤੀਵਾਦੀ ਕਹਾਣੀ ਪ੍ਰਮੁੱਖ ਤੌਰ ਤੇ ਪੇਂਡੂ-ਜੀਵਨ ਉਤੇ ਕੇਂਦਰਤ ਰਹਿੰਦੀ ਹੈ। ਅਜਿਹਾ ਇਸ ਕਰਕੇ ਹੁੰਦਾ ਹੈ ਕਿਉਂਕਿ ਇਸਦੇ ਰਚਨਾਕਾਰ ਪੇਂਡੂ ਮੱਧਸ਼੍ਰੇਣੀ ਨਾਲ ਸਬੰਧਿਤ ਸਨ ਜਦ ਕਿ ਮੁਢਲੀ ਪੰਜਾਬੀ ਕਹਾਣੀ ਦੇ ਰਚਨਾਕਾਰ ਸ਼ਹਿਰੀ ਮੱਧਸ਼੍ਰੇਣੀ ਦਾ ਅੰਗ ਸਨ। ਦੂਜਾ ਸਨਅਤੀ ਮ ਦੂਰ ਵਰਗ ਅਲਪ ਮਾਤਰਾ ਵਿਚ ਹੋਣ ਕਰਕੇ ਇਨਕਲਾਬ ਦੀ ਟੇਕ ਕਿਸਾਨ-ਖੇਤ ਮ ਦੂਰ ਹੀ ਬਣ ਸਕਦੇ ਸਨ।

ਬਹੁਤੀ ਪ੍ਰਗਤੀਵਾਦੀ ਕਹਾਣੀ ਭਾਵੇਂ ਉਪਰੋਕਤ ਕਥਾ-ਮਾਡਲ ਨੂੰ ਸਿੱਧੜ ਫਾਰਮੂਲੇ ਵਾਂਗ ਵੀ ਅਪਣਾਉਂਦੀ ਹੈ ਪਰ ਕੁਝ ਪ੍ਰਤਿਭਾਸ਼ਾਲੀ ਕਹਾਣੀਕਾਰਾਂ ਨੇ ਨਵੇਂ ਪ੍ਰਯੋਗਾਂ ਰਾਹੀਂ ਇਸ ਕਥਾ-ਮਾਡਲ ਨੂੰ ਅਜਿਹੀ ਸਮਰੱਥਾ ਬਖਸ਼ੀ ਹੈ ਕਿ ਇਸ ਨਾਲ ਜਟਿਲ ਵਸਤੂ-ਯਥਾਰਥ ਨੂੰ ਬਹੁਕੋਣਾਂ ਤੋਂ ਵੇਖ ਕੇ ਇਸ ਦੀਆਂ ਧੁਰ-ਡੂੰਘਾਣਾਂ ਤੱਕ ਦੀ ਝਾਤ ਪਾ ਸਕਣ ਵਿਚ ਸਫਲਤਾ ਮਿਲੀ ਹੈ। ਮਿਸਾਲ ਵਜੋਂ ਵਰਿਆਮ ਸਿੰਘ ਸੰਧੂ ਦੀ ਜਟਿਲ ਲੰਮੀ ਕਹਾਣੀ ਇਸ ਪ੍ਰਸੰਗ ਵਿਚ ਉਲੇਖਯੋਗ ਹੈ। ਇਹ ਕਹਾਣੀ ਮੁੱਖ ਪਾਠ ਨਾਲ ਅਨੇਕਾਂ ਉਪ-ਪਾਠ ਸਬੰਧਿਤ ਕਰਕੇਅੰਤਰ-ਪਾਠਮੂਲਕਤਾ ('ਅਵਕਗਵਕਘਵਚ ਦੀ ਵਿਧੀ ਰਾਹੀਂ ਬਹੁਪਰਤੀ ਯਥਾਰਥ ਨੂੰ ਪੇਸ਼ ਕਰਨ ਵਿਚ ਸਫਲ ਹੋਈ ਹੈ। ਇਹ ਕਹਾਣੀ ਮੁੱਖ ਪਾਤਰ ਦਾ ਨਾਇਕਤਵ ਉਭਾਰਨ ਦੀ ਥਾਂ ਉਸਦਾ ਵਿਸਰਜਣ ਕਰਦੀ ਹੋਈ ਉਸਨੂੰ ਸਥਿਤੀਆਂ ਅੱਗੇ ਹਾਰਦਾ ਪੇਸ਼ ਕਰਕੇ ਦੁਖਾਂਤਕ ਪ੍ਰਭਾਵ ਸਿਰਜਦੀ ਹੈ। ਇਸ ਤਰ੍ਹਾਂ ਇਹ ਲਕੀਰੀ ਪਾਸਾਰ ਵਾਲੀ ਆਪਣੀ ਪੂਰਵਲੀ ਪ੍ਰਗਤੀਵਾਦੀ ਪੰਜਾਬੀ ਕਹਾਣੀ ਨਾਲੋਂ ਕਈ ਕਦਮ ਅੱਗੇ ਤੁਰਦੀ ਹੈ। ਇਸ ਭੇਦ ਕਾਰਣ ਉਸਨੂੰ ਨਵ-ਪ੍ਰਗਤੀਵਾਦੀ ਕਹਾਣੀ-ਵਿਧੀ ਵੀ ਕਿਹਾ ਜਾਂਦਾ ਹੈ।

ਪਰਵਾਸੀ ਪੰਜਾਬੀ ਕਹਾਣੀ ਦਾ ਵੱਡਾ ਭਾਗ ਵੀ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ 'ਗੋਰੇ ਸ਼ੋਸ਼ਕ' ਦੀਆਂ ਦੀਆਂ ਨਵਬਸਤੀਵਾਦੀ ਨੀਤੀਆਂ ਨੂੰ ਵਿਅੰਗ ਦੀ ਵਿਧੀ ਰਾਹੀਂ ਚਿਤਰਦਾ ਹੈ। ਮਿਸਾਲ ਵਜੋਂ ਰਘੁਬੀਰ ਢੰਡ ਦੀਆਂ ਕਹਾਣੀਆਂ ਵਿਚਲਾ ਬੌਧਿਕ ਬਿਰਤਾਂਤਕਾਰ ਥਾਂ-ਪਰ-ਥਾਂ ਸ਼੍ਰੇਣੀ-ਸਮਾਜ ਦੀਆਂ ਲੋਕ-ਵਿਰੋਧੀ ਕਦਰਾਂ-ਕੀਮਤਾਂ ਦਾ ਵਿਸ਼ਲੇਸ਼ਣ ਕਰਦਿਆਂ ਪਾਠਕ ਨੂੰ ਉਨ੍ਹਾਂ ਵਿਰੁੱਧ ਲਾਮਬੰਦ ਹੋਣ ਲਈ ਚੇਤਨ ਕਰਦਾ ਹੈ। ਕਹਾਣੀ 'ਉਖਲੀ' ਵਿਚ ਤਾਂ ਢੰਡ ਪਰਵਾਸੀ ਪੰਜਾਬੀਆਂ ਅਤੇ ਅਫਰੀਕੀ ਮੂਲ ਦੇ ਕਾਲੇ ਮ ਦੂਰਾਂ ਦੇ ਸਾਂਝੇ ਸੰਘਰਸ਼ ਦਾ ਪ੍ਰਤਿਮਾਨ ਵੀ ਪੇਸ਼ ਕਰਦਾ ਹੈ।

ਪ੍ਰਗਤੀਵਾਦੀ ਪੰਜਾਬੀ ਕਹਾਣੀ ਦੇ ਸਮਾਨੰਤਰ ਆਧੁਨਿਕਵਾਦੀ ਕਹਾਣੀ ਵੀ ਇਕ ਲਹਿਰ ਦੇ ਰੂਪ ਵਿਚ ਗਤੀਸ਼ੀਲ ਰਹਿੰਦੀ ਹੈ। ਇਸ ਦਾ ਬਲ ਸਮਾਜ ਨੂੰ ਬਦਲਣ ਦੀ ਥਾਂ ਆਧੁਨਿਕ ਚੇਤਨਾ ਦੇ ਪੰਜਾਬੀ ਮਨ ਉਤੇ ਪਏ ਬਹੁਮੁਖੀ ਪ੍ਰਭਾਵਾਂ ਨੂੰ ਪਕੜਨ ਉਤੇ ਰਹਿੰਦਾ ਹੈ। ਇਸ ਦਾ ਇਹ ਅਰਥ ਬਿਲਕੁਲ ਨਹੀਂ ਕਿ ਪ੍ਰਗਤੀਵਾਦੀ ਪੰਜਾਬੀ ਕਹਾਣੀ ਆਧੁਨਿਕ ਚੇਤਨਾ ਤੋਂ ਕੋਰੀ ਹੈ। ਪ੍ਰਗਤੀਵਾਦੀ ਕਹਾਣੀ ਦਾ ਬਲ ਆਧੁਨਿਕ ਚੇਤਨਾ ਦੇ ਮਹੀਨ ਵੇਰਵਿਆਂ ਦੀ ਪੇਸ਼ਕਾਰੀ ਦੀ ਥਾਂ ਸਰਵਹਾਰਾ ਵਰਗ ਦੀ ਮੁਕਤੀ ਉਤੇ ਰਹਿੰਦਾ ਹੈ। ਉਸ ਦਾ ਸੰਦੇਸ਼ਮੂਲਕ ਉੱਚਾ ਸੁਰ ਆਧੁਨਿਕਤਾ ਦੇ ਜਲੌਅ ਦੀ ਅਣਦੇਖੀ ਵੀ ਕਰ ਜਾਂਦਾ ਹੈ। ਆਧੁਨਿਕਵਾਦ ਦੇ ਵਧਦੇ ਪ੍ਰਭਾਵਾਂ ਅਧੀਨ ਪਨਪੀ ਵਿਅਕਤੀਵਾਦੀ ਚੇਤਨਾ ਪੰਜਾਬੀਆਂ ਦੇ ਸਮੂਹਿਕ ਅਨੁਭਵ ਨਾਲ ਇਕਸੁਰ ਰਹੇ ਸਰੋਕਾਰਾਂ ਵਿਚ ਵੱਡੇ ਪਰਿਵਰਤਨ ਲਿਆਉਂਦੀ ਹੈ। ਦੂਜੇ ਸ਼ਬਦਾਂ ਵਿਚ ਵਿਅਕਤੀਵਾਦੀ ਚੇਤਨਾ, ਸਮੂਹਿਕ ਚੇਤਨਾ ਨਾਲ ਸਿੱਧੇ ਟਕਰਾਅ ਵਿਚ ਆਉਂਦੀ ਹੈ ਜਿਵੇਂ ਕਿ ਕਹਾਣੀ 'ਤੂੜੀ ਦੀ ਪੰਡ' (ਕੁਲਵੰਤ ਸਿੰਘ ਵਿਰਕ) ਵਿਚ ਵੇਖਣ ਨੂੰ ਮਿਲਦੀ ਹੈ॥ ਮਨੋਵਿਗਿਆਨ ਦੇ ਖੇਤਰ ਦੀਆਂ ਲੱਭਤਾਂ ਮਨੁੱਖੀ ਮਨ ਦੇ ਹਨੇਰੇ ਖੂੰਜਿਆਂ ਵਿਚ ਝਾਤ ਪਾਉਣ ਲਈ ਸਾਧਨ ਮੁਹੱਈਆ ਕਰਦੀਆਂ ਹਨ। ਕਰਤਾਰ ਸਿੰਘ ਦੁੱਗਲ ਤੋਂ ਲੈ ਕੇ ਪ੍ਰੇਮ ਪ੍ਰਕਾਸ਼ ਤੱਕ ਦੂਜੀ-ਤੀਜੀ ਪੀੜ੍ਹੀ ਦੇ ਅਨੇਕਾਂ ਪੰਜਾਬੀ

ਕਹਾਣੀਕਾਰ ਪੰਜਾਬੀ ਮਨ ਦੀਆਂ ਦੱਬੀਆਂ ਰੀਝਾਂ ਨੂੰ ਬਾਨ ਦਿੰਦੇ ਹਨ। ਇਸ ਕੋਟੀ ਵਿਚ ਕੁਲਵੰਤ ਸਿੰਘ ਵਿਰਕ ਸਿਰੋਮਣੀ ਕਹਾਣੀਕਾਰ ਵਜੋਂ ਮਾਨਤਾ ਹਾਸਲ ਕਰਦਾ ਹੈ।

ਆਧੁਨਿਕਵਾਦੀ ਪੰਜਾਬੀ ਕਹਾਣੀ ਨਵੀਆਂ ਪ੍ਰਸਥਿਤੀਆਂ ਨਾਲ ਅਨੁਕੂਲ ਵਾਤਾਵਰਨ ਪ੍ਰਾਪਤ ਹੋਣ ਨਾਲ ਲਿਸ਼ਕੇ ਕਿਸੇ ਅਸਾਧਾਰਨ ਜਾਪਦੇ ਮਨੁੱਖੀ ਮਨੋਭਾਵ ਦੀ ਝਲਕ ਨਾਲ ਸ਼ੁਰੂ ਹੁੰਦੀਆਂ ਹਨ। ਇਹ ਮਨੋਭਾਵ ਆਲੇ-ਦੁਆਲੇ ਪਸਰਦਾ ਹੌਲੀ ਹੌਲੀ ਸਮੁੱਚੀ ਸਥਿਤੀ ਉਤੇ ਭਾਰੂ ਹੋ ਕੇ ਪਰੰਪਰਾਗਤ ਕਦਰਾਂ-ਕੀਮਤਾਂ ਨੂੰ ਹਾਸ਼ੀਏ ਵੱਲ ਧਕੇਲਦਾ ਕਹਾਣੀ ਦਾ ਸਿਖਰ ਸਿਰਜਦਾ ਹੈ। ਨਵੇਂਪਣ ਸਾਹਵੇਂ ਦਮ ਤੋੜਦੀ ਪਰੰਪਰਾ ਦਾ ਬੋਧ ਭਾਵੇਂ ਪਾਠਕ ਨੂੰ ਇਹ ਅਹਿਸਾਸ ਕਰਾਉਂਦਾ ਹੈ ਕਿ ਪਰਿਵਰਤਨ ਸਮਾਜ ਦਾ ਅਰੋਕ ਵਰਤਾਰਾ ਹੈ ਅਤੇ ਪਾਠਕ ਕੁਝ ਨਵੀਨ ਮਾਨਵਮੁਖੀ ਕਦਰਾਂ ਦੇ ਸਥਾਪਤ ਹੋਣ ਨਾਲ ਇਕ ਮੋਕਲੇਪਣ ਦਾ ਅਹਿਸਾਸ ਵੀ ਮਹਿਸੂਸ ਕਰਦਾ ਹੈ ਪਰ ਪਰੰਪਰਾ ਦੇ ਕੁਝ ਜੀਵੰਤ ਮੁੱਲਾਂ ਦੀ ਮੌਤ ਉਸ ਦੀ ਸੰਵੇਦਨਾ ਨੂੰ ਤ੍ਰਾਸ ਨਾਲ ਵੀ ਭਰਦੀ ਹੈ।

ਕੁਝ ਕੱਟੜ ਮਾਰਕਸਵਾਦੀ ਪੰਜਾਬੀ ਗਲਪ-ਸ਼ਾਸਤਰੀਆਂ, ਜਿਨ੍ਹਾਂ ਵਿਚੋਂ ਪ੍ਰਮੁੱਖ ਟੀ.ਆਰ.ਵਿਨੋਦ ਹੈ, ਨੇ ਆਧੁਨਿਕਵਾਦੀ ਪੰਜਾਬੀ ਕਹਾਣੀ ਦੀ ਰਚਨਾ-ਦ੍ਰਿਸ਼ਟੀ ਨੂੰ ਉਅਣਇਤਿਹਾਸਕ , ਇਸ ਦੀ ਰਚਨਾ-ਵਿਧੀ ਨੂੰ ਉਨਿਗੂਣੀ ਅਤੇ ਰਚਨਾ ਪ੍ਰਯੋਜਨ ਨੂੰ ਉਖਪਤਕਾਰਾਂ ਨੂੰ ਸਸਤਾ ਮਨੋਰੰਜਨ ਮੁਹੱਈਆ ਕਰਨ ਵਾਲੀ ਕਹਿ ਕੇ ਮੂਲੋਂ ਛੁਟਿਆਉਣ ਦਾ ਯਤਨ ਵੀ ਕੀਤਾ ਹੈ।5 ਪਰ ਆਧੁਨਿਕਵਾਦੀ ਪੰਜਾਬੀ ਕਹਾਣੀ ਨੇ ਆਪਣੇ ਨਿਵੇਕਲੇ ਰਚਨਾ ਵਸਤੂ, ਕਲਾਤਮਕ ਪ੍ਰਯੋਗਾਂ ਅਤੇ ਵਸਤੂਮੁਖੀ ਰਚਨਾ-ਦ੍ਰਿਸ਼ਟੀ ਰਾਹੀਂ ਆਪਣਾ ਵਿਲੱਖਣ ਸਥਾਨ ਬਣਾਇਆ ਹੈ। ਜੀਵਨ ਦੇ ਆਧੁਨਿਕ ਜੀਵਨ-ਮੁੱਲਾਂ ਪ੍ਰਤੀ ਪੰਜਾਬੀ ਪਾਠਕ ਦੀ ਖਿੱਚ ਨੇ ਉਸਨੂੰ ਆਧੁਨਿਕ ਪੰਜਾਬੀ ਕਹਾਣੀ ਨਾਲ ਇਕਸੁਰ ਕੀਤਾ ਹੈ। ਆਪਣੀ ਆਧੁਨਿਕਮੁਖੀ ਰਚਨਾ-ਦ੍ਰਿਸ਼ਟੀ ਸਦਕਾ ਇਹ ਕਹਾਣੀਕਾਰ ਪਰੰਪਰਾ ਦੇ ਬੋਝ ਥੱਲੇ ਦੱਬੀ ਵਿਅਕਤੀਵਾਦੀ ਚੇਤਨਾ ਨੂੰ ਉਭਾਸਰਨ ਲਈ ਸਪੇਸ ਦਿੰਦੇ ਹਨ (ਚਾਨਣੀ ਰਾਤ ਦਾ ਦੁਖਾਂਤ, ਕਰਤਾਰ ਸਿੰਘ ਦੁੱਗਲ), ਸੰਤਾਲੀ ਦੀ ਵੰਡ ਦੇ ਉਜਾੜੇ ਨਾਲ ਮਿੱਧੀ ਮਾਨਵਤਾ ਦੇ ਮੁੜ ਉੱਠ ਸਕਣ ਦਾ ਸੁਪਨਾ ਵੇਖਦੇ ਹਨ (ਖੱਬਲ, ਕੁਲਵੰਤ ਸਿੰਘ ਵਿਰਕ), ਨਵ-ਨਿਰਮਾਣ ਦੇ ਰਾਹ ਪਏ ਆ ਾਦ ਭਾਰਤ ਵਿਚ ਆਸਥਾ ਜਗਾਉਂਦੇ ਹਨ (ਨਮਸਕਾਰ, ਕੁਲਵੰਤ ਸਿੰਘ ਵਿਰਕ), ਔਰਤ ਦੀਆਂ ਵਿਵਰਜਤ ਕਾਮਨਾਵਾਂ ਦੀ ਪੂਰਤੀ ਨੂੰ ਉਦਾਰਦਿਲੀ ਨਾਲ ਸਵੀਕਾਰਦੇ ਹਨ (ਫਾਲਤੂ ਔਰਤ, ਅਜੀਤ ਕੌਰ), ਨਵੇਂ ਮਨੁੱਖ ਦੀ ਮੁਕਤੀ ਦੀ ਤਾਂਘ ਨਵੇਂ ਸਮਾਜਕ ਸੰਦਰਭਾਂ ਨਾਲ ਚਿਤਰਦੇ ਹਨ (ਮੁਕਤੀ, ਪ੍ਰੇਮ ਪ੍ਰਕਾਸ਼), ਪੰਜਾਬੀ ਸੰਪਰਦਾਇਕਤਾ ਨੂੰ ਤਰਕ ਦਾ ਸ਼ੀਸ਼ਾ ਵਿਖਾ ਕੇ ਪੰਜਾਬੀ ਚੇਤਨਾ ਨੂੰ ਵਿਸ਼ਵ ਪੱਧਰ ਦੀ ਹੋਣ ਲਈ ਪ੍ਰੇਰਦੇ ਹਨ (ਸ਼ੀਸ਼ਾ, ਗੁਰਦੇਵ ਰੁਪਾਣਾ), ਇਸ ਤਰ੍ਹਾਂ ਇਹ ਸਮੁੱਚੇ ਰੂਪ 'ਚ ਉਨਵੇਂ ਲੋਕ ਦੇ ਪੈਂਤੜੇ ਤੋਂ ਪਰੰਪਰਾ ਦਾ ਵਿਸ਼ਲੇਸ਼ਣ ਕਰਦੇ ਹਨ।

ਪ੍ਰਗਤੀਵਾਦੀ ਪੰਜਾਬੀ ਕਹਾਣੀ ਵਾਂਗ ਹੀ ਆਧੁਨਿਕਵਾਦੀ ਪੰਜਾਬੀ ਕਹਾਣੀ ਨੇ ਵੀ ਪੰਜਵੇਂ ਦਹਾਕੇ ਦੇ ਆਰੰਭ ਵਿਚ ਲਕੀਰੀ ਪਾਸਾਰ ਦੀ ਰਚਨਾ-ਵਿਧੀ ਨਾਲ ਪ੍ਰਤਿਰੂਪਕ ਭਾਂਤ ਦੀ ਕਹਾਣੀ-ਸਿਰਜਣਾ ਰਾਹੀਂ ਆਪਣਾ ਸਫ਼ਰ ਆਰੰਭਿਆ ਸੀ ਅਤੇ ਹੌਲੀ ਹੌਲੀ ਇਹ ਬਹੁ-ਪਰਤੀ ਜਟਿਲ ਕਹਾਣੀ ਵੱਲ ਰੁਖ ਕਰਦੀ ਗਈ। ਜੇ ਦੁੱਗਲ ਅਤੇ ਵਿਰਕ ਨੇ ਮੁੱਢ, ਮੱਧ, ਅੰਤ ਰਾਹੀਂ ਪ੍ਰਭਾਵ ਦੀ ਇਕਾਗਰਤਾ ਬਣਾਉਂਦੀਆਂ ਅਤੇ ਅੰਤ ਉਤੇ ਨਾਟਕੀ ਪਲਟਾ ਮਾਰਨ ਵਾਲੀਆਂ ਕਹਾਣੀਆਂ ਲਿਖੀਆਂ ਤਾਂ ਪ੍ਰੇਮ ਪ੍ਰਕਾਸ਼ ਨੇ ਜਟਿਲ ਭਾਂਤ ਦੀ ਬਿਰਤਾਂਤਕ ਸੰਰਚਨਾ ਨੂੰ ਆਪਣਾ ਆਧਾਰ ਬਣਾਇਆ।

ਆਧੁਨਿਕਵਾਦੀ ਪੰਜਾਬੀ ਕਹਾਣੀ ਉਤੇ ਮਾਰਕਸਵਾਦੀ ਗਲਪ-ਸ਼ਾਸਤਰੀਆਂ ਵੱਲੋਂ ਲਾਇਆ ਜਾਂਦਾ ਰਿਹਾ 'ਅਣਇਤਿਹਾਸਕ' ਹੋਣ ਦਾ ਦੂਸ਼ਣ ਵੀ ਤਰਕਵਿਹੂਣਾ ਹੈ ਕਿਉਂਕਿ ਕੋਈ ਵੀ ਕਹਾਣੀਕਾਰ ਚਾਹ ਕੇ ਵੀ ਅਣਇਤਿਹਾਸਕ ਨਹੀਂ ਹੋ ਸਕਦਾ। ਕੁਝ ਮਾਰਕਸਵਾਦੀ ਆਲੋਚਕਾਂ ਨੂੰ ਇਹ ਟਪਲਾ ਇਸ ਲਈ ਲੱਗਿਆ ਜਾਪਦਾ ਹੈ ਕਿਉਂਕਿ ਆਧੁਨਿਕ ਕਹਾਣੀ ਨੇ ਕਾਰਜ-ਪ੍ਰਭਾਵ ਵਾਲੀ ਪ੍ਰਤੱਖ ਰਚਨਾ-ਵਿਧੀ ਦੀ ਥਾਂ ਵਧੇਰੇ ਕਰਕੇ ਫੈਂਟਸੀ ਦੀ ਕਥਾ-ਜੁਗਤ ਨੂੰ ਵਧੇਰੇ ਮਹੱਤਵ ਦਿੱਤਾ। ਉਨ੍ਹਾਂ ਨੇ ਆਧੁਨਿਕ



ਮਨੁੱਖ ਦੀ ਜਟਿਲ ਮਾਨਸਿਕਤਾ ਨੂੰ ਉਸਦੇ ਸਮਕਾਲੀ ਅਤੇ ਨਿਰੋਲ ਆਰਥਕ, ਸਮਾਜਕ, ਰਾਜਨੀਤਕ ਪ੍ਰੇਰਕਾਂ ਤੱਕ ਘਟਾ ਕੇ ਵੇਖਣ ਤੋਂ ਵੀ ਗੁਰੇ ਕੀਤਾ। ਉਨ੍ਹਾਂ ਨੇ ਕਹਾਣੀ ਦੇ ਸੁਲਝਾਅਪੂਰਨ ਅੰਤ ਰਾਹੀਂ ਉਤਰ ਦੇਣ ਦੀ ਥਾਂ ਵਧੇਰੇ ਕਰਕੇ ਤਰਕਮਈ ਪ੍ਰਸ਼ਨ ਉਭਾਰਨ ਨੂੰ ਮਹੱਤਵ ਦਿੱਤਾ। ਮਿਸਾਲ ਵਜੋਂ ਪ੍ਰੇਮ ਪ੍ਰਕਾਸ਼ ਆਪਣੀ ਕਹਾਣੀ 'ਮੁਕਤੀ' ਵਿਚ ਮੁਕਤੀ ਪ੍ਰਾਪਤ ਕਰਨ ਦੀ ਵਿਧੀ ਦੱਸਣ ਦੀ ਥਾਂ ਮੱਧਵਰਗ ਦੇ ਮੁਕਤੀ ਲਈ ਨਿਰੰਤਰ ਭਟਕਣ ਦੇ ਸੱਚ ਬਿਰਤਾਂਤ ਸਿਰਜਦਾ ਹੈ। ਉਸ ਦੀ ਕਹਾਣੀ ਪਾਠਕ ਅੰਦਰ ਇਹ ਸੁਆਲ ਪੈਦਾ ਕਰਦੀ ਹੈ ਕਿ ਰੋਟੀ-ਪਾਣੀ ਦੀ ਸਮੱਸਿਆ ਤੋਂ ਅੱਗੇ ਲੰਘ ਚੁੱਕੇ ਅਤੇ ਸਭ ਸੁਖ-ਸਾਧਨਾਂ ਦੇ ਮਾਲਕ ਮੱਧਵਰਗੀ ਪਾਤਰ ਵੀ ਅਤ੍ਰਿਪਤ ਕਿਉਂ ਮਹਿਸੂਸ ਕਰਦੇ ਹਨ ? ਪਾਤਰਾਂ ਦੀ ਅਜਿਹੀ ਅਤ੍ਰਿਪਤੀ ਵੀ, ਨਿਰਸੰਦੇਹ, ਉਨ੍ਹਾਂ ਦੀਆਂ ਇਤਿਹਾਸਕ ਪ੍ਰਸਥਿਤੀਆਂ ਦੀ ਦੇਣ ਹੀ ਹੁੰਦੀ ਹੈ, ਕੋਈ ਅਣਇਤਿਹਾਸਕ ਵਰਤਾਰਾ ਨਹੀਂ। ਇਸ ਤਰ੍ਹਾਂ ਆਧੁਨਿਕਵਾਦੀ ਪੰਜਾਬੀ ਕਹਾਣੀ ਆਧੁਨਿਕ ਚਿੰਤਨ ਦੀਆਂ ਬਰਕਤਾਂ ਨੂੰ ਵੀ ਆਪਣਾ ਰਚਨਾ-ਵਸਤੂ ਬਣਾਉਂਦੀ ਹੈ ਅਤੇ ਵਿਅਕਤੀਵਾਦ ਦੇ ਉਲਾਰ ਨਾਲ ਪੈਦਾ ਹੋਣ ਵਾਲੀ ਨਿਰਾਸ਼ਾ, ਇਕੱਲਤਾ, ਚਿੰਤਾ, ਅਸੁਰੱਖਿਆ, ਐਬਸਰਡਿਟੀ ਨੂੰ ਵੀ ਮਾਨਵੀ ਨ ਰੀਏ ਤੋਂ ਚਿਤਰਦੀ ਹੈ। ਨਕਸਲਬਾੜੀ ਲਹਿਰ ਨੇ ਪ੍ਰਗਤੀਵਾਦੀ ਕਹਾਣੀ ਨੂੰ ਵਧੇਰੇ ਪ੍ਰਭਾਵਿਤ ਕੀਤਾ ਪਰ ਪੰਜਾਬ ਸੰਕਟ ਦੌਰਾਨ ਜਦੋਂ ਅੱਤਵਾਦੀ ਅਤੇ ਸਰਕਾਰੂ ਦੋਪਾਸੀ ਦਹਿਸ਼ਤਗਰਦੀ ਨੇ ਤਰਕ ਦੇ ਸਾਰੇ ਰਾਹ ਬੰਦ ਕਰ ਦਿੱਤੇ ਤਾਂ ਉਸ ਨਾਲ ਪੈਦਾ ਹੋਣ ਵਾਲੇ ਅਸਤਿੱਤਵੀ ਸੰਕਟ ਨੂੰ ਆਧੁਨਿਕਵਾਦੀ ਪੰਜਾਬੀ ਕਹਾਣੀ ਨੇ ਵੀ ਸੰਕੇਤਕ ਸ਼ੈਲੀ ਰਾਹੀਂ ਸਮਰੱਥਾ ਨਾਲ ਚਿਤਰਿਆ। ਪੰਜਾਬੀ ਕਹਾਣੀ ਨੂੰ ਸਥੂਲਤਾ ਤੋਂ ਕਲਾਤਮਕ ਸੂਖ਼ਮਤਾ ਵੱਲ ਲਿਜਾਣ ਵਿਚ ਆਧੁਨਿਕਵਾਦੀ ਕਹਾਣੀ-ਮਾਡਲ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਦੇਵਿੰਦਰ ਸਤਿਆਰਥੀ, ਸੁਖਬੀਰ, ਸੁਰਜੀਤ ਸੇਠੀ, ਜਸਵੰਤ ਸਿੰਘ ਵਿਰਦੀ, ਦੇਵ ਭਰਦਵਾਜ, ਗੁਲ ਚੌਹਾਨ, ਅਮਰ ਗਿਰੀ, ਰਾਜਿੰਦਰ ਕੌਰ, ਗੁਰਪਾਲ ਲਿੱਟ, ਜਸਬੀਰ ਭੁੱਲਰ, ਕੁਲਦੀਪ ਬੱਗਾ, ਸੁਰਜੀਤ ਵਿਰਦੀ, ਰਵਿੰਦਰ ਰਵੀ ਆਦਿ ਕਹਾਣੀਕਾਰ ਆਧੁਨਿਕਵਾਦੀ ਲਹਿਰ ਦਾ ਅੰਗ ਬਣਦੇ ਹਨ।

ਵੀਹਵੀਂ ਸਦੀ ਦੇ ਨੌਵੇਂ ਦਹਾਕੇ ਦੇ ਆਰੰਭ ਤੋਂ ਪੰਜਾਬੀ ਦੇ ਕਹਾਣੀ-ਸ਼ਾਸਤਰ ਦੀ ਰੂਪ-ਰੇਖਾ ਵਿਚ ਬੁਨਿਆਦੀ ਤਬਦੀਲੀ ਦਾ ਬੋਧ ਹੋਣ ਲਗਦਾ ਹੈ। ਵਿਸ਼ਵ ਵਿਚ ਸਮਾਜਵਾਦੀ ਬਲਾਕ ਦੇ ਪਤਨਸ਼ੀਲ ਹੋਣ ਨਾਲ ਪ੍ਰਗਤੀਵਾਦੀ ਅਤੇ ਆਧੁਨਿਕਵਾਦੀ ਵਿਚਾਰਧਾਰਾ ਜੋ ਕਿ ਦੂਜੇ, ਤੀਜੇ ਪੜਾਅ ਦੀ ਕਹਾਣੀ ਨੂੰ ਭਾਰੂ ਰੂਪ 'ਚ ਪ੍ਰਭਾਵਿਤ ਕਰਦੀ ਰਹੀ ਸੀ, ਦਾ ਸਿੰਘਾਸਣ ਡੋਲ ਜਾਦਾ ਹੈ। ਵਿਸ਼ਵੀਕਰਨ ਦਾ ਵਿਚਾਰਧਾਰਕ ਹਥਿਆਰ ਬਣੇ ਉਤਰ-ਆਧੁਨਿਕਵਾਦ ਨਾਲ ਉਦਾਰਵਾਦੀ ਰਚਨਾ-ਦ੍ਰਿਸ਼ਟੀ ਅਤੇ ਉਤਰ-ਯਥਾਰਥਵਾਦੀ ਜਾਂ ਜਾਦੂਮਈ ਯਥਾਰਥਵਾਦ6 ਵਰਗੀਆਂ ਰਚਨਾ-ਵਿਧੀਆਂ ਨੂੰ ਬਲ ਮਿਲਦਾ ਹੈ। ਇਸ ਨਾਲ ਉਦਾਰਵਾਦੀ ਪੰਜਾਬੀ ਕਹਾਣੀ-ਸ਼ਾਸਤਰ ਦੀ ਬੁਨਿਆਦ ਮਜਬੂਤ ਹੁੰਦੀ ਹੈ। ਖਾਨਿਆਂ ਵਿਚ ਵੰਡੀ ਸੋਚ ਅਰਥਾਤ ਨਿਸਚਿਤਤਾਵਾਦ ਦੇ ਚੌਖਟੇ ਤੋਂ ਮੁਕਤ ਹੋ ਕੇ ਕਹਾਣੀਕਾਰ/ਪਾਠਕ ਉਦਾਰਵਾਦੀ ਢੰਗ ਨਾਲ ਜੀਵਨ ਨੂੰ ਨਿਹਾਰਨ ਲਗਦਾ ਹੈ ਤਾਂ ਉਸਨੂੰ ਸੱਚ ਇਕਹਿਰੇ ਰੂਪ ਦੀ ਥਾਂ ਸਾਪੇਖਕ ਰੂਪ ਵਿਚ ਵਧੇਰੇ ਮੰਨਣਯੋਗ ਲੱਗਣ ਲਗਦਾ ਹੈ। ਸਥਾਪਤੀ ਦੇ ਰੂਪ ਵਿਚ ਪ੍ਰਾਪਤ ਸੱਚ ਵਿਸ਼ੇਸ਼ ਬਣਾਉਟੀ ਘਾੜਤ (ਞ .ਖ਼ਬਕਗ ਗਕ ਜਾਪਦਾ ਹੈ, ਜਿਸਦੀ ਪ੍ਰਧਾਨਤਾ (.ਕਪਕਠਰਅਖ) ਨੂੰ ਲੋਕ-ਹਿਤ ਦੇ ਪੈਂਤੜੇ ਤੋਂ ਸਵੈਸਿਰਜਤ ਸੱਚ ਦੇ ਤਰਕ ਨਾਲ ਹੀ ਤੋੜੇ ਜਾ ਸਕਣ ਦਾ ਵਿਚਾਰ ਜਨਮ ਲੈਂਦਾ ਹੈ। ਇਸ ਕਾਰਨ ਹਰੇਕ ਸੰਕਲਪ ਨਾਲ ਜੁੜੀ ਰਾਜਨੀਤੀ ਜਿਵੇਂ, ਪਾਲੇਟਿਕਸ ਆਫ ਸੈਕਸ, ਪਾਲੇਟਿਕਸ ਆਫ ਹਿਸਟਰੀ ਆਦਿ, ਪ੍ਰਤੱਖ ਹੋਣ ਲਗਦੀ ਹੈ ਅਤੇ ਉਸ ਰਾਜਨੀਤੀ ਨੂੰ ਉਲੰਘ ਕੇ ਉਸ ਸੰਕਲਪ ਦੇ ਦੱਬੇ ਜਾਂ ਹਾਸ਼ੀਆਗ੍ਰਸਤ ਅਰਥਾਂ ਨੂੰ ਉਭਾਰਨ ਦਾ ਸਿਲਸਿਲਾ ੋਰ ਫੜ੍ਹਦਾ ਹੈ। ਇਉਂ ਇਤਿਹਾਸ ਵਿਚ ਹਾਸ਼ੀਆਗ੍ਰਸਤ ਕੀਤੇ ਜਾਂਦੇ ਰਹੇ ਵਿਭਿੰਨ ਉਪਵਰਗ ਜਿਵੇਂ ਨਾਰੀ, ਨਿਮਨ ਕਿਸਾਨ, ਪਰਵਾਸੀ, ਪਾਕਿਸਤਾਨੀ ਪੰਜਾਬੀ ਜਨ-ਸਾਧਾਰਨ, ਦਲਿਤ, ਲੈਜਬੀਅਨ, ਗੇਅ , ਬੱਚੇ, ਬੁੱਧੀਜੀਵੀ, ਪੇਂਡੂ ਦਸਤਕਾਰ, ਲੋਕ-ਕਲਾਕਾਰ, ਬਜੁਰਗ ਆਦਿ, ਆਪਣੀ ਪੁਨਰ-ਪਛਾਣ ਦੀ ਪ੍ਰਕਿਰਿਆ ਵਿਚ ਪੈਂਦੇ ਹਨ। ਆਪਣੀ ਵਿਲੱਖਣ ਹਸਤੀ ਮੰਨਵਾਉਣ ਲਈ

ਸੰਘਰਸ਼ਸ਼ੀਲ ਇਹ ਉਪਵਰਗ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦਾ ਵਿਸ਼ੇ-ਵਸਤੂ ਬਣਨ ਲਗਦੇ ਹਨ। ਇਹ ਪਾਤਰ ਕਈ ਵਾਰ ਖ਼ੁਦ ਅਤੇ ਕਿਤੇ ਬਿਰਤਾਂਤਕਾਰ ਦੇ ਮਾਧਿਅਮ ਨਾਲ ਮੈਂਮੂਲਕ ਬਿਰਤਾਂਤ-ਜੁਗਤ ਰਾਹੀਂ ਆਪਣੀ ਆਵਾ ਨੂੰ ਪਾਠਕ ਤੱਕ ਪਹੁੰਚਾਉਣ ਦੀ ਲੋਚਾ ਕਰਦੇ ਹਨ। ਇਨ੍ਹਾਂ ਦੀ ਪ੍ਰਮਾਣਿਕ ਆਵਾ ਵਿਚ ਲੇਖਕ ਅਤੇ ਬਿਰਤਾਂਤਕਾਰ ਦੇ ਸੂਤਰਧਾਰੀ ਦਖ਼ਲ ਨੂੰ ਕਲਾ ਪੱਖੋਂ ਔਗੁਣ ਮੰਨਿਆਂ ਜਾਣ ਲਗਦਾ ਹੈ। ਇਸ ਲਈ ਬਿਰਤਾਂਤਕਾਰ, ਚਾਹੇ ਉਹ ਉਤਮ-ਪੁਰਖੀ ਹੋਵੇ ਜਾਂ ਅਨਯ-ਪੁਰਖੀ, ਪਾਤਰ ਅਤੇ ਪਾਠਕ ਵਿਚਕਾਰ ਫਾਸਲਾ ਵਧਾਉਣ ਤੋਂ ਗੁਰੇ ਕਰਨ ਲਗਦਾ ਹੈ। ਉਹ ਆਪਣੇ ਆਪ ਨੂੰ ਪਾਤਰ ਦੇ ਕਾਰਜ-ਵਰਨਣ ਤੱਕ ਮਹਿਦੂਦ ਕਰ ਲੈਂਦਾ ਹੈ। ਲੇਖਕ ਨਾਲੋਂ ਵਿੱਥ ਥਾਪਣ ਲਈ ਕਈ ਵਾਰ ਮਰਦ ਲੇਖਕ ਦਾ ਬਿਰਤਾਂਤਕਾਰ ਔਰਤ-ਰੂਪ 'ਚ ਬਿਰਤਾਂਤ ਪੇਸ਼ ਕਰਨ ਲੱਗ ਜਾਂਦਾ ਹੈ। ਕਿਸੇ ਇਕ ਜਾਂ ਇਕ ਤੋਂ ਵੱਧ ਪਾਤਰਾਂ ਪ੍ਰਤੀ ਆਪਣੀ ਹਮਦਰਦੀ ਨੂੰ ਬਿਰਤਾਂਤਕਾਰ ਬਹੁਤ ਹੀ ਅਸਿੱਧੇ ਅਤੇ ਸੂਖ਼ਮ ਢੰਗ ਨਾਲ ਹੀ ਪ੍ਰਗਟ ਕਰਦਾ ਹੈ। ਇਸ ਲਈ ਉਹ ਸਿੱਧੇ ਕਥਨਾਂ ਦੀ ਥਾਂ ਵਧੇਰੇ ਕਰਕੇ ਬਿਰਤਾਂਤ ਦੀ ਸਮੁੱਚੀ ਧੁਨੀ ਰਾਹੀਂ ਹੀ ਆਪਣਾ ਪੱਖ ਪੇਸ਼ ਕਰਦਾ ਹੈ। ਪਾਠਕ ਲਈ ਬਿਰਤਾਂਤਕਾਰ ਦੇ ਫੋਕਸੀਕਰਨ ਦੀ ਜੁਗਤ ਉਤੇ ਧਿਆਨ ਕੇਂਦਰਤ ਕਰਨ ਦਾ ਅਮਲ ੋਰ ਫੜ੍ਹਦਾ ਹੈ। ਬਿਰਤਾਂਤਕਾਰ ਦੀ ਇਸ ਬਦਲੀ ਸਥਿਤੀ ਨਾਲ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦੀ ਸੰਰਚਨਾ ਉਤੇ ਗੌਲਣਯੋਗ ਪ੍ਰਭਾਵ ਪੈਂਦੇ ਹਨ। ਸਿੱਟੇ ਵਜੋਂ ਪਾਤਰਾਂ ਦਾ ਨਿੱਜੀ ਰੂਪ ਵਧੇਰੇ ਪ੍ਰਮਾਣਿਕਤਾ ਨਾਲ ਪੇਸ਼ ਹੋਣ ਲਗਦਾ ਹੈ। ਪਾਤਰ ਦੇ ਅਤੀ ਲੁਕਵੇਂ ਕਾਰਜ ਅਤੇ ਅਨੁਭਵਾਂ ਦੇ ਪ੍ਰਗਟਾਵੇ ਲਈ ਸੁਪਨੇ, ਯਾਦਾਂ, ਡਾਇਰੀ, ਬੁੜਬੁੜਾਹਟ, ਇਕਬਾਲੀਆ ਕਥਨ ਆਦਿ ਸਰੋਤਾਂ ਦੀ ਅਹਿਮੀਅਤ ਹੋਰ ਵਧ ਜਾਂਦੀ ਹੈ। ਘਟਨਾਵਾਂ ਦੇ ਕ੍ਰਮ ਅਤੇ ਪਾਤਰਾਂ ਦੇ ਕਾਰਜ ਨੂੰ ਕਾਰਜ-ਪ੍ਰਭਾਵ ਦੇ ਵਧੇਰੇ ਸਖ਼ਤ ਬੰਧੇਜਾਂ ਵਿਚ ਬੰਨ੍ਹਣ ਦੀ ਥਾਂ ਸੰਕੇਤਕ ਬਿਰਤਾਂਤ ਦੀ ਜੁਗਤ ਰਾਹੀਂ ਪੇਸ਼ ਕੀਤਾ ਜਾਣ ਲਗਦਾ ਹੈ। ਇਸ ਤਰ੍ਹਾਂ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਵਿਸ਼ਵੀਕਰਨ ਦੀ ਚੁਣੌਤੀ ਦੇ ਸਨਮੁਖ ਨਵੇਂ ਪ੍ਰਯੋਗਾਂ ਰਾਹੀਂ ਵਿਲੱਖਣ ਰਚਨਾ-ਵਿਧੀ ਸਿਰਜਣ ਵਿਚ ਸਫਲਤਾ ਪ੍ਰਾਪਤ ਕਰਦੀ ਹੈ।

ਇਸ ਰਚਨਾ-ਵਿਧੀ ਅਨੁਕੂਲ ਕਹਾਣੀ ਕਿਸੇ ਡੂੰਘੇ ਤਣਾਅ ਜਾਂ ਮਾਨਸਿਕ ਗੰਢ ਵਿਚ ਗ੍ਰੱਸੇ ਪਾਤਰ ਦੀ ਥਿੜਕੀ ਮਾਨਸਿਕਤਾ ਦੇ ਵਰਨਣ ਰਾਹੀਂ ਆਰੰਭ ਹੁੰਦੀ ਹੈ, ਜਿਵੇਂ ਬਲਵਿੰਦਰ ਗਰੇਵਾਲ ਦੀ ਕਹਾਣੀ 'ਇਕ ਘਰ ਆ ਾਦ ਹਿੰਦੀਆਂ ਦਾ' ਦੇ ਮੁੱਖ ਪਾਤਰ ਬਖਤੌਰ ਸਿੰਘ ਦੀ ਦੁਬਿਧਾ ਨਾਲ ਗ੍ਰੱਸੀ ਚੇਤਨਾ ਨੂੰ ਕਹਾਣੀ ਦਾ ਪਹਿਲਾ ਵਾਕ ਉਮਰਾਂ ਜਾਂ ਮਾਰਾਂ ? ਹੀ ਦਰਸਾ ਦਿੰਦਾ ਹੈ। ਫਿਰ ਬਿਰਤਾਂਤਕਾਰ ਪਿੱਛਲਝਾਤ ਦੀ ਜੁਗਤ ਰਾਹੀਂ ਉਸ ਥਿੜਕੀ ਮਾਨਸਿਕਤਾ ਦੇ ਪਿਛੋਕੜ 'ਚ ਕਾਰਜਸ਼ੀਲ ਛੋਟੇ-ਵੱਡੇ ਪ੍ਰੇਰਕਾਂ ਦੀ ਭਾਲ ਵਿਚ ਪਾਤਰ ਦੇ ਅਤੀਤ ਵੱਲ ਮੁੜਦਾ ਹੈ ਅਤੇ ਵਿਚ ਵਿਚ ਵਰਤਮਾਨ ਵੱਲ ਫੇਰਾ ਪਾਉਂਦਾ ਰਹਿੰਦਾ ਹੈ। ਇਸ ਕਿਰਿਆ ਨੂੰ ਦੁਹਰਾਉਣ ਨਾਲ ਪਾਠਕ ਅਤੀਤ ਅਤੇ ਵਰਤਮਾਨ ਦੇ ਕਾਰਜਾਂ ਨੂੰ ਇਕ ਦੂਜੇ ਦੇ ਪ੍ਰਸੰਗ ਵਿਚ ਸਮਝਣ ਦੇ ਅਭਿਆਸ ਵਿਚ ਪੈ ਜਾਂਦਾ ਹੈ। ਇਉਂ ਆਪਣੇ ਜੀਵਨ-ਕਾਰਜਾਂ ਨੂੰ ਰਿੜਕਦਾ ਮੁੱਖ ਪਾਤਰ ਆਪਣੇ ਮੂਲ ਦੀ ਪਛਾਣ ਲਈ ਖ਼ੁਦ ਵੀ ਯਤਨਸ਼ੀਲ ਨ ਰ ਆਉਂਦਾ ਹੈ ਅਤੇ ਪਾਠਕ ਨੂੰ ਵੀ ਇਸ ਮੰਥਨ-ਪ੍ਰਕਿਰਿਆ ਵਿਚ ਪਾ ਦਿੰਦਾ ਹੈ। ਬਿਨਾ ਕਿਸੇ ਪੂਰਵਅਗ੍ਰਹਿ ਤੋਂ ਕੀਤਾ ਜਾਣ ਵਾਲਾ ਇਹ ਕਾਰਜ ਇਸ ਬਿਰਤਾਂਤਕ-ਵਿਧੀ ਨੂੰ ਉਦਾਰਮੂਲਕ ਬਣਾਉਂਦਾ ਹੈ। ਇਸ ਉਦਾਰਵਾਦੀ ਪੰਜਾਬੀ ਕਹਾਣੀ ਦਾ ਬਿਰਤਾਂਤਕਾਰ ਅੰਤ ਸਮੱਸਿਆਵਾਂ ਦੇ ਹੱਲ ਜਾਂ ਸਥਿਤੀ ਸਬੰਧੀ ਨਿਰਣੇ ਜਾਂ ਪਾਤਰਾਂ ਬਾਰੇ ਫਤਵੇ ਦੇਣ ਦੀ ਥਾਂ ਕਹਾਣੀ ਦੇ ਖੁੱਲ੍ਹੇ ਅੰਤ ਨੂੰ ਤਰਜੀਹ ਦਿੰਦਾ ਹੈ।7 ਇਸ ਲਈ ਇਹ ਕਹਾਣੀ ਆਪਣੇ ਅਰਥ-ਉਤਪਾਦਨ ਲਈ ਪਾਠਕ ਨੂੰ ਬਰਾਬਰ ਦਾ ਭਾਈਵਾਲ ਬਣਾਉਂਦੀ ਹੈ।

ਅਜਿਹੀ ਬਹੁ-ਆਵਾ ੀ ਕਹਾਣੀ ਲਿਖਣ ਵਾਲਿਆਂ ਵਿਚ ਸੁਖਵੰਤ ਕੌਰ ਮਾਨ, ਸੁਖਜੀਤ, ਬਲਵਿੰਦਰ ਸਿੰਘ ਗਰੇਵਾਲ, ਕੁਲਵੰਤ ਗਿੱਲ, ਸੁਕੀਰਤ, ਤਲਵਿੰਦਰ ਸਿੰਘ, ਜਿੰਦਰ, ਭਗਵੰਤ ਰਸੂਲਪੁਰੀ, ਦੇਸ ਰਾਜ ਕਾਲੀ, ਜਰਨੈਲ ਸਿੰਘ, ਅਮਨ ਪਾਲ ਸਾਰਾ, ਹਰਪ੍ਰੀਤ ਸੇਖਾ, ਵੀਨਾ ਵਰਮਾ, ਪ੍ਰਵੇ ਸੰਧੂ, ਅਫ਼ਜ਼ਲ ਤੌਸੀਫ, ਇਲਿਆਸ ਘੁੰਮਣ, ਆਗਾ ਅਲੀ ਮੁਦੱਸਰ ਆਦਿ ਬਹੁਤ ਸਾਰੇ ਨਾਂ ਸ਼ਾਮਿਲ ਹਨ।



ਇਨ੍ਹਾਂ ਕਹਾਣੀਕਾਰਾਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਪੰਜਾਬੀਆਂ ਦੇ ਵਿਭਿੰਨ ਵਰਗਾਂ ਦੇ ਪ੍ਰਸੰਗ ਵਿਚ ਉਨ੍ਹਾਂ ਦੀ ਦੁਵੰਡ ਹੋਈ ਪਛਾਣ ਦਾ ਬਿਰਤਾਂਤ ਪੇਸ਼ ਕਰਦੀਆਂ ਹਨ। ਮਿਸਾਲ ਵਜੋਂ ਜਰਨੈਲ ਸਿੰਘ ਦੀ ਕਹਾਣੀ 'ਜੜ੍ਹਾਂ' ਪੰਜਾਬੀ ਅਤੇ ਕੈਨੇਡੀਅਨ ਪਛਾਣ ਦੀ ਦੁਬਿਧਾ ਹੰਢਾਉਂਦੇ ਪ੍ਰੋ. ਕੁਲਵਰਨ ਦਾ ਬਿਰਤਾਂਤ ਪੇਸ਼ ਕਰਦੀ ਹੈ। ਅਫ਼ ਲ ਤੌਸੀਫ਼ ਦੀ ਕਹਾਣੀ 'ਗੁੰਝਲ ਗੁੰਝਲ ਹੋਈਆਂ ਸਾਡੀ ਆਸ ਦੀਆਂ ਤੰਦਾਂ' ਦੀ ਬਿਰਤਾਂਤਕਾਰ ਉਮੈਂ ਅਨੇਕਾਂ ਪਛਾਣਾਂ ਵਿਚ ਫਾਥੀ ਹੋਈ ਸਵੈ ਦੇ ਅਰਥ ਤਲਾਸ਼ਦੀ ਨ ਰ ਆਉਂਦੀ ਹੈ। ਉਉਸ ਨੇ ਇਕ ਸੁਹਿਰਦ ਟੀਚਰ, ਗੌਰਵਮਈ ਨਾਰੀ, ਤਰਕਮਈ ਪੰਜਾਬੀ ਵਿਅਕਤੀ, ਪ੍ਰਗਤੀਸ਼ੀਲ ਇਸਲਾਮੀ ਰਾਸ਼ਟਰਵਾਦੀ ਅਤੇ ਸਮਾਜਵਾਦੀ ਇਨਕਲਾਬੀ ਦੀਆਂ ਸਮੂਹ ਪਛਾਣਾਂ ਦੇ ਸੰਤੁਲਨ ਰਾਹੀਂ ਇਕ ਅਜਿਹੀ ਉਸਾਰੂ ਸਖ਼ਸ਼ੀਅਤ ਦਾ ਨਿਰਮਾਣ ਕਰਨਾ ਹੈ ਜਿਹੜੀ ਵਿਸ਼ਵੀਕਰਨ ਦੇ ਯੁਗ ਵਿਚ ਪਾਕਿਸਤਾਨੀਅਤ ਦੀ ਪ੍ਰਤੀਨਿਧਤਾ ਕਰ ਸਕੇ। ਪਰ ਪਾਕਿਸਤਾਨ ਦੇ ਮਰਦਮੁਖੀ ਸਾਮੰਤੀ ਸਮਾਜਕ ਪ੍ਰਬੰਧ, ਫੌਜੀ ਸ਼ਾਸਨ ਅਤੇ ਇਸਲਾਮੀ ਪੁਜਾਰੀਵਾਦ ਦੀ ਚੜ੍ਹਤ ਦੇ ਦੌਰ ਵਿਚ ਇਕ ਔਰਤ ਲਈ ਉਪਰੋਕਤ ਸਾਰੀਆਂ ਪਛਾਣਾਂ ਦਾ ਸੰਤੁਲਨ ਅਤੇ ਸਲਾਮਤੀ ਬਹੁਤ ਕਠਿਨ ਕਾਰਜ ਹੈ। 8

ਉਦਾਰਵਾਦੀ ਪੰਜਾਬੀ ਕਹਾਣੀ ਦੇ ਕੇਂਦਰੀ ਪਾਤਰ ਦੀ ਤ੍ਰੇੜੀ ਸਖ਼ਸ਼ੀਅਤ ਦੇ ਪਿਛੋਕੜ ਵਿਚ ਵਿਰੋਧਾਭਾਸੀ ਸਥਿਤੀਆਂ ਦਾ ਇਕ ਜਟਿਲ ਤਾਣਾ-ਬਾਣਾ ਨ ਰ ਆਉਂਦਾ ਹੈ, ਜਿਵੇਂ ਪਿੰਡ-ਸ਼ਹਿਰ, ਦੇਸ-ਬਿਦੇਸ਼, ਵਿਆਹ-ਪਿਆਰ, ਉਪਭੋਗਤਾ-ਪ੍ਰਤੀਬੱਧਤਾ, ਹਕੀਕਤ-ਸੁਪਨੇ ਆਦਿ ਦੀਆਂ ਦੁਵੱਲੀਆਂ ਖਿੱਚਾਂ ਪਾਤਰ ਨੂੰ ਦੁਬਿਧਾ ਦੀ ਦਲਦਲ ਵਿਚ ਨਿਰੰਤਰ ਧਕੇਲਦੀਆਂ ਹਨ। ਵਿਅੰਗ ਦੀ ਗੱਲ ਇਹ ਹੈ ਪੰਜਾਬ ਦੀਆਂ ਅਜੋਕੀਆਂ ਪ੍ਰਸਥਿਤੀਆਂ ਦੇ ਸੰਦਰਭ ਵਿਚ ਇਸ ਪਾਤਰ ਦੀ ਤ੍ਰੇੜੀ ਸਖ਼ਸ਼ੀਅਤ ਦੀ ਪੀੜ, ਜਸ਼ਨਾਵੀ ਫੈਂਟਸੀ ਦੇ ਵਰਕ ਨਾਲ ਢਕੀ ਹੋਈ ਹੈ। ਇਸ ਲਈ ਪੰਜਾਬੀ ਵਿਅਕਤਿਤਵ ਦੇ ਅਜਿਹੇ ਬਹੁਪਰਤੀ ਸਰੂਪ ਦੀ ਪੇਸ਼ਕਾਰੀ ਲਈ ਅਜੋਕੀ ਕਹਾਣੀ ਇਲੈਕਟ੍ਰਾਨਿਕ ਮੀਡੀਏ ਵਾਂਗ ਦ੍ਰਿਸ਼ਾਂ ਦੀ ਕੋਲਾ ਕਾਰੀ ਕਰਕੇ ਜੀਵਨ ਦੇ ਵੱਖ ਵੱਖ ਪਾਸਾਰਾਂ ਨੂੰ ਉਭਾਰਦੀ ਹੈ। ਇਸ ਪ੍ਰਸੰਗ ਵਿਚ ਚੂੜੇ ਵਾਲੀ ਬਾਂਹ (ਜਸਵੀਰ ਰਾਣਾ), ਸਿਗਰਟ ਜਿਹੀ ਿੰਦਗੀ (ਕੁਲਵੰਤ ਗਿੱਲ), ਇਕ ਘਰ ਆ ਾਦ ਹਿੰਦੀਆਂ ਦਾ (ਬਲਵਿੰਦਰ ਸਿੰਘ ਗਰੇਵਾਲ) ਆਦਿ ਕਹਾਣੀਆਂ ਦਾ ਮਿਸਾਲ ਦੇ ਤੌਰ ਤੇ ਿਕਰ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਉਦਾਰਵਾਦੀ ਪੰਜਾਬੀ ਕਹਾਣੀ ਕਿਸੇ ਵਿਚਾਰਧਾਰਾ-ਵਿਸ਼ੇਸ਼ ਤੋਂ ਮੁਕਤ ਹੋ ਕੇ ਖੁੱਲ੍ਹੇਪਣ ਨਾਲ ਅੰਤਰਰਾਸ਼ਟਰੀ ਪਾਸਾਰਾਂ ਵਾਲੀ ਪੰਜਾਬੀ ਰਹਿਤਲ ਨੂੰ ਵਿਭਿੰਨ ਕੋਣਾਂ ਤੋਂ ਖੜ੍ਹ ਕੇ ਵੇਖਣ ਅਤੇ ਢੁਕਵੇਂ ਗਲਪੀ ਬਿੰਬ ਵਿਚ ਢਾਲ ਕੇ ਪੇਸ਼ ਕਰਨ ਦਾ ਸਫਲ ਯਤਨ ਕਰਦੀ ਹੈ। ਪਰ ਵਿਚਾਰਧਾਰਾ-ਵਿਸ਼ੇਸ਼ ਤੋਂ ਮੁਕਤ ਹੋਣ ਦਾ ਇਹ ਅਰਥ ਹਰਗਿ ਨਹੀਂ ਕਿ ਉਦਾਰਵਾਦੀ ਪੰਜਾਬੀ ਕਹਾਣੀ ਦੀ ਆਪਣੀ ਕੋਈ ਵਿਚਾਰਧਾਰਾ ਨਹੀਂ। ਉਦਾਰਵਾਦੀ ਰਚਨਾ-ਦ੍ਰਿਸ਼ਟੀ ਨੂੰ ਠੀਕ ਪਰਿਪੇਖ ਵਿਚ ਸਮਝਣਾ ਰੂਰੀ ਹੈ। ਸੰਕੇਤਕ ਨੁਕਤਾ ਇਹ ਹੈ ਕਿ ਇਸ ਜੀਵਨ-ਦ੍ਰਿਸ਼ਟੀ ਲਈ ਕਿਸੇ ਵਿਅਕਤੀ, ਵਰਗ ਜਾਂ ਕੌਮ ਦਾ ਕਾਰਜ ਹੀ ਉਸਦੇ ਚਰਿਤਰ ਦੀ ਪ੍ਰਮਾਣਿਕਤਾ ਨੂੰ ਤਸਦੀਕ ਕਰਨ ਵਾਲਾ ਹੁੰਦਾ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਆਪਣੀ ਲਗਭਗ ਇਕ ਸਦੀ ਦੀ ਉਮਰ ਦੌਰਾਨ ਆਧੁਨਿਕ ਪੰਜਾਬੀ ਕਹਾਣੀ ਬਦਲਦੀਆਂ ਪ੍ਰਸਥਿਤੀਆਂ ਨਾਲ ਵਰ ਮੇਚ ਕੇ ਤੁਰਨ ਦਾ ਉਪਰਾਲਾ ਕਰਦੀ ਹੈ। ਵਿਕਾਸ ਦੇ ਵਿਭਿੰਨ ਪੜਾਵਾਂ ਉਤੇ ਇਸ ਦੀ ਰਚਨਾ-ਦ੍ਰਿਸ਼ਟੀ, ਰਚਨਾ-ਵਿਧੀ ਅਤੇ ਪਾਠਕ-ਚੇਤਨਾ ਵਿਚ ਨਿਰੰਤਰ ਪਰਿਵਰਤਨ ਵਾਪਰਦੇ ਹਨ ਜਿਨ੍ਹਾਂ ਸਦਕਾ ਇਹ ਪੰਜਾਬੀ ਅਵਚੇਤਨ ਦੇ ਵਿਭਿੰਨ ਪਾਸਾਰਾਂ ਨੂੰ ਲੋੜੀਂਦੇ ਗਲਪ-ਪ੍ਰਯੋਗਾਂ ਨਾਲ ਪੇਸ਼ ਕਰਨ ਦੇ ਸਮਰੱਥ ਬਣੀ ਰਹਿੰਦੀ ਹੈ।

ਹਵਾਲੇ ਅਤੇ ਟਿੱਪਣੀਆਂ


1. ਬਲਦੇਵ ਸਿੰਘ ਧਾਲੀਵਾਲ, ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ, ਪੰਨਾ 22.
2. Norman Friedman, "What Makes a Short Story Short ?, Edi., Michael

Hoffman and Patrick Murphy, Essentials of the Theory of Fiction, p. 154

3. ਉਜੇ ਇਸ ਕਾਲ (ਪੂਰਵ ਸੇਖੋਂ) ਦੀਆਂ ਕਹਾਣੀਆਂ ਨੂੰ ਭੁਲਾ ਵੀ ਦਿੱਤਾ ਜਾਵੇ ਤਾਂ ਵੀ ਫਰਕ ਨਹੀਂ ਪੈਂਦਾ।

ਬਲਬੀਰ ਸਿੰਘ ਦਿਲ, ਪੰਜਾਬੀ ਕਹਾਣੀ ਦਾ ਵਿਕਾਸ, ਪੰਨਾ 90

ਉਪੰਜਾਬੀ ਵਿਚ ਜੇ ਵਧੇਰੇ ਕਰੜਾਈ ਨਾਲ ਵੇਖੀਏ ਤਾਂ ਇਸ ਦਾ (ਨਿੱਕੀ ਕਹਾਣੀ ਦਾ) ਮੁੱਢ ਸੁਜਾਨ ਸਿੰਘ ਤੇ ਸੇਖੋਂ ਨਾਲ ਬੱਝਾ ਜਿਨ੍ਹਾਂ ਨੇ ਇਸ ਦਾ ਕਾਵਿ-ਸ਼ਾਸਤਰ ਉਲੀਕਿਆ ਅਤੇ ਉਸ ਅਨੁਸਾਰ ਕਹਾਣੀਆਂ ਵੀ ਲਿਖੀਆਂ।

ਗੁਰਬਖਸ਼ ਸਿੰਘ ਫਰੈਂਕ, ਉਪੰਜਾਬੀ ਨਿੱਕੀ ਕਹਾਣੀ ਦੇ ਇਤਿਹਾਸ ਲੇਖਣ ਦੀਆਂ ਸਮੱਸਿਆਵਾਂ ਬਿਕਰਮ ਸਿੰਘ ਘੁੰਮਣ ਅਤੇ ਹਰਿਭਜਨ ਸਿੰਘ ਭਾਟੀਆ, ਸੰਪਾ., ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਜਿਲਦ 1, ਪੰਨਾ 179

4. ਬਲਦੇਵ ਸਿੰਘ ਧਾਲੀਵਾਲ, ਉਹੀ ਰਚਨਾ, ਪੰਨਾ 30ੱ31

5. ਪੰਜਾਬੀ ਕਹਾਣੀ ਅਧਿਐਨ, ਪੰਨੇ 44ੱ45

6. ਉਇਨ੍ਹਾਂ (ਤੀਸਰੀ ਦੁਨੀਆਂ ਦੇ) ਦੇਸ਼ਾਂ ਦੀ ਸਮਾਜਕ ਪ੍ਰਸਥਿਤੀ ਅਜਿਹੀ ਹੈ ਜਿਸ ਵਿਚ ਤਰਕ-ਵਿਤਰਕ, ਵਹਿਮ-ਭਰਮ ਅਤੇ ਵਿਗਿਆਨਕ ਸੱਚ ਨਾਲੋ-ਨਾਲ ਚਲਦੇ ਹਨ। ਅਜਿਹੀ ਵਿਰੋਧਾਭਾਸਕ ਸਮਾਜਕ ਪ੍ਰਸਥਿਤੀ ਨੂੰ ਚਿਤਰਨ ਲਈ ਯਥਾਰਥਵਾਦੀ ਵਿਧੀ ਕਾਰਗਰ ਸਾਬਤ ਨਹੀਂ ਹੋ ਸਕਦੀ। ਇਸੇ ਲਈ ਇਸ ਸਮਾਜਕ ਪ੍ਰਸਥਿਤੀ ਦੀ ਸਹੀ ਤਰ ਮਾਨੀ ਲਈ ਇਕ ਨਵੀਂ ਵਿਧੀ ਦਾ ਨਿਰਮਾਣ ਹੋਇਆ ਹੈ ਜਿਸਨੂੰ ਉਮੈਜਿਕ ਰੀਅਲਿ ਮ ਅਰਥਾਤ ਜਾਦੂਮਈ ਯਥਾਰਥਵਾਦ ਦਾ ਨਾਂ ਦਿੱਤਾ ਗਿਆ ਹੈ।

ਪ੍ਰੀਤਮ ਸਿੰਘ, ਉਜਾਦੂ+ਯਥਾਰਥ...ਜਾਦੂਮਈ ਯਥਾਰਥਵਾਦ , ਕਲਾ ਸਿਰਜਕ, ਅਪ੍ਰੈਲ-ਮਈ 2007


7. ਉ...ਹੁਣ ਅਜਿਹੀ ਕਹਾਣੀ ਵੀ ਸਿਰਜੀ ਜਾਣ ਲੱਗੀ ਹੈ ਜੋ ਪੁਸ਼ਟੀ ਦੀ ਨਹੀਂ ਅਪੁਸ਼ਟੀ ਦੀ ਕਹਾਣੀ ਹੈ, ਪ੍ਰਮਾਣੀਕਰਨ ਦੀ ਨਹੀਂ ਅਪ੍ਰਮਾਣੀਕਰਨ ਦੀ ਕਹਾਣੀ ਹੈ, ਸਮਰਥਨ ਦੀ ਨਹੀਂ ਅਸਮਰਥਨ ਦੀ ਕਹਾਣੀ ਹੈ। ..... ਇਹ ਕਹਾਣੀ ਪ੍ਰਸ਼ਨ-ਅੰਤ ਵਾਲੀ ਕਹਾਣੀ ਹੈ।

ਗੁਰਲਾਲ ਸਿੰਘ, ਉਕਹਾਣੀ ਦਾ ਅੰਤ , ਪ੍ਰਵਚਨ, ਜੁਲਾਈ-ਸਤੰਬਰ 2002


**ਪੰਚਕੂਲੇ 'ਚ ਜਨਾਜ਼ਾ**

**(ਚੌਥੇ ਪੜ੍ਹਾਅ ਦੀਆਂ ਕਹਾਣੀਆਂ)**

**ਸੰਪਾਦਕ : ਜਿੰਦਰ**




ਪੁਸਤਕ ਵਿਚ ਸ਼ਾਮਿਲ ਕਹਾਣੀਕਾਰ- ਹਰਜੀਤ ਅਟਵਾਲ, ਤਲਵਿੰਦਰ ਸਿੰਘ, ਬਲਦੇਵ ਸਿੰਘ ਧਾਲੀਵਾਲ, ਵੀਨਾ ਵਰਮਾ, ਬਲੀਜੀਤ, ਹਰਪ੍ਰੀਤ ਸੇਖਾ, ਕੁਲਵੰਤ ਗਿੱਲ, ਭਗਵੰਤ ਰਸੂਲਪੁਰੀ, ਗੁਰਮੀਤ ਕੜਿਆਲਵੀ, ਸਾਂਵਲ ਧਾਮੀ, ਅਜਮੇਰ ਸਿੱਧੂ, ਸੁਖਜੀਤ, ਦੇਸ ਰਾਜ ਕਾਲੀ ਤੇ ਜਿੰਦਰ।

ਚੌਥੇ ਪੜ੍ਹਾਅ ਦੇ ਕਹਾਣੀਕਾਰਾਂ ਨੇ ਸਥਾਪਤ ਕਥਾ ਮਾਡਲਾਂ ਨੂੰ ਤੋੜਿਆ। ਬਿਰਤਾਂਤਕ ਸੰਗਠਨ ਪੱਖੋਂ ਕਈ ਤਰ੍ਹਾਂ ਦੇ ਨਵੇਂ ਪ੍ਰਯੋਗ ਕੀਤੇ।

**-ਜਿੰਦਰ**

ਪ੍ਰਕਾਸ਼ਕ:
**ਲੋਕ ਗੀਤ ਪ੍ਰਕਾਸ਼ਨ,**
26-27, ਸੈਕਟਰ-34-ਏ, ਚੰਡੀਗੜ੍ਹ,
ਮੁੱਲ 150 ਰੁਪਏ, ਪੰਨੇ 160




## ਗੰਭੀਰ ਸੰਵਾਦ ਰਚਾਉਂਦੀ ਪੁਸਤਕ 'ਕਲਮ ਦੇ ਨਕਸ਼'/ ਡਾ. ਸੁਰਜੀਤ ਬਰਾੜ

ਬੀਤੇ ਦਿਨੀਂ ਆਦਾਰਾ 'ਕਹਾਣੀ ਧਾਰਾ' ਵਲੋਂ ਜਲੰਧਰ ਵਿਚ ਪਰਗਟ ਸਿੰਘ ਸਿੱਧੂ ਦੀ ਵਿਵਾਦ ਗ੍ਰਸਤ ਪੁਸਤਕ 'ਕਲਮ ਦੇ ਨਕਸ਼' ਤੇ ਵਿਚਾਰ ਚਰਚਾ ਕਰਵਾਈ ਗਈ। ਡਾ. ਸੁਰਜੀਤ ਬਰਾੜ ਨੇ ਪਰਚਾ ਪੜ੍ਹਿਆ ਅਤੇ ਕਿਤਾਬ ਉੱਤੇ ਵਿਚਾਰ ਚਰਚਾ ਵਿਚ ਪਰਗਟ ਸਿੰਘ ਸਿੱਧ, ਕਿਰਪਾਲ ਕਜ਼ਾਕ, ਜਸਬੀਰ ਭੁੱਲਰ, ਪ੍ਰੇਮ ਪ੍ਰਕਾਸ਼, ਜੋਗਿੰਦਰ ਸਿੰਘ ਨਿਰਾਲਾ, ਕੁਲਦੀਪ ਸਿੰਘ ਬੇਦੀ, ਦੇਸ ਰਾਜ ਕਾਲੀ, ਭਗਵੰਤ ਰਸੂਲਪੁਰੀ,ਡਾ. ਸੁਰਜੀਤ ਬਰਾੜ ਤੇ ਪਰਮਿੰਦਰ ਨੇ ਹਿੱਸਾ ਲਿਆ।

ਜਿਵੇਂ ਪੰਜਾਬੀ ਕਵਿਤਾ, ਨਾਵਲ ਅਤੇ ਕਥਾ-ਰੂਪ ਨਿਰੰਤਰ ਵਿਕਸਤ ਹੋ ਰਹੇ ਉਵੇਂ ਹੀ ਪੰਜਾਬੀ ਆਲੋਚਨਾ ਵੀ ਵਿਕਾਸ ਕਰ ਰਹੀ ਹੈ। ਇਸ ਵਿਧਾ ਦਾ ਪਿਛੋਕੜ ਵਾਚਦਿਆਂ ਮਾਲੂਮ ਹੁੰਦਾ ਹੈ ਕਿ ਆਧੁਨਿਕ ਪੰਜਾਬੀ ਆਲੋਚਨਾ ਵਿੱਚ ਇਕੋ ਵਕਤ ਤਿੰਨ ਧਾਰਾਵਾਂ ਪ੍ਰਚਲਤ ਸਨ। ਪ੍ਰਥਮ ਧਾਰਾ, ਸੰਤ ਸਿੰਘ ਸੇਖੋਂ ਮਾਰਕਸਵਾਦੀ ਆਲੋਚਕ ਸੀ ਜੋ ਇਕ ਕ੍ਰਿਤ ਨੂੰ ਵਿਸ਼ੇ ਪੱਖੋਂ ਸ਼੍ਰੇਸ਼ਟਤਮ ਹੋਣਾ ਅਨੀਵਾਰੀ ਸਮਝਦਾ ਸੀ। ਦੂਸਰੀ ਧਾਰਾ, ਡਾ. ਹਰਭਜਨ ਸਿੰਘ ਰੂਸੀ-ਰੂਪਵਾਦ ਤੋਂ ਪ੍ਰਭਾਵਤ ਸੀ। ਉਹ ਕਿਸੇ ਕ੍ਰਿਤ ਨੂੰ ਰੂਪਾਤਮਕ ਸੁਹਜਾਤਮਕ ਦ੍ਰਿਸ਼ਟੀ ਤੋਂ ਹੀ ਪਰਖਣ ਦਾ ਧਾਰਨੀ ਸੀ। ਤੀਸਰੀ ਧਾਰਾ, ਪ੍ਰੋ, ਕਿਸ਼ਨ ਸਿੰਘ ਵੀ ਮਾਰਕਸਵਾਦੀ ਆਲੋਚਕ ਸੀ ਪਰੰਤੂ ਉਹ ਕਿਸੇ ਰਚਨਾ ਦੇ ਅਧਿਐਨ ਸਮੇਂ ਉਸਦੇ ਵਿਸ਼ੇ ਅਤੇ ਕਲਾ ਪੱਖ ਨੂੰ ਬਰਾਬਰ ਮਹੱਤਤਾ ਦਿੰਦਾ ਸੀ। ਵੈਸੇ ਜਦ ਇਹ ਆਲੋਚਕ ਸਾਹਿਤਕ ਰਚਨਾਵਾਂ ਦੀ ਸਮੀਖਿਆ ਕਰਦੇ ਸਨ ਤਾਂ ਇਹ ਆਪਣੇ ਹੀ ਵਿਚਾਰਾਂ ਨਾਲ ਸਾਹਿਤਕ ਰਚਨਾਵਾਂ ਬਾਰੇ ਧਾਰਨਾਵਾਂ ਸਥਾਪਤ ਕਰਦੇ ਸਨ। ਇਨ੍ਹਾਂ ਦੀਆਂ ਸਥਾਪਤ ਕੀਤੀਆਂ ਧਾਰਨਾਵਾਂ ਕਈ ਵਾਰ ਮੰਤਕੀ ਅਤੇ ਸੱਤਹੀ ਵੀ ਹੁੰਦੀਆਂ ਸਨ। ਪੰਜਾਬੀ ਆਲੋਚਕਾ ਵਿੱਚ ਇਨ੍ਹਾਂ ਤਿੰਨ ਆਲੋਚਕਾਂ ਤੋਂ ਬਿਨਾ ਕੁਝ ਹੋਰ ਇਹਨਾਂ ਦੇ ਸਮਕਾਲੀ ਆਲੋਚਕ (ਡਾ. ਜੋਗਿੰਦਰ ਸਿੰਘ ਰਾਹੀ, ਡਾ. ਅਤਰ ਸਿੰਘ ਆਦਿ) ਵੀ ਸਨ ਜਿਨ੍ਹਾਂ ਦੀ ਕੋਈ ਵਿਚਾਰਧਾਰਾ ਨਹੀਂ ਹੁੰਦੀ ਸੀ, ਉਹ ਮਹਿਜ ਵਿਵਹਾਰਵਾਦੀ ਆਲੋਚਕ ਸਨ, ਅਜਿਹੇ ਆਲੋਚਕ ਸਿਰਫ਼ ਰਚਨਾ ਦੇ ਚੰਗੇ-ਮਾੜੇ ਗੁਣਾਂ ਦਾ ਖੁਲਾਸਾ ਕਰਨ ਤੱਕ ਸੀਮਤ ਹੁੰਦੇ ਸਨ। ਇਹਨਾਂ ਆਲੋਚਕਾਂ ਤੋਂ ਬਾਦ ਡਾ. ਰਵਿੰਦਰ ਸਿੰਘ ਰਵੀ, ਡਾ. ਕੇਸਰ ਸਿੰਘ ਕੇਸਰ, ਡਾ. ਟੀ. ਆਰ. ਵਿਨੋਦ, ਕਾ. ਸੁਰਜੀਤ ਗਿੱਲ, ਡਾ. ਰਘਬੀਰ ਸਿੰਘ ਆਦਿ ਮਾਰਕਸਵਾਦੀ ਆਲੋਚਕਾਂ ਨੇ ਪੰਜਾਬੀ ਆਲੋਚਨਾ ਨੂੰ ਤਰਕਮਈ ਅਤੇ ਪਦਾਰਥਮਈ ਢੰਗ ਨਾਲ ਹੋਰ ਵਿਕਸਤ ਕੀਤਾ। ਇਹਨਾਂ ਆਲੋਚਕਾਂ ਵੱਲੋਂ ਪ੍ਰਸਤੁਤ ਧਾਰਨਾਵਾਂ ਬਹੁਤ ਘੱਟ ਚੁਣੌਤੀ ਰਹਿਤ ਹੁੰਦੀਆਂ ਸਨ। ਇਹਨਾਂ ਆਲੋਚਕਾਂ ਦੀ ਅਗਲੀ ਕੜੀ ਵਿੱਚ ਕਾਫ਼ੀ ਆਲੋਚਕ ਆਲੋਚਨਾ-ਖੇਤਰ ਵਿਚ ਆਏ ਸਨ। ਡਾ. ਸਤਿੰਦਰ ਸਿੰਘ ਨੂਰ, ਡਾ. ਜਸਵਿੰਦਰ ਸਿੰਘ, ਡਾ. ਜਗਬੀਰ ਸਿੰਘ, ਡਾ. ਕਰਮਜੀਤ ਸਿੰਘ, ਡਾ. ਹਰਭਜਨ ਸਿੰਘ ਭਾਟੀਆ, ਡਾ. ਸੁਰਿੰਦਰ ਕੁਮਾਰ ਦਵੇਸ਼ਵਰ, ਡਾ. ਧਨਵੰਤ ਕੌਰ ਆਦਿ ਆਲੋਚਨਾ ਖੇਤਰ ਵਿੱਚ ਚਰਚਿਤ ਹੋਏ ਹਨ। ਪਰੰਤੂ ਇਹਨਾਂ ਸਭ ਆਲੋਚਕਾਂ ਦੀ ਵਿਚਾਰਧਾਰਕ ਸੁਰ ਵੱਖਰੀ-ਵੱਖਰੀ ਹੈ। ਪੰਜਾਬੀ ਵਿੱਚ ਪੱਛਮੀ ਆਲੋਚਨਾ ਪ੍ਰਣਾਲੀਆਂ ਅਤੇ ਪੱਛਮੀ ਵਿਚਾਰਧਾਰਵਾਂ। ਫਲਸਫ਼ਿਆਂ ਦੀ ਆਮਦ ਕਾਰਨ ਵੀ ਇਨ੍ਹਾਂ ਦੀਆਂ ਸੁਰਾਂ 'ਚ ਵਿਭਿੰਨਤਾ ਵਖਰੇਵਾਂ ਰਿਹਾ ਹੈ। ਸਾਡੇ ਕਈ ਆਲੋਚਕ ਪੰਜਾਬੀ ਸਾਹਿਤ ਨੂੰ ਪੱਛਮੀ ਸਿਧਾਂਤਾਂ ਅਤੇ ਫ਼ਲਸਫ਼ਿਆਂ ਨਾਲ ਪਰਖਣ ਲੱਗ ਪਏ ਜਿਸ ਕਾਰਨ ਪੰਜਾਬੀ ਆਲੋਚਨਾ ਵਿੱਚ ਅਸ਼ਪੱਸ਼ਟਤਾ, ਵਿਚਾਰਧਾਰਕ ਘਲੋਚਾ ਅਤੇ ਭੰਬਲਭੂਸਾ ਉਤਪੰਨ ਹੋਣਾ ਪ੍ਰਾਰੰਭ ਹੋ ਗਿਆ। ਸਾਡੇ ਆਲੋਚਕ ਸੰਸਕ੍ਰਿਤਾਈ ਅਤੇ ਪੰਡਤਾਊ ਸ਼ਬਦਾਂ ਨੂੰ ਵਰਤ ਕੇ ਆਲੋਚਨਾ ਨੂੰ ਬੋਝਲ ਬਣਾਉਣ ਲੱਗ ਪਏ, ਲੰਬੇ ਲੰਬੇ ਵਾਕਾਂ ਦੀ ਵਰਤੋਂ ਨਾਲ ਅਰਥਾਂ ਦਾ ਅਨਰਥ ਹੋਣ ਲੱਗ ਪਿਆ। ਅੱਜ ਅਜਿਹਾ ਕਰਨਾ ਇਕ ਵਰਤਾਰਾ ਬਣ ਚੁੱਕਾ ਹੈ। ਇਸ ਦੇ ਬਾਵਜੂਦ ਦਸ ਬਾਰਾਂ ਸਾਲਾਂ ਦੇ ਅਰਸੇ ਬਾਦ ਸਾਡੇ ਕੋਲ ਨਵ ਮਾਰਕਸਵਾਦੀ ਆਲੋਚਨਾ ਪ੍ਰਣਾਲੀ ਨੂੰ ਜੀਵੰਤ ਹੀ ਨਹੀਂ ਰੱਖਿਆ ਸਗੋਂ ਇਸਨੂੰ

ਤਸੱਲੀਬਖ਼ਸ਼ ਹੱਦ ਤੱਕ ਵਿਕਸਤ ਕੀਤਾ ਹੈ। ਇਸ ਪੀੜ੍ਹੀ ਵਿੱਚ ਡਾ. ਸੁਖਦੇਵ ਸਿੰਘ, ਡਾ. ਰਜਨੀਸ਼ ਬਹਾਦਰ ਸਿੰਘ, ਡਾ. ਸਰਬਜੀਤ ਸਿੰਘ, ਡਾ. ਲਖਵਿੰਦਰ ਜੌਹਲ, ਡਾ. ਸੁਰਜੀਤ ਸਿੰਘ, ਡਾ. ਗੁਰਇਕਬਾਲ ਸਿੰਘ, ਡਾ. ਕਰਮਜੀਤ ਕੁਰੂਕਸ਼ੇਤਰ, ਡਾ. ਹਰਵਿੰਦਰ ਭੰਡਾਲ, ਤਸਕੀਨ, ਡਾ. ਜਸਪਾਲ ਸਿੰਘ ਨਕੋਦਰ, ਡਾ. ਸੁਖਪਾਲ ਸਿੰਘ ਥਿੰਦ, ਡਾ. ਰਾਜਿੰਦਰ ਪਾਲ ਸਿੰਘ ਬਰਾੜ, ਡਾ. ਯੋਗਰਾਜ, ਡਾ. ਗੁਰਪਾਲ ਸਿੰਘ ਸੰਧੂ (ਵੈਸੇ ਇਸ ਆਲੋਚਕ ਨੂੰ ਕੋਈ ਸਰੰਚਨਾਵਾਦੀ ਕਹਿੰਦਾ ਹੈ, ਕੋਈ ਉਤਰ-ਆਧੁਨਿਕਤਾਵਾਦੀ), ਡਾ. ਗੁਰਮੀਤ ਕੱਲਰ ਮਾਜਰੀ, ਡਾ. ਅਨੂਪ ਸਿੰਘ ਆਦਿ ਸ਼ਾਮਲ ਹਨ ਜਿਨ੍ਹਾਂ ਨੇ ਸਰੰਚਨਾਵਾਦੀ, ਪ੍ਰਯੋਗਵਾਦੀ, ਵਿਵਹਾਰਵਾਦੀ, ਰੂਪਵਾਦੀ ਅਤੇ ਉਤਰ-ਆਧੁਨਿਕਤਾਵਾਦੀ ਆਲੋਚਨਾ-ਪ੍ਰਣਾਲੀਆਂ ਦੇ ਪੈਰ ਨਹੀਂ ਲੱਗਣ ਦਿੱਤੇ। ਹੋਰ ਤਾਂ ਹੋਰ ਇਹਨਾਂ ਆਲੋਚਕਾਂ 'ਚੋਂ ਬਹੁਤੇ ਆਲੋਚਕ ਯੂਨੀਵਰਸਿਟੀਆਂ ਤੋਂ ਬਾਹਰ ਕਾਰਜਸ਼ੀਲ ਹਨ। ਇਹਨਾਂ ਆਲੋਚਕਾਂ ਨੇ ਪੰਜਾਬੀ ਆਲੋਚਨਾ (ਜੋ ਯੂਨੀਵਰਸਿਟੀਆਂ ਤੱਕ ਸੀਮਤ ਸੀ) ਨੂੰ ਯੂਨੀਵਰਸਿਟੀਆਂ ਦੇ ਘੇਰੇ 'ਚੋਂ ਬਾਹਰ ਕੱਢਿਆ। ਕਦੇ ਸਮਾਂ ਸੀ ਕਿ ਯੂਨੀਵਰਸਿਟੀਆਂ ਦੇ ਆਲੋਚਕ ਯੂਨੀਵਰਸਿਟੀਆਂ ਤੋਂ ਬਾਹਰਲੀ ਆਲੋਚਨਾ ਨੂੰ ਮਾਨਤਾ ਹੀ ਨਹੀਂ ਦਿੰਦੇ ਸਨ। ਉਹਨਾਂ ਦੇ ਹੱਥ ਵਿੱਚ ਜੋ ਰਚਨਾ ਆ ਜਾਂਦੀ ਸੀ ਜਾਂ ਉਹ ਮਹਾਨ ਹੁੰਦੀ ਸੀ ਜਾਂ ਨਿਕੰਮੀ। ਸੋ ਨਵੇਂ ਆਲੋਚਕਾਂ ਨੇ ਪੰਜਾਬੀ ਆਲੋਚਨਾ ਦੀ ਇਸ ਗਿਰਾਵਟ ਦਾ ਨੋਟਿਸ ਲਿਆ ਅਤੇ ਇਸ ਨੂੰ ਨਵੇਂ ਦਿਸਹੱਦੇ ਪ੍ਰਦਾਨ ਕੀਤੇ। ਸਾਡੇ ਇਹ ਨਵੇਂ ਹੋਣਹਾਰ ਬੁੱਧੀਮਾਨ ਆਲੋਚਕ ਪੰਜਾਬੀ ਸਾਹਿਤ ਨੂੰ ਪੜ੍ਹ-ਸਮਝ ਹੀ ਨਹੀਂ ਰਹੇ ਸਗੋਂ ਉਸਦਾ ਵਿਗਿਆਨਕ ਅਤੇ ਤਰਕਿਕ ਅੰਦਾਜ਼ ਨਾਲ ਅਧਿਐਨ ਵੀ ਕਰ ਰਹੇ ਹਨ। ਸਿੱਧੂ ਭਾਵੇਂ ਮੇਰੀ ਇਸ ਧਾਰਨਾ ਨਾਲ ਸਹਿਮਤ ਨਾ ਹੋਵੇ ਪਰੰਤੂ ਸਾਡੇ ਨਵੇਂ ਆਲੋਚਕ ਪੰਜਾਬੀ ਆਲੋਚਨਾ ਨੂੰ ਸੁਹਿਰਦਤਾ ਨਾਲ ਸਮਰਿਧ ਕਰ ਰਹੇ ਹਨ।

ਪੰਜਾਬੀ ਆਲੋਚਨਾ ਵਿੱਚ ਕਾਫ਼ੀ ਮਾਤਰਾ ਵਿਚ ਸਾਰਥਕ ਕਾਰਜ ਹੋਣ ਦੇ ਬਾਵਜੂਦ ਇਸ ਦੀ ਕੁਝ ਧਿਰਾਂ ਵੱਲੋਂ ਤਿੱਖੀ ਅਤੇ ਨਾਂ ਪੱਖੀ ਆਲੋਚਨਾ ਹੋ ਰਹੀ ਹੈ। ਆਲੋਚਕਾਂ ਜੁੰਮੇ ਕਈ ਕੋਨਾਂ ਤੋਂ ਇਲਜਾਮ ਲੱਗ ਰਹੇ ਸਨ। ਇਕ ਇਲਜ਼ਾਮ ਇਹ ਹੈ ਕਿ ਪੰਜਾਬੀ ਆਲੋਚਕ ਜਦ ਕਦੇ ਕਿਸੇ ਕ੍ਰਿਤ ਦੀ ਪਰਖ ਪੜਚੋਲ ਕਰਦੇ ਹਨ ਤਾਂ ਉਸ ਸਮੇਂ ਉਹਨਾਂ ਦੀ ਸੁਰ ਸਾਂਝੀ ਨਹੀਂ ਹੁੰਦੀ, ਸਗੋਂ ਢੇਰ ਵਖਰੇਵਾਂ ਹੁੰਦਾ ਹੈ ਵੈਸੇ ਮੇਰੇ ਮੱਤ ਅਨੁਸਾਰ ਇਹ ਦ੍ਰਿਸ਼ਟੀਕੋਣ ਦੇ ਵਖਰੇਵੇ ਕਾਰਨ ਅਜਿਹਾ ਵਾਪਰਦਾ ਹੈ। ਦੂਜਾ, ਸਾਡੀ ਆਲੋਚਨਾ ਪੱਖਪਾਤੀ ਹੈ, ਕਈ ਵਾਰ ਮਾੜੀ ਰਚਨਾ ਨੂੰ ਵੀ 'ਯੁੱਗ ਰਚਨਾ' ਦਾ ਫ਼ਤਵਾ ਪ੍ਰਦਾਨ ਕੀਤਾ ਜਾਂਦਾ ਹੈ। ਤੀਜਾ, ਸਾਡੀ ਆਲੋਚਨਾ ਸੰਪੂਰਨ ਨਹੀਂ, ਸਾਹਿਤ ਕਾਫ਼ੀ ਅੱਗੇ ਹੈ ਅਤੇ ਆਲੋਚਨਾ ਕਾਫ਼ੀ ਪਿੱਛੇ ਹੈ। ਚੌਥਾ, ਸਾਡੇ ਆਲੋਚਕ ਪਰਵਾਸੀ ਸਾਹਿਤ ਅਤੇ ਲੇਖਕਾਂ ਨੂੰ ਵਧੇਰੇ ਤਰਜੀਹ ਦਿੰਦੇ ਹਨ। ਅਜਿਹਾ ਕਿਉਂ ਹੈ? ਇਸ ਪਿੱਛੇ ਕੁਝ ਕਾਰਕ ਕਰਮਸ਼ੀਲ ਹਨ। ਇਕ, ਉਕਤ ਜੋ ਵੀ ਨਵੇਂ ਪੁਰਾਣੇ ਆਲੋਚਕ ਆਲੋਚਨਾ-ਖੇਤਰ ਵਿੱਚ ਕਾਰਜਸ਼ੀਲ ਹਨ ਉਹਨਾਂ ਦੀ ਸਮਝ ਸੂਝ ਗਿਆਨ ਵਿੱਚ ਅੰਤਰ ਹੈ ਦੂਜਾ, ਕੋਈ ਉਤਕ੍ਰਿਸ਼ਟ ਸਾਰਥਕ ਪੁਸਤਕ ਕੁਝ ਆਲੋਚਕਾਂ ਦੀ ਪਹੁੰਚ ਵਿੱਚ ਨਹੀਂ ਹੁੰਦੀ, ਉਹ ਪ੍ਰਾਪਤ ਪੁਸਤਕਾਂ 'ਚੋਂ ਚੰਗੀਆਂ ਪੁਸਤਕਾਂ ਦੀ ਪਛਾਣ ਅਤੇ ਤਲਾਸ਼ ਕਰਨੀ ਕਠਨ ਕਾਰਜ ਹੈ, ਪਹਿਲਾਂ ਇਕ ਆਲੋਚਕ ਕਾਫ਼ੀ ਮਿਕਦਾਰ ਵਿੱਚ ਪੁਸਤਕਾਂ ਖਰੀਦੇ, ਫਿਰ ਉਹਨਾਂ ਨੂੰ ਪੜ੍ਹੇ ਅਤੇ ਉਪਰੰਤ ਉਹਨਾਂ 'ਚੋਂ ਚੁਣ ਕੇ ਉਹਨਾਂ ਦੀ ਆਲੋਚਨਾ ਕਰੇ, ਇਹ ਅਤਿ ਮੁਸ਼ਕਲ ਅਤੇ ਜ਼ੋਖ਼ਮ ਲਿਬਰੇਜ ਕੰਮ ਹੈ ਜਿਸਨੂੰ ਪੰਜਾਬੀ ਆਲੋਚਕ ਕਰਨ ਤੋਂ ਅਸਮਰੱਥ ਹਨ। ਤੀਜਾ, ਇਹ ਮੰਨਣਯੋਗ ਤੱਥ ਹੈ ਕਿ ਪੰਜਾਬੀ ਆਲੋਚਨਾ ਖੇਤਰ ਵਿੱਚ ਪ੍ਰਤੱਖ ਜਾਂ ਪਰੋਖ ਲਿਹਾਜਾਂ ਵੀ ਪੂਰੀਆਂ ਜਾਂਦੀਆਂ ਹਨ। ਇਸ ਮਾੜੇ ਰੁਝਾਨ ਨੂੰ ਰੋਕਣ ਦੀ ਖਾਸ ਜ਼ਰੂਰਤ ਹੈ। ਚੌਥਾ, ਲਿਹਾਜਾਂ ਤੋਂ ਬਿਨਾ ਕਈ ਆਲੋਚਕ ਆਪਣੇ ਹਿੱਤਾਂ ਦੀ ਪੂਰਤੀ ਲਈ ਅਲੇਖਕ ਨੂੰ ਵੱਡਾ ਲੇਖਕ ਗਿਰਦਾਨਣ ਤੋਂ ਗੁਰੇਜ ਨਹੀਂ ਕਰਦੇ, ਇਹ ਰੁਝਾਨ ਬੇਹੱਦ ਨਿੰਦਣਯੋਗ ਹੈ। ਇੱਥੇ ਅਸੀਂ ਮਿਸਾਲ ਵਜੋਂ ਪਰਵਾਸੀ ਸਾਹਿਤਕਾਰਾਂ ਲਿਖਤਾਂ ਨੂੰ ਲੈ ਸਕਦੇ ਹਾਂ। ਪਰਵਾਸੀ ਲੇਖਕਾਂ ਦੀਆਂ ਮਾੜੀਆਂ, ਲਿਖਤਾਂ ਨੂੰ ਵੀ ਅਸੀਂ ਯੁੱਗ ਲਿਖਤਾਂ ਕਹਿਣ ਤੋਂ ਸ਼ਰਮਾਉਂਦੇ ਨਹੀਂ। ਪੰਜਵਾਂ, ਬਿਨਾ ਸ਼ੱਕ ਪੱਖਪਾਤੀ ਆਲੋਚਨਾ ਵੀ ਦਰਕਾਰ ਹੈ। ਕੁਝ ਆਲੋਚਕਾਂ ਨੂੰ ਕੁਝ ਲੇਖਕ ਚੰਗੇ ਲੱਗਦੇ ਹਨ ਅਤੇ ਕੁਝ ਮਾੜੇ ਜਾਪਦੇ ਹਨ। ਕਈ ਆਲੋਚਕ ਆਪਣੇ ਨਿੱਜੀ ਦੋਸਤਾਂ



ਨੂੰ 'ਵੱਡੇ ਲੇਖਕ' ਕਹਿ ਕੇ ਵਡਿਆਉਣੋਂ ਬਾਜ ਨਹੀਂ ਆਉਂਦੇ। ਛੇਵਾਂ, ਇਹ ਵਰਤਾਰਾ ਵੀ ਪ੍ਰਚਲਤ ਹੈ ਕਿ ਕੁਝ ਆਲੋਚਕਾਂ ਨੂੰ ਉਚਪਾਏ ਦੀਆਂ ਕੁਝ ਵਧੀਆ ਰਚਣ ਵਾਲੇ ਲੇਖਕ ਚੁੱਪ ਚਾਪ ਸਿਰਜਣਾ ਕਰੀ ਜਾਂਦੇ ਹਨ ਉਹ ਕਿਸੇ ਆਲੋਚਕ ਦੀ ਪ੍ਰਵਾਹ ਨਹੀਂ ਕਰਦੇ। ਉਹ ਨਾ ਕਿਸੇ ਆਲੋਚਕ ਨੂੰ ਪੁਸਤਕ-ਭੇਂਟ ਕਰਦੇ ਹਨ ਨਾ ਹੀ ਚਰਚਾ ਲਈ ਕਿਸੇ ਆਲੋਚਕ ਤੱਕ ਪਹੁੰਚ ਕਰਦੇ ਹਨ। ਜਿਹੜੇ ਲੇਖਕ ਆਲੋਚਕਾਂ ਨੂੰ ਕੁਝ ਨਹੀਂ ਸਮਝਦੇ ਜਾਂ ਉਹਨਾਂ ਨੂੰ ਮਾਨਤਾ ਨਹੀਂ ਦਿੰਦੇ ਤਾਂ ਸਿੱਟੇ ਵਜੋਂ ਆਲੋਚਕ ਵੀ ਉਹਨਾਂ ਨੂੰ ਮਾਨਤਾ ਦੇਣ ਤੋਂ ਮੁਨਕਰ ਹੁੰਦੇ ਹਨ। ਕੁਝ ਲੇਖਕ ਅਤੇ ਕੁਝ ਅਲੇਖਕ ਚਿੜ੍ਹ ਵਜੋਂ ਆਲੋਚਕਾਂ ਤੇ ਤਿੱਖੇ ਪ੍ਰਹਾਰ ਕਰਦੇ ਹਨ। ਚਿੜ੍ਹ ਇਹ ਹੁੰਦੀ ਹੈ ਕਿ ਆਲੋਚਕ ਸਾਨੂੰ ਮਾਨਤਾ ਨਹੀਂ ਦਿੰਦੇ।

ਕੁਝ ਅਰਸੇ ਤੋਂ ਪੰਜਾਬੀ ਸਾਹਿਤਕ ਖੇਤਰ ਵਿੱਚ ਆਲੋਚਨਾ ਨਾਲ ਸਬੰਧਤ ਅਨੇਕ ਵੰਨ ਸੁਵੰਨੀਆਂ ਪੁਸਤਕਾਂ ਪ੍ਰਕਾਸ਼ਤ ਹੋ ਰਹੀਆਂ ਹਨ। ਇਨ੍ਹਾਂ ਪੁਸਤਕਾਂ 'ਚ ਬਹੁਤੀਆਂ ਪੁਸਤਕਾਂ ਐਮ. ਫਿਲ ਅਤੇ ਪੀ. ਐਚ. ਡੀ. ਦੌਰਾਨ ਕੀਤੀਆਂ ਖੋਜਾਂ ਨਾਲ ਸਬੰਧਤ ਹਨ। ਕੈਰੀਅਰ ਨੂੰ ਮੁੱਖ ਰੱਖ ਕੇ ਖੋਜਾਰਥੀ ਧੜਾ ਧੜਾ ਪੁਸਤਕਾਂ ਛਾਪ ਰਹੇ ਹਨ, ਇਹਨਾਂ ਪੁਸਤਕਾਂ ਵਿੱਚ ਕਚ ਘਰੜ ਅਤੇ ਚੇਪੀਮਾਰਕਾ ਖੋਜ ਪੁਸਤਕਾਂ ਵੀ ਪ੍ਰਕਾਸ਼ਤ ਹੋ ਚੁੱਕੀਆਂ ਹਨ ਜਿਸ ਨਾਲ ਪੰਜਾਬੀ ਆਲੋਚਨਾ ਨੂੰ ਫਾਇਦਾ ਘੱਟ ਨੁਕਸਾਨ ਵਧੇਰੇ ਹੋਇਆ ਹੈ। ਪਿਛਲੇ ਦਿਨੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਕੁਝ ਵਿਦਵਾਨਾਂ ਨੇ ਇਸ ਮਸਲੇ ਨੂੰ ਉਭਾਰਿਆ ਵੀ ਹੈ ਅਤੇ ਹੋ ਰਹੇ ਖੋਜ ਕਾਰਜ ਤੇ ਪੁਨਰ ਮੁਲੰਕਣ ਦੀ ਜ਼ਰੂਰਤ ਵੀ ਮਹਿਸੂਸ ਕੀਤੀ ਗਈ ਹੈ। ਖੋਜ ਨਾਲ ਸੰਬੰਧਤ ਬਹੁਤ ਘੱਟ ਪੁਸਤਕਾਂ ਮਿਆਰੀ ਹੋਣਗੀਆਂ, ਕਹਿਣ ਦਾ ਅਰਥ ਕਿ ਸਾਡੇ ਇਨ੍ਹਾਂ ਸਮਿਆਂ ਵਿੱਚ ਵਿਚਾਰਧਾਰਕ ਪੱਖੋਂ ਬਹੁਤ ਘੱਟ ਗੌਲਣਯੋਗ ਕਾਰਜ ਹੋ ਰਿਹਾ ਹੈ। ਪਿਛਲੇ ਸਾਲ ਸਾਡੇ ਨਾਮਵਰ ਕਥਾਕਾਰ ਅਤੇ ਨਾਵਲਕਾਰ ਪਰਗਟ ਸਿੰਘ ਸਿੱਧੂ ਦੀ ਇਕ ਆਲੋਚਨਾਤਮਕ ਨਿਬੰਧਾਂ ਦੀ ਵਲਿੱਖਣ ਪੁਸਤਕ 'ਕਲਮ ਦੇ ਨਕਸ਼' ਪ੍ਰਕਾਸ਼ਤ ਹੋ ਕੇ ਸਾਡੇ ਸਨਮੁੱਖ ਹੈ। ਇਸ ਪੁਸਤਕ ਵਿਚ ਕਾਫ਼ੀ ਨਿਬੰਧ ਦਰਜ ਕੀਤੇ ਗਏ ਹਨ। ਇਸ ਪੁਸਤਕ ਦੀਆਂ ਕੁਝ ਜ਼ਿਕਰਯੋਗ ਵਿਸ਼ੇਸ਼ਤਾਵਾਂ ਹਨ। ਪੁਸਤਕ 'ਚ ਦਰਜ ਹਰ ਨਿਬੰਧ ਕਿਸੇ ਨਾ ਕਿਸੇ ਰਚਨਾ ਸਬੰਧੀ ਕੋਈ ਨਾ ਕੋਈ ਨਵੀਂ ਧਾਰਨਾ ਸਥਾਪਤ ਕਰਦਾ ਹੈ। ਇਸ ਤੋਂ ਬਿਨਾ ਇਸ ਵਿਚਾਰਅਧੀਨ ਪੁਸਤਕ ਵਿੱਚ ਇਕ ਦਿੱਲੀ ਵਿਖੇ ਆਯੋਜਿਤ ਪੰਜਾਬੀ ਕਹਾਣੀ ਦਰਬਾਰ ਦੀ ਆਲੋਚਨਾਤਮਕ ਰੀਪੋਰਟ ਵੀ ਅੰਕਿਤ ਹੈ। ਕੁਝ ਅਹਿਮ ਲੇਖਕਾਂ ਦੇ ਖ਼ਤ ਵੀ ਇਸ ਪੁਸਤਕ 'ਚ ਪ੍ਰਕਾਸ਼ਤ ਕੀਤੇ ਗਏ ਹਨ। ਉੱਤਮ ਸਾਹਿਤ ਦੀ ਪਰਖ, ਪਰਵਾਸ ਲੇਖਣ ਭਾਰੂ ਰਿਹਾ ਸਾਲ ੨੦੦੩ ਦੌਰਾਨ ਆਦਿ ਨਿਬੰਧਾਂ ਲੇਖਾਂ ਵਿੱਚ ਪੰਜਾਬੀ ਆਲੋਚਨਾ 'ਤੇ ਭਰਵਾਂ ਆਕਰਮਣ ਕੀਤਾ ਗਿਆ ਹੈ। ਇੱਥੇ ਕੁਝ ਅਜਿਹੇ ਨਮੂਨੇ ਪ੍ਰਸਤੁਤ ਕੀਤੇ ਜਾ ਰਹੇ ਹਨ। "ਇਸ ਤੱਥ ਨੂੰ ਤਾਂ ਸਾਡੇ ਲੇਖਕ ਪਾਠਕ ਸਵੀਕਾਰ ਕਰਦੇ ਹਨ ਕਿ ਪੰਜਾਬੀ ਵਿੱਚ ਆਲੋਚਨਾ ਇਕ ਪਛੜਿਆ ਹੋਇਆ ਸਾਹਿਤ-ਰੂਪ ਹੈ। ਇਹ ਵੀ ਸਵੀਕਾਰ ਕੀਤਾ ਜਾਂਦਾ ਹੈ ਕਿ ਸਾਡੀ ਆਲੋਚਨਾ ਦਾ ਆਧਾਰ ਰਚਨਾ ਘੱਟ ਤੇ ਹੋਰ ਪਰੋਖ ਕਾਰਨ ਵੱਧ ਹਨ... ਪੰਜਾਬੀ ਵਿੱਚ ਅਜਿਹੇ ਆਲੋਚਕ ਕਾਫ਼ੀ ਤਾਦਾਤ ਵਿੱਚ ਹਨ ਜਿਹੜੇ ਆਪਣੇ ਆਲੋਚਨਾਤਮਕ ਗਿਆਨ ਨੂੰ ਇਕ ਹਥਿਆਰ ਵਜੋਂ ਵਰਤਦੇ ਹਨ। ਉਹ ਕਿਸੇ ਲੇਖਕ ਦੀ ਧਿਰ ਬਣਦੇ ਹਨ ਤੇ ਕਿਸੇ ਦੇ ਵਿਰੋਧ ਵਿੱਚ ਖੜਦੇ ਹਨ। ਇਹੀ ਵਜਾਹ ਹੈ ਕਿ ਲੇਖਕ ਪਾਠਕ ਕੁਝ ਇਕ ਆਲੋਚਕਾਂ ਨੂੰ ਛੱਡ ਕੇ ਬਾਕੀ ਦੀਆਂ ਰਾਵਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ... ਆਲੋਚਕਾਂ ਪ੍ਰਤੀ ਉਤਪੰਨ ਹੋ ਰਹੀ ਇਹ ਉਦਾਸੀਨਤਾ ਪੰਜਾਬੀ ਸਾਹਿਤ ਦਾ ਵੱਡਾ ਦੁਖਾਂਤ ਹੈ। ਚੰਗੇ ਰਚਨਾਕਾਰਾਂ ਨੂੰ ਉਤਸ਼ਾਹ ਨਹੀਂ ਮਿਲ ਰਿਹਾ। ਚੰਗੀਆਂ ਰਚਨਾਵਾਂ ਦਾ ਨੋਟਿਸ ਵੀ ਘੱਟ ਲਿਆ ਜਾਂਦਾ ਹੈ। ਬਹੁਤ ਸਾਰੇ ਚੰਗਾ ਲਿਖਣ ਵਾਲੇ ਲੇਖਕ ਹੁੰਗਾਰਾ ਨਾ ਮਿਲਣ ਕਰਕੇ ਖ਼ਾਮੋਸ਼ ਹੋ ਜਾਂਦੇ ਹਨ। ਸਾਡੇ ਕਈ ਇਕ ਆਲੋਚਕ ਰਚਨਾ ਦਾ ਗੰਭੀਰ ਤੇ ਗਹਿਰਾਂ ਵਿਸ਼ਲੇਸ਼ਣ ਕਰਨ ਦੀ ਥਾਂ ਸ਼ੋਸ਼ੇ ਛੱਡਦੇ ਹਨ। ਇਕ ਤੋਂ ਇਕ ਵੱਡਾ ਸ਼ੋਸ਼ਾ। ਫਿਰ ਸਾਹਿਤਕ ਮਹਿਫ਼ਲਾਂ ਵਿੱਚ ਇਨ੍ਹਾਂ ਸ਼ੋਸ਼ਿਆਂ ਦਾ ਚਰਚਾ ਚਲਦਾ ਹੈ। ਲੇਖਕ ਨੂੰ ਰਚਨਾ ਕਰਨ ਪਿਛੋਂ ਸ਼ੰਤੁਸ਼ਟ ਹੋ ਜਾਣਾ ਚਾਹੀਦਾ ਹੈ ਪਰ ਸਾਡੇ ਅਧਿਕਤਰ ਲੇਖਕ ਰਚਨਾ ਕਰਨ ਪਿਛੋਂ ਉਸਦੀ ਚਰਚਾ ਕਰਵਾਉਣ ਲਈ ਸਰਗਰਮ ਹੋ ਜਾਂਦੇ ਹਨ। ਅਜਿਹੇ ਆਲੋਚਕ ਆਮ ਮਿਲ ਜਾਂਦੇ ਹਨ ਜਿਹੜੇ ਪੰਜਾਬੀ ਦੀ ਕਿਸੇ ਰਚਨਾ ਨੂੰ ਬਹੁਤ ਅਸਾਨੀ ਨਾਲ ਭਾਰਤੀ ਪੱਧਰ ਜਾਂ ਸੰਸਾਰ ਪੱਧਰ

ਦੀ ਰਚਨਾ ਕਹਿ ਸਕਦੇ ਹਨ। ਜਿਸਦੇ ਪਰਿਣਾਮ ਵਜੋਂ ਰਚਨਾਕਾਰ ਕਈ ਕਿਸਮ ਦੇ ਭਰਮ ਪਾਲ ਲੈਂਦੇ ਹਨ।" ਆਲੋਚਨਾ ਬਾਰੇ ਸਿੱਧੂ ਦੀਆਂ ਕੁਝ ਹੋਰ ਟਿੱਪਣੀਆਂ ਵੀ ਗੌਰ ਤਲਬ ਹਨ "ਗੰਭੀਰ ਤੇ ਨਿਰਪੱਖ ਆਲੋਚਕਾ ਦੀ ਕਮੀ ਹੈ। ਸਾਡੇ ਕੋਲ ਅਜਿਹੇ ਪ੍ਰਬੁੱਧ ਆਲੋਚਕਾਂ ਦੀ ਘਾਟ ਹੈ ਜਿਹੜੇ ਕਥਾ ਸਾਹਿਤ ਦੀਆਂ ਕਲਾਤਮਕ ਬਾਰੀਕੀਆਂ ਵੱਲ ਪਾਠਕਾਂ ਦਾ ਧਿਆਨ ਆਕਰਸ਼ਤ ਕਰਦੇ ਹੋਣ।" ਆਲੋਚਨਾ ਸਾਹਿਤ ਦੀ ਕਦੀ ਵੀ ਸੰਪੂਰਨ ਵਿਆਖਿਆ ਨਹੀਂ ਕਰ ਸਕਦੀ। ਸਿੱਧੂ ਨੇ ਆਲੋਚਨਾ ਨੂੰ 'ਨਾਨ-ਸੀਰੀਅਸ ਵਿਧਾ' ਵੀ ਕਿਹਾ ਹੈ। ਪੰਜਾਬੀ ਆਲੋਚਕਾਂ ਤੇ ਇਹ ਦੋਸ਼ ਵੀ ਆਇਦ ਕੀਤਾ ਗਿਆ ਹੈ ਕਿ ਆਲੋਚਕਾਂ ਤੋਂ ਜੋ ਮਰਜੀ ਲਿਖਵਾਇਆ ਜਾ ਸਕਦਾ ਹੈ। ਲੇਖਕਾਂ, ਅਤੇ ਆਲੋਚਕਾਂ (ਆਲੋਚਨਾ ਵੀ) ਸਬੰਧੀ ਸਿੱਧੂ ਦੀਆਂ ਉਪਰੋਕਤ ਟਿੱਪਣੀਆਂ ਉੱਪਰ ਲੰਬੀ ਬਹਿਸ ਨਿਰਧਾਰਤ ਕੀਤੀ ਜਾ ਸਕਦੀ ਹੈ। ਸਿੱਧੂ ਵੱਲੋਂ ਪ੍ਰਚਾਰਤ-ਪ੍ਰਸਾਰਤ ਅਤੇ ਸਥਾਪਤ ਕੀਤੀਆਂ ਸਾਰੀਆਂ ਧਾਰਨਾਵਾਂ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਮਿਸਾਲ ਦੇ ਤੌਰ ਤੇ ਸਿੱਧੂ ਆਲੋਚਨਾ ਨੂੰ ਪਛੜਿਆ ਹੋਇਆ ਸਾਹਿਤ ਰੂਪ ਕਹਿੰਦਾ ਹੈ ਪਰ ਇਸ ਧਾਰਨਾ ਨੂੰ ਕੱਟ ਕੇ ਆਪਣੀ ਵਿਚਾਰਧਾਰਾ ਨੂੰ ਉਭਾਰਨ ਵਿੱਚ ਅਸਮਰੱਥ ਰਿਹਾ ਹੈ। ਫਿਰ ਵੀ ਸਿੱਧੂ ਦੀ ਧਾਰਨਾ ਦੇ ਵਿਪਰੀਤ ਮੇਰਾ ਵਿਚਾਰ ਹੈ ਕਿ ਪੰਜਾਬੀ ਆਲੋਚਨਾ ਜਿੱਥੇ ਇਕ ਸਮਰੱਥ ਸਾਹਿਤ-ਰੂਪ ਹੈ ਉੱਥੇ ਵਿਚਾਰਧਾਰਕ ਪੱਖੋਂ ਵੀ ਉਤਕ੍ਰਿਸ਼ਟ ਆਲੋਚਨਾ ਉਪਲੱਬਧ ਹੈ। ਪੰਜਾਬੀ ਆਲੋਚਨਾ ਪ੍ਰਕਾਸ਼ਤ ਹੋ ਰਹੇ ਪੰਜਾਬੀ ਸਾਹਿਤ ਦੇ ਮਹਿਜ ਵਰ-ਮੇਚ ਦੀ ਹੀ ਨਹੀਂ ਸਗੋਂ ਇਹ ਸਾਹਿਤ ਦੇ ਵਿਭਿੰਨ ਰੂਪਾਂ ਦੀ ਅਗਵਾਈ ਵੀ ਕਰਦੀ ਹੈ। ਸਮਕਾਲੀ ਪੰਜਾਬੀ ਸਾਹਿਤ-ਰੂਸੀ-ਚੀਨੀ, ਅੰਗਰੇਜ਼ੀ, ਹਿੰਦੀ ਅਤੇ ਬੰਗਾਲੀ ਸਾਹਿਤ ਤੋਂ ਕਾਫ਼ੀ ਦਰਜੇ ਪਛੜਿਆ ਹੋਇਆ ਸਾਹਿਤ ਹੈ। ਪਰ ਜੇਕਰ ਪੰਜਾਬੀ ਆਲੋਚਨਾ ਪਛੜੀ ਹੋਈ ਪ੍ਰਣਾਲੀ ਹੈ ਤਾਂ ਅਨੀਵਾਰੀ ਅਤੇ ਕੁਦਰਤੀ ਤੌਰ ਤੇ ਕਾਫ਼ੀ ਹੱਦ ਤੱਕ ਪੰਜਾਬੀ ਸਾਹਿਤ ਹੀ ਪਛੜਿਆ ਹੋਇਆ ਹੋਏਗਾ। ਆਲੋਚਨਾ ਹਮੇਸ਼ਾ ਹੀ ਸਾਹਿਤਕ ਕ੍ਰਿਤਾ ਦੇ ਸਮਾਨੰਤਰ ਤੁਰਦੀ ਹੁੰਦੀ ਹੈ। ਉਹ ਆਲੋਚਨਾ ਹੀ ਕੀ ਹੋਈ ਜੋ ਸਾਹਿਤ ਦੀ ਸੰਪੂਰਨ ਅਤੇ ਵਿਚਾਰਧਾਰਕ ਦੀ ਵਿਆਖਿਆ ਨਹੀਂ ਕਰਦੀ, ਇਹ ਤਾਂ ਜਿੱਥੇ ਸਾਹਿਤ ਦੀ ਲੋੜ ਹੈ ਉੱਥੇ ਇਹ ਆਲੋਚਨਾ ਦੀ ਲੋੜ ਵੀ ਹੈ। ਪਰੰਤੂ ਆਲੋਚਕ ਲਈ ਇਹ ਲਾਜ਼ਮੀ ਸ਼ਰਤ ਹੈ ਕਿ ਉਹ ਵਿਭਿੰਨ ਸਮਾਜਕ ਵਿਗਿਆਨਾਂ ਬਾਰੇ ਭਰਪੂਰ ਗਿਆਨ ਰੱਖਦਾ ਹੋਵੇ, ਮਹਿਜ ਗਿਆਨ ਹੀ ਨਹੀਂ ਸਗੋਂ ਇਹਨਾਂ ਵਿਗਿਆਨਾਂ ਬਾਰੇ ਉਸਦੀ ਦ੍ਰਿਸ਼ਟੀ ਵਿਗਿਆਨਕ ਅਤੇ ਪਦਾਰਥਵਾਦੀ ਹੋਵੇ। ਇਸ ਦੇ ਬਾਵਜੂਦ ਮੈਂ ਸਿੱਧੂ ਦੀ ਇਸ ਧਾਰਨਾ ਦਾ ਕਾਇਲ ਹਾਂ ਕਿ ਪੰਜਾਬੀ ਆਲੋਚਨਾ ਵਿੱਚ ਪੱਖਪਾਤ ਹੈ, ਦੋਸਤੀਆਂ ਨਿਭਾਉਣ ਦੀ ਕੋਹਜੀ ਪ੍ਰਥਾ ਵੀ ਪ੍ਰਚਲਤ ਹੈ। ਗੁੱਟਬਾਜੀ-ਗਰੁੱਪਬਾਜੀ ਪੰਜਾਬੀ ਲੇਖਕਾਂ ਵਿੱਚ ਬਹੁਤ ਜ਼ਿਆਦਾ ਹੈ ਫ਼ਲਸਵਰੂਪ ਆਲੋਚਕ ਵੀ ਇਸ ਤੋਂ ਅਛੂਤੇ ਜਾਂ ਅਭਿੱਜ ਨਹੀਂ ਹਨ। ਸਿੱਧੂ ਦੀ ਇਸ ਧਾਰਨਾ ਨਾਲ ਵੀ ਸਹਿਮਤੀ ਪ੍ਰਗਟਾਈ ਜਾ ਸਕਦੀ ਹੈ ਕਿ ਪੰਜਾਬੀ ਆਲੋਚਨਾ ਵਿੱਚ ਸ਼ੋਸ਼ੇ (ਜਿਵੇਂ ਪਿਛਲੇ ਸਮੇਂ ਵਿੱਚ ਡਾਇਸਪੋਰਾ ਸ਼ਬਦ ਤੇ ਆਧਾਰਤ ਸ਼ੋਸ਼ਾ ਛੱਡਿਆ ਗਿਆ ਸੀ।) ਛੱਡੇ ਜਾਂਦੇ ਹਨ। ਕਈ ਆਲੋਚਕ ਫ਼ਜ਼ੂਲ ਰਚਨਾਵਾਂ ਨੂੰ ਸੰਸਾਰ ਪੱਧਰ ਦੀਆਂ ਰਚਨਾਵਾਂ ਕਹਿ ਕੇ ਵਡਿਆਉਂਦੇ ਦੇਖੇ ਹਨ। ਮੇਰਾ ਇਹ ਮੱਤ ਵੀ ਜਾਇਜ ਹੈ ਕਿ ਜਿੱਥੇ ਕੁਝ ਆਲੋਚਕਾਂ ਵਿੱਚ ਔਗੁਣ ਹਨ ਉੱਥੇ ਕੁਝ ਲੇਖਕ ਵੀ ਕਈ ਔਗੁਣਾਂ ਦੇ ਸ਼ਿਕਾਰ ਹਨ। ਪੰਜਾਬੀ ਦੇ ਕਈ ਸਥਾਪਤ ਲੇਖਕ ਅਜਿਹੇ ਹਨ ਜਿਨ੍ਹਾਂ ਦੀ ਕੋਈ ਪ੍ਰਤੀਬਧਤਾ ਨਹੀਂ। ਪਰੰਤੂ ਕੁਝ ਅਜਿਹੇ ਅਖੌਤੀ ਪ੍ਰਤੀਬੱਧ ਲੇਖਕ ਵੀ ਮੌਜੂਦ ਹਨ ਜਿਹਨਾਂ ਦੀ ਸਮਾਜ ਵਿੱਚ ਕੋਈ ਸਰਗਰਮ ਦਖਲ ਅੰਦਾਜ਼ੀ ਜਾਂ ਭੂਮਿਕਾ ਨਹੀਂ ਜਦ ਕਿ ਸਮਕਾਲ ਵਿੱਚ ਇਕ ਲੇਖਕ ਤੋਂ ਅਜਿਹੀ ਮੰਗ ਕੀਤੀ ਜਾਂਦੀ ਹੈ। ਫਿਰ ਵੀ ਸਾਨੂੰ ਉਸ ਸ਼ਰੇਸ਼ਟ ਰਚਨਾ ਨੂੰ ਮਾਨਤਾ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਲੋਕ ਪੱਖੀ ਅਤੇ ਮਾਨਵ-ਵਾਦੀ ਹੋਵੇ, ਉਸ ਰਚਨਾ ਦਾ ਆਲੋਚਕ ਨੂੰ ਈਮਾਨਦਾਰੀ ਅਤੇ ਸੁਹਿਰਦਤਾ ਨਾਲ ਨੋਟਿਸ ਲੈਣਾ ਬਣਦਾ ਹੈ। ਵੈਸੇ ਚੰਗੀ ਰਚਨਾ ਦਾ ਨੋਟਿਸ ਲਿਆ ਵੀ ਜਾਂਦਾ ਹੈ। ਸ਼ਾਇਦ ਹੀ ਕੋਈ ਚੰਗੀ ਰਚਨਾ ਆਲੋਚਕਾਂ ਤੋਂ ਬਚੀ ਹੋਵੇ।

ਸਿੱਧੂ ਇਕ ਨਹੀਂ ਕਈ ਵਾਰ ਆਪਣੇ ਨਿਬੰਧਾਂ ਵਿੱਚ ਨਿਰਪੱਖ ਆਲੋਚਨਾ ਆਲੋਚਕਾਂ ਦੀ ਘਾਟ ਨੂੰ ਉਭਾਰਦਾ ਹੈ ਪਰ ਉਸਦੀ ਇਸ ਦਲੀਲ ਨੂੰ ਇਕ ਚੇਤਨਸ਼ੀਲ ਬੁੱਧੀਜੀਵੀ ਸਮਝਣ ਤੋਂ ਅਸਮਰੱਥ ਹੈ।



ਨਿਰਪੱਖ ਆਲੋਚਨਾ ਦੇ ਮਾਹਣੇ ਕੀ ਹਨ? ਜੇਕਰ ਨਿਰਪੱਖ ਆਲੋਚਨਾ ਆਲੋਚਕਾਂ ਦੀ ਜ਼ਰੂਰਤ ਹੈ ਤਾਂ ਫਿਰ ਸਾਨੂੰ ਵਿਵਹਾਰਕ ਆਲੋਚਕਾਂ ਦਾ ਪੱਖ ਪੂਰਨਾ ਚਾਹੀਦਾ ਹੈ। ਪਰ ਮੈਂ ਇਕ ਰਚਨਾ ਲੈ ਕੇ ਉਸਦੇ ਗੁਣਾਂ-ਔਗੁਣਾਂ ਦੇ ਆਧਾਰ 'ਤੇ ਸਮੀਖਿਆ ਕਰਨ ਨੂੰ ਆਲੋਚਨਾ ਮੰਨਣ ਲਈ ਤਤਪਰ ਨਹੀਂ। ਆਲੋਚਕ ਦਾ ਫ਼ਰਜ਼ ਹੈ ਕਿ ਉਹ ਕਿਰਤ ਨੂੰ ਪੜਤਾਲਦਿਆਂ ਉਸਦੇ ਅਰਥਾਂ ਨੂੰ ਜਮਾਤੀ ਸਮਾਜ ਨਾਲ ਜੋੜ ਕੇ ਦੇਖੇ। ਜਮਾਤੀ ਸਮਾਜ 'ਚ ਰਚੀ ਗਈ ਕੋਈ ਰਚਨਾ ਵੀ ਨਿਰਪੱਖ ਨਹੀਂ ਹੁੰਦੀ। ਉਹ ਕਿਸੇ ਨਾ ਕਿਸੇ ਵਰਗ ਦੇ ਜਮਾਤੀ ਹਿੱਤਾਂ ਦੀ ਪੂਰਕ ਹੁੰਦੀ ਹੈ। ਜੇ ਰਚਨਾ ਨਿਰਪੱਖ ਨਹੀਂ ਹੁੰਦੀ ਤਾਂ ਆਲੋਚਨਾ ਕਿਵੇਂ ਨਿਰਪੱਖ ਹੋ ਸਕਦੀ ਹੈ। ਮੈਂ ਵੀ ਨਿਰਪੱਖ ਨਹੀਂ, ਸਿੱਧੂ ਵੀ ਨਿਰਪੱਖ ਨਹੀਂ। ਹਰ ਲੇਖਕ, ਹਰ ਆਲੋਚਕ ਦਾ ਆਪਣਾ-ਆਪਣਾ ਦ੍ਰਿਸ਼ਟੀਕੋਣ ਹੈ। ਮੇਰੀ ਧਾਰਨਾ ਹੈ ਕਿ ਦ੍ਰਿਸ਼ਟੀ ਵਿਹੂਣਾ ਸਾਹਿਤ ਕਦੇ ਵੀ ਸਾਹਿਤ ਨਹੀਂ ਹੁੰਦਾ, ਸੋ ਦ੍ਰਿਸ਼ਟੀਹੀਣ ਆਲੋਚਨਾ ਨੂੰ ਵੀ ਆਲੋਚਨਾ ਨਹੀਂ ਮੰਨਿਆ ਜਾ ਸਕਦਾ। ਜੇਕਰ ਕਿਸੇ ਰਚਨਾ ਨੂੰ ਸਮਾਜਕ ਸਰੋਕਾਰਾਂ ਅਤੇ ਸੰਦਰਭਾਂ ਨਾਲ ਜੋੜ ਕੇ ਨਿਰਖਾਂਗੇ-ਪਰਖਾਂਗੇ ਤਾਂ ਲਾਜ਼ਮੀ ਸਹੀ ਨਿਸ਼ਕਰਸ਼ ਨਿਕਲਣਗੇ। ਸਮਕਾਲੀ ਮਾਰਕਸਵਾਦੀ ਆਲੋਚਨਾ ਸਿਰਫ਼ ਤੇ ਸਿਰਫ਼ ਲੇਖਕ ਉੱਪਰ ਨਹੀਂ, ਲੇਖਕ ਰਚਿਤ ਕਲਾਕ੍ਰਿਤੀ ਉੱਪਰ ਕੇਂਦਰਤ ਹੁੰਦੀ ਹੈ। ਅਜੋਕੀ ਮਾਰਕਸਵਾਦੀ ਆਲੋਚਨਾ ਜਿੱਥੇ ਇਕ ਲਿਖਤ ਉੱਪਰ ਕੇਂਦਰਤ ਹੁੰਦੀ ਹੈ ਉੱਥੇ ਉਹ ਉਸ ਲਿਖਤ ਤੋਂ ਹੀ ਸਿਧਾਂਤ ਉਸਾਰਦੀ ਹੈ। ਇਸ ਪ੍ਰਤੀ ਸਿੱਧੂ ਨੂੰ ਸਪੱਸ਼ਟ ਹੋਣ ਦੀ ਜ਼ਰੂਰਤ ਹੈ, ਸਿੱਧੂ ਇਕ ਬੰਨੇ ਆਲੋਚਨਾ ਤੇ ਦੋਸ਼ ਲਾਉਂਦਾ ਹੈ ਪਰੰਤੂ ਦੂਜੇ ਬੰਨੇ 'ਗੱਲਾਂ ਪੰਜਾਬੀ ਅਦਬ ਦੀਆਂ' ਨਿਬੰਧ ਦੇ ਅੰਤਲੇ ਪਹਿਰੇ ਵਿੱਚ ਇਹ ਵੀ ਮੰਨਦਾ ਹੈ , "ਮੈਨੂੰ ਆਲੋਚਨਾ ਸਬੰਧੀ ਡੂੰਘਾ ਗਿਆਨ ਨਹੀਂ। ਨਾ ਹੀ ਮੈਨੂੰ ਆਲੋਚਨਾ ਸ਼ਾਸਤਰ ਆਉਂਦਾ ਹੈ।" ਅਜਿਹੀਆਂ ਆਪਾ ਵਿਰੋਧੀ ਕਈ ਧਾਰਨਾਵਾਂ ਇਸ ਪੁਸਤਕ ਵਿੱਚ ਨਿਹਿਤ ਹਨ। ਫਿਰ ਵੀ ਸਿੱਧੂ ਨੇ ਬਹਿਸ-ਮੁ-ਬਹਿਸ ਲਈ ਜੋ ਵੀ ਨੁਕਤੇ ਸਾਡੇ ਸਨਮੁੱਖ ਰੱਖੇ ਹਨ ਉਹਨਾਂ ਨੂੰ ਗੰਭੀਰਤਾ ਨਾਲ ਲੈਣ ਦੀ ਜ਼ਰੂਰਤ ਹੈ।

ਸਿੱਧੂ ਦੀ ਇਹ ਧਾਰਨਾ ਵਧੇਰੇ ਯਥਾਰਥਮਈ ਹੈ ਆਲੋਚਨਾ ਸਾਹਿਤ ਦੀ ਪਰਜੀਵੀ ਵਿਧਾ ਹੈ। ਇਸ ਦੀ ਹੋਂਦ ਦਾ ਆਧਾਰ ਰਚਨਾ ਹੈ। ਬੇਸ਼ੱਕ ਰਚਨਾ ਦਾ ਦਰਜਾ ਅਬਲ ਹੈ ਅਤੇ ਆਲੋਚਨਾ ਦਾ ਦੋਮ। ਪਰੰਤੂ ਇਹ ਵੀ ਜ਼ਰੂਰੀ ਨਹੀਂ ਹਰ ਰਚਨਾ ਨੂੰ ਆਲੋਚਕ ਮਾਨਤਾ ਦੇਣ, ਮਾਨਤਾ ਉਸੇ ਰਚਨਾ ਨੂੰ ਮਿਲਣੀ ਚਾਹੀਦੀ ਹੈ ਜੋ ਸਮਾਜਕ ਅਰਥ/ ਚੇਤਨਾ ਦਿੰਦੀ ਹੋਵੇ। ਜੇ ਕੋਈ ਰਚਨਾ ਆਲੋਚਕ ਦੀ ਪਰਖ ਕਸਵੱਟੀ ਤੇ ਖਰੀ ਨਹੀਂ ਉਤਰਦੀ ਤਾਂ ਅਜਿਹੀ ਰਚਨਾ ਦਾ ਦਰਜਾ ਦੋਮ ਤਾਂ ਕੀ ਸਗੋਂ ਕੋਈ ਨਹੀਂ ਹੋਏਗਾ। ਮੈਂ ਉੱਪਰ ਵੀ ਇਹ ਪੱਖ ਸਥਾਪਤ ਕੀਤਾ ਹੈ ਕਿ ਹਰ ਰਚਨਾ ਸ਼ਰੇਸ਼ਟ ਨਹੀਂ ਹੁੰਦੀ। ਸਿੱਧੂ ਦਾ ਇਕ ਹੋਰ ਮੱਤ ਹੈ ਕਿ ਅੱਜ ਅਲੇਖਕ 'ਲੇਖਕ' ਬਣੇ ਬੈਠੇ ਹਨ ਅਤੇ ਨਿਮਨ ਕੋਟੀ ਦੇ ਆਲੋਚਕ ਪ੍ਰਸਿੱਧ ਆਲੋਚਕ ਬਣੇ ਬੈਠੇ ਹਨ। ਪੂੰਜੀ ਨਾਲ ਚਰਚਾ ਕਰਵਾ ਕੇ ਕੋਈ ਪ੍ਰਸਿੱਧ ਲੇਖਕ ਨਹੀਂ ਬਣ ਸਕਦਾ, ਇਸੇ ਤਰ੍ਹਾਂ ਉੱਚੇ ਆਹੁਦਿਆਂ 'ਤੇ ਬਿਰਾਜਮਾਨ ਡਾਕਟਰਾਂ / ਪ੍ਰੋਫੈਸਰਾਂ ਦੀ ਆਲੋਚਨਾ ਨੂੰ ਵਕਤੀ ਮਾਨਤਾ ਹਾਸਲ ਹੋ ਸਕਦੀ ਹੈ। ਪਰੰਤੂ ਜਦ ਉਹਨਾਂ ਕੋਲੋਂ ਆਹੁਦੇ ਖ਼ਤਮ ਹੋ ਜਾਂਦੇ ਹਨ ਤਾਂ ਫਿਰ ਉਹਨਾਂ ਨੂੰ ਕੋਈ ਨਹੀਂ ਪੁੱਛਦਾ। ਸਿੱਧੂ ਦੀ ਇਸ ਧਾਰਨਾ ਨਾਲ ਵੀ ਸਹਿਮਤ ਹੋਇਆ ਜਾ ਸਕਦਾ ਹੈ ਕਿ ਪੂੰਜੀ ਦੇ ਜ਼ੋਰ ਨਾਲ ਪਰਵਾਸੀ ਸਾਹਿਤ ਅਤੇ ਪਰਵਾਸੀ ਸਾਹਿਤਕਾਰ ਸਭ ਤੋਂ ਅੱਗੇ ਹਨ। ਲਗਭਗ ਸਾਰੇ ਸਾਹਿਤਕ ਰਸਾਲਿਆਂ 'ਤੇ ਪਰਵਾਸੀਆਂ ਦੀ ਪਕੜ ਹੈ, ਪੂੰਜੀ ਵੀ ਪਰਵਾਸੀਆਂ ਦੀ ਅਤੇ ਲਿਖਤਾਂ ਵੀ ਪਰਵਾਸੀਆਂ ਦੀਆਂ ਪ੍ਰਕਾਸ਼ਤ ਹੁੰਦੀਆਂ ਹਨ। ਪਰਵਾਸੀ ਸਾਹਿਤਕਾਰਾਂ ਦੀਆਂ ਪੁਸਤਕਾਂ ਵੱਡੀ ਤਾਦਾਦ ਵਿੱਚ ਛਪਦੀਆਂ ਹਨ। ਮਹਾਂ ਨਗਰਾਂ 'ਚ ਪਰਵਾਸੀ-ਸਾਹਿਤਕ ਪੁਸਤਕਾਂ ਤੇ ਗੋਸ਼ਟੀਆਂ ਕੀਤੀਆਂ ਜਾਂਦੀਆਂ ਹਨ, ਆਲੋਚਕ ਉਹਨਾਂ ਦੀ ਭਰਪੂਰ ਸ਼ਲਾਘਾ ਕਰਦੇ ਹਨ। ਪਰਵਾਸੀ ਸਾਹਿਤਕਾਰਾਂ ਨਾਲ ਸ਼ਹਿਰਾਂ ਵਿੱਚ ਵੱਡੇ ਵੱਡੇ ਰੂ-ਬ-ਰੂ ਸਮਾਗਮ ਆਯੋਜਤ ਕੀਤੇ ਜਾਂਦੇ ਹਨ। ਯੂਨੀਵਰਸਿਟੀਆਂ ਦੇ ਕੋਰਸਾਂ ਵਿੱਚ ਸਿਫ਼ਾਰਸ਼ਾ ਨਾਲ ਪਰਵਾਸੀ ਸਾਹਿਤਕਾਰਾਂ ਦੀਆਂ ਪੁਸਤਕ ਲੱਗੀਆਂ ਹੋਈਆਂ ਹਨ ਪਰੰਤੂ ਸਿੱਧੂ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ, ਜਦ ਉਹ ਇਹ ਧਾਰਨਾ ਪ੍ਰਸਤੁਤ ਕਰਦਾ ਹੈ ਕਿ ਪਿਛਲੇ ਤੀਹ ਚਾਲੀ ਸਾਲਾਂ ਵਿੱਚ ਕੋਈ ਵੀ ਤਕੜੀ ਰਚਨਾ ਸਾਨੂੰ ਪਰਵਾਸੀ ਸਾਹਿਤ ਵਿੱਚ ਨਹੀਂ ਲੱਭਦੀ ਜਿਹੜੀ ਪਾਠਕ ਦੇ ਮਨ ਤੇ ਅਮਿੱਟ ਛਾਪ

ਛੱਡ ਦੇਵੇ। ਇਸ ਹੰਝਾ ਫੇਰੂ ਟਿੱਪਣੀ ਦੇ ਵਿਪਰੀਤ ਮੇਰੀ ਧਾਰਨਾ ਹੈ ਕਿ ਮੈਨੂੰ ਪਿਛਲੇ ਦਸ ਬਾਰਾਂ ਸਾਲਾਂ ਵਿੱਚ ਪ੍ਰਕਾਸ਼ਤ ਹੋਏ ਕਈ ਪਾਏਦਾਰ ਅਤੇ ਗ਼ੌਲਣਯੋਗ ਪਰਵਾਸੀ ਨਾਵਲ ਅਤੇ ਕਥਾ ਸੰਗ੍ਰਹਿ ਪੜ੍ਹਣ। ਵਾਚਣ ਦਾ ਅਵੱਸਰ ਪ੍ਰਾਪਤ ਹੋਇਆ ਹੈ ਜਿਨ੍ਹਾਂ ਤੋਂ ਛਾਪ ਰਹੇ ਪਰਵਾਸੀ ਸਾਹਿਤ ਬਾਰੇ ਤਸੱਲੀ ਹੁੰਦੀ ਹੈ। ਜੇ ਅਜਿਹੇ ਨਾਮਵਰ ਪਰਵਾਸੀ ਲੇਖਕਾਂ ਦੀ ਫ਼ਰਹਿਸਤ ਲੰਬੀ ਨਹੀਂ ਫਿਰ ਵੀ ਅਜਿਹੇ ਲੇਖਕਾਂ ਦੀ ਗਿਣਤੀ ਤਸੱਲੀਬਖ਼ਸ਼ ਜ਼ਰੂਰ ਹੈ। ਸਾਲ ੨੦੦੨ ਵਿੱਚ ਛਪੀਆਂ ਪੁਸਤਕਾਂ ਵਿੱਚ ਪਰਵਾਸੀ ਸਾਹਿਤਕ ਪੁਸਤਕਾਂ ਨੂੰ ਭਾਰੂ ਸਾਲ ਕਹਿਣਾ ਵੀ ਸਿੱਧੂ ਦੀ ਖ਼ਾਮ ਖਿਆਲੀ ਹੈ ਜਦ ਕਿ ਉਸ ਵਰ੍ਹੇ ਪੰਜਾਬ ਨਾਲ ਸਬੰਧਤ ਲੇਖਕਾਂ ਦੀਆਂ ਵੀ ਵੱਡੀ ਸੰਖਿਆ ਵਿੱਚ ਪੁਸਤਕਾਂ ਪ੍ਰਕਾਸਤ ਹੋਈਆਂ ਹਨ।

ਪ੍ਰਿੰ. ਸੰਤ ਸਿੰਘ ਸੇਖੋਂ ਨੂੰ ਸਿੱਧੂ ਈਮਾਨਦਾਰ ਅਤੇ ਨਿਰਪੱਖ ਆਲੋਚਕ ਨਹੀਂ ਮੰਨਦਾ। ਪ੍ਰੋ. ਕਿਸ਼ਨ ਸਿੰਘ ਦਾ ਵੀ ਉਹ ਆਪਣੇ ਕਿਸੇ ਨਿਬੰਧ ਵਿੱਚ ਕੋਈ ਜ਼ਿਕਰ ਨਹੀਂ ਕਰਦਾ। ਡਾ. ਰਵੀ, ਡਾ. ਵਿਨੋਦ, ਸੁਰਜੀਤ ਗਿੱਲ, ਡਾ. ਕੇਸਰ ਵਰਗੇ ਵੱਡੇ ਆਲੋਚਕਾਂ ਦੇ ਜ਼ਿਕਰ ਦੀ ਥਾਂ ਉਹ ਡਾ. ਹਰਭਜਨ ਸਿੰਘ ਅਤੇ ਡਾ. ਅਤਰ ਸਿੰਘ ਨੂੰ ਵੱਡੇ ਆਲੋਚਕ ਗਿਰਦਾਨਦਾ ਹੈ ਪਿਛੋਂ ਜਾ ਕੇ ਉਹ ਡਾ. ਸੁਤਿੰਦਰ ਸਿੰਘ ਨੂਰ ਨੂੰ ਵੀ ਇਕ ਵੱਡਾ ਆਲੋਚਕ ਐਲਾਨਦਾ ਹੈ। ਸੋ ਸਾਨੂੰ ਸਿੱਧੂ ਦੀ ਦ੍ਰਿਸ਼ਟੀ ਦਾ ਬੋਧ ਹੁੰਦਾ ਹੈ। ਇਕ ਪਾਸੇ ਉਹ ਰੂਪਵਾਦੀ ਆਲੋਚਕ ਨੂੰ ਮਾਨਤਾ ਦਿੰਦਾ ਹੈ, ਦੂਜੇ ਪਾਸੇ ਉਸਨੂੰ ਵਿਵਹਾਰਵਾਦੀ ਆਲੋਚਕ ਚੰਗਾ ਲੱਗਦਾ ਹੈ, ਤੀਜੇ ਪਾਸੇ ਪਹਿਲਾਂ ਸਰੰਚਨਾਵਾਦੀ ਫਿਰ ਉੱਤਰ ਆਧੁਨਿਕਤਾਵਾਦੀ ਆਲੋਚਕ ਡਾ. ਨੂਰ ਉਸਨੂੰ ਸਮਰੱਥ ਆਲੋਚਕ ਜਾਪਦਾ ਹੈ। ਚੌਥੇ ਪਾਸੇ ਉਹ ਮਾਰਕਸਵਾਦੀ ਆਲੋਚਕਾਂ ਦਾ ਨਾਮ ਤੱਕ ਨਹੀਂ ਲੈਂਦਾ, ਜੇ ਲੈਂਦਾ ਹੈ (ਜਿਵੇਂ ਰਘਬੀਰ ਸਿੰਘ ਸਿਰਜਣਾ) ਤਾਂ ਉਸਨੂੰ ਅਸਿੱਧੇ ਤੌਰ ਤੇ ਪੱਖਪਾਤੀ ਆਲੋਚਕ ਕਹਿਣ ਤੋਂ ਗੁਰੇਜ ਨਹੀਂ ਕਰਦਾ। ਸਿੱਧੂ ਨੂੰ ਉਭਰ ਰਹੇ ਨਵੇਂ ਆਲੋਚਕ ਵੀ ਚੰਗੇ ਨਹੀਂ ਲੱਗਦੇ, ਕਿਉਂਕਿ ਉਹ (ਸਿੱਧੂ ਮੁਤਾਬਕ ਮਸ਼ਹੂਰ ਹੋਣ ਉਪਰੰਤ ਪਰਵਾਸੀ ਸਾਹਿਤਕਾਰਾਂ ਵੱਲ ਝੁਕ ਜਾਂਦੇ ਹਨ, ਪਰ ਮੇਰੀ ਧਾਰਨਾ ਹੈ ਕਿ ਜੇਕਰ ਕੋਈ ਨਵਾਂ ਆਲੋਚਕ ਚੰਗੀ ਪਰਵਾਸੀ ਪੁਸਤਕ ਬਾਰੇ ਆਪਣੇ ਰਾਇ ਪ੍ਰਗਟ ਕਰਦਾ ਹੈ ਤਾਂ ਇਸਦਾ ਕੋਈ ਹਰਜ ਨਹੀਂ।

ਇਸ ਪੁਸਤਕ 'ਚ ਦਰਜ ਨਿਬੰਧਾਂ ਦੀਆਂ ਕਈ ਉਭਾਰਨਯੋਗ ਖੂਬੀਆਂ ਹਨ। ਸਾਰੇ ਨਿਬੰਧ ਸਰਲ, ਸ਼ਪੱਸ਼ਟ ਅਤੇ ਰੌਚਿਕ ਭਾਸ਼ਾ ਰਚੇ ਗਏ ਹਨ। ਦੂਜਾ ਉਸਦੇ ਆਲੋਚਨਾ ਦੇ ਨਿਬੰਧਾਂ ਨਾਲੋਂ ਕਥਾ-ਨਿਬੰਧ ਵਧੇਰੇ ਵਧੀਆ ਹਨ। ਇਸ ਪੁਸਤਕ ਵਿੱਚ ਕਥਾ ਖੇਤਰ ਨਾਲ ਸਬੰਧਤ ਕਥਾਕਾਰਾਂ ਦੇ ਸੰਖੇਪ ਜਿਹੇ ਬੜੇ ਮਾਰਮਕ ਰੇਖਾ ਚਿਤਰ ਉਲੀਕੇ ਗਏ ਹਨ ਜਿਨ੍ਹਾਂ ਤੋਂ ਕਥਾਕਾਰਾਂ ਬਾਰੇ ਬਹੁਤ ਸਾਰੇ ਗੁੱਝੇ ਭੇਦ ਖੁੱਲ੍ਹ ਕੇ ਸਾਹਮਣੇ ਆਉਂਦੇ ਹਨ। ਤੀਜਾ, ਇਹਨਾਂ ਕਥਾਕਾਰਾਂ ਦੀ ਰਚਨਾ ਪ੍ਰਕਿਰਿਆ ਬਾਰੇ, ਉਹਨਾਂ ਦੀ ਪ੍ਰਤੀਬਧਤਾ ਬਾਰੇ ਬੋਧ ਮਿਲਦਾ ਹੈ। ਇਹਨਾਂ ਕਥਾਕਾਰਾਂ ਦੀਆਂ ਕਥਾਵਾਂ (ਹਰ ਸਥਾਪਤ ਕਥਾਕਾਰ ਦੀ ਚਰਚਿਤ ਅਤੇ ਪ੍ਰਤੀਨਿਧ ਕਥਾ ਨੂੰ ਲਿਆ ਗਿਆ ਹੈ।) ਬਾਰੇ ਖੂਬਸੂਰਤ ਪਰ ਤਿੱਖੀਆਂ ਬੜੀ ਬੇਬਾਕੀ ਨਾਲ ਟਿੱਪਣੀਆਂ ਹੀ ਨਹੀਂ ਕੀਤੀਆਂ ਸਗੋਂ ਕਥਾਕਾਰਾਂ ਅਤੇ ਕਥਾਵਾਂ ਬਾਰੇ ਕੁਝ ਹੱਟਵੀਆਂ ਕੁਝ ਨਵੀਨਤਮ ਧਾਰਨਾਵਾਂ ਵੀ ਸਥਾਪਤ ਕੀਤੀਆਂ ਹਨ। ਚੌਥਾ, ਕੁਝ ਕਥਾਕਾਰਾਂ ਦੀਆਂ ਕਥਾਵਾਂ ਬਾਰੇ ਪੂਰਵ ਹੋਈ ਆਲੋਚਨਾ (ਭਾਵ ਆਲੋਚਕਾਂ ਵੱਲੋਂ ਸਥਾਪਤ ਧਾਰਨਾਵਾਂ ਦ੍ਰਿਸ਼ਟੀ) ਦਾ ਭੰਜਨ ਵੀ ਕੀਤਾ ਹੈ, ਭਾਵੇਂ ਅਸੀਂ ਉਸਦੀਆਂ ਐਲਾਨੀਆਂ ਟਿੱਪਣੀਆਂ ਅਤੇ ਬਣਾਈਆਂ ਧਾਰਨਾਵਾਂ ਨਾਲ ਸਹਿਮਤ ਹੋਈਏ ਜਾਂ ਅਸਹਿਮਤ ਹੋਈਏ। ਇਹ ਵੱਖਰਾ ਨੁਕਤਾ ਹੈ। ਪੰਜਵਾਂ ਕਥਾਕਾਰਾਂ ਬਾਰੇ, ਕਥਾਵਾਂ ਬਾਰੇ ਇਹ ਨਵੇਂ ਜਾਵੀਏ ਦੀ ਆਲੋਚਨਾ ਦਾ ਪੁਲ਼ ਬੰਨ੍ਹਦੀ ਹੈ ਸਿੱਟੇ ਵਜੋਂ ਇਹ ਪੁਸਤਕ ਬਹਿਸ ਨੂੰ ਭਖਾ ਸਕਨ ਦੇ ਸਮਰੱਥ ਹੈ।

ਪਰੰਤੂ ਸਿੱਧੂ ਨੇ ਇਨ੍ਹਾਂ ਕਥਾਵਾਂ ਨੂੰ ਘੋਖਦਿਆਂ-ਪੜਚੋਲਦਿਆਂ ਕੁਝ ਆਪਾ ਵਿਰੋਧੀ ਗੱਲਾਂ ਵੀ ਕੀਤੀਆਂ ਹਨ। ਮਿਸਾਲ ਦੇ ਤੌਰ ਤੇ ਵਰਿਆਮ ਸੰਧੂ ਦੀ ਚਰਚਿਤ ਕਥਾ 'ਡੁੰਮ੍ਹ' ਨੂੰ ਲਿਆ ਜਾ ਸਕਦਾ ਹੈ। ਸੰਧੂ ਦੀ ਇਹ ਕਥਾ ਟੁੱਟ/ ਮਰ ਰਹੀ ਸੀਮਾਂਤ ਕਿਸਾਨੀ ਦੇ ਵਿਰਾਟ ਸੰਕਟ ਦਾ ਯਥਾਰਥ ਹੈ ਜਿਸ ਕਾਰਨ ਇਹ ਕਥਾ ਸਾਹਿਤਕ ਹਲਕਿਆਂ ਵਿੱਚ ਹੀ ਨਹੀਂ ਸਗੋਂ ਆਲੋਚਨਾ-ਖੇਤਰ ਵਿੱਚ ਵੀ ਭਰਪੂਰ ਚਰਚਾ ਵਿੱਚ ਰਹੀ ਹੈ। ਪਰ ਸਿੱਧੂ ਇਸ ਕਥਾ ਨੂੰ ਇਕ ਪਾਸੇ ਕਮਜ਼ੋਰ ਕਥਾ ਗਰਦਾਨਦਾ ਹੈ, ਦੂਜੇ ਪਾਸੇ ਇਸੇ ਨਿਬੰਧ



ਦੇ ਅੰਤ ਵਿੱਚ 'ਡੁੰਮ੍ਹ' ਨੂੰ ਇਕ ਪ੍ਰਭਾਵਸ਼ਾਲੀ ਕਥਾ ਕਹਿੰਦਾ ਹੈ। 'ਵਾਸਤਵ ਵਿੱਚ ਸੰਧੂ ਕਥਾ-ਖੇਤਰ ਵਿੱਚ ਇਸ ਕਾਰਨ ਚਰਚਿਤ ਹੋਇਆ ਹੈ ਕਿਉਂਕਿ ਉਸ ਨੇ ਕਿਸਾਨੀ ਸੰਕਟ ਨੂੰ ਸਹੀ ਮਾਹਨਿਆਂ ਵਿੱਚ ਜਾਨਿਆਂ ਅਤੇ ਪ੍ਰਸਤੁਤ ਕੀਤਾ ਹੈ। ਉਹ ਕਿਸਾਨੀ ਸੰਕਟ ਨੂੰ ਯਥਾਰਥ ਦੀਆਂ ਵਿਭਿੰਨ ਕਲਾਤਮਕ ਜੁਗਤਾਂ ਰਾਹੀਂ ਪੇਸ਼ ਕਰਦਾ ਹੈ। ਜਿਸ ਨਾਲ ਕਥਾ ਖੇਤਰ ਨੂੰ ਨਵੀਨਤਮ ਦਿਸ਼ਾ ਮਿਲਦੀ ਹੈ, ਸੰਧੂ ਇਸ ਕਰਕੇ ਚਰਚਿਤ ਨਹੀਂ ਹੋਇਆ ਕਿ ਉਸਨੂੰ ਡਾ. ਰਘਬੀਰ ਸਿੰਘ ਸਿਰਜਣਾ ਨੇ ਉਸ ਬਾਰੇ ਨਿਬੰਧ ਲਿਖੇ ਹਨ। ਇਹ ਵੀ ਠੀਕ ਹੈ ਕਿ ਬਹੁਤ ਸਾਰੇ ਹੋਰ ਸੰਧੂ ਦੇ ਸਮਕਾਲੀ ਚੰਗੇ ਕਥਾਕਾਰ ਹਨ ਜਿਨ੍ਹਾਂ ਬਾਰੇ ਵੀ ਡਾ. ਰਘਬੀਰ ਜਾਂ ਹੋਰ ਆਲੋਚਕਾਂ ਨੂੰ ਆਲੋਚਨਾਤਮਕ ਨਿਬੰਧ ਲਿਖਣੇ ਜ਼ਰੂਰੀ ਸਨ। ਇਸ ਦੇ ਬਾਵਜੂਦ ਜਿਨ੍ਹਾਂ ਲੇਖਕਾਂ ਨੇ ਚੰਗਾ ਲਿਖਿਆ ਹੈ, ਗਾਹੇ ਬਗਾਹੇ ਘੱਟ ਜਾਂ ਵੱਧ ਰੂਪ 'ਚ ਉਹਨਾਂ ਦਾ ਜ਼ਿਕਰ ਹੋਇਆ ਹੈ।

ਇਸੇ ਤਰ੍ਹਾਂ ਸਿੱਧੂ ਪ੍ਰੇਮ ਪ੍ਰਕਾਸ਼ ਦੀ ਕਥਾ 'ਮੁਕਤੀ' ਦਾ ਮੁਲੰਕਣ ਕਰਦਿਆਂ ਇਹ ਧਾਰਨਾ ਦਿੰਦਾ ਹੈ, "ਰਚਨਾ ਤੇ ਲੇਖਕ ਦੋਹਾਂ ਦਾ ਅਸਤਿੱਤਤਵ ਅਲੱਗ ਅਲੱਗ ਹੈ। ਹਰ ਰਚਨਾ ਆਪਣੇ ਆਪ ਵਿੱਚ ਸੰਪੂਰਨ ਹੈ।" ਰਚਨਾ ਅਤੇ ਲੇਖਕ ਨਿਖੇੜਿਆ ਨਹੀਂ ਜਾ ਸਕਦਾ ਕਿਉਂਕਿ ਹਰ ਰਚਨਾ ਵਿੱਚ ਜੇ ਪ੍ਰਤੱਖ ਨਹੀਂ ਤਾਂ ਪਰੋਖ ਤੌਰ ਤੇ ਰਚਨਾ ਵਿੱਚ ਜ਼ਰੂਰ ਹਾਜ਼ਰ ਰਹਿੰਦਾ ਹੈ। ਹਰ ਚੰਗੀ ਰਚਨਾ ਦਾ ਕੋਈ ਨਾ ਕੋਈ ਪ੍ਰਯੋਜਨ ਵੀ ਹੁੰਦਾ ਹੈ, ਹਰ ਚੰਗੀ ਰਚਨਾ ਸਮਾਜਕ ਚੇਤਨਾ ਦੀ ਵਾਹਕ ਹੁੰਦੀ ਹੈ। ਪਰੰਤੂ ਹਰ ਰਚਨਾ ਆਪਣੇ ਆਪ ਵਿੱਚ ਸੰਪੂਰਨ ਨਹੀਂ ਹੁੰਦੀ, ਰਚਨਾ ਉਹੀ ਸੰਪੂਰਨ ਕਹੀ ਜਾ ਸਕਦੀ ਹੈ ਜਿਸਦਾ ਸਮਾਜਕ ਸੁਨੇਹਾ ਜ਼ੋਰਦਾਰ ਹੋਏਗਾ। ਸਿੱਧੂ ਇਸੇ ਨਿਬੰਧ ਵਿੱਚ ਆਪਣੀ ਸਥਾਪਤ ਧਾਰਨਾ ਤੇ ਕਾਟਾ ਮਾਰ ਦਿੰਦਾ ਹੈ, "ਪਰ ਉਸਦੀਆਂ (ਭਾਵ ਪ੍ਰੇਮ ਪ੍ਰਕਾਸ਼) ਸਾਰੀਆਂ ਕਹਾਣੀਆਂ ਵਿੱਚ ਇਹ ਦੋਸ਼ ਅਵੱਸ਼ ਹੈ ਕਿ ਉਸਦੀ ਕਹਾਣੀ ਦੀ ਯਾਤਰਾ ਜੰਗਲ ਵਿਚੋਂ ਸ਼ੁਰੂ ਹੋ ਕੇ ਜੰਗਲ ਵਿੱਚ ਹੀ ਖ਼ਤਮ ਹੋ ਜਾਂਦੀ ਹੈ। ਉਸਦੀ ਰਚਨਾ ਵਿੱਚ ਕਿਧਰੇ ਵੀ ਰੌਸ਼ਨੀ ਦੀ ਕਿਰਨ ਨਹੀਂ, ਜਿਹੜੀ ਹਨੇਰੇ ਨੂੰ ਚੀਰ ਕੇ ਪਾਠਕ ਨੂੰ ਮੰਜ਼ਲ ਵੱਲ ਲਿਜਾਣ ਦਾ ਪ੍ਰਯਾਸ ਕਰੇ।" ਸਿੱਧੂ ਦੀ ਇਸ ਧਾਰਨਾ ਦਾ ਮੈਂ ਕਾਇਲ ਹਾਂ। ਮੇਰੀ ਸੋਚ ਵੀ ਹੈ ਕਿ ਹਰ ਟੈਕਸਟ ਸੰਪੂਰਨ ਨਹੀਂ ਹੁੰਦੀ। ਪੰਜਾਬੀ ਵਿੱਚ ਬਹੁਤ ਘੱਟ ਰਚਨਾਵਾਂ ਸੰਪੂਰਨ ਹੋਣਗੀਆਂ, ਜੇ ਜ਼ਿੰਦਗੀ ਸੰਪੂਰਨ ਨਹੀਂ ਤਾਂ ਰਚਨਾ ਵੀ ਸੰਪੂਰਨ ਨਹੀਂ। ਹਰ ਕਥਾਕਾਰ(ਹਰ ਲੇਖਕ) ਆਪਣਾ ਜ਼ਿਕਰ ਕਰਾਉਣ ਲਈ ਉਤਾਵਲਾ ਅਤੇ ਯਤਨਸ਼ੀਲ ਰਹਿੰਦਾ ਹੈ। ਉਸਨੂੰ ਆਪਣੀ ਕ੍ਰਿਤ ਵੱਡਮੁੱਲੀ ਲੱਗਦੀ ਹੈ। ਹਰ ਲੇਖਕ ਦੂਜੇ ਲੇਖਕ ਨੂੰ ਮਾਨਤਾ ਨਹੀਂ ਦਿੰਦਾ। ਹਰ ਲੇਖਕ ਹਰ ਆਲੋਚਕ ਤੋਂ ਆਪਣੇ ਜ਼ਿਕਰ, ਆਪਣੀ ਚਰਚਾ ਦੀ ਤਵੱਕੋਂ ਰੱਖਦਾ ਹੈ ਪਰ ਸਿੱਧੂ ਅਜਿਹੇ ਲੇਖਕ ਨੂੰ ਬੁਝਦਿਲ ਅਤੇ ਤੰਗਦਿਲ ਇਨਸਾਨ ਸਮਝਦਾ ਹੈ। ਸਿੱਧੂ ਇਸ ਪੱਖ ਨੂੰ ਉਭਾਰਦਾ ਹੈ ਕਿ ਹਰ ਲੇਖਕ ਨੂੰ ਚੰਗਾ ਲਿਖਣ ਵਾਲੇ ਲੇਖਕ ਦੀ ਰਚਨਾ ਬਿਨਾ ਪੱਖਪਾਤ ਸਲਾਹੁਣੀ ਚਾਹੀਦੀ ਹੈ। "ਜੋ ਲੇਖਕ ਮਹੱਤਵਪੂਰਨ ਲਿਖਦੇ ਹਨ ਉਹਨਾਂ ਦੀਆਂ ਰਚਨਾਵਾਂ ਦੀ ਚਰਚਾ ਹੋਣੀ ਚਾਹੀਦੀ ਹੈ।" ਸਿੱਟੇ ਵਜੋਂ ਸਿੱਧੂ ਵੀ ਆਪਣੇ ਉਨ੍ਹਾਂ ਸਮਕਾਲੀ ਕਥਾਕਾਰਾਂ ਦੀਆਂ ਕਥਾਵਾਂ ਦਾ ਬੇਬਾਕੀ ਨਾਲ ਜ਼ਿਕਰ ਕਰਦਾ ਹੈ, ਉਹਨਾਂ ਦੇ ਗੁਣ ਹੀ ਨਹੀਂ ਸਗੋਂ ਉਨ੍ਹਾਂ ਦੇ ਦੋਸ਼ਾਂ-ਘਾਟਾਂ ਨੂੰ ਵੀ ਉਭਾਰਦਾ ਹੈ। ਉਹ ਕਥਾਕਾਰਾਂ ਦੀਆਂ ਘਾਟਾਂ, ਉਣਤਾਈਆਂ ਦੱਸਣ ਸਮੇਂ ਨਾ ਕਿਸੇ ਦਾ ਭੈਅ ਮੰਨਦਾ ਹੈ, ਨਾ ਘਬਰਾਉਂਦਾ ਹੈ। ਸਿੱਧੂ ਕੁਝ ਹੋਰ ਸਾਰਥਕ ਟਿੱਪਣੀਆਂ ਵੀ ਸਾਡੇ ਸਨਮੁੱਖ ਰੱਖਦਾ ਹੈ, ਜਿਵੇਂ ਚਰਚਾ ਨਾਲ ਇਕ ਰਚਨਾ ਨੂੰ ਵੱਧ ਤੋਂ ਵੱਧ ਪਾਠਕਾਂ ਤੱਕ ਪਹੁੰਚਾਇਆ ਜਾ ਸਕਦਾ ਹੈ। ਚਰਚਾ ਨਾਲ ਇਨਾਮ ਵੀ ਮਿਲ ਸਕਦੇ ਹਨ ਪਰ ਚਰਚਾ ਲੇਖਕ ਦੀ ਰਚਨਾਤਮਕ ਪ੍ਰਤਿਭਾ ਦਾ ਨੁਕਸਾਨ ਕਰਦੀ ਹੈ। ਚੰਗੀ ਰਚਨਾ ਸਦੀਵੀ ਹੁੰਦੀ ਹੈ ਜੋ ਕਦੇ ਪਾਠਕ ਦੀ ਸਿਮਰਤੀ 'ਚੋਂ ਖਾਰਜ ਨਹੀਂ ਹੁੰਦੀ। ਕਹਾਣੀ ਦਾ ਪ੍ਰਯੋਜਨ ਸੂਚਨਾ ਦੇਣਾ ਵੀ ਹੈ ਭਾਵੇਂ ਕੋਈ ਵੀ ਕਹਾਣੀ ਮਹਿਜ ਸੂਚਨਾ ਨਹੀਂ ਹੁੰਦੀ। ਸੂਚਨਾ ਨਵੀਂ ਜਾਣਕਾਰੀ ਦਾ ਨਾਮ ਹੁੰਦੀ ਹੈ। "ਸੱਤਰ ਦੇ ਆਸ ਪਾਸ ਦੀ ਕਹਾਣੀ ਆਪਣੀ ਪ੍ਰਤੀਬਧਤਾ ਕਾਰਨ ਹੌਲੀ ਹੌਲੀ ਜੜ੍ਹ ਹੋਣ ਲੱਗ ਪਈ। ਲੇਖਕ ਜ਼ਿੱਦ ਵਜੋਂ ਕਹਾਣੀਆਂ ਲਿਖੀ ਜਾ ਰਹੇ ਸਨ, ਪਾਠਕ ਪੜ੍ਹੀ ਜਾ ਰਹੇ ਸਨ। ਇਸ ਨੂੰ ਕਹਾਣੀਕਾਰ ਪਵਿੱਤਰ ਕਾਰਜ ਸਮਝ ਕੇ ਕਹਾਣੀਆਂ ਲਿਖੀ ਜਾਂਦੇ ਸਨ ਜਿਵੇਂ ਉਹ ਆਪਣਾ ਉੱਤਰਦਾਇਤਵ ਨਿਭਾਅ ਰਹੇ ਹੋਣ। ਇਸ ਸਮਾਜ ਨੂੰ ਬਦਲਣ ਵਿੱਚ ਉਹ ਵੱਡਾਮੁੱਲਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਦਾ ਇਸ ਪਾਸੇ ਰੁਚਿਤ ਹੋਣ ਦਾ

ਕਾਰਨ ਸਾਡੀ ਆਲੋਚਨਾ ਦੀ ਇਕਾਂਗੀ ਦ੍ਰਿਸ਼ਟੀ ਵੀ ਸੀ। ਅਜਿਹੀਆਂ ਰਚਨਾਵਾਂ ਦਾ ਨੋਟਿਸ ਨਹੀਂ ਲਿਆ ਜਾਂਦਾ ਸੀ ਜੋ ਵਿਆਪਕ ਪੱਧਰ ਤੇ ਜ਼ਿੰਦਗੀ ਦੀਆਂ ਸਮੱਸਿਆਵਾਂ ਨਾਲ ਜੁੜੀਆਂ ਹੋਈਆਂ ਸਨ। "ਅੱਜ ਜਦੋਂ ਅਸੀਂ ਉਸ ਸਮੇਂ (੭੦ ਵਿਆਂ ਦੇ ਸਮਾਂ ਦੀਆਂ ਲਿਖੀਆਂ ਕਹਾਣੀਆਂ ਵੱਲ ਝਾਤ ਮਾਰਦੇ ਹਾਂ ਤਾਂ ਮਹਿਸੂਸ ਕਰਦੇ ਹਾਂ ਕਿ ਕਲਮ ਨੂੰ ਗੰਡਾਸੇ ਦੇ ਰੂਪ ਵਿਚ ਵਰਤ ਰਹੇ ਸਨ। ਪਰ ਕੁਝ ਸਮੇਂ ਬਾਦ ਲੇਖਕਾਂ ਦਾ ਕਲਮ ਰਾਹੀਂ ਇਨਕਲਾਬ ਲਿਆਉਣ ਦਾ ਜੋਸ਼ ਧੀਰੇ ਧੀਰੇ ਮੱਠਾ ਪੈਣ ਲੱਗ ਪਿਆ ਤੇ ਹੌਲੀ ਹੌਲੀ ਉਹ ਆਪਣੀ ਜ਼ਮੀਨ ਤੇ ਆ ਖੜ੍ਹੇ ਹੋਏ।" "ਆਰਥਕ ਸਥਿਤੀ ਬਦਲਣ ਨਾਲ ਮਨੁੱਖੀ ਰਿਸ਼ਤੇ ਵੀ ਪ੍ਰਭਾਵਤ ਹੁੰਦੇ ਹਨ। ਪਰ ਇਹ ਵੀ ਸੱਚ ਹੈ ਕਿ ਆਰਥਕ ਦਸ਼ਾ ਸੁਧਰਨ ਨਾਲ ਵੀ ਮਨੁੱਖੀ ਰਿਸ਼ਤੇ ਉਸੇ ਤਰ੍ਹਾਂ ਪ੍ਰਭਾਵਤ ਹੁੰਦੇ ਹਨ ਜਿਵੇਂ ਆਰਥਕ ਦਸ਼ਾ ਵਿਗੜਣ ਨਾਲ। ਆਰਥਕ ਸੰਪੰਨਤਾ ਮਨੁੱਖੀ ਪੀੜ ਦਾ ਅੰਤ ਨਹੀਂ। ਉਸਦੀ ਛਟਪਾਟਹਟ ਦਾ ਨਿਧਾਨ ਨਹੀਂ।" ਸਿੱਧੂ ਦੀਆਂ ਇਹਨਾਂ ਟਿੱਪਣੀਆਂ ਦੀ ਅਹਿਮੀਅਤ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਹਨਾਂ ਟਿੱਪਣੀਆਂ ਨਾਲ ਕੋਈ ਸਹਿਮਤ ਹੋਵੇ ਜਾਂ ਅਸਹਿਮਤ।

ਪਰੰਤੂ ਮੇਰੇ ਵਿਚਾਰ ਅਨੁਸਾਰ ਸਿੱਧੂ ਨੂੰ ਸਮਾਜਵਾਦੀ, ਪ੍ਰਗਤੀਵਾਦੀ, ਮਾਰਕਸਵਾਦੀ (ਇਹ ਧਾਰਨਾਵਾਂ ਵੱਖਰੀਆਂ ਨਹੀਂ ਹਨ, ਇਕੋ ਅਰਥਾਂ ਦਾ ਸੰਚਾਰ ਕਰਦੀਆਂ ਹਨ) ਆਲੋਚਕਾਂ ਅਤੇ ਆਲੋਚਨਾ ਤੋਂ ਖਿਝ ਚਿੜ੍ਹੀ ਹੈ। ਉਹ ਅਜਿਹੀ ਕਹਾਣੀ ਅਤੇ ਅਜਿਹੇ ਨਾਵਲ (ਜਾਂ ਅਜਿਹੇ ਸਾਹਿਤ ਰੂਪ) ਨੂੰ ਪਸੰਦ ਨਹੀਂ ਕਰਦਾ ਜਿਸ ਵਿੱਚ ਇਨਕਲਾਬੀ ਸਮਾਜਕ ਪਰਿਵਰਤਨ ਦੀ ਗੱਲ ਕੀਤੀ ਹੋਵੇ। ਇਸ ਕਰਕੇ ਹੀ ਉਹ ਸ਼ਿਵ ਕੁਮਾਰ ਬਟਾਲਵੀ ਦੀਆਂ ਕਵਿਤਾਵਾਂ ਨੂੰ 'ਮਾਨਵੀ ਸੰਵੇਦਨਾ' ਅਤੇ 'ਮਾਨਵੀ ਪੀੜਾ' ਨੂੰ ਪ੍ਰਸਤੁਤ ਕਰਨ ਦੀਆਂ ਲਖਾਇਕ ਮੰਨਦਾ ਹੈ। ਮੇਰੀ ਧਾਰਨਾ ਮੁਤਾਬਕ ਸ਼ਿਵ ਕੁਮਾਰ ਬਟਾਲਵੀ ਨਿੱਜਵਾਦੀ ਪਹੁੰਚ ਦਾ ਧਾਰਨੀ ਕਵੀ ਸੀ, ਸਮਾਜਕ ਸਰੋਕਾਰਾਂ ਨੂੰ ਪ੍ਰਸਤੁਤ ਕਰਨਾ ਉਸਦਾ ਮਨੋਰਥ ਨਹੀਂ ਸੀ, ਵਾਸਤਵ ਵਿੱਚ ਸਮਾਜ ਨਾਲ ਉਸਦਾ ਕੋਈ ਲਗਾਉ ਨਹੀਂ ਸੀ। ਮੇਰਾ ਪ੍ਰਸ਼ਨ ਹੈ ਕਿ ਲੇਖਕ ਨੂੰ ਜ਼ਿਹਨੀ ਅਯਾਸ਼ੀ / ਨਿੱਜਵਾਦੀ ਲਈ ਲਿਖਣਾ ਚਾਹੀਦਾ ਹੈ ਜਾਂ ਸਮਾਜ ਲਈ ਲਿਖਣਾ ਚਾਹੀਦਾ ਹੈ? ਸ਼ਿਵ ਦੀ ਕਵਿਤਾ ਦਾ ਮਨੋਰਥ ਪ੍ਰਯੋਜਨ ਸਿੱਧੂ ਹੀ ਦੱਸ ਸਕਦਾ ਹੈ। ਮੈਂ ਇਹ ਗੱਲ ਜ਼ਰੂਰ ਮੰਨਦਾ ਹਾਂ ਕਿ ਸ਼ਿਵ ਦੀ ਕਵਿਤਾ ਪ੍ਰਗੀਤਕ ਸੀ। ਉਸਨੇ ਪੰਜਾਬੀ ਕਵਿਤਾ ਨੂੰ ਨਵਾਂ ਮੁਹਾਵਰਾਂ ਵੀ ਦਿੱਤਾ ਸੀ। ਪਰੰਤੂ ਇਸ ਦੇਣ ਦੇ ਕੋਈ ਸਮਾਜਕ ਅਰਥ ਨਹੀਂ ਬਣਦੇ। ਪਰੰਤੂ ਸ਼ਿਵ ਦੇ ਵਿਪਰੀਤ ਸਾਡੇ ਬਹੁਤ ਸਾਰੇ ਸ਼ਾਇਰ ਸਨ ਜਿਨ੍ਹਾਂ ਦੀ ਪੰਜਾਬੀ ਕਵਿਤਾ ਵਿੱਚ ਵਿਸ਼ੇਸ਼ ਥਾਂ ਹੈ ਅਤੇ ਉਨ੍ਹਾਂ ਦੀ ਦੇਣ ਵੀ ਵੱਡਮੁੱਲੀ ਹੈ। ਉਨ੍ਹਾਂ ਆਪਣੀ ਕਵਿਤਾ ਨੂੰ ਸਮਾਜਕ ਚੇਤਨਾ ਲਈ ਹਥਿਆਰ ਵਜੋਂ ਵੀ ਵਰਤਿਆ ਹੈ। ਕਾਵਿ-ਖੇਤਰ ਵਿੱਚ ਹੀ ਨਹੀਂ ਸਗੋਂ ਗਲਪ ਖੇਤਰ ਵਿਚ ਵੀ ਅਨੇਕ ਅਜਿਹੀ ਸਿਨਫ਼ ਦੇ ਲੇਖਕ ਮੌਜੂਦ ਸਨ (ਹਨ) ਸਿੱਧੂ ਨੂੰ ਜੇ ਪ੍ਰਗਤੀਵਾਦ ਸਮਾਜਵਾਦ ਮਾਰਕਸਵਾਦ ਸ਼ਬਦਾਂ ਤੋਂ ਚਿੜ੍ਹ ਹੈ ਤਾਂ ਉਹ ਘੱਟੋ ਘੱਟ ਉਸ ਸਮਾਜ ਦਾ ਨਕਸ਼ਾ ਤਾਂ ਆਪਣੀਆਂ ਰਚਨਾਵਾਂ/ ਲਿਖਤਾਂ 'ਚ ਪ੍ਰਸਤੁਤ ਕਰੇ ਤਾਂ ਕਿ ਪਾਠਕ ਵਰਗ ਨੂੰ ਪਤਾ ਲੱਗੇ ਸਿੱਧੂ ਕਿਹੋ ਜਿਹੇ ਸਮਾਜ ਨੂੰ ਸਿਰਜਣਾ ਚਾਹੁੰਦਾ ਹੈ। ਹਾਲਾਂ ਕਿ ਸਿੱਧੂ ਦੀਆਂ ਆਪਣੀਆਂ ਲਿਖਤਾਂ ਜੇ ਪ੍ਰਤੱਖ ਨਹੀਂ ਤਾਂ ਅਪ੍ਰਤੱਖ ਤੌਰ ਤੇ ਸਮਾਜਵਾਦੀ ਸਮਾਜ ਦੀ ਲੋੜ ਮਹਿਸੂਸ ਕਰਦੀਆਂ ਹਨ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਸਿੱਧੂ ਦੀ ਇਹ ਵਿਚਾਰ ਅਧੀਨ ਪੁਸਤਕ ਅਹਿਮ ਅਤੇ ਮਾਰਮਕ ਹੈ। ਇਹ ਮਾਹਣਾਖ਼ੇਜ ਪੁਸਤਕ ਸਾਡੇ ਲੇਖਕਾਂ ਅਤੇ ਆਲੋਚਕਾਂ ਅੱਗੇ ਕਈ ਤਿੱਖੇ ਸੁਆਲ ਉਤਪੰਨ ਕਰਦੀ ਹੈ ਜਿਨ੍ਹਾਂ ਤੇ ਬਹਿਸ ਕੇਂਦਰਤ ਕੀਤੀ ਜਾ ਸਕਦੀ ਹੈ। ਇਹ ਵੀ ਸੱਚ ਹੈ ਕਿ ਤੁਸੀਂ ਇਸ ਪੁਸਤਕ ਦਾ ਪਾਠ ਕਰਕੇ ਅਨੰਦਿਤ ਅਤੇ ਪ੍ਰਭਾਵਤ ਹੋਏ ਬਿਨਾ ਵੀ ਨਹੀਂ ਰਹਿ ਸਕਦੇ।



## 'ਕਲਮ ਦੇ ਨਕਸ਼' ਤੇ ਹੋਈ ਬਹਿਸ

ਪਰਗਟ ਸਿੱਧੂ-ਮੈਂ ਆਪਣੀ ਗੱਲਾਂ ਇਸ ਪੁਸਤਕ ਵਿਚ ਬੜੇ ਵਿਸਥਾਰ ਨਾਲ ਕਹੀਆਂ ਹਨ। ਮੈਨੂੰ ਲੱਗਦਾ ਹੈ ਪ੍ਰੰਤੂ ਮੈਨੂੰ ਪੁਸਤਕ ਦੇ ਸੰਬੰਧ ਵਿਚ ਗੱਲ ਕਰਨੀ ਚਾਹੀਦੀ ਹੈ ਕਿਉਂਕਿ ਮੈਨੂੰ ਕੁਝ ਅਜਿਹੇ ਅਨੁਭਵ ਹੋਏ ਜਦੋਂ ਇਹ ਪੁਸਤਕ ਛਪੀ ਜਿਨ੍ਹਾਂ ਦਾ ਜਿਕਰ ਕਰਨਾ ਜ਼ਰੂਰੀ ਹੈ। ਅੱਜ ਤੋਂ ੧੨ ਕੁ ਸਾਲ ਪਹਿਲਾਂ 'ਮਹਿਰਮ' ਨਾਂ ਦੇ ਪਰਚੇ ਵਿਚ ਪੁਸਤਕ ਦੇ ਲੇਖ ਲੜੀਵਾਰ ਛਪੇ ਆਮ ਤੌਰ ਤੇ ਮਾਸਿਕ ਪਰਚਿਆਂ 'ਚ ਛਪਣਾ ਲੇਖਕ ਹੀ ਫ਼ਖ਼ਰ ਸਮਝਦੇ ਹਨ, ਉਨ੍ਹਾਂ ਨੂੰ ਹੀ ਰਚਨਾਵਾਂ ਭੇਜਦੇ ਹਨ ਮੇਰੀ ਇਹ ਧਾਰਨਾ ਹੈ ਜੇਕਰ ਤੁਹਾਡੀ ਰਚਨਾ ਵਿਚ ਦਮ ਹੈ ਤਾਂ ਚਾਹੇ ਪਰਚਾ ਕਿਨਾ ਵੀ ਨਖਿਧ ਹੋਵੇ ਲੋਕ ਉਸ ਪਰਚੇ ਨੂੰ ਲੱਭਕੇ ਪੜ੍ਹ ਲੈਂਦੇ ਹਨ। ਜਦੋਂ ਮਹਿਰਮ ਵਿਚ ਕਹਾਣੀਆਂ ਵਾਲਾ ਕਾਲਮ ਸ਼ੁਰੂ ਹੋਇਆ ਤਾਂ ਸਾਹਿਤਕ ਹਲਕਿਆਂ 'ਚ ਮਹਿਰਮ ਦੀ ਚਰਚਾ ਹੋਣ ਲੱਗੀ ਏਥੋਂ ਤੱਕ ਪ੍ਰੇਮ ਪ੍ਰਕਾਸ ਤੇ ਵਰਿਆਮ ਸੰਧੂ ਨੂੰ ਇਹ ਪਤਾ ਨਹੀਂ ਸੀ ਕਿ 'ਮਹਿਰਮ' ਨਾ ਦਾ ਪਰਚਾ ਵੀ ਛਪਦਾ ਹੈ ਇਨ੍ਹਾਂ ਨੇ ਮੈਨੂੰ ਲਿਖੀਆਂ ਚਿੱਠੀਆਂ 'ਚ ਵੀ ਇਹ ਗੱਲਾਂ ਲਿਖੀਆਂ ਹਨ। ਜਦੋਂ ਮੇਰਾ ਕਾਲਮ ਸ਼ੁਰੂ ਹੋਇਆ ਤਾਂ ਪਾਠਕਾਂ ਦੀਆਂ ੫-੬ ਗੁਣਾ ਚਿੱਠੀਆਂ ਵਧ ਗਈਆਂ। ਸਵਾ ਕੁ ਸਾਲ ਇਹ ਕਾਲਮ ਚੱਲਿਆ। ...ਸਾਡਾ ਸੁਭਾ ਬਣ ਗਿਆ ਹੈ ਕਿ ਅਸੀਂ ਆਪਣੇ ਸਮਕਾਲੀਆਂ ਦਾ ਜ਼ਿਕਰ ਕਰਨ ਤੋਂ ਸੰਕੋਚ ਕਰਦੇ ਹਾਂ। ਐ ਸੋਚਦੇ ਹਨ ਕਿ ਜੇ ਮੈਂ ਕਹਿ ਦਿੱਤਾ ਕਿ ਜੁਗਿੰਦਰ ਸਿੰਘ ਨਿਰਾਲਾ ਵੱਡੇ ਕਹਾਣੀਕਾਰ ਹਨ ਤਾਂ ਕਿਤੇ ਇਹ ਸੱਚੀ ਵੱਡੇ ਨਾ ਬਣ ਜਾਣ ਇਹ ਭਾਵਨਾ ਸਾਡੇ ਲੋਕਾਂ 'ਚ ਹੈ। ਮੈਂ ਬਿਨਾ ਝਿਜਕ ਨਾਲ ਗੱਲਾਂ ਲਿਖੀਆਂ ਹਨ ਮੈਨੂੰ ਇਸ ਗੱਲ ਦਾ ਭਰਮ ਨਹੀਂ ਕਿ ਇਸ 'ਚ ਬਹੁਤ ਵਿਦਵਤਾ ਪੂਰਨ ਗੱਲਾਂ ਹਨ ਨਾ ਹੀ ਮੈਂ ਕੋਈ ਬਹੁਤ ਵੱਡਾ ਵਿਦਵਾਨ ਹਾਂ। ਮੈਂ ਇਹ ਜਤਨ ਕੀਤਾ ਕਿ ਪਹਿਲੀ ਪਰੰਪਰਕ ਆਲੋਚਨਾ ਦੇ ਉਲਟ ਮੈਂ ਇਮਾਨਦਾਰੀ ਨਾਲ ਲਿਖਾ। ਦੋਸਤੀ ਦੁਸ਼ਮਣੀ ਨੂੰ ਇਕ ਪਾਸੇ ਰੱਖ ਕੇ ਲਿਖਾ। ਪੁਸਤਕ 'ਚ ਸਾਮਿਲ ਕਹਾਣੀਕਾਰਾਂ ਨਾਲ ਮੇਰੇ ਸੰਬੰਧ ਅਜੇ ਵੀ ਚੰਗੇ ਹਨ ਇਕ ਦੋ ਨੂੰ ਛੱਡ ਕੇ ਮੈਂ ਕਿਤਾਬ 'ਚ ਇਕ-ਦੋ ਕਹਾਣੀਕਾਰ ਛੱਡ ਵੀ ਸਕਦਾ ਸੀ ਪਰ ਮੈਂ ਅਜਿਹਾ ਨਹੀਂ ਕੀਤਾ। ਇਹੀ ਗੱਲਾਂ ਨੇ ਤਾਂ ਸਾਡੇ ਪੰਜਾਬੀ ਸਾਹਿਤ ਨੂੰ ਮਾਰਿਆ ਹੋਇਆ ਹੈ। ਰਚਨਾ ਅਲੱਗ ਚੀਜ ਹੈ ਦੋਸਤੀ ਅਲੱਗ ਚੀਜ਼ ਹੈ। ਸਾਡੀ ਆਲੋਚਨਾ ਵਿਅਕਤੀ ਕੇਂਦਰਤ ਹੈ ਰਚਨਾ ਕੇਂਦਰਤ ਨਹੀਂ। ਇਹ ਸਾਡੀ ਪ੍ਰੰਪਰਾ ਸ਼ੁਰੂ ਤੋਂ ਗਲਤ ਚੱਲੀ ਆਈ ਹੈ। ਪੰਜਾਬੀ ਆਲੋਚਨਾ ਬਾਰੇ ਨਾ ਸੰਤ ਸਿੰਘ ਸੇਖੋਂ ਗੰਭੀਰ ਸੀ ਨਾ ਹੀ ਡਾ. ਹਰਿਭਜਨ ਸਿੰਘ ਗੰਭੀਰ ਸੀ ਮੈਂ ਸੁਰਿੰਦਰ ਸਿੰਘ ਨਰੂਲਾ ਨੂੰ ਆਪ ਕਹਿੰਦੇ ਸੁਣਿਆ ਸੇਖੋਂ ਸਾਹਿਬ ਨੂੰ ਕੋਈ ਸਾਹਿਤਕਾਰ ਕਹਿਣ ਲੱਗਾ ਕਿ ਏਸ ਵਾਰ ਆਪਾ ਪ੍ਰਭਜੋਤ ਕੌਰ ਨੂੰ ਸਾਹਿਤ ਅਕੈਡਮੀ ਦਾ ਇਨਾਮ ਦਵਾਉਣਾ ਹੈ ਉਹ ਕਹਿੰਦਾ ਠੀਕ ਹੈ ਦਵਾ ਦਿਆਗੇ। ਸੇਖੋਂ ਐਡੇ ਵੱਡੇ ਇਨਾਮ ਪ੍ਰਤੀ ਗੰਭੀਰ ਨਹੀਂ ਸੀ। ਡਾ. ਹਰਿਭਜਨ ਸਿੰਘ ਆਲੋਚਨਾ 'ਚ ਵੱਡਾ ਨਾਂ ਹੈ ਪਰ ਉਸ ਨੇ ਤਰਸੇਮ ਨੀਲਗਿਰੀ ਬਾਰੇ ਹੀ ਇਕ ਕਿਤਾਬ ਲਿਖ ਦਿੱਤੀ ਅੱਜ ਸਾਇਦ ਹੀ ਕੋਈ ਪਾਠਕ ਹੋਵੇ ਜਿਹੜਾ ਨੀਲਗਿਰੀ ਨੂੰ ਪੜ੍ਹਦੇ ਹੋਣ। ਇਸ ਤੋਂ ਬਾਅਦ ਹੋਰ ਵੀ ਜੋ ਆਲੋਚਕ ਆਏ ਉਹ ਇਕ ਗਰੁਪ ਨਾਲ ਜੁੜ ਕੇ ਜਾਂ ਇਕ ਦੋ ਲੇਖਕਾਂ ਨਾਲ ਜੁੜ ਕੇ ਉਨ੍ਹਾਂ ਬਾਰੇ ਲਿਖਦੇ ਰਹੇ। ਤੇ ਦੂਜੇ ਬੰਦੇ ਇਗਨੋਰ ਹੁੰਦੇ ਚਲੇ ਗਏ। ਮੈਂ ਚਾਹੁੰਦਾ ਸੀ ਆਲੋਚਨਾ ਦੀ ਸਿਹਤਮੰਦ ਪ੍ਰੰਪਰਾ ਬਣਾਉਣ ਲਈ ਥੋੜ੍ਹਾ ਜਿਹਾ ਯਤਨ ਕਰਾਂ। ਇਸ ਪੁਸਤਕ ਵਿਚ ਮੈਂ ੧੨ ਕੁ ਕਹਾਣੀਕਾਰਾਂ ਬਾਰੇ ਲਿਖਿਆ ਜਿਨ੍ਹਾਂ 'ਚੋਂ ਏਥੇ ੩-੪ ਲੇਖਕ ਹਾਜ਼ਰ ਵੀ ਹਨ. ਨਿਰਪੱਖ ਹੋ ਕੇ ਲਿਖਣ ਦਾ ਯਤਨ ਕੀਤਾ। ਇਹ ਉਹ ਸਮਾਂ ਸੀ ਜਦੋਂ ਪ੍ਰੇਮ ਪ੍ਰਕਾਸ਼ ਨੂੰ ਅੱਧਾ ਅਕਾਸ਼ ਕਹਿੰਦੇ ਸਨ ਵਰਿਆਮ ਸੰਧੂ ਨੂੰ ਬਾਕੀ ਅੱਧਾ ਅਕਾਸ਼ ਕਹਿੰਦੇ ਸਨ। ਉਦੋਂ ਕੁ ਹੀ ਡਾ. ਰਘਬੀਰ ਸਿੰਘ, ਡਾ. ਸੁਤਿੰਦਰ ਸਿੰਘ ਨੂਰ ਨਾਲੋਂ ਵੱਡਾ ਆਲੋਚਕ ਮੰਨਿਆ ਜਾਣ ਲੱਗਾ। ਉਸ ਨੇ ਲਿਖ ਦਿੱਤਾ ਪੂਰਵ ਸੰਧੂ ਕਾਲ... ਉਤਰ ਸੰਧੂ ਕਾਲ..॥ ਇਹ ਪੜ੍ਹ ਕੇ ਮੈਨੂੰ ਲੱਗਾ ਕਿ ਸਾਡੇ ਨਾਲ ਤੇ ਸਾਡੇ ਸਮਕਾਲੀਆਂ ਨਾਲ ਬੇਇਨਸਾਫੀ ਹੈ। ਮੈਂ ਹਿੰਦੀ ਸਾਹਿਤ ਵੀ ਪੜ੍ਹਿਆ ਹੈ ਮੈਂ ਦੇਖਿਆ ਕਿ ਹਰ ਦੌਰ 'ਚ ੧੦-੧੨ ਲੇਖਕ ਚੰਗੀਆਂ ਰਚਨਾਵਾਂ ਕਰਦੇ ਹਨ। ਜਿਵੇਂ ਗੁਰਬਚਨ ਸਿੰਘ ਭੁਲਰ ਨੇ ਬਹੁਤ ਯਾਦਗਾਰੀ ਕਹਾਣੀਆਂ ਲਿਖੀਆਂ... ਬਹੁਤ ਵੱਡਾ

ਲੇਖਕ ਹੈ... ਉਹ ਵੀ ਵਰਿਆਮ ਸੰਧੂ ਤੇ ਪ੍ਰੇਮ ਪ੍ਰਕਾਸ ਦੇ ਥੱਲੇ ਦੱਬ ਗਿਆ। ਜਸਬੀਰ ਭੁੱਲਰ ਨੇ ਬਹੁਤ ਚੰਗੀਆਂ ਕਹਾਣੀਆਂ ਲਿਖੀਆਂ ਇਨ੍ਹਾਂ ਦੀ ਭਾਸ਼ਾ ਦੀ ਖ਼ੂਬਸੂਰਤੀ ਦਾ ਆਪਣਾ ਰੰਗ ਹੈ ਇਹ ਵੀ ਦੱਬ ਹੋ ਕੇ ਰਹਿ ਗਿਆ। ਹੋਰ ਵੀ ਬਹੁਤ ਹਨ, ਰਾਮ ਸਰੂਪ ਅਣਖੀ ਜੋ ਸਾਡੇ ਇਲਾਕੇ ਦੇ ਵੱਡੇ ਲੇਖਕ ਹਨ ਉਨ੍ਹਾਂ ਦਾ ਜਿਕਰ ਕਹਾਣੀਕਾਰ ਦੇ ਤੌਰ ’ਤੇ ਹੁੰਦਾ ਮੈਂ ਨਹੀਂ ਦੇਖਿਆ। ਇਹ ਸਾਰੀਆਂ ਗੱਲਾਂ ਮੈਨੂੰ ਧੁਰ ਅੰਦਰ ਤੀਕ ਝੰਜੋੜਦੀਆਂ ਸਨ ਸੋ ਮੈਂ ਇਨ੍ਹਾਂ ਬਾਰੇ ਲਿਖਿਆ ਇਸ ਤਰ੍ਹਾਂ ਦੀਆਂ ਟਿੱਪਣੀਆਂ ਵੀ ਨਹੀਂ ਕੀਤੀਆਂ ਜਿਵੇਂ ਪਿਛੇ ਜਿਹੇ ‘ਪ੍ਰਵਚਨ’ ਮੈਗਜ਼ੀਨ ਦੇ ‘ਕਹਾਣੀ ਬਹਿਸ ਅੰਕ’ ਦੇ ਬਹਿਸ ਦੌਰਾਨ ਇਕ ਥਾਂ ਵਿਦਵਾਨ ਕਹਿੰਦੇ ਹਨ ਕਿ ਪ੍ਰੇਮ ਪ੍ਰਕਾਸ਼ ਨੇ ਛੇ-ਸੱਤ ਕਹਾਣੀਆਂ ਲਿਖੀਆਂ ਹਨ ਫੇਰ ਇਕ ਵਿਦਵਾਨ ਹੋਰ ਕਹਿੰਦਾ ਹੈ। ਉਹਨੇ ਤਾਂ ਇਕ ਹੀ ਕਹਾਣੀ ਲਿਖੀ ਹੈ। ਫਿਰ ਇਕ ਹੋਰ ਵਿਦਵਾਨ ਨੇ ਇਸ ਤਰ੍ਹਾਂ ਕਿਹਾ ਕਿ ਪ੍ਰੇਮ ਪ੍ਰਕਾਸ਼ ਦਾ ਤੁਸੀਂ ਜ਼ਿਕਰ ਹੀ ਕਿਓਂ ਕਰਦੇ ਹੋ? ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਜਦੋਂ ਪ੍ਰੇਮ ਪ੍ਰਕਾਸ਼ ਨੂੰ ਕਹਾਣੀ ਦਾ ਅੱਧਾ ਅਕਾਸ਼ ਮੰਨਦੇ ਸੀ ਵਰਿਆਮ ਸੰਧੂ ਨੂੰ ਇਕੋਂ ਇਕੋ ਕਿਸਾਨੀ ਕਹਾਣੀਕਾਰ ਮੰਨਦੇ ਸੀ ਉਦੋਂ ਇਹ ਵਿਦਵਾਨਾਂ ਦੀ ਸੋਚ ... ਇਹ ਗੱਲਾਂ ਕਿੱਥੇ ਸਨ। ਇਕ ਪਾਸੇ ਤਾਂ ਰਜਨੀਸ਼ ਬਹਾਦਰ ਉਨ੍ਹਾਂ ਬਾਰੇ ਪੁਸਤਕਾਂ ਸੰਪਾਦਤ ਕਰਦੇ ਹਨ। ਦੂਜੇ ਪਾਸੇ ਉਸ ਨੂੰ ਮੂਲੋ ਹੀ ਰੱਦ ਕਰਦੇ ਹਨ। ਮੈਂ ਇਹ ਗੱਲਾਂ ਜਾਤੀ ਨਹੀਂ ਕਰ ਕਿਉਂਕਿ ਸਾਡਾ ਕਹਾਣੀਕਾਰਾਂ ਦਾ ਮਸਲਾ ਹੈ ਇਸ ਕਰਕੇ ਮੈਂ ਗੱਲਾਂ ਕਰ ਰਿਹਾ ਹਾਂ। ਕਿਹਾ ਜਾਂਦਾ ਸੀ ਬਈ ਪ੍ਰੇਮ ਪ੍ਰਕਾਸ਼ ਵਾਲੀ ਤਾਂ ਸ਼ੈਲੀ ਹੋਣੀ ਚਾਹੀਦੀ ਹੈ ਵਰਿਆਮ ਸੰਧੂ ਵਾਲੀ ਕਲਾ ਹੋਣੀ ਚਾਹੀਦੀ ਹੈ। ਉਦੋਂ ਇਹ ਲੋਕ ਕਿਥੇ ਸਨ? ਉਦੋਂ ਕਿਸੇ ਨੇ ਇਨ੍ਹਾਂ ਗੱਲਾਂ ਦਾ ਕਿਉਂ ਨਹੀਂ ਵਿਰੋਧ ਕੀਤਾ ਬਈ ਹੋਰ ਵੀ ਜ਼ਿਕਰਯੋਗ ਕਹਾਣੀਕਾਰ ਹਨ। ਪ੍ਰੰਤੂ ਮੈਂ ਪ੍ਰੇਮ ਪ੍ਰਕਾਸ਼ ਦਾ ਪ੍ਰਸ਼ੰਸ਼ਕ ਹਾਂ... ਵਰਿਆਮ ਸੰਧੂ ਨੂੰ ਜਦੋਂ ਸਾਹਿਤ ਅਕੈਡਮੀ ਦਾ ਐਵਾਰਡ ਮਿਲਿਆ ਤਾਂ ਮੈਂ ਕਿਹਾ ਬਈ ਇਸ ਐਵਾਰਡ ਦਾ ਉਹਦਾ ਹੱਕ ਹੈ ਮੈਂ ਇਹ ਕਿਤੇ ਨਹੀਂ ਕਿਹਾ ਕਿ ਸੰਧੂ ਘਟੀਆਂ ਕਹਾਣੀਕਾਰ ਹੈ ਤੇ ਪ੍ਰੇਮ ਉੱਚ ਕੋਟੀ ਦਾ ਕਹਾਣੀਕਾਰ ਹੈ। ਇਨ੍ਹਾਂ ਕਹਾਣੀਕਾਰਾਂ ’ਚ ਜਿਨੀਆਂ ਵੀ ਖ਼ੂਬੀਆ ਸਨ ਮੈਂ ਉਨ੍ਹਾਂ ਦਾ ਖੁੱਲ ਕੇ ਵਿਸ਼ਲੇਸ਼ਣ ਕੀਤਾ ਜਿਸ ਨੂੰ ਪ੍ਰੇਮ ਪ੍ਰਕਾਸ਼ ਨੇ ਵੀ ਸਵੀਕਾਰ ਕੀਤਾ। ਮੈਂ ਇਹ ਗੱਲ ਕਿਤਾਬ ‘ਕਲਮ ਦੇ ਨਕਸ਼’ ਵਿਚ ਲਿਖੀ ਹੈ ਕਿ ਇਨ੍ਹਾਂ ਨੇ ਕਿਹਾ ਕਿ ਮੈਂ ਇਕ ਰੁਲਿਆ ਹੋਇਆ ਕਹਾਣੀਕਾਰ ਸਾਂ ਮੈਨੂੰ ਆਲੋਚਕਾਂ ਨੇ ਬਹੁਤਾ ਗੌਲਿਆ ਨਹੀਂ ਮੈਨੂੰ ਆਲੋਚਨਾ ਨੇ ਨਹੀਂ ਸਮਕਾਲੀ ਮਿੱਤਰਾਂ ਨੇ ਹੀ ਲੱਭਣਾ ਹੈ ਮੈਨੂੰ ਸਿੱਧੂ ਨੇ ਲੱਭਿਆ ਹੈ। ਇਹ ਸ਼ਬਦ ਇਨ੍ਹਾਂ ਦੇ ਹਨ। ਪ੍ਰੰਤੂ ਸੰਪਾਦਤ ਪੁਸਤਕਾਂ ਵਿਚ ਨਾ ਪ੍ਰੇਮ ਨੇ ਤੇ ਨਾ ਵਰਿਆਮ ਨੇ ਮੇਰੀਆਂ ਕਹਾਣੀਆਂ ਲਈਆਂ ਇਹ ਗਿਲ੍ਹਾਂ ਨਹੀਂ ਹੈ। ਇਹ ਆਪਣੀ-ਆਪਣੀ ਪਸੰਦ ਹੈ। ਪ੍ਰੇਮ ਪ੍ਰਕਾਸ਼ ਜੀ ਇਹ ਤਾਂ ਕਹਿੰਦੇ ਹਨ ਮੈਂ ‘ਲਕੀਰ’ ’ਚ ਕਹਾਣੀ ਬਾਰੇ ਲਿਖਣ ਲਈ ੭੫ ਰੁਪਏ ਦੇ ਦਊ ਪਰ ਉਹ ਮੈਨੂੰ ਕਹਾਣੀਕਾਰ ਸਵਿਕਾਰ ਨਹੀਂ ਕਰਦੇ। ਇਹ ਉਨ੍ਹਾਂ ਦਾ ਅਧਿਕਾਰ ਖੇਤਰ ਹੈ। ਇਹ ਅਧਿਕਾਰ ਤੁਸੀਂ ਦੂਜੇ ਲੇਖਕਾਂ ਨੂੰ ਵੀ ਦਿਓ ਬਈ ਉਹ ਖੁੱਲ੍ਹ ਕੇ ਗੱਲ ਕਰ ਸਕਣ। ਅਸੀਂ ਖੁੱਲ ਕੇ ਕਹਿ ਸਕੀਏ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ’ਚ ਇਹ ਨੁਕਸ਼ ਹੈ। ਸਾਹਿਤ ’ਚ ਨਿਰਲੇਪ ਤੇ ਨਿਰਪੱਖ ਹੋ ਕੇ ਤੁਸੀਂ ਗੱਲ ਕਰਦੇ ਹੋ ਤਾਂ ਇਹ ਚੰਗੀ ਗੱਲ ਹੈ। ਮੈਨੂੰ ‘ਪਵਚਨ’ ਵਾਲੀ ਬਹਿਸ ’ਚੋਂ ਇਹ ਗੱਲ ਵੀ ਚੁੱਭੀ ਕਿ ਵਿਦਵਾਨ ਗੱਲਾਂ ਕਰਦੇ ਹਨ ਕਿ ਬਈ ਸਮਲਿੰਗੀਆਂ ਬਾਰੇ ਲਿਖਿਆ ਜਾ ਰਿਹਾ ਇਹ ਨਵੀਂ ਗੱਲ ਹੈ ਲੇਖਕ ਇਹੋਂ ਜਿਹੇ ਵਿਸ਼ਿਆ ਬਾਰੇ ਲਿਖ ਰਹੇ ਹਨ ਇਹ ਮਾਅਰਕੇ ਦੀ ਗੱਲ ਹੈ... ਮੈਨੂੰ ਅੱਜ ਮਹਿਸੂਸ ਹੋ ਰਹੀ ਹੈ ਕਿ ਅੱਜ ਮਸਲਾ ਅਮਾਨਵੀ ਕਰਨ ਦਾ ਹੈ, ਔਰਤ ਹਰ ਥਾਂ ਪੀੜਤ ਹੈ। ਦਲਿਤਾਂ ਦੀ ਜ਼ਿੰਦਗੀ ਦਿਨੋਂ ਦਿਨ ਨਿੱਘਰ ਰਹੀ ਹੈ। ਸਭ ਤੋਂ ਵੱਡੀ ਸਮੱਸਿਆ ਹੈ ਨੈਤਿਕ ਕਦਰਾ ਕੀਮਤਾਂ ਦੇ ਟੁੱਟਣ ਦੀ। ਇਹਨੂੰ ਚਾਹੇ ਤੁਸੀਂ ਗਲੋਬਲੀਜ਼ੇਸ਼ਨ ਕਹਿ ਦਿਓ ਚਾਹੇ ਵਿਸ਼ਵੀਕਰਨ। ਅੱਜ ਲੇਖਕ ਸਾਹਮਣੇ ਵੱਡੀ ਸਮੱਸਿਆ ਅਮਾਨਵੀ ਕਰਨ ਹੀ ਹੈ ਨਾ ਕਿ ਤੁਸੀਂ ਸਮਲਿੰਗੀਆਂ ਦੀਆਂ ਗੱਲਾਂ ਕਰੀ ਜਾਓ...। ਮੈਂ ਇਹ ਕਿਤਾਬ ਦੇ ਲੇਖ ੧੨ ਕੁ ਸਾਲ ਪਹਿਲਾ ਲਿਖੇ ਸਨ ਹੁਣ ਤੱਕ ਬਹੁਤ ਤਬਦੀਲੀਆਂ ਆਈਆਂ ਇਸ ਤੋਂ ਬਾਅਦ ਕਹਾਣੀਕਾਰਾਂ ਦੀ ਇਕ ਨਵੀਂ ਪੀੜ੍ਹੀ ਵੀ ਆ ਗਈ। ਸਾਡੇ ਆਲੋਚਕਾ ਵਿਚ ਜਿੰਮੇਵਾਰੀ ਦਾ ਅਹਿਸਾਸ ਬਿਲਕੁਲ ਵੀ ਨਹੀਂ ਹੈ। ਜੋ ਆਲੋਚਕ ਇਮਾਨਦਾਰ ਤੇ ਸੱਚਾ ਨਹੀਂ, ਪੱਖਪਾਤ ਤੋਂ ਅਲੱਗ ਨਹੀਂ ਉਹ ਲੰਗੜਾ ਆਲੋਚਕ ਹੈ। ਅੱਜ ਪ੍ਰੇਮ ਪ੍ਰਕਾਸ਼ ਜੀ ਨਾਲ ਮੇਰੇ ਸੰਬੰਧ ਚੰਗੇ ਹਨ ਕੱਲ੍ਹ ਨੂੰ ਵਿਗੜ ਜਾਣਗੇ ਦੁਸ਼ਮਣ ਵੀ ਬਣ ਜਾਂਦੇ ਹਨ... ਫੇਰ ਮੈਂ ਇਸ



ਸਥਿਤੀ ’ਚ ਇਨ੍ਹਾਂ ਦੇ ਖਿਲਾਫ਼ ਲਿਖਾ ਅਜਿਹਾ ਨਹੀਂ ਹੋਣਾ ਚਾਹੀਦਾ। ਇਹ ਬਹੁਤ ਨੀਵੇਂ ਪੱਧਰ ਦੀ ਗੱਲ ਹੈ। ਇਸ ਪੁਸਤਕ ਨੂੰ ਲੇਖਕ-ਪਾਠਕ ਤਾਂ ਚੰਗਾ ਸਮਝਦੇ ਹਨ ਪਰ ਆਲੋਚਕ ਅੰਦਰੋਂ ਅੰਦਰੀ ਵਿਰੋਧਤਾ ਕਰ ਰਹੇ ਹਨ।

ਜੁਗਿੰਦਰ ਸਿੰਘ ਨਿਰਾਲਾ- ਜਦੋਂ ਸਿੱਧੂ ਨੇ ਇਹ ਲੇਖ ਲਿਖੇ ਮੈਂ ਉਦੋਂ ਤੋਂ ਹੀ ਇਨ੍ਹਾਂ ਦੇ ਨਾਲ ਹਾਂ। ਮੈਂ ਉਦੋਂ ਵੀ ਕਹਿੰਦਾ ਸਾਂ ਕਿ ਸਿੱਧੂ ਨੇ ਪੁਸਤਕ ਵਿਚ ਸਾਹਿਤ ਦੀਆਂ ਜੋ ਮਾਨਤਾਵਾਂ ਦਿੱਤੀਆਂ ਹਨ ਉਹ ਧਿਆਨ ਜ਼ਰੂਰ ਖਿੱਚਦੀਆਂ ਹਨ। ਤੇ ਜੋ ਪਰਚਾ ਪੇਸ਼ ਕੀਤਾ ਹੈ ਸੁਰਜੀਤ ਬਰਾੜ ਹੁਰਾਂ ਨੇ। ਉਨ੍ਹਾਂ ਦੀ ਆਪਣੀ ਸਮਝ ਹੈ ਆਪਣੇ ਸੰਕਲਪ ਹਨ ਅਸਲ ’ਚ ਹਰ ਲੇਖਕ ਦਾ ਆਪਣਾ-ਆਪਣਾ ਮੈਂਟਲ ਲੈਵੱਲ ਹੁੰਦਾ ਹੈ। ਪਰਗਟ ਸਿੱਧੂ ਨੇ ਮੁੱਖ ਗੱਲ ਇਹ ਉਠਾਈ ਹੈ ਕਿ ਸਾਡੇ ਆਲੋਚਕ ਨਿਰਪੱਖ ਨਹੀਂ ਹਨ। ਅਸਲ ਨਿਰਪੱਖ ਕੋਈ ਵੀ ਨਹੀਂ ਹੁੰਦਾ, ਨਿਰਪੱਖ ਇਹ ਵੀ ਨਹੀਂ ਹਨ। ਪ੍ਰੰਤੂ ਨਿਰਾ ਪਖ ਕਰਨਾ ਮਾੜੀ ਗੱਲ ਹੈ ਜਦੋਂ ਕੋਈ ਆਲੋਚਕ ਕਿਸੇ ਲੇਖਕ ਨੂੰ ਉਛਾਲਦਾ ਹੈ, ਉਹਦੀ ਵਧੇਰੇ ਚਰਚਾ ਕਰਦਾ ਹੈ ਮੇਰੇ ਖਿਆਲ ਮੁਤਾਬਕ ਉਹਦਾ ਆਪਣਾ ਵੱਡਾ ਨੁਕਸਾਨ ਹੋ ਰਿਹਾ ਹੁੰਦਾ ਹੈ। ਇਸ ਗੱਲ ਦਾ ਬਾਅਦ ’ਚ ਪਤਾ ਲੱਗਦਾ ਹੈ। ਇਨ੍ਹਾਂ ਨੇ ਕਿਤਾਬ ’ਚ ਵਰਿਆਮ ਸੰਧੂ ਦੇ ਸੰਦਰਭ ਵਿਚ ਰਘਬੀਰ ਸਿਰਜਣਾ ਦੀ ਗੱਲ ਕੀਤੀ ਹੈ ਜਦੋਂ ਰਘਬੀਰ ਸਿੰਘ ਆਲੋਚਨਾ ਦੇ ਖੇਤਰ ’ਚ ਆਇਆ ਤਾਂ ਇਕ ਬਹੁਤ ਸ਼ਕਤੀਸ਼ਾਲੀ ਆਲੋਚਕ ਦੇ ਰੂਪ ਵਿਚ ਸਾਹਮਣੇ ਆਇਆ ਹੁਣ ਦੇਖੋ ਵਰਿਆਮ ਸੰਧੂ ਅੱਗੇ ਚਲੇ ਗਿਆ ਤੇ ਰਘਬੀਰ ਸਿੰਘ ਪਿੱਛੇ ਰਹਿ ਗਿਆ। ਜਦੋਂ ਮਾਰਕਸਵਾਦ ਦੀ ਚੜ੍ਹਤ ਸੀ ਤਾਂ ਸਾਰੇ ਲੇਖਕ ਆਲੋਚਕ ਮਾਰਕਸਵਾਦ ਦੇ ਰੰਗ ਵਿਚ ਰੰਗੇ ਗਏ ਸਨ, ਹੁਣ ਉਤਰ ਮਾਰਕਸਵਾਦ ਦਾ ਦੌਰ ਹੈ ਮਾਰਕਸਵਾਦ ਆਪਣੀ ਉਮਰ ਲੰਘਾ ਚੁੱਕਾ ਹੈ ਤਾਂ ਅਸੀਂ ਸਾਰੇ ਅਧੁਨਿਕ ਕਹਾ ਕੇ ਮਾਣ ਮਹਿਸੂਸ ਕਰਦੇ ਹਾਂ। ਇਹ ਸਾਰੀ ਪ੍ਰਵਿਰਤੀ ਨੂੰ ਠੱਲ੍ਹ ਪਾਉਣ ਦੀ ਲੋੜ ਹੈ। ਬਾਕੀ ਸਿੱਧੂ ਨੇ ਇਹ ਗੱਲ ਚੰਗੀ ਕੀਤੀ ਹੈ ਕਿ ਲੇਖਕਾਂ ਨੂੰ ਵੀ ਆਲੋਚਨਾ ਕਰਨੀ ਚਾਹੀਦੀ ਹੈ। ਕਰੀਏਟਵ ਲੇਖਕ ਜਦੋਂ ਆਲੋਚਨਾ ਕਰਦਾ ਹੈ ਤਾਂ ਉਹਦਾ ਇਕ ਧਰਮ ਸੰਕਟ ਹੁੰਦਾ ਹੈ... ਇਕ ਤਾਂ ਆਲੋਚਕ ਦੇ ਤੌਰ ਤੇ ਉਹਦੀ ਪਹਿਚਾਣ ਬਣੀ ਨਹੀਂ ਹੁੰਦੀ, ਸਿੱਧੂ ਦੀ ਇਹ ਆਲੋਚਨਾ ਪੁਸਤਕ ਤਾਂ ਹੈ ਪਰ ਇਸ ਤਰ੍ਹਾਂ ਦੀ ਆਲੋਚਨਾਂ ਪੁਸਤਕ ਨਹੀਂ ਹੈ ਕਿ ਜਿਸ ਤਰ੍ਹਾਂ ਦੀ ਅਕੈਡਮਿਕ ਆਲੋਚਨਾ ਹੁੰਦੀ ਹੈ। ਸਾਡੀ ਬਹੁਤੀ ਆਲੋਚਨਾ ਕਲਾਸ ਰੂਮ ’ਚ ਦਿੱਤੇ ਜਾਂਦੇ ਨੋਟਿਸ ਹਨ ਏਥੋਂ ਤੀਕ ਕਿ ਜੁਗਿੰਦਰ ਸਿੰਘ ਰਾਹੀ ਦੀਆਂ ਮੈਂ ਆਲੋਚਨਾ ਦੀਆਂ ਪੁਸਤਕਾਂ ਪੜ੍ਹੀਆਂ ਹਨ ਖਾਸ ਕਰਕੇ ਨਾਵਲ ਬਾਰੇ ਉਹ ਸਾਰੀ ਆਲੋਚਨਾ ਕਲਾਸ ਰੂਮ ’ਚ ਵਿਦਿਆਰਥੀਆਂ ਨੂੰ ਦਿੱਤੇ ਨੋਟਿਸ ਹਨ। ਉਸ ਵੇਲੇ ਜਦੋਂ ਸਲੇਬਸ ’ਚ ਗੁਰਦਿਆਲ ਸਿੰਘ ਲੱਗਿਆ ਸੀ ਆਲੋਚਕ ਗੁਰਦਿਆਲ ਬਾਰੇ ਨੋਟਿਸ ਤਿਆਰ ਕਰੀ ਗਏ ਫਿਰ ਪ੍ਰੇਮ ਪ੍ਰਕਾਸ਼ ਤੇ ਵਰਿਆਮ ਸੰਧੂ ਲੱਗੇ ਤੇ ਇਨ੍ਹਾਂ ਬਾਰੇ ਨੋਟਿਸ ਤਿਆਰ ਹੋਣ ਲੱਗੇ ਫੇ ਕਿਤਾਬਾਂ...। ਹੁਣ ਵਰਿਆਮ ਦਾ ਆਪਣਾ ਸੰਕਟ ਹੈ... ਉਹਨੂੰ ਜਦੋਂ ਪੁੱਛਿਆ ਜਾਂਦਾ ਹੈ ਕਿ ਤੂੰ ਹੁਣ ਕਹਾਣੀ ਕਿਓਂ ਨਹੀਂ ਲਿਖਦਾ ਤਾਂ ਉਹ ਕਹਿੰਦਾ ਹੈ ਮੈਂ ਜੋ ਕਹਿਣਾ ਸੀ ਕਹਿ ਦਿੱਤਾ ਜੇ ਹੁਣ ਲਿਖਾ ਤਾਂ ਜਾਂ ਤਾਂ ਉਹ ਅ-ਪ੍ਰਸੰਗਕ ਹੋਵੇਗਾ ਜਾਂ ਫਿਰ ਅਖਣੀ ਜਾਂ ਪ੍ਰੇਮ ਪ੍ਰਕਾਸ਼ ਵਾਂਗੂ ਮੈਂ ਆਪਣੇ ਆਪ ਨੂੰ ਰਪੀਟ ਕਰਾਂਗਾ। ਪ੍ਰੰਤੂ ਅਸੀਂ ਪ੍ਰੇਮ ਪ੍ਰਕਾਸ਼, ਰਾਮ ਸਰੂਪ ਅਣਖੀ ਜਾਂ ਵਰਿਆਮ ਸੰਧੂ ਦੇ ਇਤਿਹਾਸਕ ਰੋਲ ਨੂੰ ਨਿਗੇਟ ਨਹੀਂ ਕਰ ਸਕਦੇ। ਸੇਖੋਂ ਦੀ ਗੱਲ ਲੈ ਲਵੋ ਸੇਖੋਂ ਵੇਲੇ ਜਦੋਂ ਸੇਖੋਂ ਨੇ ਜਿਹੜੀ ਗੱਲ ਕਿਸੇ ਲੇਖਕ ਬਾਰੇ ਕਹਿ ਦਿੱਤੀ। ਉਹ ਉਸ ’ਤੇ ਪਹਿਰਾ ਵੀ ਦਿੱਤਾ। ਹੁਣ ਦੇ ਸਾਡੇ ਆਲੋਚਕ ਮੈਗਜ਼ੀਨ ਤੇ ਲੇਖਕ ਨੂੰ ਦੇਖ ਕੇ ਆਲੋਚਨਾ ਕਰਦੇ ਹਨ। ਜੇ ਡਲਹੋਜੀ ਜਾਂਦੇ ਹਨ ਤਾਂ ਮਿੱਥ ਕੇ ਜਾਂਦੇ ਹਨ ਕਿ ਫਲਾਣੇ ਦੀ ਠਿੱਬੀ ਲਾਉਣੀ ਹੈ ਤੇ ਫਲਾਣੇ ਨੂੰ ਉਪਰ ਚੁੱਕਣਾ ਹੈ। ਇਹ ਪ੍ਰਵਿਰਤੀ ਮਾੜੀ ਹੈ। ਹੁਣ ਤੁਸੀਂ ਦੇਖ ਲਓ ਕਰਨੈਲ ਸਿੰਘ ਨਿੱਝਰ ਚੰਗਾ ਨਾਵਲਕਾਰ ਹੈ, ਸਾਡੇ ਵਿਚ ਹੁਣ ਬੈਠਾ ਵੀ ਹੋਇਆ ਹੈ ਪ੍ਰੰਤੂ ਉਸ ਦਾ ਜ਼ਿਕਰ ਉਸ ਤਰ੍ਹਾਂ ਨਹੀਂ ਹੋਇਆ ਜਿਸ ਤਰ੍ਹਾਂ ਹੋਣਾ ਚਾਹੀਦਾ ਸੀ। ਬਾਕੀ ਨਾਵਲਕਾਰਾਂ ਦਾ ਬਹੁਤ ਹੋ ਗਿਆ ਕਿਓ? ਬਾਕੀ ਨਾਵਲਕਾਰਾਂ ਦਾ ਇਸ ਲਈ ਹੋ ਗਿਆ ਕਿਉਂਕਿ ਉਹ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਦੇ ਨੇੜੇ ਸੀ ਜਾਂ ਉਹ ਅਕੈਡਮਿਕ ਤੌਰ ਤੇ ਪ੍ਰਭਾਵਸ਼ਾਲੀ ਸਨ ਇਹ ਗੱਲਾਂ ਸਾਹਿਤ ਵਿਚ ਬੜੀਆਂ ਮਾੜੀਆਂ ਹਨ ਇਨ੍ਹਾਂ ਨੂੰ ਠੱਲ੍ਹ ਪਾਉਣੀ ਚਾਹੀਦੀ ਹੈ। ਮੈਂ ਕਹਿੰਦਾ ਹਾਂ ਕਿ ਜਦੋਂ ਸਿਰਜਣਾਤਿਮ ਲੇਖਕ ਆਲੋਚਕ ਬਣ ਜਾਂਦਾ ਜਾਂ ਆਲੋਚਕ ਸਿਰਜਣਾਤਮਿਕ ਲੇਖਕ ਬਣ ਜਾਂਦਾ ਹੈ ਉਹਦੇ ਪਿੱਛੇ ਇਕ ਵੱਡੀ ਟਰੈਜੜੀ ਹੁੰਦੀ ਹੈ। ਖੋਜ਼ੂ ਵਿਦਿਆਰਥੀਆਂ ਨੂੰ ਵੀ ਔਖੀ ਆਲੋਚਨਾਂ ਸਿਖਾਈ

ਜਾਂਦੀ ਹੈ ਜਦੋਂ ਮੈਂ ਕਹਾਣੀ ਤੇ ਪੀ. ਐਚ-ਡੀ ਕਰ ਰਿਹਾ ਸੀ ਤਾਂ ਮੇਰਾ ਗਾਇਡ ਕਹਿੰਦਾ ਕਿ ਛੱਡ ਕਹਾਣੀ ਤੇ ਆਲੋਚਨਾ ਕਰਨੀ ਤੇ ਕਿੱਸਾ-ਕਾਵਿ ਤੇ ਕਰ ਲੈ ਜਾਂ ਨਾਵਲ ਤੇ ਕਰ ਲੈ। ਫੇਰ ਕਹਿੰਦਾ ਤੂੰ ਥੀਸਿਸ 'ਚ ਔਖੇ ਔਖੇ ਸ਼ਬਦ ਪਾ... ਯੂਨੀਵਰਸਿਟੀਆਂ 'ਚ ਬੈਠੇ ਅਜਿਹੇ ਆਲੋਚਕ ਆਲੋਚਨਾ ਨੂੰ ਔਖੀ ਕਰ ਰਹੇ ਹਨ ਜਿੱਥੇ ਚੰਗੇ ਲੇਖਕਾਂ ਦੀ ਪ੍ਰਤਿਭਾ ਲੱਭਣ ਦੀ ਲੋੜ ਹੈ ਉਥੇ ਮਾੜੇ ਲੇਖਕਾਂ ਨੂੰ ਡਿਸਕਰਜ ਕਰਨ ਦੀ ਵੀ ਲੋੜ ਹੈ ਜੇ ਇਸ ਤਰ੍ਹਾਂ ਨਹੀਂ ਕਰਾਂਗੇ ਤਾਂ ਉਹ ਸਾਰੀ ਉਮਰ ਇਸ ਭਰਮ 'ਚ ਹੀ ਰਹੇਗਾ ਕਿ ਮੈਂ ਵੱਡਾ ਲੇਖਕ ਹਾਂ। ਇਹ ਸਾਡੇ ਆਲੋਚਕਾਂ ਦੀ ਤੇ ਲੇਖਕਾਂ ਦੀਆਂ ਸੀਮਾਵਾਂ ਹਨ। ਹਿੰਦੀ 'ਚ ਬਹੁਤ ਅੱਛੀ ਪ੍ਰੰਪਰਾ ਹੈ ਹਿੰਦੀ 'ਚ ਰਜਿੰਦਰ ਯਾਦਵ ਹੈ ਮੋਹਨ ਰਕੇਸ਼ ਹੈ, ਕਮਲੇਸ਼ਵਰ ਸੀ ਇਨ੍ਹਾਂ ਨੇ ਕਹਾਣੀਆਂ ਨਾਵਲ ਵੀ ਲਿਖੇ ਤੇ ਨਾਲ ਹੀ ਆਲੋਚਨਾ ਵੀ ਕੀਤੀ। ਸਾਡੇ ਇਲਾਕੇ 'ਚ ਇਕ ਪ੍ਰੇਮ ਪ੍ਰਕਾਸ਼ ਦੇ ਸਕੂਲ ਦਾ ਨਵਾਂ ਲੇਖਕ ਸੀ ਉਹ ਮੇਰੇ ਕੋਲ ਆਇਆ ਕਹੇ ਕਿ ਮੇਰੇ ਖਰੜੇ 'ਚ ਭਾਸ਼ਾ ਦੀਆਂ ਗਲਤੀਆਂ ਦੂਰ ਕਰ ਦਿਓ, ਮੈਂ ਉਹਨੂੰ ਕਿਹਾ ਬਈ ਤੂੰ ਕਿਹੜੇ ਕਿਹੜੇ ਲੇਖਕ ਪੜੇ ਹਨ, ਕਹਿੰਦਾ ਕੋਈ ਨਹੀਂ ਪੜ੍ਹਿਆ ਮੈਂ ਕਿਹਾ ਅਣਖੀ ਹੈ, ਪਰਗਟ ਸਿੱਧੂ ਹੈ ਕੋਈ ਵੀ ਨਹੀਂ ਪੜ੍ਹਿਆ ਉਹ ਕਹਿੰਦਾ ਦੇਖੋ ਜੀ ਅਣਖੀ ਨੂੰ ਤਾਂ ਮੈਂ ਕਹਾਣੀਕਾਰ ਨਹੀਂ ਮੰਨਦਾ, ਸਿੱਧੂ ਨੂੰ ਅਜੇ ਪੜ੍ਹਿਆ ਨਹੀਂ ਮੈਂ ਕਿਹਾ ਮੇਰੇ ਬਾਰੇ ਕੀ ਵਿਚਾਰ ਹੈ ਕਹਿਣ ਲੱਗਾ ਅਜੇ ਪੜ੍ਹ ਰਿਹਾ ਪਰ ਅਜੇ ਵਿਚਾਰ ਨਹੀਂ ਬਣਾਇਆ। ਖੈਰ ਉਹਨੇ ਕਿਤਾਬ ਛਾਪੀ ਚਰਚਾ ਵੀ ਹੋਇਆ ਪਰ ਮੱਧਮ ਵੀ ਪੈ ਗਿਆ। ਹੁਣ ਪਰਚੇ ਐਨੇ ਛਪਣ ਲੱਗ ਪਏ ਹਰ ਕੋਈ ਇਹੀ ਦਾਅਵਾ ਕਰਦਾ ਹੈ ਕਿ ਦੇਖੋ ਜੀ ਸਾਡੇ ਪਰਚੇ 'ਚ ਜੋ ਛਪਦਾ ਹੈ ਉਹ ਹੀ ਉਤਮ ਸਾਹਿਤ ਹੈ ਬਾਕੀ ਕੂੜਾ-ਕਰਕਟ ਹੀ ਛਾਪ ਰਹੇ ਹਨ। ਜ਼ਿੰਦਗੀ ਨਾਲ ਜੁੜੀ ਹੋਈ ਗੱਲ ਚਾਹੇ ਉਹ ਸਾਹਿਤ 'ਚ ਹੋਵੇ ਜਾਂ ਆਲੋਚਨਾ 'ਚ ਉਹ ਸਾਨੂੰ ਪ੍ਰਭਾਵਿਤ ਜ਼ਰੂਰ ਕਰੇਗੀ।

ਪ੍ਰੇਮ ਪ੍ਰਕਾਸ਼- ਦੋਸਤੋਂ ! ਮੈਂ ਆਜ਼ਾਦੀ ਦਾ ਜਿਆਦਾ ਹੀ ਕਾਇਲ ਹਾਂ। ਏਥੇ ਗੱਲਾਂ ਸੁਣ ਕੇ ਤੇ ਪੜ੍ਹ ਕੇ ਮੈਨੂੰ ਲੱਗਾ ਜਦੋਂ ਆਦਮੀ ਦੀ ਉਮਰ ਪੱਕ ਜਾਂਦੀ ਹੈ ਉਹ ਨਸੀਹਤਾ ਕਰਨ ਲੱਗ ਜਾਂਦਾ ਹੈ। ਆਹ ਨਹੀਂ ਕਰਨਾ ਚਾਹੀਦਾ ਆਹ ਕਰਨਾ ਚਾਹੀਦਾ ਸੀ। ਜਿਨੇ ਵੀ ਬੁਲਾਰੇ ਏਥੇ ਬੋਲੇ ਹਨ ਉਹ ਸਾਰੇ ਨਸੀਹਤਾ ਕਰਨ ਲੱਗ ਜਾਂਦੇ ਹਨ। ਮੇਰੇ ਜਹਿਨ 'ਚ ਇਹ ਨਸੀਹਤਾ ਕਰਨ ਵਾਲੇ ਪੱਕੜ ਲੋਕ ਨਿਕਲ ਜਾਂਦੇ ਹਨ ਮੇਰੇ ਜਿਹਨ 'ਚ ਫੇਰ ਯੰਗ ਮੁੰਡੇ ਯੰਗ ਲੇਖਕ ਆਉਂਦੇ ਹਨ ਇਹ ਨੌਜਵਾਨ ਜਦੋਂ ਮਿਲਦੇ ਹਨ ਤੇ ਲਿਖਦੇ ਹਨ ਤਾਂ ਮੈਨੂੰ ਲੱਗਦਾ ਹੈ ਕਿ ਇਹ ਜੋ ਕਰਦੇ ਹਨ ਠੀਕ ਕਰਦੇ ਹਨ। ਬੁੜਾ ਹੋ ਕੇ ਬੰਦਾ ਰੂੜੀਵਾਦੀ ਹੋ ਜਾਂਦਾ... ਪੱਕ ਜਾਂਦਾ। ਜਿਹੜੇ ਵਿਚਾਰ ਉਹਦੇ ਪੁਰਾਣੇ ਹੁੰਦੇ ਹਨ ਉਹਨਾਂ 'ਤੇ ਅੜ ਕੇ ਬੈਠ ਜਾਂਦਾ। ਤੇ ਅੜਿਆ ਹੀ ਰਹਿੰਦਾ ਤੇ ਕੁਝ ਵੀ ਨਵਾਂ ਸਿੱਖਣਾ ਨਹੀਂ ਚਾਹੁੰਦਾ ਹੈ। ਜਦੋਂ ਮੈਂ ਇਹ ਗੱਲਾਂ ਸੋਚਦਾ ਹਾਂ ਤਾਂ ਦੋ ਲੇਖਕ ਮੇਰੇ ਜ਼ਿਹਨ 'ਚ ਆਉਂਦੇ ਹਨ ਜਿਹਨਾ ਨੂੰ ਮੈਂ ਕਹਿੰਦਾ ਹੁੰਦਾ ਮੇਰੇ ਦੁੱਖੀ ਯਾਰ ਇਕ ਦੁਖੀ ਯਾਰ ਆ ਮੇਰਾ ਪਰਗਟ ਸਿੱਧੂ ਉਹ ਰੌਂਦਾ ਹੀ ਰਹਿੰਦਾ। ਉਹਨੂੰ ਸਾਹਿਤ 'ਚੋਂ ਹਰ ਜਗਾ ਪ੍ਰਦੂਸ਼ਣ ਦਿਸਦਾ ਰਹਿੰਦਾ। ਉਹ ਬਰਨਾਲੇ ਦੇ ਲੇਖਕਾਂ ਤੋਂ ਦੁਖੀ ਰਹਿੰਦਾ ਹੈ... ਆਲੋਚਕਾਂ ਤੋਂ ਦੁੱਖੀ ਰਹਿੰਦਾ ਹੈ, ਆਪਣੇ ਸਮਕਾਲੀਆਂ ਤੋਂ ਵੀ ਦੁੱਖੀ ਹੈ ਇਕ ਦੁਖੀ ਯਾਰ ਹੋਰ ਹੈ ਹਰਭਜਨ ਸਿੰਘ ਹੁੰਦਲ, ਜਦੋਂ ਉਹਦਾ ਪਰਚਾ 'ਚਿਰਾਗ਼' ਆਉਂਦਾ ਹੈ ਤਾਂ ਉਹਦੀ ਲਿਖੀ ਗਾਲ੍ਹਾ ਭਰੀ ਸੰਪਾਦਕੀ ਪੜ੍ਹ ਕੇ ਮੈਂ ਉਹਨੂੰ ਫੋਨ ਕਰਦਾ ਹਾਂ... ਹੁੰਦਲ ਆਹ ਸੰਪਾਦਕੀ 'ਚ ਬਹੁਤ ਸੋਹਣੀ ਗੱਲ ਕੀਤੀ ਐ... ਲੇਖਕ ਸਭਾਵਾਂ ਨੇ ਤਾਂ ਬਹੁਤ ਗੰਦ ਪਾਇਆ ... ਫੇਰ ਉਹ ਬਹੁਤ ਬੋਲਦਾ ਹੈ... ਮੈਨੂੰ ਬੜਾ ਸਵਾਦ ਆਉਂਦਾ ਹੈ ਫੇਰ ਸਭ ਨੂੰ ਗਾਲ੍ਹਾਂ ਕੱਢਦਾ ਹੈ... ਫਲਾਣੇ ਨੇ ਆਹ ਕਰਤਾ... ਫਲਾਣੇ ਨੇ ਔਹ ਕਰਤਾ... ਤੇ ਸਿੱਧੂ ਵੀ ਵਿਚਾਰਾ ਇਵੇਂ ਹੀ ਕਰਦਾ ਹੈ ਹੁਣ ਇਹ ਕੀ ਕਰਨ, ਦਿਲ 'ਚੋਂ ਗੁਬਾਰ ਤਾਂ ਕੱਢਣਾ ਹੋਇਆ ਉਹ ਦੁੱਖ ਇਸ ਤਰ੍ਹਾਂ ਕੱਢਦੇ ਹਨ। ਇਹ ਕਿਤਾਬ 'ਕਲਮ ਦੇ ਨਕਸ਼' ਪੜ੍ਹ ਕੇ ਮੈਨੂੰ ਲੱਗਿਆ ਕਿ ਬਹੁਤੀ ਗੱਲ ਬਰਨਾਲੇ ਦੀ ਸਿਆਸਤ ਦੀ ਹੈ ਕੌਣ ਕਿਹਨੂੰ ਚੁੱਕਦਾ ਹੈ, ਕੌਣ ਕਿਹਦਾ ਆੜੀ ਐ, ਕੌਣ ਠਿੱਬੀ ਲਾਉਂਦਾ ਹੈ ਭਲਾ ਕਿਸੇ ਦੂਜੇ ਬੰਦੇ ਨੂੰ ਇਨ੍ਹਾਂ ਗੱਲਾਂ ਨੂੰ ਪੜ੍ਹਨ ਦੀ ਕੀ ਲੋੜ ਪਈ ਹੈ। ਇਸ ਨੇ ਜ਼ਿਕਰ ਕੀਤਾ ਵਰਿਆਮ ਸੰਧੂ ਦੀ ਕਹਾਣੀ ਬਾਰੇ, ਇਹਨੂੰ ਕਹਾਣੀ 'ਡੂੰਮ੍ਹ' ਚੰਗੀ ਨਹੀਂ ਲੱਗੀ, ਪਰ ਮੈਨੂੰ ਉਹ ਕਹਾਣੀ ਬਹੁਤ ਚੰਗੀ ਲੱਗੀ ਹੈ ਮੈਨੂੰ ਪਸੰਦ ਹੈ। ਚਲੋ ਜੇ ਪਰਗਟ ਸਿੱਧੂ ਨੂੰ ਨਹੀਂ ਚੰਗੀ ਲੱਗੀ ਇਹਦੀ ਆਪਣੀ ਦਲੀਲ ਹੈ। ਜੇ ਏਥੇ ਸੁਰਜੀਤ ਬਰਾੜ ਦਾ ਬੇਹੁਦਾ ਤੇ ਨਿਕੰਮਾ ਪਰਚਾ ਪੜ੍ਹਿਆ ਜਾਂਦਾ



ਹੈ... ਮੈਂ ਕਹਿੰਦਾ ਹਾਂ ਇਹ ਗੱਲ ਨਹੀਂ ਇਹਨੂੰ ਵੀ ਹੱਕ ਹੈ ਬੋਲਣ ਦਾ ਤੇ ਲਿਖਣ ਦਾ ਇਹਦੀ ਗੱਲ ਵੀ ਸੁਣਨੀ ਚਾਹੀਦੀ ਹੈ। ਜੇ ਸਿੱਧੂ, ਵਰਿਆਮ ਸੰਧੂ ਦੀ ਕਹਾਣੀ ਦਾ ਜਿਕਰ ਕਰਦਿਆਂ ਇਹ ਕਹਿੰਦਾ ਹੈ ਕਿ ਇਸ ਕਹਾਣੀ 'ਚ ਆਹ ਬੁਰਾਈਆਂ ਹਨ। ਠੀਕ ਹੈ ਹਰ ਇਕ ਨੂੰ ਆਜ਼ਾਦੀ ਹੈ ਆਪਣੀ ਗੱਲ ਕਹਿਣ ਦੀ ਪ੍ਰੰਤੂ ਇਹ ਗੱਲਾਂ ਜਦੋਂ ਲਿਖਤੀ ਰੂਪ 'ਚ ਆਈਆਂ ਤਾਂ ਵਰਿਆਮ ਨੇ ਇਹ ਨਰਾਜ਼ਗੀ ਜਹਾਰ ਕੀਤੀ ਸੀ। ਉਦੋਂ ਵਰਿਆਮ ਨੇ ਮਹਿਰਮ ਵਿਚ ਇਹਦਾ ਜਵਾਬ ਦਿੱਤਾ ਸੀ ਮੈਨੂੰ ਉਹ ਜਵਾਬ ਪੜ੍ਹ ਕੇ ਲੱਗਾ ਸੀ ਕਿ ਇਹ ਜਵਾਬ ਬਹੁਤ ਕੌੜਾ ਹੈ ਤੇ ਇਹ ਕੌੜਾ ਜਵਾਬ ਪੜ੍ਹ ਕੇ ਮੈਨੂੰ ਲੱਗਾ ਕਿ ਸਿੱਧੂ ਨੇ ਵਰਿਆਮ ਬਾਰੇ ਕੋਈ ਕੌੜਾ ਲਿਖਿਆ ਹੈ ਮੈਂ ਉਹ ਚਿੱਠੀ ਪੜ੍ਹ ਕੇ ਮੁੜ ਉਹ ਲੇਖ ਪੜ੍ਹਿਆ ਸੀ ਬਈ ਸਿੱਧੂ ਨੇ ਕੀ ਲਿਖਿਆ ਸੀ। ਜਦੋਂ ਮੈਂ ਕਿਤਾਬ ਪੜ੍ਹੀ ਤਾਂ ਮੈਨੂੰ ਇਹ ਗੱਲ ਰੜਕੀ ਬਈ ਜਿੱਥੇ ਵਰਿਆਮ ਸੰਧੂ ਦੀ ਕਹਾਣੀ ਬਾਰੇ ਲੇਖ ਹੈ ਉਥੇ ਨਾਲ ਹੀ ਵਰਿਆਮ ਦਾ ਜਵਾਬ ਵੀ ਚਾਹੀਦਾ ਸੀ। ਉਹਨੇ ਕੀ ਲਿਖਿਆ ਜਿਵੇਂ ਮੇਰੀ ਚਿੱਠੀ ਸਿੱਧੂ ਨੇ ਛਾਪੀ ਹੈ ਉਹ ਚਿੱਠੀ ਵੀ ਛਪਣੀ ਚਾਹੀਦੀ ਸੀ। ਇਹਦੇ ਨਾਲ ਇਕ ਜਸਟੀਫਿਕੇਸ਼ਨ ਹੋਣੀ ਸੀ ਬਈ ਉਹਨੇ ਆਪਣੀ ਕਹਾਣੀ ਬਾਰੇ ਕੀ ਜਸਟੀਫਿਕੇਸ਼ਨ ਦਿੱਤੀ ਹੈ, ਜੋ ਕਰੀਏਟਿਵ ਲੇਖਕ ਹੈ ਉਹ ਕਹਾਣੀ ਦਾ ਵਿਸ਼ਲੇਸ਼ਣ ਚੰਗੇ ਤਰੀਕੇ ਨਾਲ ਕਰਦਾ ਹੈ। ਅਜਿਹੇ ਵਿਸ਼ਲੇਸ਼ਣ ਡਾ. ਗੁਰਲਾਲ ਸਿੰਘ ਨੇ ਵੀ ਕੀਤੇ ਹਨ ਡਾ. ਰਾਹੀ ਨੇ ਵੀ ਕੀਤੇ ਹਨ। ਇਹ ਬਹੁਤ ਚੰਗਾ ਕੰਮ ਹੈ ਬਜਾਇ ਇਸ ਦੇ ਬਈ ਤੁਸੀਂ ਕਹਾਣੀ ਦੇ ਮੈਰਿਟ ਤੇ ਡੀ-ਮੈਰਿਟ ਗਿਣੀ ਜਾਵੋ ਬਈ ਕਹਾਣੀ 'ਚ ਆਹ ਮਾੜੀ ਗੱਲ ਹੈ। ਆਹ ਚੰਗੀ ਪ੍ਰੰਤੂ ਵਿਸ਼ਲੇਸ਼ਣ ਹੋਣਾ ਜ਼ਰੂਰੀ ਹੈ। ਇਹ ਦੱਸਣ ਦੀ ਲੋੜ ਹੈ ਬਈ ਇਹ ਚੀਜਾ ਪੈਦਾ ਕਿਵੇਂ ਹੋ ਰਹੀਆਂ ਹਨ ਉਹ ਕਰੀਏਟਿਵ ਲੇਖਕ 'ਚੋਂ ਆਈਆਂ ਕਿਵੇਂ ਹਨ, ਕਹਾਣੀ 'ਚ ਆਈਆਂ ਗੱਲਾਂ ਉਹਦੇ ਜਿਹਨ 'ਚੋਂ ਕਿਵੇਂ ਨਿਕਲ ਰਹੀਆਂ ਹਨ। ਲੋੜ ਉਨ੍ਹਾਂ ਗੱਲਾਂ ਨੂੰ ਪਾਠਕ ਤੱਕ ਪਹੁੰਚਾਉਣ ਦੀ ਹੁੰਦੀ ਹੈ। ਭਾਵੇਂ ਕਿ ਪਾਠਕ ਨੇ ਪਹਿਲਾ ਕਹਾਣੀ ਪੜ੍ਹੀ ਹੁੰਦੀ ਹੈ ਵਿਸ਼ਲੇਸ਼ਣ ਕਰਨ ਵਾਲਾ ਪਾਠਕ ਨੂੰ ਇਸ ਤਰ੍ਹਾਂ ਗੱਲ ਸਮਝਾਉਂਦੇ ਹਨ ਕਿ ਕਹਾਣੀ 'ਚੋਂ ਆਹ ਗੱਲ ਪੈਦਾ ਕਿਵੇਂ ਹੁੰਦੀਆਂ ਹਨ। ਮੈਨੂੰ ਤਾਂ ਸਿੱਧੂ ਦੀ ਕਿਤਾਬ ਤੇ ਤਸੱਲੀ ਹੈ ਇਹਨੂੰ ਹੋਰ ਚੰਗੀਆਂ ਕਹਾਣੀਆਂ ਬਾਰੇ ਵੀ ਲਿਖਣਾ ਚਾਹੀਦਾ ਹੈ ਜਿਨ੍ਹਾਂ ਨੂੰ ਸਮਝਾਉਣ ਦੀ ਲੋੜ ਹੈ। ਜੇ ਕਹਾਣੀਆਂ ਮਾੜੀਆਂ ਲੱਗਦੀਆਂ ਹਨ ਉਨ੍ਹਾਂ ਦਾ ਜਿਕਰ ਕਰਨ ਦੀ ਲੋੜ ਨਹੀਂ। ਮੈਂ ਪਹਿਲਾਂ ਵੀ ਕਈ ਵਾਰੀ ਕਿਹਾ ਕਿ ੮੦ ਫੀਸਦੀ ਸਾਹਿਤ ਹਮੇਸ਼ਾ ਖਾਦ ਦੇ ਕੰਮ ਆਉਂਦਾ ਹੈ, ਉਹ ਗ਼ਲ ਜਾਣਾ ਹੈ ਉਸ ਦੀ ਖਾਦ ਬਣ ਜਾਣੀ ਹੈ। ੨੦ ਫੀ ਸਦੀ ਸਾਹਿਤ ਹੀ ਕਾਬਲ-ਏ-ਗੌਰ ਹੁੰਦਾ ਹੈ ਉਹਦੇ 'ਚੋਂ ਕੁਝ ਫੀਸਦੀ ਸਾਹਿਤ ਹੁੰਦਾ ਜਿਹੜਾ ਸਾਨੂੰ ਬਹੁਤ ਸੋਹਣਾ ਲੱਗਦਾ ਹੈ ਸਾਨੂੰ ਉਸ ਸੋਹਣੇ ਦੀ ਗੱਲ ਕਰਨੀ ਚਾਹੀਦੀ ਹੈ ਅਸੀਂ ਮਾੜੇ ਸਾਹਿਤ ਦਾ ਜ਼ਿਕਰ ਕਿਓਂ ਕਰੀਏ। ਕੋਈ ਸਾਹਿਤ ਸਾਨੂੰ ਪਸੰਦ ਵੀ ਨਹੀਂ ਹੁੰਦਾ ਫਿਰ ਵੀ ਅਸੀਂ ਕਹਿੰਦੇ ਹਾਂ ਕਿ ਇਹ ਬਹਿਸ ਤਲਬ ਹੈ। ਜਦੋਂ ਮੈਂ 'ਮੁਕਤੀ' ਕਹਾਣੀ ਲਿਖੀ ਸੀ ਤਾਂ ਮੈਨੂੰ ਲੋਕਾਂ ਕੋਲੋਂ ਬਹੁਤ ਗਾਲ੍ਹਾ ਪਈਆਂ ਸਨ ਜਦੋਂ ਡੈੱਡ-ਲਾਇਨ' ਕਹਾਣੀ ਸਿਰਜਣਾ ਵਿਚ ਛਪੀ ਸੀ ਤਾਂ ਰਘਬੀਰ ਸਿੰਘ ਨੇ ਸਿਰਜਣਾ 'ਚ ਚਿੱਠੀ ਛਾਪੀ ਸੀ ਕਿ ਇਹ ਕੀ ਬਕਵਾਸ ਕਹਾਣੀ ਛਾਪੀ ਹੈ। ਇਹ ਬਕਵਾਸ ਕਹਾਣੀ ਉਸ ਪਾਠਕ ਨੇ ਹੀ ਨਹੀਂ ਕਹੀ ਸੰਪਾਦਕ ਨੇ ਵੀ ਨਾਲ ਕਹੀ ਸੀ। ਦੋ ਜਣਿਆ ਨੇ ਇਹ ਗੱਲ ਕਹੀ। ਬਹੁਤ ਸਾਰਾ ਸਾਹਿਤ ਸਮੇਂ ਮੁਤਾਬਕ ਨਹੀਂ ਹੁੰਦਾ। ਇਕ ਮਨਿੰਦਰ ਕਾਂਗ ਦੀ ਕਹਾਣੀ ਹੈ ' ਭਾਰ' ਇਹ ਕਹਾਣੀ ਇਸ ਸਮੇਂ ਵਿਚ ਪਹਿਲਾਂ ਕਿਸੇ ਨੇ ਨਹੀਂ ਲਿਖੀ ਇਹਦੀ ਇਕ ਹੋਰ ਕਹਾਣੀ ਹੈ ਸਾਇਦ 'ਦੋ ਤਲਵਾਰਾ.....' ਇਹ ਵੀ ਪਹਿਲਾ ਕਿਸੇ ਨੇ ਨਹੀਂ ਲਿਖੀ ਤੁਸੀਂ ਕਹੋਗੇ ਇਹ ਇਸ ਸਮੇਂ ਵਿਚ ਕਹਾਣੀਆਂ ਕਿਥੋਂ ਜੰਮ ਪਈਆਂ... ਬਈ ਬੜੀ ਮਾੜੀ ਗੱਲ ਹੋ ਗਈ, ਇਹ ਕਹਾਣੀਆਂ ਬਹਿਸ ਤਲਬ ਹਨ। ਜਿਵੇਂ ਪਹਿਲਾਂ ਸਿੱਧੂ ਕਹਿ ਕੇ ਗਿਆ ਬਈ ਬਹੁਤ ਆ-ਮਾਨਵੀਕਰਨ ਹੋ ਰਿਹਾ ਹੈ... ਸੁਆਹ ਅਮਾਨਵੀ... ਇਹ ਬੁੜੇ ਇਹੀ ਕਹਿੰਦੇ ਨੇ ਬਈ ਸਾਡਾ ਸਮਾਂ ਬਹੁਤ ਚੰਗਾ ਸੀ ਹੁਣ ਬਹੁਤ ਮਾੜਾ ਹੈ। ਬਈ ਬੁੜੀਆਂ ਚੰਗੀਆਂ ਸਨ ਬੱਚੇ ਵੱਡਿਆਂ ਦੀ ਗੱਲ ਮੰਨਦੇ ਸਨ... ਸੁਆਹ ਮੰਨਦੇ ਸਨ... ਮੈਂ ਤਾਂ ਆਪਣੇ ਬਾਪ ਦੀ ਗੱਲ ਮੰਨੀ ਨਹੀਂ...ਮੈਂ ਬਾਪ ਨੂੰ ਛੱਡ ਕੇ ਆ ਗਿਆ, ਬਈ ਤੁਹਾਡੇ ਘਰ 'ਚ ਮੈਂ ਨਹੀਂ ਰਹਿਣਾ ਆਹ ਦੌਰ ਜੋ ਚਲ ਰਿਹਾ ਹੈ ਇਹ ਸਾਡੇ ਦੌਰ ਨਾਲੋਂ ਹਜਾਰ ਦਰਜੇ ਅੱਛਾ ਹੈ ਤੇ ਆਉਣ ਵਾਲਾ ਦੌਰ ਇਸ ਤੋਂ ਵੀ ਚੰਗਾ ਹੋਵੇਗਾ, ਜਿਹੜਾ ਇਹ ਗੱਲ ਕਹਿੰਦੇ ਹਨ ਬਈ ਸਾਡੇ 'ਚ ਸੰਵੇਦਨਾ ਜਿਆਦਾ ਸੀ ਹੁਣ

ਘਟ ਰਹੀ ਹੈ, ਮੈਂ ਕਹਿੰਦਾ ਇਹ ਕੁਰੁਕਡ ਲੋਕਾ ਦੀ ਗੱਲ ਹੈ। ਨਵੇਂ ਮੁੰਡੇ-ਕੁੜੀਆਂ ਨੂੰ ਇਹ ਬੁੜੇ ਡਰਾਉਂਦੇ ਹਨ ਮੇਰੀ ਤਾਂ ਇਹੀ ਮੱਤ ਹੈ ਬਈ ਤੁਸੀਂ ਡਰੋ ਨਾ, ਹੱਟ ਪਿੱਛੇ ਕਹਿ ਕੇ ਅੱਗੇ ਨਿਕਲ ਜਾਓ...।

ਕੁਲਦੀਪ ਸਿੰਘ ਬੇਦੀ- ਪਰਗਟ ਸਿੰਧ ਸਿੱਧੂ ਦੀ ਕਿਤਾਬ ਮੈਂ ਪੜ੍ਹੀ ਹੈ... ਬਰਾੜ ਦਾ ਪਰਚਾ ਵੀ ਸੁਣਿਆ ਹੁਣ ਜਿਹੜੀ ਮੁੱਖ ਗੱਲ ਹੈ ਅਸੀਂ ਆਪਸ 'ਚ ਸਾਹਿਤ ਦੀ ਗੰਭੀਰ ਗੱਲ ਨਹੀਂ ਕਰਦੇ ਜਿਵੇਂ ਹਿੰਦੀ ਵਾਲੇ ਲੇਖਕ ਕਰਦੇ ਹਨ। ਸਾਡੇ ਵਿਚ ਸੰਵਾਦ ਦੀ ਬਹੁਤ ਘਾਟ ਹੈ ਸੰਕਟ ਇਥੇ ਵੀ ਖੜਾ ਹੈ ਕਿ ਅਸੀਂ ਸਾਹਿਤ ਪੜ੍ਹਦੇ ਨਹੀਂ ਹਾਂ ਗੱਲਬਾਤ ਕਰਨ ਲਈ ਅਸੀਂ ਕੋਈ ਨੁਕਤਾ ਫੜ ਲੈਂਦੇ ਹਾਂ ਤੇ ਉਹਦੇ ਆਲੇ-ਦੁਆਲੇ ਹੀ ਗੱਲ ਘੁਮਾਈ ਜਾਂਦੇ ਹਾਂ। ਜਿਵੇਂ ਜਦੋਂ ਸਾਹਿਤ ਅਕੈਡਮੀ ਦਾ ਐਵਾਰਡ 'ਝਨਾ ਦੀ ਰਾਤ' ਨੂੰ ਮਿਲਿਆ ਤਾਂ ੯੦ ਪ੍ਰਤੀਸ਼ਤ ਲੋਕਾਂ ਨੇ ਇਸ ਪੁਸਤਕ ਦਾ ਨਾਂ ਹੀ ਉਦੋਂ ਸੁਣਿਆ ਸੀ। ਮੈਨੂੰ ਵੀ ਉਦੋਂ ਪਤਾ ਲੱਗਾ ਸੀ ਬਈ ਹਰਿੰਦਰ ਸਿੰਘ ਮਹਿਬੂਬ ਕੋਈ ਲਿਖਣ ਵਾਲਾ ਬੰਦਾ ਹੈ। ਜੋ ਗੱਲ ਬਰਾੜ ਸਾਹਿਬ ਨੇ ਆਪਣੇ ਪਰਚੇ ਵਿਚ ਕੀਤੀ ਹੈ ਸਮਾਜਿਕ ਸਰੋਕਾਰਾਂ ਨਾਲ ਜੋੜਨ ਵਾਲੀ ਗੱਲ ਮਨੁੱਖੀ ਸੰਵੇਦਨਾ ਨਾਲ ਹੀ ਸਮਾਜਿਕ ਸਰੋਕਾਰ ਬੰਦੇ ਦੇ ਬਦਲਦੇ ਹਨ। ਸਮਾਜ ਹੀ ਲੇਖਕ ਦੀ ਸੰਵੇਦਨਾ ਨੂੰ ਟੁੰਬਦਾ ਹੈ, ਤਾਂ ਹੀ ਲੇਖਕ ਮਨੁੱਖੀ ਸੰਵੇਦਨਾ ਦੀ ਗੱਲ ਕਰਦਾ ਹੈ ਮੈਂ ਸਮਝਦਾ ਸਮਾਜ ਨਾਲ ਮਨੁੱਖੀ ਸੰਵੇਦਨਾ ਦੀਆਂ ਗੱਲਾਂ ਜੁੜੀਆਂ ਹੁੰਦੀਆਂ ਹਨ। ਜੇ ਆਪਾ 'ਕਲਮ ਦੇ ਨਕਸ਼' ਦੀ ਗੱਲ ਕਰੀਏ ਤਾਂ ਰਚਨਾ ਦੇ ਨਾਲ ਨਾਲ ਲੇਖਕ ਦੇ ਨਕਸ਼ ਵੀ ਪਰਗਟ ਸਿੱਧੂ ਨਾਲ ਨਾਲ ਖਿੱਚਦਾ ਹੈ। ਇਹ ਗੱਲ ਵਧੇਰੇ ਪ੍ਰਭਾਵਿਤ ਕਰਨ ਵਾਲੀ ਹੈ, ਇਹ ਗੱਲ ਸਾਰਿਆਂ ਬਾਰੇ ਨਹੀਂ ਉਨ੍ਹਾਂ ਲੋਕਾਂ ਬਾਰੇ ਹੈ ਜਿਹੜੇ ਇਨ੍ਹਾਂ ਦੇ ਵਧੇਰੇ ਨਜਦੀਕ ਸੀ ਜਿਹਨਾਂ ਨੂੰ ਇਨ੍ਹਾਂ ਨੇ ਨੇੜਿਓ ਦੇਖਿਆ। ਸਿੱਧੂ ਨੂੰ ਇਹ ਸਿਲਸਿਲਾ ਅੱਗੋਂ ਵੀ ਤੋਰਨਾ ਚਾਹੀਦਾ ਹੈ। ਵਧੀਆਂ ਕਹਾਣੀ ਅੱਜ ਵੀ ਲਿਖੀ ਜਾ ਰਹੀ ਹੈ।

ਦੇਸ ਰਾਜ ਕਾਲੀ- ਹੁਣ ਤੱਕ ਸੁਰਜੀਤ ਬਰਾੜ ਦੇ ਪੇਪਰ 'ਤੇ ਕੋਈ ਸਵਾਲ ਨਹੀਂ ਹੋਇਆ। ਪਰਗਟ ਸਿੱਧੂ ਦੀ ਕਿਤਾਬ ਦੋ ਹਿੱਸਿਆ 'ਚ ਵੰਡ ਕੇ ਮੈਂ ਦੇਖਦਾ ਹਾਂ ਇਕ ਹੈ ਬਰਨਾਲੇ ਦਾ ਸਾਹਿਤ ਤੇ ਦੂਜਾ ਬਰਨਾਲੇ ਤੋਂ ਬਾਹਰਲਾ ਸਾਹਿਤ। ਇਸ ਗੱਲ ਦਾ ਇਸ਼ਾਰਾ ਪ੍ਰੇਮ ਪ੍ਰਕਾਸ਼ ਵੀ ਕਰ ਕੇ ਗਏ ਹਨ ਜਦੋਂ ਇਹ ਬਰਨਾਲੇ ਤੋਂ ਬਾਹਰ ਗੱਲ ਕਰਦੇ ਹਨ ਤਾਂ ਆਪਣੀ ਲਿਖਤ 'ਚ ਗੰਭੀਰ ਨੁਕਤੇ ਪੈਦਾ ਕਰਦੇ ਹਨ ਪਰਗਟ ਸਿੱਧੂ ਉਸ ਵੇਲੇ ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਚੋਂ ਅਹਿਮ ਨੁਕਤੇ ਫੜ ਕੇ ਲਿਆਉਂਦੇ ਹਨ ਜਦੋਂ ਪ੍ਰੇਮ ਦੀ ਕੋਈ ਗੰਭੀਰਤਾ ਨਾਲ ਗੱਲ ਨਹੀਂ ਸੀ ਕਰਦਾ ਫੇਰ ਵਰਿਆਮ ਸੰਧੂ ਦੀ ਕਹਾਣੀ ਬਾਰੇ ਉਨ੍ਹਾਂ ਬਾਕੀਆਂ ਨਾਲੋਂ ਵੱਖਰੇ ਨੁਕਤੇ ਪੇਸ਼ ਕੀਤੇ ਜੋ ਸਿੱਧੂ ਨੇ ਨੁਕਤੇ ਕਹਾਣੀਆਂ ਵਿਚੋਂ ਫੜੇ ਉਹ ਸਿਆਸਤ ਤੋਂ ਪ੍ਰਭਾਵਿਤ ਨਹੀਂ ਸੀ, ਜਦੋਂ ਬਰਨਾਲੇ ਦੇ ਕਹਾਣੀਕਾਰਾਂ ਬਾਰੇ ਲਿਖਦੇ ਹਨ ਤਾਂ ਸਿਆਸਤ ਮੂਹਰੇ ਆ ਜਾਂਦੀ ਹੈ ਤੇ ਰਚਨਾ ਪਿੱਛੇ ਰਹਿ ਜਾਂਦੀ ਹੈ। ਮੈਂ ਇਨ੍ਹਾਂ ਨੁਕਤਿਆਂ ਤੋਂ ਕਿਤਾਬ ਨੂੰ ਦੇਖਿਆ ਮੈਂ ਬਰਨਾਲੇ ਦੇ ਦੋ ਤਿੰਨ ਸਮਾਗਮ ਵੀ ਪ੍ਰੇਮ ਪ੍ਰਕਾਸ਼ ਨਾਲ ਦੇਖੇ ਇਹ ਗੱਲ ਮਹਿਸੂਸ ਵੀ ਹੋ ਸਕਦੀ ਹੈ। ਇਕ ਵਾਰ ਮੈਂ ਤੇਜਵੰਤ ਮਾਨ ਹੁਰਾਂ ਦਾ ਬਰਨਾਲੇ ਲੈਕਚਰ ਸੁਣਿਆ ਉਹ ਲੈਕਚਰ ਮੈਨੂੰ ਸਾਰੀ ਉਮਰ ਨਹੀਂ ਭੁੱਲਣਾ। ਦੂਜੀ ਗੱਲ ...ਆਲੋਚਕਾਂ ਬਾਰੇ ਪਰਗਟ ਸਿੱਧੂ ਤੇ ਨਿਰਾਲਾ ਹੁਰਾਂ ਨੇ ਇਕ ਗੱਲ ਕੀਤੀ। ਸਿੱਧੂ ਸਾਹਿਬ ਆਪਣੇ ਭਾਸ਼ਣ ਵਿਚ ਕਹਿ ਰਹੇ ਸਨ ਕਿ ਹਰਿਭਜਨ ਸਿੰਘ ਨੇ ਦੋ ਕਿਤਾਬਾਂ ਲਿਖੀਆਂ ਇਕ ਹੈ 'ਖ਼ਮੋਸ਼ੀ ਦਾ ਜ਼ਜ਼ੀਰਾ' ਜੋ ਪ੍ਰੇਮ ਪ੍ਰਕਾਸ਼ ਦੀ ਇਕ ਕਹਾਣੀ ਤੇ ਲਿਖੀ ਹੈ ਦੂਜੀ ਹੈ 'ਪਿਆਰ ਤੇ ਪਰਿਵਾਰ' ਜੋ ਨੀਲਗਿਰੀ ਦੀਆਂ ਕਹਾਣੀਆਂ ਤੇ ਲਿਖੀ ਮੈਂ ਜਿਨਾ ਕੁ ਸਾਹਿਤ ਪੜ੍ਹਿਆ ਉਹ ਇਨ੍ਹਾਂ ਦੋ ਕਿਤਾਬਾਂ ਰਾਹੀ ਕਹਾਣੀਆਂ ਨੂੰ ਸਮਝਿਆ ਜਿਨੀਆਂ ਕੁ ਮੈਂ ਆਲੋਚਨਾ ਦੀਆਂ ਕਿਤਾਬਾਂ ਪੜ੍ਹੀਆਂ ਹਨ ਉਨ੍ਹਾਂ 'ਚੋਂ ਇਹ ਦੋ ਕਿਤਾਬਾਂ ਬੇਹਤਰ ਕਿਤਾਬਾਂ ਲੱਗੀਆਂ। ਸਾਹਿਤ ਨੂੰ ਕਿਵੇਂ ਪੜ੍ਹਨਾ ਹੈ, ਸਮਾਜ ਨੂੰ ਕਿਵੇਂ ਦੇਖਣਾ ਆਪਣੇ ਦਰਸ਼ਨ ਤੇ ਫਿਲਾਸ਼ਫੀ ਨੂੰ ਕਿਵੇਂ ਦੇਖਣਾ ਸ਼ਬਦ ਦੀ ਧੁੰਨੀ ਕੀ ਹੈ। ਸ਼ਬਦ ਦੇ ਪਿੱਛੇ ਲੁਕੇ ਹੋਏ ਅਰਥ ਕਿੱਡੇ ਕੁ ਵੱਡੇ ਹਨ। ਦੂਜੇ ਪਾਸੇ ਮੈਂ ਨੀਲਗਿਰੀ ਦੀਆਂ ਕਹਾਣੀਆਂ ਤੋਂ ਬਹੁਤ ਪ੍ਰਭਾਵਿਤ ਹਾਂ ਉਸ ਨੇ ਸਮਾਜ ਨੂੰ ਜਿਵੇਂ ਸਮਝਿਆ ਉਹ ਬਹੁਤ ਗਹਿਰੀ ਦ੍ਰਿਸ਼ਟੀ ਹੈ ਉਨ੍ਹਾਂ ਬੜੀ ਕਲਾਤਮਿਕਤਾ ਨਾਲ ਕਹਾਣੀਆਂ ਲਿਖੀਆਂ। ਇਹ ਪਤਾ ਨਹੀਂ ਕਿ ਇਸ ਕਿਤਾਬ ਲਿਖਣ ਪਿੱਛੇ ਨੀਲਗਿਰੀ ਦਾ ਪ੍ਰਵਾਸੀ ਹੋਣਾ ਸੀ ਜਾਂ ਹਰਿਭਜਨ ਸਿੰਘ ਦੀ ਕੋਈ ਮਜਬੂਰੀ ਸੀ। ਜਾਂ ਯਾਰੀ-ਦੋਸਤੀ ਸੀ ਪ੍ਰੰਤੂ ਕਿਤਾਬ ਲਿਖਣ ਪਿਛੇ ਬੇਈਮਾਨੀ ਕੋਈ ਨਹੀਂ ਸੀ। ਨਵੇਂ ਲਿਖਣ ਵਾਲਿਆਂ ਨੂੰ ਤਾਂ ਉਹ ਵਾਰ ਵ੍ਵਾਰ ਪੜ੍ਹਨੀ ਚਾਹੀਦੀ ਹੈ। ਦੂਜੇ ਪਾਸੇ, ਪ੍ਰੇਮ ਪ੍ਰਕਾਸ਼ ਦੀ



ਤਾਂ ਯਾਰੀ ਦਾ ਸਵਾਲ ਹੀ ਨਹੀਂ ਉਠਦਾ ਦੂਜੇ ਪਾਸੇ ਨੀਲਗਿਰੀ ਦੀਆਂ ਕਹਾਣੀਆਂ ਬਹੁਤ ਮੁੱਲਵਾਨ ਕਹਾਣੀਆਂ ਹਨ, ਉਸ ਵਰਗੀ ਕਹਾਣੀ ਦੁਆਬੇ ਵਿਚ ਅੱਜ ਵੀ ਨਹੀਂ ਆ ਰਹੀ... ਗੰਗਾ ਵਿਚੋਂ ਨਿਕਲੇ ਹੱਥ, ਸੰਗਚੂਰ, ਕਬੂਤਰ ਆਦਿ ਮੈਨੂੰ ਤਾਂ ਉਨ੍ਹਾਂ ਪਾਤਰਾਂ ਦੇ ਨਾਂ, ਵਿਹਾਰ ਚੇਤੇ ਹਨ... ਇਹ ਟਿੱਪਣੀ ਸਿੱਧੂ ਨੇ ਜੋ ਕੀਤੀ ਹੈ ਉਸ ਦਾ ਕੋਈ ਅਧਾਰ ਨਹੀਂ... ਬਿਨਾ ਸੋਚੇ ਸਮਝੇ ਇਨ੍ਹਾਂ ਨੇ ਕਿਤਾਬ ਵਿਚੋਂ ਵੀ ਟਿੱਪਣੀਆਂ ਕੀਤੀਆਂ ਹਨ ਦੂਜੇ ਪਾਸੇ ਜੁਗਿੰਦਰ ਸਿੰਘ ਨਿਰਾਲਾ ਸਟੇਜ 'ਤੇ ਆਏ ਉਨ੍ਹਾਂ ਸਿੱਧੀ ਹੀ ਜੁਗਿੰਦਰ ਸਿੰਘ ਰਾਹੀ 'ਤੇ ਟਿੱਪਣੀ ਕਰ ਦਿੱਤੀ ਬਈ ਡਾ. ਰਾਹੀ ਦੀ ਆਲੋਚਨਾ ਐਮ. ਦੇ ਨੋਟਿਸ ਹਨ। ਉਨ੍ਹਾਂ ਦੀਆਂ ਆਲੋਚਨਾ ਦੀਆਂ ਦੋ ਕਿਤਾਬਾਂ ਹੁਣੇ ਜਿਹੇ ਆਈਆਂ ਹਨ 'ਜੋਤ ਜੁਗਤ ਦੀ ਵਾਰਤਾ' ਅਤੇ 'ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਕਪਾਲ' ਹਰਿਭਜਨ ਸਿੰਘ ਤੋਂ ਬਾਅਦ ਡਾ. ਰਾਹੀ ਨੇ ਜਿਸ ਤਰੀਕੇ ਨਾਲ ਕਹਾਣੀ ਨੂੰ ਸਮਝਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ ਉਹ ਆਪਣੇ ਆਪ 'ਚ ਪ੍ਰਾਪਤੀ ਹੈ। ਉਸ ਦੀ ਗੱਲ 'ਚ ਬਹੁਤ ਗਹਿਰਾਈ ਹੈ। ਉਸ ਦੀ ਆਲੋਚਨਾ ਨੂੰ ਐਮ. ਏ. ਦੇ ਨੋਟਿਸ ਕਹਿ ਦੇਣਾ ਸਿਆਣਪ ਨਹੀਂ ਡਾ. ਰਾਹੀ ਦੀ ਆਲੋਚਨਾ ਪ੍ਰੋਜੇਕਟ ਬਣਾ ਕੇ ਕੀਤੀ ਆਲੋਚਨਾ ਹੈ ਜਿਹੜੀ ਰਿਟਾਇਰਮੈਂਟ ਤੋਂ ਬਾਅਦ ਦੀ ਆਲੋਚਨਾ ਹੈ। ਫਿਰ ਗਲਪ ਬਾਰੇ ਆਲੋਚਨਾ ਪੁਸਤਕ ਹੈ ਹੋਰ ਵੀ ਇਕ ਕਿਤਾਬ ਹੈ, ਉਨ੍ਹਾਂ 'ਚ ਵੀ ਉਸ ਨੇ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ। ਜੋ ਪ੍ਰਵਚਨ ਦੀ ਬਹਿਸ ਦੀ ਗੱਲ ਸਿੱਧੂ ਸਾਹਿਬ ਕਰ ਰਹੇ ਹਨ ਹੋ ਸਕਦਾ ਹੈ ਬੋਲਣ 'ਚ ਉਹ ਸਪਸ਼ਟ ਨਾ ਹੋਣ... ਉਨ੍ਹਾਂ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਨਵੇਂ ਨੁਕਤੇ ਪੈਦਾ ਕੀਤੇ ਹਨ। ਮੈਨੂੰ ਲੱਗਦਾ ਹੈ ਕਿ ਸਾਨੂੰ ਇਸ ਤਰ੍ਹਾਂ ਦੀਆਂ ਟਿੱਪਣੀਆਂ ਨਹੀਂ ਕਰਨੀਆਂ ਚਾਹੀਦੀਆਂ। ਫਿਰ ਨਿਰਾਲਾ ਜੀ ਕਹਿੰਦੇ ਹਨ ਕਿ ਕਰਨੈਲ ਸਿੰਘ ਨਿੱਝਰ ਬਹੁਤ ਵਧੀਆਂ ਨਾਵਲਕਾਰ ਹਨ ਪਰ ਉਨ੍ਹਾਂ ਦਾ ਕਿਤੇ ਜ਼ਿਕਰ ਨਹੀਂ ਹੋਇਆ ਇਹ ਆਪ ਵੀ ਪਰਚਾ ਕੱਢਦੇ ਹਨ ਅੱਜ ਤੀਕ ਨਿੱਝਰ ਦਾ ਨਾਂ ਨਹੀਂ ਪਰਚੇ ਵਿਚ ਲਿਖਿਆ ਹੋਣਾ। ਨਿੱਝਰ ਸਾਹਿਬ ਤਾਂ ਕੇਂਦਰੀ ਲੇਖਕ ਸਭਾ ਦੇ ਅਹੁਦੇਦਾਰ ਵੀ ਹਨ ਫੇਰ ਵੀ ਲੋਕ ਕਿਓਂ ਨਹੀਂ ਕਰਦੇ ਉਨ੍ਹਾਂ ਦਾ ਜ਼ਿਕਰ। ਹੁਣ ਸੁਰਜੀਤ ਬਰਾੜ ਦੇ ਪਰਚੇ ਬਾਰੇ ਮੇਰੀ ਇਕ ਧਾਰਨਾ ਹੈ ਬਰਾੜ ਸਾਹਿਬ ਸਾਡੇ ਗੰਭੀਰ ਆਲੋਚਕ ਹਨ ਤੇ ਇਮਾਨਦਾਰੀ ਨਾਲ ਉਹ ਲਿਖਦੇ ਵੀ ਹਨ। ਇਸ ਕਿਤਾਬ ਨੂੰ ਚੰਗੀ ਤਰ੍ਹਾਂ ਪੜ੍ਹ ਕੇ ਉਨ੍ਹਾਂ ਲਿਖਿਆ ਹੈ। ਉਹ ਤਰੱਕੀ ਪਸੰਦ ਹਨ ਪ੍ਰਗਤੀਸ਼ੀਲ ਹਨ ਉਹ ਇਕ ਧਾਰਨਾ ਬਣਾਉਣੀ ਚਾਹੁੰਦੇ ਹਨ ਕਿ ਆਲੋਚਨਾ ਉਪਰੋਕਤ ਧਾਰਨਾ ਦੇ ਵਿਚ ਹੀ ਆਲੋਚਨਾ ਹੋਣੀ ਚਾਹੀਦੀ ਹੈ ਤੇ ਲਿਖਿਆ ਜਾਣਾ ਚਾਹੀਦਾ ਹੈ ਪ੍ਰੰਤੂ ਇਥੇ ਪੜ੍ਹੇ ਗਏ ਲੇਖ ਵਿਚ ਉਨ੍ਹਾਂ ਦੀ ਕੋਈ ਆਪਣੀ ਧਾਰਨਾ ਨਹੀਂ ਬਸ ਜਿਵੇਂ ਬਰਾੜ ਸਾਹਿਬ ਕਿਤਾਬ ਦਾ ਗੀਵਿਊ ਕਰ ਰਹੇ ਹੋਣ 'ਨਵਾਂ ਜ਼ਮਾਨਾਂ' ਵਿਚ। ਮੈਂ ਵੀ ਕਰ ਦਿੰਦਾ ਹਾਂ... ਭਗਵੰਤ ਵੀ ਕਰ ਦਿੰਦਾ ਹੈ... ਹੋਰ ਮੇਰੇ ਵਰਗੇ ਵੀ ਰਿਵਿਊ ਕਰ ਦਿੰਦੇ ਹਨ। ਇਹ ਰਿਵੀਊ ਵੀ ਅਜੀਬ ਕਿਸਮ ਦਾ ਹੈ। ਇਸ ਲੇਖ ਵਿਚ ਬਰਾੜ ਸਾਹਿਬ ਡਾ. ਹਰਿਭਜਨ ਸਿੰਘ ਤੋਂ ਲੈ ਕੇ ਤਸਕੀਨ ਤੱਕ ਸਾਰੇ ਨਾਂ ਗਿਣਾ ਦਿੰਦੇ ਹਨ। ਪ੍ਰੰਤੂ ਇਨ੍ਹਾਂ ਗੱਲਾਂ ਪਿਛੇ ਤੁਹਾਡੀ ਦ੍ਰਿਸ਼ਟੀ ਕਿੱਥੇ ਹੈ। ਤੁਸੀਂ ਕਿਵੇਂ ਪਰਖਦੇ ਹੋ ਬਈ ਹਰਿਭਜਨ ਸਿੰਘ ਬੇਈਮਾਨ ਹੈ ਸੰਤ ਸਿੰਘ ਸੇਖੋਂ ਇਮਾਨਦਾਰ ਹੈ... ਆਲੋਚਨਾ 'ਚ ਐਦਾ ਨਹੀਂ ਹੁੰਦਾ। ਇਨ੍ਹਾਂ ਦੀ ਆਪਣੀ ਕੋਈ ਧਾਰਨਾ ਨਹੀਂ ਹੈ ਬਈ ਕਿਤਾਬ ਨੂੰ ਐਸ ਨਜ਼ਰੀਏ ਤੋਂ ਸਮਝਿਆ ਹੈ। ਫੇਰ ਗੀਵਿਉ ਕਰਦਿਆਂ ਬਰਾੜ ਸਾਹਿਬ ਸ਼ਿਵ ਕੁਮਾਰ ਦੀ ਆਯਾਸ਼ ਪੋਇਟਰੀ ਦਾ ਜ਼ਿਕਰ ਕਰ ਜਾਂਦੇ ਹਨ। ਇਹ ਸ਼ਬਦ ਬੜਾ ਅਜੀਬ ਜਿਹਾ ਮੈਨੂੰ ਲੱਗਾ। ਇਹ ਕੋਈ ਆਲੋਚਕ ਦੀ ਟਿੱਪਣੀ ਨਹੀਂ ਹੈ। ਇਸੇ ਤਰ੍ਹਾਂ ਹਰਿਭਜਨ ਸਿੰਘ ਨੂੰ ਸੰਰਚਨਾਵਾਦੀ ਕਹਿ ਦੇਣਾ। ਮੈਨੂੰ ਕੋਈ ਦ੍ਰਿਸ਼ਟੀ ਤਾਂ ਬਣਾ ਕੇ ਦੱਸੋ ਬਈ ਹਰਿਭਜਨ ਸਿੰਘ ਨੇ ਕੀ ਕੀਤਾ ਮੈਨੂੰ ਲੱਗਾ ਕਿ ਦੂਜੇ ਲੇਖਕਾਂ ਤੋਂ ਕਿਸੇ ਇਕ ਧਾਰਨਾ ਦੀ ਉਮੀਦ ਰੱਖਦੇ ਹਨ ਪ੍ਰੰਤੂ ਉਹ ਧਾਰਨਾ ਆਪਣੀ ਹੀ ਨਹੀਂ ਬਣਾ ਸਕੇ।

ਪਰਮਿੰਦਰ- ਸਾਥੀਓ ਭਾਵੇਂ ਕਿ ਮੈਂ ਕਿਤਾਬ ਪੜ੍ਹੀ ਨਹੀਂ ਪ੍ਰੰਤੂ ਕਿਤਾਬ ਬਾਰੇ ਗੱਲਾਂ ਸੁਣੀਆਂ ਹਨ ਅਤੇ ਪਰਚਾ ਸੁਣਿਆ ਹੈ। ਮੈਂ ਪਰਚੇ ਰਾਹੀਂ ਕਿਤਾਬ ਨੂੰ ਸਮਝਣ ਦਾ ਯਤਨ ਕੀਤਾ ਮੈਨੂੰ ਲੱਗਾ ਕਿ ਕਿਤਾਬ 'ਚ ਹਲਕੀ ਆਲੋਚਨਾ ਹੈ। ਉਹ ਕੋਈ ਨਵਾਂ ਲੋਜਿਕ ਬਿਲਡ ਨਹੀਂ ਕਰ ਸਕੇ। ਪਰਚੇ ਬਾਰੇ ਮੈਂ ਐਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਬਰਾੜ ਨੇ ਏਥੇ ਪੜ੍ਹਨ ਲਈ ਕੋਈ ਹੋਰ ਹੀ ਪਰਚਾ ਚੁੱਕ ਲਿਆਂਦਾ। ਬਈ ਉਹ ਸਾਰੀ ਆਲੋਚਨਾ ਦਾ ਇਤਿਹਾਸ ਸਮਝਾਉਣ ਲੱਗ ਪਏ। ਉਨ੍ਹਾਂ ਦੀ ਸ਼ਿਵ ਕੁਮਾਰ ਦੀ ਕਵਿਤਾ

ਤੇ ਕੀਤੀ ਟਿੱਪਣੀ ਬਾਰੇ ਮੈਂ ਸਹਿਮਤ ਨਹੀਂ ਤੁਸੀਂ ਆਯਾਸ਼ ਪੋਇਟਰੀ ਸਹਿ ਕੇ ਸ਼ਿਵ ਨੂੰ ਰੱਦ ਨਹੀਂ ਕਰ ਸਕਦੇ। ਖਾਸ ਕਰਕੇ ਸ਼ਿਵ ਦੀ 'ਲੂਣਾ' ਦੇ ਪ੍ਰਸੰਗ ਵਿਚ ਮੈਂ ਕਹਿੰਦਾ ਹਾਂ ਕਿ ਸ਼ਿਵ ਮਹਾਨ ਸ਼ਾਇਰ ਹੈ।

ਕਿਰਪਾਲ ਕਜ਼ਾਕ– ਜਿਸ ਸਭਾ ਨੇ ਵੀ ਇਹ ਸਮਾਗਮ ਕਰਵਾਇਆ ਹੈ ਉਨ੍ਹਾਂ ਦਾ ਧੰਨਵਾਦ ਸਿੱਧੂ ਸਾਹਿਬ ਤਾਂ ਨਹੀਂ ਮੈਂ ਵੱਧ ਕਰਦਾ ਹਾਂ। ਜਦੋਂ ਪਰਗਟ ਸਿੱਧੂ ਦੀ ਕਿਤਾਬ ਉੱਤੇ ਜਾਂ ਉਨ੍ਹਾਂ ਬਾਰੇ ਕੋਈ ਚਰਚਾ ਨਹੀਂ ਹੁੰਦੀ ਸੀ। ਤਾਂ ਸਾਡੇ ਲਈ ਬੜੀ ਮੁਸ਼ਕਲ ਹੁੰਦੀ ਸੀ। ਇਹ ਸਮਾਗਮ ਕਿਵੇਂ ਹੋ ਗਿਆ ਮੇਰੀ ਸਮਝ ਤੋਂ ਬਾਹਰ ਹੈ। ਮੈਨੂੰ ਸਿੱਧੂ ਦਾ ਰੇਖਾ ਚਿੱਤਰ ਲਿਖਣ ਦਾ ਮੌਕਾ ਵੀ ਮਿਲਿਆ ਸੀ। ਸਾਡੀ ਮਿੱਤਰਤਾ ਬੜੇ ਚਿਰਾ ਤੋਂ ਅਤੇ ਗਹਿਰੀ ਹੈ। ਸਿੱਧੂ ਸਾਹਿਬ ਬੜੇ ਇਮਾਨਦਾਰ ਇਨਸਾਨ ਹਨ। ਵਧੇਰੇ ਸਮਾਂ ਫੌਜ 'ਚ ਰਹਿਣ ਕਰਕੇ। ਸਾਹਿਤਕ ਹਲਕਿਆ 'ਚੋਂ ਕੱਟ ਹੋਣ ਕਰਕੇ ਸਮਕਾਲੀ ਲੇਖਕਾਂ ਪ੍ਰਤੀ ਇਨ੍ਹਾਂ ਦੀਆਂ ਕੁਝ ਧਾਰਨਾਵਾਂ ਬਣ ਗਈਆਂ ਸਨ। ਕਈ ਵਾਰ ਹੁੰਦਾ ਕੀ ਹੈ ਕਿ ਜਿੰਨ ਤਾਂ ਨਿਕਲ ਜਾਂਦਾ ਹੈ ਪਰ ਜਨ ਨਹੀਂ ਜਾਂਦਾ। ਪਰਗਟ ਸਿੱਧੂ ਨੇ ਮੁੱਢ ਤੋਂ ਇਹ ਧਾਰਨਾ ਬਣਾ ਲਈ ਮੈਨੂੰ ਬਹੁਤ ਘੱਟ ਲੋਕ ਜਾਣਦੇ ਹਨ। ਅਸਲ 'ਚ ਇਹ ਗੱਲ ਹੈ ਨਹੀਂ ਇਹਦਾ ਨਾਵਲ 'ਰੇਗਿਸਤਾਨ ਦਾ ਸਫ਼ਰ' ਤੇ 'ਪ੍ਰੀਤੋ' ਬਹੁਤ ਪੜ੍ਹੇ ਗਏ। 'ਬਤੱਖ ਦੇ ਖੰਭਾ ਵਰਗੇ ਸਫ਼ੈਦ ਦਿਨ', 'ਬੂੰਦ ਬੰਦ ਡੁੱਲਦੀ ਜ਼ਿੰਦਗੀ' ਵੀ ਪੜ੍ਹੀ ਗਈ। ਚਰਚਾ ਹੋਈ, ਜਦੋਂ ਇਹ ਯੂਨੀਵਰਸਿਟੀ 'ਚ ਸਾਨੂੰ ਮਿੱਲਣ ਆਉਂਦਾ ਹੈ ਤਾਂ ਲੋਕ ਇਹਨੂੰ ਬੁਲਾਉਂਦੇ ਹਨ ਜਾਣਦੇ ਹਨ ਪਰ ਇਹ ਕਈਆਂ ਨੂੰ ਨਹੀਂ ਜਾਣਦਾ ਹੁੰਦਾ। ਅਸੀਂ ਵਾਰ ਵਾਰ ਕਹਿੰਦੇ ਹਾਂ ਬਈ ਤੈਨੂੰ ਇਹ ਲੋਕ ਜਾਣਦੇ ਹਨ ਪਰ ਸਿੱਧੂ ਨੂੰ ਯਕੀਨ ਨਹੀਂ ਆਉਂਦਾ ਇਹ ਜਨ ਹੋ ਗਿਆ ਇਹਨੂੰ। ਬੰਦੇ ਨੂੰ ਭਰਮ ਹੋ ਗਿਆ ਹੁੰਦਾ ਬਈ ਮੈਨੂੰ ਕੋਈ ਨਹੀਂ ਜਾਣਦਾ। ਜਦੋਂ ਇਹ ਸਾਡੇ ਘਰ 'ਚ ਜਾਂਦਾ ਤਾਂ ਟਊਏ ਦੇਖ ਕੇ ਕਹਿੰਦਾ ਤੂੰ ਸਾਲਿਆ ਚੈਖ਼ਵ ਐਂ ਵੀਹ ਟਊਏ 'ਕੱਠੇ ਕਰੀ ਫਿਰਦਾ ਸਾਨੂੰ ਤਾਂ ਇਕ ਨਹੀਂ ਕਿਸੇ ਨੇ ਦਿੱਤਾ। ਪਿੱਛੇ ਜਿਹੇ ਇਹਨੂੰ ਚੰਡੀਗੜ੍ਹ ਸਭਾ ਨੇ ਮੁਮੈਂਟੋ ਦਿੱਤਾ ਮੈਂ ਉਥੇ ਕਿਹਾ ਬਈ ਤੁਸੀਂ ਇਹਨੂੰ ਮੁਮੈਂਟੋ ਨਹੀਂ ਦਿੱਤਾ ਸਾਡੀਆਂ ੧੦੦ ਜੁੱਤੀਆਂ ਘੱਟ ਕਰ ਦਿੱਤੀਆਂ ਹਨ ਸਿੱਧੂ ਨੂੰ ਮਾਣ ਮਿਲਣਾ ਚਾਹੀਦਾ ਸੀ। ਪਰ ਮਿਲਿਆ ਨਹੀਂ ਇਹ ਬਹੁਤ ਖ਼ਾਹਿਸਮੰਦ ਹੈ ਕਿ ਮੈਨੂੰ ਵੀ ਬਣਦਾ ਰੁਤਬਾ ਮਿਲੇ। ਤੁਸੀਂ ਗੰਭੀਰਤਾ ਨਾਲ ਸੋਚ ਕੇ ਦੇਖੋ ਬਈ ਇਕ ਲੇਖਕ ਨੂੰ ਆਪਣੇ ਸਮਕਾਲੀਆਂ ਬਾਰੇ ਕਿਤਾਬ ਲਿਖਣ ਦੀ ਲੋੜ ਕਿਓ ਪਈ? ਸਾਡੇ ਸਮਾਜ 'ਚ ਕੰਡੇ ਤਾਂ ਖਿਲਰੇ ਪਏ ਹਨ ਜ਼ਿੰਦਗੀ 'ਚ ਕਿਤੇ ਨਾ ਕਿਤੇ ਝੋਲ ਤਾਂ ਹੈ ਹੀ। ਕੋਈ ਬੰਦਾ ਸੋਚਦਾ ਹੈ ਕਿ ਮੈਂ ਕੰਡੇ ਹੂੰਝ ਕੇ ਨੰਗੇ ਪੈਰੀਂ ਤੁਰਾਂ, ਦੂਜਾ ਸੋਚਦਾ ਹੈ ਕਿ ਮੇਰੇ ਕੋਲੋਂ ਇਹ ਕੰਡੇ ਅਜੇ ਨਹੀਂ ਹੂੰਝੇ ਜਾਣੇ ਤੇ ਮੈਂ ਆਪਣੇ ਪੈਰੀਂ ਜੁੱਤੀ ਪਾ ਲਵਾ। ਆਪਣੇ ਪੈਰੀ ਜੁੱਤੀ ਪਾਉਣ ਨੂੰ ਇਹ ਸਵਾਰਥ ਕਹਿੰਦਾ ਹੈ। ਤੁਸੀਂ ਵੀ ਸਵਾਰਥ ਕਹਿ ਸਕਦੇ ਹੋ। ਪਰ ਸੁਆਰਥ ਹੈ ਕਿ ਇਹ ਕੰਡੇ ਹੂੰਝੇ ਜਾਣ ਵਾਹ ਲੱਗਦੀ ਸਿੱਧੂ ਨੇ ਇਹ ਕੰਡੇ ਹੂੰਝਣ ਦੀ ਕੋਸ਼ਿਸ਼ ਕੀਤੀ। ਜਦੋਂ ਇਹ ਕਾਲਮ ਲਿਖ ਰਿਹਾ ਸੀ ਇਹ ਫੋਜ ਤੋਂ ਰਿਟਾਇਰ ਹੋ ਕੇ ਬਰਨਾਲੇ ਆ ਜਾਂਦੇ ਹਨ ਤਾਂ ਉਨ੍ਹਾਂ ਨੂੰ ਲੱਗਾ ਕਿ ਮੇਰੀ ਗੱਲ ਘੱਟ ਹੋ ਰਹੀ ਹੈ ਤੇ ਬਾਕੀਆਂ ਦੀ ਵੱਧ ਹੋ ਰਹੀ ਹੈ। ਅਸਲ 'ਚ ਅਜਿਹਾ ਨਹੀਂ ਸੀ ਇਹਦੀ ਮਾਨਸਿਕਤਾ ਦਾ ਏਥੋਂ ਅੰਦਾਜਾ ਲਾ ਸਕਦੇ ਹੋ ਕਿ ਦੇਸ਼ ਭਗਤ ਹਾਲ ਵਿਚ ਇਕ ਸਮਾਗਮ ਹੋ ਰਿਹਾ ਸੀ। ... ਕਾਫੀ ਪੁਰਾਣੀ ਗੱਲ ਹੈ। ਜਲੰਧਰ ਵਿਚ ਵਰਿਆਮ ਸੰਧੂ ਦਾ ਕਹਾਣੀ ਬਾਰੇ ਸਮਾਗਮ ਸੀ ਫੇਰ ਵਰਿਆਮ ਦੀ ਚਰਚਾ ਕਿਓ ਨਾ ਹੋਵੇ? ਹੁਣ ਪ੍ਰੇਮ ਪ੍ਰਕਾਸ਼ ਬੈਠੇ ਹੋਏ ਹਨ ਕੋਈ ਜਿਨਾ ਮਰਜੀ ਕਹੀ ਜਾਵੇ ਕਿ ਇਨ੍ਹਾਂ ਦੀਆਂ ਕਹਾਣੀਆਂ 'ਚ ਨੁਕਸ ਹਨ ਪਰ ਅਸੀਂ ਤਾਂ ਲਿਖਣਾ ਹੀ ਇਨ੍ਹਾਂ ਤੋਂ ਸਿੱਖਿਆ। ਇਨ੍ਹਾਂ ਲੋਕਾਂ ਦਾ ਕੋਈ ਮੁਕਾਬਲਾ ਨਹੀਂ ਇਹ ਦਾਨਸ਼ਵਰ ਲੋਕ ਹਨ ਇਹ ਸਾਡੀਆਂ ਜੜ੍ਹਾਂ ਵਿਚ ਬੈਠੇ ਹਨ। ਗਲਤੀਆਂ ਤਾਂ ਹੋ ਜਾਂਦੀਆਂ ਹਨ ਸਾਡੇ ਤੋਂ ਹੋ ਜਾਂਦੀਆਂ ਹਨ ਉਦੋਂ ਏਥੇ ਸਮਾਗਮ 'ਚ ਇਕ ਗਲਤੀ ਇਹ ਹੋ ਗਈ ਬਲਦੇਵ ਧਾਲੀਵਾਲ ਤੋਂ। ਵਰਿਆਮ ਸੰਧੂ ਦਾ ਬੜਾ ਚਰਚਾ ਸੀ। ਚਰਚਾ ਹੋਣਾ ਚਾਹੀਦਾ ਹੈ। ਕਿਤੇ ਬਲਦੇਵ ਨੇ ਸਮਾਗਮ ਤੋਂ ਬਾਹਰ ਲਾਨ 'ਚ ਖੜ੍ਹਿਆ ਸੁਣਾ ਦਿੱਤਾ ਬਈ ਵਰਿਆਮ ਇਕ ਕਹਾਣੀ ਲਿਖਣ ਵਾਲਾ ਹੈ। ਉਹਦੇ 'ਚ ਆਹ ਹੋਵੇਗਾ ਆਹ ਹੋਵੇਗਾ... ਕਹਾਣੀ 'ਚ ਇਸ ਤਰ੍ਹਾਂ ਦੀ ਕਿਸਾਨੀ ਹੈ ਆਹ ਜਟਿਲਤਾ ਪੇਸ਼ ਕੀਤੀ ਗਈ ਹੈ। ਪਰਗਟ ਕੋਲ ਖੜਾ ਸੀ ਤੇ ਉਹਦੇ ਨਾਲ ਪਿੰਡ ਦਾ ਸਰਪੰਚ ਆਇਆ ਸੀ। ਉਹਦੇ ਕੋਲ ਰਫ਼ਲ ਵੀ ਸੀ। ਜੀਪ ਤੇ ਆਏ ਸਨ। ਗੱਲ ਸੁਣ ਕੇ ਇਹ ਗੁੱਸੇ 'ਚ ਤੁਰਾ ਫਿਰਨ। ਮੈਨੂੰ ਘੇਰ ਕੇ ਖੜ ਗਿਆ ਬਈ ਇਹ ਗੱਲ ਤੂੰ ਵੀ ਸੁਣੀ ਐ... ਇਹ ਉਸ



ਕਹਾਣੀ ਦੀ ਚਰਚਾ ਕਰੀ ਜਾਂਦੈ ਜਿਹੜੀ ਅਜੇ ਲਿਖੀ ਜਾਣੀ ਐ ਤੇ ਅਸੀਂ ਜੋ ਲਿਖਿਆ ਹੈ ਉਹਦੀ ਕੋਈ ਚਰਚਾ ਨਹੀਂ। ਇਹ ਕਿਧਰ ਦੀ ਆਲੋਚਨਾ। ਇਹ ਆਪਣੇ ਸਾਥੀ ਨੂੰ ਕਹਿੰਦਾ ਬਈ ਸਰਪੰਚਾ ਕਾਇਮ ਐ, ਉਹ ਕਹੇ ਕੀ? ਇਹ ਕਹਿੰਦਾ ਜੇ ਏਥੇ ਦੋ ਹੱਥ ਕਰਨੇ ਪੈ ਗਏ ਫੇ? ਪਰ ਇਹ ਕੰਮ ਨਹੀਂ ਅਸੀਂ ਹੋਣ ਦੇਣਾ ਬਈ ਜਿਹੜੀ ਕਹਾਣੀ ਲਿਖੀ ਹੈ ਉਹਦੀ ਗੱਲ ਕਰੋ ਜੋ ਅਜੇ ਲਿਖੀ ਹੀ ਨਹੀਂ ਉਹਦੀ ਗੱਲ ਕੀ ਕਰਨੀ ਹੈ। ਇਹ ਇਸ ਕਿਸਮ ਦੀ ਧਾਰਨਾ ਦੇ ਖਿਲਾਫ ਨਹੀਂ ਇਹਨੇ ਆਪਣੇ ਕਾਲਮ 'ਚ ਸਾਡੀਆਂ ਕਹੀਆਂ ਗੱਲਾਂ ਬਾਰੇ ਵੀ ਟਿੱਪਣੀਆਂ ਕੀਤੀਆਂ ਤੇ ਸਾਡੇ ਬਾਰੇ ਵੀ ਟਿੱਪਣੀਆਂ ਕੀਤੀਆਂ ਪ੍ਰੇਮ ਪ੍ਰਕਾਸ਼ ਕਹਿ ਰਹੇ ਹਨ ਸਭ ਨੂੰ ਖੁੱਲ ਹੈ ਗੱਲ ਕਰਨ ਦੀ ਸਿੱਧੂ ਸਾਹਿਬ ਨੇ ਅਜਿਹੀਆਂ ਟਿੱਪਣੀਆਂ ਵੀ ਕੀਤੀਆਂ ਕਿ ਜਿਨ੍ਹਾਂ ਕਹਾਣੀ ਨਾਲ ਕੋਈ ਮਤਲਬ ਨਹੀਂ ਸੀ ਇਕ ਥਾਂ ਮੇਰੇ ਬਾਰੇ ਲਿਖਦੇ ਹਨ ਕਿ ਕਜ਼ਾਕ ਗੱਪ ਬੜੀ ਮਾਰਦਾ ਪ੍ਰੰਤੂ ਮੇਰੀ ਕਹਾਣੀ ਉਸ ਗੱਲ ਨੂੰ ਰੀਲੇਟ ਨਹੀਂ ਕਰਦੇ। ਬਈ ਕਹਾਣੀ 'ਚ ਗੱਪ ਮਾਰਦਾ। ਮੰਟੋ ਨੇ ਕਿਸੇ ਥਾਂ ਕਿਹਾ ਕਿ ਤੁਸੀਂ ਉਨ੍ਹਾਂ ਲੋਕਾਂ ਬਾਰੇ ਲਿਖੋ ਜਿਨ੍ਹਾਂ ਨੂੰ ਤੁਸੀਂ ਬਹੁਤ ਪਿਆਰ ਕਰਦੇ ਹੋ। ਸਿੱਧੂ ਨੇ ਉਨ੍ਹਾਂ ਕਹਾਣੀਕਾਰਾਂ ਬਾਰੇ ਲਿਖਿਆ ਜਿਨ੍ਹਾਂ ਨੂੰ ਉਹ ਬਹੁਤ ਪਿਆਰ ਕਰਦੇ ਹਨ ਤੇ ਉਨ੍ਹਾਂ ਦੀ ਕਹਾਣੀ ਨੂੰ ਪਸੰਦ ਵੀ ਕਰਦੇ ਸਨ। ਇਹ ਗੱਲ ਬੇਬਾਕ ਹੋ ਕੇ ਕਹੀ ਬਈ ਇਹ ਬੰਦਾ ਔਹੋ ਜਿਹਾ ਏ ਇਹਦੀ ਕਹਾਣੀ ਆਹ ਏ... ਤੁਸੀਂ ਰੁਕੋ... ਸੋਚੋ... ਸਿੱਧੂ ਦੀ ਕਿਤਾਬ 'ਚ ਇਕ ਗੱਲ ਬੜੀ ਸੰਜੀਦਾ ਤੇ ਖ਼ਤਰਨਾਕ ਕਿਸਮ ਦੀ ਵੀ ਹੈ। ਜਦੋਂ ਚੰਗੇ ਕਹਾਣੀਕਾਰਾਂ ਨੂੰ ਸਧਾਰਨ ਜਿਹੇ ਕਹਾਣੀਕਾਰ ਸਾਬਤ ਕਰਦਾ ਹੈ ਤੇ ਸਧਾਰਨ ਕਹਾਣੀਕਾਰਾਂ ਨੂੰ ਸਧਾਰਨ ਤੋਂ ਉਪਰ ਦਾ ਦਰਜਾ ਦਿੰਦਾ ਹੈ ਤਾਂ ਸਾਰਿਆਂ ਨੂੰ ਇਕੋ ਰੱਸੇ ਬੰਨਣ ਵਾਲੀ ਕੁਤਾਹੀ ਦਾ ਸ਼ਿਕਾਰ ਹੋ ਜਾਂਦਾ ਹੈ। ਸਾਰੇ ਬੰਦੇ ਇਕੋ ਰੱਸੇ ਬੰਨਣ ਵਾਲੇ ਨਹੀਂ ਹੈਗੈ। ਇਹ ਗੱਲ ਸਭ ਬਾਰੇ ਹਨ ਜੋ ਦੋ-ਤਿੰਨ ਚੰਗੇ ਕਹਾਣੀਕਾਰ ਹਨ ਉਨ੍ਹਾਂ ਦੇ ਲੇਖਾਂ 'ਚ ਜੇ ਥੋੜਾ ਜਿਹਾ ਭਾਸ਼ਾ ਦਾ ਦ੍ਰਿਸ਼ਟੀ ਦਾ ਫਰਕ ਰੱਖ ਲਿਆ ਜਾਂਦਾ ਤੇ ਦਰਜੇ ਬੰਦੀ ਹੋ ਜਾਣੀ ਸੀ। ਪੰਜਾਬੀ ਸਾਹਿਤ ਵਿਚ ਅਸੀਂ ਸਾਰੇ ਸੇਫ਼ ਸਕਿਨ ਰੱਖਕੇ ਤੁਰਦੇ ਹਾਂ ਇਸ ਬੰਦੇ ਨੇ ਖ਼ਤਰੇ ਮੁੱਲ ਲਏ ਹਨ। ਇਹਨੇ ਸਮਕਾਲੀਆਂ ਬਾਰੇ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ ਜੇ ਸਮਕਾਲੀਆਂ ਨਾਲ ਹੀ ਆਹਡਾ ਲੈ ਲਵੇ ਬੰਦਾ ਤਾਂ ਫੇਰ ਮੁਸ਼ਕਲ ਪੇਸ਼ ਆਉਂਦੀ ਹੈ ਭਾਵੇਂ ਸਿੱਧੂ ਨੇ ਆਪਣੀ ਕਿਤਾਬ 'ਚ ਸਲੀਪਿੰਗ ਸਟੇਟਮੈਂਟਾ ਦਿੱਤੀਆਂ ਹਨ ਭਾਵੇਂ ਤਿੱਖਾਂ ਲਿਖਿਆ ਹੈ। ਇਸ ਸਮੁੱਚੀ ਬਹਿਸ 'ਚ ਬੜੀਆਂ ਤਿੱਖੀਆਂ ਟਿੱਪਣੀਆਂ ਹੋਈਆਂ ਹਨ। ਇਸ ਕਿਤਾਬ ਦਾ ਆਲੋਚਨਾ 'ਚ ਮੁੱਲ ਹੈ ਜਾਂ ਨਹੀਂ... ਕਿਸੇ ਖੋਜ ਦੇ ਕੰਮ ਆਉਂਦੀ ਹੈ ਜਾਂ ਨਹੀਂ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਇਹਦਾ ਮੁਹਾਂਦਰਾ ਸਥਾਪਤ ਹੁੰਦਾ ਹੈ ਜਾਂ ਨਹੀਂ ਇਹਦਾ ਤਾਂ ਮੈਨੂੰ ਨਹੀਂ ਪਤਾ ਪਰ ਇਹਨੇ ਡਰਾਕਲ ਸਾਹਿਤਕਾਰ ਨੂੰ ਇਹ ਦੱਸ ਦਿੱਤਾ ਬਈ ਤੁਸੀਂ ਵੀ ਆਪਣੀ ਗੱਲ ਕਹਿ ਸਕਦੇ ਹੋ। ਸਭ ਤੋਂ ਵੱਧ ਇਹਨੇ ਮੇਰੇ ਬਾਰੇ ਮਾੜਾ ਲਿਖਿਆ ਪਰ ਮੈਂ ਵੀ ਇਹਦੇ ਨਾਲ ਖਲੋਤਾ ਹੋਇਆ ਹਾਂ।

ਜਸਬੀਰ ਭੁੱਲਰ–ਮੈਨੂੰ ਗੋਸ਼ਟੀ ਵਿਚ ਹੋ ਰਹੀਆਂ ਗੱਲਾਂ ਸੁਣ ਕੇ ਇਹ ਗੱਲ ਲਗਾਤਾਰ ਲੱਗਦੀ ਰਹੀ ਹੈ ਕਿ ਸਾਡੇ ਲੇਖਕ ਕਿਧਰੇ ਨਾ ਕਿਧਰੇ ਵਲੂੰਧਰੇ ਹੋਏ ਹਨ ਮੈਨੂੰ ਇਹ ਗੱਲ ਕਿਤਾਬ 'ਕਲਮ ਦੇ ਨਕਸ਼' ਪੜ੍ਹ ਕੇ ਲੱਗੀ ਤੇ ਇਥੇ ਗੱਲਾਂ ਸੁਣ ਕੇ ਵੀ ਲੱਗੀ। ਸਾਹਿਤ ਦੀ ਹਵਾ ਉਨ੍ਹਾਂ ਦੇ ਵਿਰੋਧ 'ਚ ਵੀ ਵਗਦੀ ਹੈ ਤੇ ਨਾਗਵਾਰ ਵੀ ਲੱਗਦੀ ਹੈ। ਮੈਨੂੰ ਇਹ ਵੀ ਲੱਗਾ ਕਿ 'ਕਲਮ ਦੇ ਨਕਸ਼' ਬਾਰੇ ਗੱਲਾਂ ਘੱਟ ਹੋਈਆਂ ਹਨ ਨਿੱਜੀ ਤੌਰ ਤੇ ਪ੍ਰਭਾਵ ਵੱਧ ਪ੍ਰਗਟ ਹੋ ਰਹੇ ਹਨ। ਸਾਡੇ ਆਲੋਚਕ ਵੀ ਸੁਹਿਰਦ ਨਹੀਂ। ਚੰਡੀਗੜ੍ਹ ਦਾ ਇਕ ਆਲੋਚਕ ਕਹਿ ਰਿਹਾ ਸੀ ਆਲੋਚਨਾਂ ਦੇ ਨਾਂ ਤੇ ਅਸੀਂ ਤਾਂ ਮਿਲਣੀ ਕਰਦੇ ਹਾਂ ਜੇ ਤਾਂ ਕੋਈ ਵਿਦੇਸ਼ 'ਚ ਕਰਵਾ ਲਵੇ ਜਿਆਦਾ ਵਧੀਆ ਹੋ ਜਾਂਦੀ ਹੈ ਜੇ ਇਥੇ ਕਰਵਾ ਲਵੇ ਤਾਂ ਇਹ ਵੀ ਚੰਗੀ ਮਿਲਣੀ ਹੋ ਜਾਂਦੀ ਹੈ। ਵਿਦੇਸ਼ 'ਚ ਕਿਰਾਇਆ ਤੇ ਟਿਕਟ ਵੀ ਮਿਲ ਜਾਂਦੀ ਹੈ ਇਹ ਸਾਡੀ ਆਲੋਚਨਾ ਦੇ ਮਿਆਰ ਹੈਗੇ ਨੇ। ਪਰ ਰਚਨਾ ਦੇ ਚੰਗੇ-ਮਾੜੇ ਦਾ ਫੈਸਲਾ ਤਾਂ ਕਰ ਸਕਦੇ ਹਾਂ। ਆਲੋਚਕਾ ਦਾ ਤਾਂ ਏਥੋਂ ਦੀਆਂ ਗੱਲਾਂ ਸੁਣ ਕੇ ਮੈਨੂੰ ਏਦਾ ਦਾ ਅਹਿਸਾਸ ਹੋਇਆ ਕਿ ਇਕ ਆਲੋਚਨਾ ਦਾ ਕੰਮ ਜਿਵੇਂ ਦੁਕਾਨਦਾਰੀ ਦਾ ਵਰਤਾਰਾ ਹੋਵੇ ਬਈ ਇਸ ਸੌਦੇ ਦੇ ਵੇਚਣ ਤੇ ਕਿਹਨੂੰ ਕਿਹਨੂੰ ਲਾਭ ਹੋਵੇਗਾ ਤੇ ਕਿਹਨੂੰ ਨੁਕਸਾਨ। ਕੋਈ ਵੀ ਵਿਸ਼ਾ ਵਰਜਿਤ ਨਹੀਂ ਗੱਲ ਤਾਂ ਅਸੀਂ ਰਚਨਾ ਦੀ ਕਰਨੀ ਹੈ। ਸਾਡੇ ਫੋਜ ਵਿਚ ਇਕ ਵੱਡਾ ਸਾਰਾ ਛਾਨਣਾ ਹੁੰਦਾ ਸੀ। ਫੌਜੀਆਂ ਨੂੰ ਰੋਟੀ ਦੇ ਨਾਲ ਆਲੂ ਦੇਣ ਦਾ ਇਕ ਮਿਆਰ ਹੁੰਦਾ ਸੀ ਬਈ ਏਹੋ ਜਿਹੇ

ਮੋਟੇ ਆਲੂ ਦੇਣੇ ਹਨ। ਤੇ ਪ੍ਰਬੰਧਕ ਉਸ ਵੱਡੇ ਛਾਨਣੇ 'ਚ ਆਲੂ ਪਾ ਦਿੰਦੇ ਸਨ ਤੇ ਜੋ ਬਰੀਕ ਆਲੂ ਹੁੰਦੇ ਸਨ ਉਹ ਛਣ ਕੇ ਥੱਲੇ ਡਿੱਗ ਪੈਂਦੇ ਸਨ ਤੇ ਮੋਟੇ ਆਲੂ ਫੌਜੀਆਂ ਨੂੰ ਦੇ ਦਿੱਤੇ ਜਾਂਦੇ ਸਨ। ਇਹੀ ਕੰਮ ਸਾਡੀਆਂ ਕਹਾਣੀਆਂ ਨਾਲ ਹੋਣਾ ਜੇ... ਵਕਤ ਦੇ ਛਾਨਣੇ ਨੇ ਮਾੜੀਆਂ-ਕਮਜੋਰ ਕਹਾਣੀਆਂ ਛਾਣ ਕੇ ਥੱਲੇ ਵਗਾਹ ਮਾਰਨੀਆਂ ਹਨ ਤੇ ਬਹੁਤ ਥੋੜੀਆਂ ਕਹਾਣੀਆਂ ਹੀ ਪਾਠਕਾਂ ਕੋਲ ਰਹਿਣੀਆਂ ਹਨ ਜੋ ਤੱਕੜੀਆਂ ਹੋਣਗੀਆਂ ਉਦੋਂ ਉਸ ਵੇਲੇ ਵਕਤ ਦੇ ਛਾਨਣੇ 'ਚ ਪ੍ਰੇਮ ਪ੍ਰਕਾਸ਼ ਦੀਆਂ ੪-੫ ਕਹਾਣੀਆਂ ਰਹਿ ਜਾਣਗੀਆਂ ਤੇ ਵਰਿਆਮ ਸੰਧੂ ਦੀਆਂ ਇਕ-ਦੋ ਕਹਾਣੀਆਂ ਰਹਿ ਜਾਣਗੀਆਂ। ਬਹੁਤ ਸਾਰੀਆਂ ਕਹਾਣੀਆਂ ਸਮੇਂ ਨੇ ਆਪਣੇ ਨਾਲ ਹੂੰਝ ਕੇ ਲੈ ਜਾਣੀਆਂ ਹਨ। ਮੈਂ ਕਜ਼ਾਕ, ਪ੍ਰੇਮ ਗੋਰਖੀ, ਅਸੀਂ ਇਕੱਠੇ ਲਿਖਣ ਲੱਗੇ ਸਨ ਤੇ ਛਪਣ ਵੀ ਇਕੱਠੇ ਲੱਗੇ 'ਨਾਗਮਣੀ' ਵਿਚ। ਅੱਜ ਅਸੀਂ ਕਿਤਾਬ ਤੇ ਗੋਸ਼ਟੀ ਜ਼ਰੂਰ ਕੀਤੀ ਹੈ ਪਰ ਕਿਤਾਬ ਤੇ ਤਾਂ ਕੋਈ ਗੱਲ ਹੀ ਨਹੀਂ ਹੋਈ ਅਸੀਂ ਆਪਣੀ ਆਪਣੀ ਗੱਲ ਕੀਤੀ ਹੈ ਮੈਂ ਪ੍ਰੇਮ ਪ੍ਰਕਾਸ਼ ਦੀ ਕਿਸੇ ਕਿਤਾਬ ਤੇ ਗੋਸ਼ਟੀ ਹੁੰਦੀ ਨਹੀਂ ਦੇਖੀ। ਪਰ ਜਦੋਂ ਇਹੋ ਜਿਹੀ ਗੋਸ਼ਟੀ ਦਾ ਪ੍ਰਬੰਧ ਦੋਸਤ ਕਰਨ ਅਤੇ ਇਹੋ ਜਿਹੀਆਂ ਗੋਸ਼ਟੀਆਂ ਥੋੜੀਆਂ ਸਾਰਥਿਕ ਹੋ ਜਾਂਦੀਆਂ ਹਨ। ਮੈਨੂੰ ਇਕ ਗੱਲ ਚੇਤੇ ਆਉਂਦੀ ਹੈ ਕਿ ਮੇਰੇ ਮਾਂ ਨੇ ਸੂਤ ਦੇ ਛਿੱਕੂ 'ਚੋਂ ਇਕ ਗੋਲ ਜਿਹਾ ਕਾਗਜੀ ਸਿੱਕੇ ਦੇ ਅਕਾਰ ਦਾ ਟੁਕੜਾ ਦਿੱਤਾ ਜਿਹਦੇ ਉੱਤੇ ਕੰਪਨੀ ਦਾ ਮਾਰਕਾ ਲੱਗਾ ਹੋਇਆ ਸੀ ਮੈਨੂੰ ਕਿਹਾ ਕਿ ਜਾਹ ਹਲਵਾਈ ਕੋਲੋ ਕੁਝ ਖਾ ਆ ਮੈਂ ਉਹ ਟੁਕੜੇ ਨੂੰ ਸਿੱਕਾ ਸਮਝ ਕੇ ਹਲਵਾਈ ਨੂੰ ਜਾ ਕੇ ਦੇ ਦਿੱਤਾ ਤਾਂ ਉਹ ਦੇਖ ਕੇ ਹੱਸ ਪਿਆ ਫਿਰ ਉਹਨੇ ਮੇਰੇ ਮਸੂਮ ਚਿਹਰੇ ਵੱਲ ਦੇਖਿਆ ਤੇ ਡੂੰਨੇ 'ਚ ਇਕ ਗੁਲਾਬ ਜਾਮਣ ਪਾ ਕੇ ਮੈਨੂੰ ਦੇ ਦਿੱਤੀ। ਸੋ ਜੇ ਸਿੱਕੇ ਮਸੂਮੀਅਤ ਦੇ ਕਾਗਜ਼ ਦੇ ਵੀ ਹੋਣ ਤੇ ਉਹ ਚੱਲ ਜਾਂਦੇ ਹਨ। ਪਰਗਟ ਦੇ ਮਸੂਮੀਅਤ ਦੇ ਸਿੱਕੇ ਵੀ ਚੱਲ ਰਹੇ ਹਨ। ਪਰਗਟ ਨੇ ਬੱਚੇ ਵਾਲੀ ਮਸੂਮੀਅਤ ਸਾਂਭੀ ਹੋਈ ਹੈ। ਕਹਾਣੀਆਂ ਬਾਰੇ ਗੱਲਾਂ ਉਸ ਨੇ ਬਿਨਾ ਕਿਸੇ ਫਰੇਬ ਤੋਂ ਬਿਨਾਂ ਕਿਸੇ ਡਰ ਤੋਂ ਕੀਤੀਆ ... ਅੰਤ 'ਚ ਮੈਂ ਇਹ ਗੱਲ ਕਹਿਣੀ ਹੈ ਕਿ ਇਕ ਅੰਡੇ ਦੇ ਖੋਲ ਦੇ ਹਨੇਰੇ 'ਚ ਚੂਚਾ ਅੰਡੇ ਦੇ ਛਿਲਕੇ 'ਤੇ ਟੁੱਕ ਟੁੱਕ ਕਰ ਰਿਹਾ ਸੀ ਤੇ ਅੰਡਾ ਟੁੱਟਿਆ ਤੇ ਚੂਚਾ ਬਾਹਰ ਚਾਨਣ 'ਚ ਆ ਗਿਆ ਉਹਨੇ ਦੂਜੇ ਚੂਚੇ ਨੂੰ ਦੱਸਿਆ ਕਿ ਮੈਂ ਟੁੱਕ-ਟੁੱਕ ਕਰ ਰਿਹਾ ਸੀ ਕਿ ਅੰਡਾ ਟੁੱਟ ਗਿਆ, ਸੋ ਸਾਨੂੰ ਟੁੱਟ ਟੁੱਕ ਕਰਦੇ ਰੇਹਿਣਾ ਚਾਹੀਦਾ ਹੈ ਤਾਂ ਕੁਝ ਨਾ ਕੁਝ ਜ਼ਰੂਰ ਹੋ ਜਾਂਦਾ ਹੈ। ...ਸਾਨੂੰ ਲਗਾਤਾਰ ਲਿਖਦੇ ਰਹਿਣਾ ਚਾਹੀਦਾ ਹੈ ਵਕਤ ਨੂੰ ਕੁਝ ਨਾ ਕੁਝ ਜ਼ਰੂਰ ਫਰਕ ਪੈਂਦਾ ਹੈ।

ਡਾ. ਸੁਰਜੀਤ ਬਰਾੜ- ਗੱਲ ਮੈਂ ਆਪਣੇ ਪੇਪਰ ਦੀ ਕਰਦਾ ਹਾਂ। ਅਸਲ 'ਚ ਪੇਪਰ ਦੇ ਅਖੀਰ 'ਚ ਕੁਝ ਲਾਇਨਾ ਹਨ ਜਿਨ੍ਹਾਂ ਦੀ ਐਨੀ ਸੋਧ ਨਹੀਂ ਹੋਈ ਜਿਸ ਕਰਕੇ ਮੇਰੀ ਗੱਲ ਸਹੀ ਤਰੀਕੇ ਨਾਲ ਤੁਹਾਡੇ ਤੱਕ ਪਹੁੰਚ ਨਹੀਂ ਸਕੀ ਮੈਂ ਇਕ ਗੱਲ ਇਹ ਪਹਿਲਾਂ ਕਹਿਣੀ ਚਾਹੁੰਦਾ ਹਾਂ ਕਿ ਮੈਂ ਇਹ ਪੇਪਰ ਲਿਖ ਕੇ ਕਿਸੇ ਕੋਲੋਂ ਚੰਗੇ ਆਲੋਚਕ ਦਾ ਸਰਟੀਫਿਕੇਟ ਨਹੀਂ ਲੈਣਾ ਜਿਵੇਂ ਸਿੱਧੂ ਸਰਟੀਫਿਕੇਟ ਨਹੀਂ ਲੈਂਦਾ। ਪ੍ਰੇਮ ਪ੍ਰਕਾਸ਼ 'ਡੈੱਡ ਲਾਈਨ' ਕਹਾਣੀ 'ਤੇ ਸਰਟੀਫਿਕੇਟ ਨਹੀਂ ਲੈਂਦਾ। ਬਹਿਸ ਜ਼ਰੂਰ ਕਰ ਸਕਦੇ ਹਨ। ਮੈਂ ਇਹ ਵੀ ਕਿਹਾ ਕਿ ਇਸ ਪੁਸਤਕ ਤੇ ਬਹਿਸ ਹੋ ਸਕਦੀ ਹੈ। ਪਰ ਆਲੋਚਨਾਂ 'ਚ ਕੋਈ ਨਵਾਂ ਪ੍ਰਤੀਮਾਨ ਸਿਰਜੇ ਇਹ ਗੱਲ ਮੈਂ ਪੇਪਰ 'ਚ ਵੀ ਨਹੀਂ ਆਖੀ ਮੈਂ ਜੋ ਪੇਪਰ 'ਚ ਆਲੋਚਕਾਂ ਦਾ ਜਿਕਰ ਕੀਤਾ ਹੈ ਮੈਂ ਆਲੋਚਕਾ ਦਾ ਨਿਖੇੜਾ ਕਰਨਾ ਚਾਹੁੰਦਾ ਸੀ। ਇਹ ਠੀਕ ਹੈ ਤੁਹਾਨੂੰ ਨਖੇੜਾ ਨਾ ਪਸੰਦ ਹੋਵੇ ਕਿਉਂਕਿ ਤੁਹਾਡੀ ਆਪਣੀ ਦ੍ਰਿਸ਼ਟੀ ਹੈ ਆਪਣੇ ਵਿਚਾਰ ਹਨ ਇਸੇ ਕਰਕੇ ਤੁਹਾਨੂੰ ਡਾ. ਹਰਿਭਜਨ ਸਿੰਘ ਚੰਗਾ ਲੱਗੇਗਾ, ਡਾ. ਜੁਗਿੰਦਰ ਹਾਹੀ ਚੰਗਾ ਲੱਗੇਗਾ। ਮੈਨੂੰ ਡਾ. ਕੇਸਰ ਸਿੰਘ ਕੇਸਰ ਚੰਗਾ ਲੱਗੇਗਾ। ਇਹ ਫਰਕ ਰਹੇਗਾ। ਮੈਂ ਸੰਤ ਸਿੰਘ ਸੇਖੋਂ ਦੀ ਆਲੋਚਨਾ ਨਾਲ ਸਹਿਮਤ ਨਹੀਂ ਮੈਂ ਪ੍ਰੋ. ਕਿਸ਼ਨ ਸਿੰਘ ਦੀ ਆਲੋਚਨਾ ਨਾਲ ਵੀ ਸਹਿਮਤ ਨਹੀਂ, ਡਾ. ਹਰਿਭਜਨ ਬਾਰੇ ਜੋ ਗੱਲ ਦੇਸ ਰਾਜ ਕਾਲੀ ਨੇ ਕੀਤੀ ਆ ਮੈਂ ਉਹਦੇ ਨਾਲ ਵੀ ਸਹਿਮਤ ਨਹੀਂ ਹਾਂ ਮੈਂ ਮਾਰਕਸਵਾਦੀ ਆਲੋਚਨਾ ਪ੍ਰਨਾਲੀ ਨਾਲ ਖੜਾ ਹਾਂ। ਸੋ ਮੈਂ ਉਹੀ ਨਜ਼ਰੀਆਂ ਉਹੀ ਦ੍ਰਿਸ਼ਟੀ ਪੇਪਰ 'ਚ ਪੇਸ਼ ਕੀਤੀ ਹੈ। ਸਿੱਧੂ ਨੂੰ ਇਹ ਦੱਸਣਾਂ ਚਾਹੀਦਾ ਸੀ ਕਿ ਉਹਦੀ ਆਲੋਚਨਾ ਦੀ ਕਿਹੜੀ ਦ੍ਰਿਸ਼ਟੀ ਹੈ ਮਾਨਵਵਾਦੀ ਦ੍ਰਿਸ਼ਿਟੀ ਕੋਈ ਵੱਡੀ ਗੱਲ ਨਹੀਂ ਹੈ, ਮਾਨਵਵਾਦ ਕੀ ਹੈ? ਦੂਜੀ ਗੱਲ ਸ਼ਿਵ ਕੁਮਰ ਬਟਾਲਵੀ ਬਾਰੇ ਹੈ ਮੈਂ ਲਿਖਿਆ ਹੈ 'ਜ਼ਹਿਨੀ ਅਯਾਸ਼ੀ / ਨਿੱਜਵਾਦ ਮੈਂ ਇਹ ਵੀ ਕਿਹਾ ਕਿ ਉਹਦੀ ਕਵਿਤਾ ਨਹੀਂ। ਕਵਿਤਾ ਹੈ ਉਹਨੇ ਕਵਿਤਾ ਨੂੰ ਨਵਾਂ ਮੁਹਾਵਰਾ ਵੀ ਦਿੱਤਾ। ਏਥੇ ਲੂਣਾਂ ਦਾ



ਜ਼ਿਕਰ ਹੋਇਆ ... ਤੁਸੀਂ ਸਮਾਜ 'ਚ ਕਿਸ ਤਰ੍ਹਾਂ ਦੇ ਰਿਸ਼ਤੇ ਚਾਹੁੰਦੇ ਹੋ। ਕੀ ਪੂਰਨ ਤੇ ਲੂਣਾ ਦੇ ਰਿਸ਼ਤੇ ਨੂੰ ਐਨਾ ਉਭਾਰਨਾ ਚਾਹੀਦਾ ਸੀ? ਜੇ ਸਮਾਜ 'ਚ ਕਿਤੇ ਇਹ ਗੱਲ ਹੋ ਜਾਂਦੀ ਹੈ ਤਾਂ ਸਾਰਾ ਸਮਾਜ ਹੀ ਏਹੋ ਜਿਹਾ ਹੋ ਜਾਵੇ? ਬਾਕੀ ਡਾ. ਹਰਿਭਜਨ ਸਿੰਘ, ਡਾ. ਜੁਗਿੰਦਰ ਰਾਹੀ ਤੇ ਅਤਰ ਸਿੰਘ ਨੂੰ ਮੈਂ ਵਿਵਹਾਰਵਾਦੀ ਆਲੋਚਕ ਮੰਨਦਾ ਹਾਂ। ਮੈਂ ਉਨ੍ਹਾਂ ਨੂੰ ਵਿਵਹਾਰਵਾਦੀ ਆਲੋਚਨਾ ਦੇ ਬਾਦਸ਼ਾਹ ਕਹਿ ਸਕਦਾ ਹਾਂ। ਡਾ. ਨੂਰ ਜਦੋਂ ਰੂਪ ਵਾਦ ਤੋਂ ਸਰੰਚਨਾਵਾਦ ਵੱਲ ਚੱਲ ਆਏ ਤਾਂ ਸੋਚਿਆ ਇਹ ਤਾਂ ਪੰਗਾ ਪੈ ਗਿਆ ਤੇ ਉਨ੍ਹਾਂ ਨਵੀਂ ਟਰਮਨੋਲਜੀ ਲੈ ਆਂਦੀ ਉਤਰ ਆਧੁਨਿਕਵਾਦੀ ਮੈਂ ਦੈਂਰੀਦਾ ਹਰਵਡ ਫਾਸਟ ਸਭ ਪੜ੍ਹੇ ਹਨ ਉਥੋਂ ਉਨ੍ਹਾਂ ਦੀਆਂ ਟਰਮਾਂ ਚੁੱਕ ਕੇ ਅਸੀਂ ਏਥੇ ਕੋਡ ਕਰੀ ਜਾਂਦੇ ਹਾਂ ਜਿਵੇਂ ਪਿੱਛਲੇ ਦਿਨਾਂ 'ਚ ਡਾਇਸਪੋਰਾ ਸ਼ਬਦ ਆਇਆ ਹੈ। ਇਕ ਇਨ੍ਹਾਂ ਕਿਹਾ ਜਿਵੇਂ ਪੇਪਰ ਨਹੀਂ ਰੀਵਿਊ ਲਿਖ ਰਹੇ ਹੋਣ... ਇਹ ਤਾਂ ਆਪਣੀ-ਆਪਣੀ ਸਮਝ ਹੈ ਇਹ ਰੀਵਿਊ ਨਹੀਂ ਹੈ ਇਹਦੇ ਵਿੱਚ ਧਾਰਨਾਵਾਂ ਸਥਾਪਤ ਕੀਤੀਆਂ ਹਨ, ਆਲੋਚਨਾ ਪ੍ਰਤੀ ਧਾਰਨਾਵਾਂ ਸਥਾਪਤ ਕੀਤੀਆਂ ਇਹ ਪੁਸਤਕ ਸੰਵਾਦ ਰਚਾਉਣ ਲਈ ਪਲੇਟ ਫਾਰਮ ਮੁਹੱਈਆਂ ਕਰਦੀ ਹੈ। ਪਹਿਲਾ ਰਚਨਾ ਹੈ ਆਲੋਚਨਾ ਉਸ ਤੋਂ ਬਾਅਦ ਦੀ ਗੱਲ ਹੈ। ਇਹ ਗੱਲ ਨਹੀਂ ਕਿ ਆਲੋਚਨਾ ਪਿੱਛੇ ਹੈ। ਆਲੋਚਨਾ ਤਾਂ ਉਹੀ ਹੋਵੇਗੀ ਜਿਹੜਾ ਸਾਹਿਤ ਤੁਸੀਂ ਸਮਾਜ ਨੂੰ ਦਿੱਤਾ ਹੈ। ਜੇ ਸਾਡੀਆਂ ਰਚਨਾਵਾਂ ਵੀ ਚੰਗੀਆਂ ਨਹੀਂ ਹੋਣਗੀਆਂ ਤਾਂ ਆਲੋਚਨਾ ਵੀ ਮਾੜੀ ਹੋਵੇਗੀ। ਪੁਸਤਕ 'ਚ ਜੋ ਕਹਾਣੀਕਾਰਾਂ ਤੇ ਉਨ੍ਹਾਂ ਦੀਆਂ ਕਹਾਣੀਆਂ ਤੇ ਜੋ ਟਿੱਪਣੀਆਂ ਕੀਤੀਆਂ ਗਈਆਂ ਹਨ ਜਿਵੇਂ ਕਹਾਣੀਕਾਰਾਂ ਦੀ ਖਿੱਲੀ ਉਡਾਈ ਗਈ ਹੈ। ਨਾਲ ਹੀ ਕਹਾਣੀ ਦੀ ਤਰੀਫ਼ ਵੀ ਕੀਤੀ ਗਈ ਤੇ ਉਹੀ ਨਿੰਦਿਆ ਵੀ ਗਿਆ ਹੈ। ਜੇ 'ਡੂੰਮ' ਬਾਰੇ ਸਾਡੀ ਕੋਈ ਦ੍ਰਿਸ਼ਟੀ ਹੈ ਤਾਂ ਅਖੀਰ 'ਚ ਅਸੀਂ ਕਹਿ ਦਈਏ ਕਿ ਇਹ ਬਹੁਤ ਸ਼ਕਤੀਸ਼ਾਲੀ ਕਹਾਣੀ ਹੈ। ਇਹ ਗੱਲ ਠੀਕ ਹੈ ਪਰਗਟ ਦਾ ਐਨਾ ਜ਼ਿਕਰ ਨਹੀਂ ਹੋਇਆ ਏਥੋਂ ਤੱਕ ਕਿ ਜਸਬੀਰ ਭੁੱਲਰ ਦਾ ਕਿੰਨਾ ਕੁ ਜ਼ਿਕਰ ਹੋਇਆ ਹੈ। ਪ੍ਰੇਮ ਪ੍ਰਕਾਸ਼ ਦਾ ਜ਼ਿਕਰ ਵੀ ਹੁਣ ਹੋਣ ਲੱਗਾ ਹੈ। ਮੈਨੂੰ ਚੇਤੇ ਹੈ ਇਨ੍ਹਾਂ ਇਕ ਵਾਰ ਕਿਹਾ ਸੀ ਕਿ ਜੇ ਮੈਨੂੰ ਕੋਈ ਮਾਨਤਾ ਨਹੀਂ ਦਿੰਦਾ ਤੇ ਮੈਂ ਕਿਓਂ ਕਿਸੇ ਨੂੰ ਦੇਵਾਂ। (ਕਜ਼ਾਕ-ਮੈਨੂੰ ਚੇਤੇ ਹੈ 'ਨਾਗਮਣੀ' ਵਿਚ ਮੈਂ ਕਹਾਣੀ ਭੇਜੀ ਸੀ 'ਪਾਣੀ ਦੀ ਕੰਧ' ਤੇ ਪ੍ਰੇਮ ਪ੍ਰਕਾਸ਼ ਨੇ 'ਲਾਸ਼' ਕਹਾਣੀ ਭੇਜੀ ਸੀ ਇਹ ਦੋਵੇਂ ਨਹੀਂ ਸਨ ਛਪੀਆ। ਫੇਰ 'ਅਰਸੀ' ਵਿਚੋਂ ਵੀ ਨਹੀਂ ਸਨ ਛਪੀਆ। ਜਦੋਂ ਇਹ ਛਪੀਆਂ ਤਾਂ ਇਨ੍ਹਾਂ ਦਾ ਬੜਾ ਚਰਚਾ ਹੋਇਆ।

ਪਰਗਟ ਸਿੰਘ ਸਿੱਧੂ- ਮੈਂ ਦੋ ਕੁ ਗੱਲਾਂ ਕਰਨੀਆਂ ਹਨ ਦੋ ਕੁ ਆਲੋਚਕ ਹਨ ਜਿਨ੍ਹਾਂ ਨੇ ਮੇਰੇ ਬਾਰੇ ਲਿਖਣ ਦੀਆਂ ਗਲਤੀਆਂ ਕੀਤੀਆਂ ਹਨ ਇਕ ਹੈ ਡਾ. ਸਰਬਜੀਤ ਦੂਜਾ ਹੈ ਡਾ. ਸੁਰਜੀਤ ਬਰਾੜ। ਪਰ ਮੈਂ ਇਹ ਕਹਿਣਾ ਚਹੁੰਦਾ ਹਾਂ ਕਿ ਸੁਰਜੀਤ ਬਰਾੜ ਇਸ ਪਰਚੇ 'ਚ ਬੜਾ ਉਲਜੇ ਹੋਏ ਹਨ। ਆਲੋਚਨਾ ਦਾ ਬਹੁਤ ਵੱਡਾ ਰੋਲ ਹੈ। ਇਸ ਨਾਲ ਤੁਸੀਂ ਸਲੇਬਸ 'ਚ ਲੱਗ ਸਕਦੇ ਹੋ। ਤੁਹਾਡੇ 'ਤੇ ਪੀ. ਐਚ-ਡੀ ਹੋ ਸਕਦੀ ਹੈ। ਤੁਹਾਨੂੰ ਇਨਾਮ ਮਿਲ ਸਕਦੇ ਹਨ। ਸਾਹਿਤ ਦੀ ਮਾਨਤਾ ਪਾਠਕਾਂ ਦੇ ਹੱਥਾਂ 'ਚ ਹੁੰਦੀ ਹੈ ਨਾ ਕਿ ਆਲੋਚਕਾਂ ਦੇ। ਕਿਸੇ ਵੀ ਰਚਨਾ ਦੇ ਵੱਡੀ ਹੋਣ ਦੀ ਗੱਲ ਆਮ ਸਹਿਮਤੀ ਨਾਲ ਹੁੰਦੀ ਹੈ ਤੇ ਆਮ ਸਹਿਮਤੀ ਨੂੰ ਵਕਤ ਲੱਗਦਾ ਹੈ। ਮੈਂ ਪੁਸਤਕ ਵਿਚ ਅਕਾਦਮਿਕ ਤਰ੍ਹਾਂ ਦੀ ਆਲੋਚਨਾ ਨਹੀਂ ਕੀਤੀ ਨਾ ਮੈਂ ਬਹੁਤ ਸਾਰੇ ਆਲੋਚਕ ਪੜ੍ਹੇ ਹਨ। ਸਾਡੇ ਪੰਜਾਬੀ 'ਚ ਕੁਝ ਆਲੋਚਕ ਅਜਿਹੇ ਵੀ ਹਨ ਜੇ ਅਸੀਂ ਉਨ੍ਹਾਂ ਨੂੰ ਸੱਚੀ ਗੱਲ ਮੂੰਹ ਤੇ ਦੱਸ ਦਈਏ ਤਾਂ ਉਹ ਲਿਖਣਾ ਛੱਡ ਦੇਣ। ਡਾ. ਰਜਨੀਸ਼ ਬਹਾਦਰ ਦਾ ਪ੍ਰਵਚਨ ਮੈਨੂੰ ਆਉਂਦਾ ਹੈ ਮੈਨੂੰ ਸਮਝ ਨਹੀਂ ਆਉਂਦੇ ਉਹਦੇ ਵਿਚ ਕੀ ਲਿਖਿਆ ਹੁੰਦਾ ਹੈ। ਮੈਂ ਆਪਣੀ ਕਿਤਾਬ ਬਾਰੇ ਲੋਕਾਂ ਦੀ ਰਾਇ ਦੱਸਦਾ ਹਾਂ ਕਿ ਸ਼ਾਮ ਸਿੰਘ ਕਹਿੰਦਾ ਬਈ ਮੈਂ ਇਹਨੂੰ ਇਕੋ ਬੈਠਕ 'ਚ ਪੜ੍ਹ ਗਿਆ। ਪ੍ਰੇਮ ਪ੍ਰਕਾਸ਼ ਹੁਣ ਤਾਂ ਭਾਵੇਂ ਜੋ ਮਰਜੀ ਕਹੀ ਜਾਣ ਇਨ੍ਹਾਂ ਮੈਨੂੰ ਚਿੱਠੀ 'ਚ ਲਿਖਿਆ ਕਿ ਮੈਂ ਤਾਂ ਰੁਲਿਆ ਹੋਇਆ ਕਹਾਣੀਕਾਰ ਸਾਂ। ਮੈਨੂੰ ਸਿੱਧੂ ਨੇ ਲੱਭਿਆ। ਕਿਤਾਬ ਦੇ ਬਹਾਨੇ ਆਲੋਚਨਾ ਦੀਆਂ ਕਹਾਣੀਆਂ ਦੀਆਂ ਗੱਲਾਂ ਹੋਈਆਂ ਮੈਨੂੰ ਇਸ ਗੱਲ ਦੀ ਤਸੱਲੀ ਹੈ।

**ਸਕ੍ਰਿਪਟ: ਭਗਵੰਤ ਰਸੂਲਪੁਰੀ**

# ਜਨ ਬੋਧ

## ਆਇਅਨਕਲੀ : ਪਹਿਲਾ ਦਲਿਤ ਲੀਡਰ

**ਮੂਲ ਲੇਖਕ : ਟੀ. ਐੱਚ. ਪੀ. ਚੈਂਥਾਰਾਸਰੀ**

**ਅੰਗਰੇਜ਼ੀ ਤੋਂ ਅਨੁਵਾਦ : ਗਿਆਨ ਸਿੰਘ ਬੱਲ**

*(ਆਇਅਨਕਲੀ ਕੇਰਲ ਪੁਨਰ-ਜਾਗਰਤੀ ਕਾਲ ਦੇ ਮਹਾਨ ਅਤੇ ਸੂਰਬੀਰ ਪੁਰਸ਼ ਸਨ ਅਤੇ ਉਸ ਦੀਆਂ ਸਾਮੰਤੀ ਸੋਚ ਦੀ ਪਦਾਇਸ਼ ਜਾਤੀ-ਵਿਵਸਥਾ ਵਿਰੁਧ ਜਦੋ ਜਹਿਦਾਂ ਤੇ ਹੜਤਾਲਾਂ ਹਮੇਸ਼ਾਂ ਹੀ ਸ਼ਲਾਘਾਯੋਗ ਸਰਗਰਮੀਆਂ ਰਹੀਆਂ ਹਨ। ਉਹ ਬੇਸਹਾਰਿਆਂ ਨਿਤਾਣਿਆਂ ਦਾ ਕਾਰਲ ਮਾਰਕਸ ਸੀ ਅਤੇ ਇਤਿਹਾਸਹੀਣ ਲੋਕਾਂ ਦਾ ਲੈਨਿਨ।*

*ਇਸ ਦੇਸ਼ ਦੀ ਮੁੱਖ-ਧਾਰਾ ਦੇ ਇਤਿਹਾਸਕਾਰਾਂ ਨੇ ਅਸਲ ਮਜ਼ਦੂਰ ਜਮਾਤ ਦੇ ਇਤਿਹਾਸ ਨੂੰ ਨਜ਼ਰ ਅੰਦਾਜ਼ ਕਰੀ ਰੱਖਿਆ ਹੈ। ਪਰੰਤੂ ਸੋਚਣ ਵਾਲੀ ਗੱਲ ਹੈ ਕਿ ਜਿਹੜਾ ਇਤਿਹਾਸ ਮਜ਼ਦੂਰਾਂ ਦੇ ਦਿਲ ਦੀ ਧੜਕਣ ਨੂੰ ਕਲਮ ਬੱਧ ਨਾ ਕਰ ਸਕੇ ਉਸ ਨੂੰ ਮਜ਼ਦੂਰਾਂ-ਕੰਮਿਆਂ ਤੇ ਕਮੀਆਂ ਦਾ ਇਤਹਾਸ ਕਿਹਾ ਜਾ ਸਕਦਾ ਹੈ? ਜਿਹੜੇ ਹੱਥ ਹਰ ਵਕਤ ਗਾਰਾ ਤੇ ਪਾਣੀ ਢੋਂਦੇ ਰਹਿਣ, ਦੇਸ਼ ਦੇ ਅਸਲੀ ਉਸਰੀਏ ਤਾਂ ਉਹੀ ਹੁੰਦੇ ਹਨ। ਇਤਿਹਾਸ ਹਮੇਸ਼ਾਂ ਹੀ ਨੀਵਿਆਂ-ਨਿਤਾਣਿਆਂ ਦੇ ਪਸ਼ੀਨੇ ਅਤੇ ਹੰਝੂਆਂ ਨਾਲ ਹੀ ਮੁਕੰਮਲ ਇਤਿਹਾਸ ਬਣਦਾ ਹੈ ਅਤੇ ਜਿਹੜਾ ਇਤਿਹਾਸਕਾਰ ਹੇਠਲਿਆਂ ਦੀਆਂ ਕੋਸ਼ਿਸ਼ਾਂ ਨੂੰ ਕਲਮਬੱਧ ਨਹੀਂ ਕਰਦਾ ਉਹ ਇਤਿਹਾਸ ਨੂੰ ਵਿਗਾੜ ਰਿਹਾ ਹੁੰਦਾ ਹੈ। ਜਿਹੜੀਆਂ ਲੱਤਾਂ ਮਿੱਟੀ ਨਾਲ ਹਮੇਸ਼ਾਂ ਸੰਘਰਸ਼ ਕਰਦੀਆਂ ਹਨ, ਉਹ ਲੱਤਾਂ ਹੀ ਇਤਿਹਾਸ ਦੀ ਨੀਂਹ ਬਣਦੀਆਂ ਹਨ।)*

*- ਮੈਥਰੀ ਬੁੱਕਸ, ਥਿਰੂਵਨੰਥਾਪੁਰਮ।*

### ਜਾਣ ਪਛਾਣ

ਕੇਰਲ- ਜਿਸ ਨੂੰ ਕੁਦਰਤੀ ਸੁੰਦਰਤਾ ਅਤੇ ਦਾਨ ਨੇ ਦਿਆਲਤਾ ਦੀ ਧਰਤੀ ਕਿਹਾ ਜਾਂਦਾ ਹੈ, ਭਾਰਤ ਦੇ ਧੁਰ ਦੱਖਣ 'ਚ ਸਥਿਤ ਹੈ। ਇਹ ਭਾਰਤ ਦੇਸ਼ ਦੇ ਦੂਸਰੇ ਰਾਜਾਂ ਦੇ ਟਾਕਰੇ ਹਰ ਪਖੋਂ ਵੱਖਰਾ ਹੈ, ਇਸ ਦੀਆਂ ਆਪਣੀਆਂ ਹੀ ਵਿਲੱਖਣਤਾਵਾਂ ਹਨ। ਬਹੁਤ ਸਾਰੀਆਂ ਜਾਤੀਆਂ ਸਮੇਤ ਨਮੁਦਰੀ, ਨਾਇਰ ਅਤੇ ਪੁਲਾਈਆ/ ਪੁਲੀਆ ਵੱਡੀਆਂ ਤਿੰਨ ਜਾਤੀਆਂ ਦੇ ਅਜੀਬ ਰੀਤੀ ਰਿਵਾਜ ਤੇ ਪਰੰਪਰਾਵਾਂ ਕਰਕੇ ਇਹ ਦੇਸ਼ ਵਾਸੀ ਤੇ ਵਿਦੇਸ਼ੀ ਮਾਨਵ-ਵਿਗਿਆਨੀਆਂ ਲਈ ਖਿੱਚ ਦਾ ਕੇਂਦਰ ਰਿਹਾ ਹੈ। ਇਥੇ ਵਸਦੀਆਂ ਕੁਝ ਸਮੁਦਾਵਾਂ ਦੇ ਲੋਕਾਂ ਵਿਚ ਪ੍ਰਚਲਤ ਪਦਾਰਥਵਾਦੀ ਦਰਸ਼ਨ ਜਾਂ ਸੋਚ ਨੇ ਵੀ ਵਿਦੇਸ਼ੀ ਲੇਖਕਾਂ ਤੇ ਵਿਦਵਾਨਾਂ ਨੂੰ ਡੂੰਘੀਆਂ ਖੋਜਾਂ ਕਰਨ ਲਈ ਪਰੇਰਤ ਕੀਤਾ ਹੈ।

ਆਜ਼ਾਦੀ ਤੋਂ ਪਹਿਲਾਂ ਕੇਰਲ ਦੇ ਸਮਾਜਿਕ-ਰਿਵਾਜ ਤੇ ਰੀਤੀਆਂ ਐਨੀਆਂ ਅਜੀਬ, ਫਿਰਕਾ ਪ੍ਰਸਤ ਤੇ ਜਾਤੀ ਭਾਵਨਾ ਭਰਪੂਰ ਰਹੀਆਂ ਹਨ ਜਿਨ੍ਹਾਂ ਨੂੰ ਦੇਖ ਕੇ ਸਵਾਮੀ ਵਿਵੇਕਾਨੰਦ ਨੂੰ ਇਹ ਕਹਿਣ ਲਈ ਮਜ਼ਬੂਰ ਹੋਣਾ ਪਿਆ ਕਿ ਮਾਲਾਬਾਰ ਇਲਾਕਾ ਤਾਂ ਸੱਚੀ ਮੁੱਚੀ ਹੀ ਇਕ ਪਾਗਲਖਾਨਾ ਹੈ। ਜਦ ਉਹ ੧੮੯੨ ਵਿਚ ਕੇਰਲ ਆਏ ਤਾਂ ਉਨ੍ਹਾਂ ਨੂੰ ਲੋਕਾਂ ਵਿਚ ਸਦੀਆਂ ਤੋਂ ਪ੍ਰਚਲਤ ਛੂਆ-ਛੂਤ ਦੇ ਰੰਗਾਂ ਢੰਗਾਂ ਦਾ ਨੇੜੇ ਦਾ ਅਨੁਭਵ ਹੋਇਆ ਸੀ। ਛੂਆ-ਛੂਤ ਦੀ ਇਸ ਜੰਗਲੀ ਤੇ ਅਸਭਿਆ ਵਿਵਹਾਰ ਨੂੰ



ਦੇਖ ਕੇ ਸਵਾਮੀ ਐਨੀ ਹੇਠੀ ਮਹਿਸੂਸ ਕਰਦੇ ਰਹੇ ਜਿਸ ਨੇ ਉਨ੍ਹਾਂ ਨੂੰ ੧੮੯੭ ਵਿਚ ਇਕ ਭਾਸ਼ਣ 'ਚ ਇਸ ਬੁਰਾਈ ਨੂੰ ਹੇਠ ਲਿਖੇ ਅਨੁਸਾਰ ਰੱਦ ਕਰਨ ਲਈ ਮਜ਼ਬੂਰ ਕੀਤਾ ਸੀ-

"ਵਿਸ਼ਵ ਦੇ ਹੋਰ ਕਿਸੇ ਹਿੱਸੇ ਵਿਚ ਅਜਿਹਾ ਦੁਰਾਚਾਰੀ ਵਿਵਹਾਰ ਨਹੀਂ ਦੇਖਿਆ ਜਿਹੋ ਜਿਹਾ ਮੈਂ ਮਾਲਾਬਾਰ ਦੇ ਏਰੀਏ 'ਚ ਦੇਖਿਆ ਹੈ। ਇਕ ਗਰੀਬ ਪਰਾਇਆ ਜਾਤੀ ਦਾ ਵਿਅਕਤੀ ਉਥੇ ਨਹੀਂ ਤੁਰ ਸਕਦਾ ਜਿਥੇ ਸਵਰਨ ਜਾਤੀ ਦੇ ਲੋਕ ਤੁਰਦੇ ਹਨ। ਪਰੰਤੂ ਸਭ ਕੁਝ ਠੀਕ ਠਾਕ ਹੋ ਸਕਦਾ ਹੈ ਜੇ ਨੀਵੀਂਆਂ ਜਾਤੀਆਂ ਦੇ ਲੋਕ ਆਪਣੇ ਨਾਮ ਬਦਲਕੇ ਇੰਗਲਿਸ਼ ਜਾਂ ਮੁਸਲਿਮ ਪਿਛੋਕੜ ਵਾਲੇ ਨਾਮ ਰੱਖ ਲੈਣ। ਅਜਿਹੇ ਸਾਰੇ ਮਾਲਾਬਾਰੀ ਪਾਗਲ ਹਨ ਅਤੇ ਉਨ੍ਹਾਂ ਦੇ ਘਰ ਪਾਗਲ ਖਾਨੇ ਹਨ।"

ਆਇਅਨਕਲੀ ਦੀ ਲੀਡਰਸ਼ਿੱਪ ਤੋਂ ਪਹਿਲਾਂ ਅਛੂਤਾਂ ਦੀ ਹਾਲਤ ਬੜੀ ਹੀ ਤਰਸਯੋਗ ਸੀ। ਅਛੂਤਾਂ ਦੀਆਂ ਬਹੁਮੱਤ ਜਾਤੀਆਂ ਨੂੰ ਨਸਲ ਪਖੋਂ ਵੀ ਘਟੀਆ ਸਮਝਿਆ ਜਾਂਦਾ ਸੀ। ਅਛੂਤ ਲੋਕ ਲੈਂਡਲਾਰਡਾ / ਮਾਲਕਾਂ ਦੇ ਖੇਤੀਬਾੜੀ ਦੇ ਸੰਦ ਹੀ ਸਮਝੇ ਜਾਂਦੇ ਸਨ। ਹਰ ਰੋਜ਼ ਸਵੇਰੇ ਉਨ੍ਹਾਂ ਨੂੰ ਖੇਤਾਂ 'ਚ ਕੰਮ ਕਰਨ ਲਈ ਮਾਲਕਾਂ ਦੇ ਖੇਤਾਂ ਜਾਂ ਜਗੀਰਾਂ 'ਚ ਲਿਆਂਦਾ ਜਾਦਾ ਸੀ। ਅਤੇ ਹਰ ਰੋਜ਼ ਸ਼ਾਮ ਨੂੰ ਝੋਨੇ ਦੇ ਧਾਨ ਦੀ ਮੁੱਠ ਦੇ ਕੇ ਤੋਰ ਦਿੱਤਾ ਜਾਂਦਾ ਸੀ। ਇਨ੍ਹਾਂ ਮਜ਼ਦੂਰਾਂ ਨੂੰ ਕਦੇ ਕਦੇ ਹੀ ਕੋਈ ਛੁੱਟੀ ਦਿਤੀ ਜਾਂਦੀ ਸੀ। ਵਿਹਲੇ ਇਨ੍ਹਾਂ ਨੂੰ ਘੱਟ ਹੀ ਰਹਿਣ ਦਿੱਤਾ ਜਾਂਦਾ ਸੀ। ਇਨ੍ਹਾਂ ਖੇਤ ਮਜ਼ਦੂਰਾਂ ਦੇ ਬੱਚਿਆਂ ਨੂੰ ਵੀ ਛੋਟੀ ਉਮਰ ਤੋਂ ਹੀ ਇਸ ਕੰਮ ਵਿਚ ਟਰੇਂਡ ਕਰ ਦਿਤਾ ਜਾਂਦਾ ਸੀ।

ਅਛੂਤਾਂ ਦੇ ਘਰ ਲੱਕੜ ਜਾਂ ਬਾਂਸ ਦੀਆਂ ਸੋਟੀਆਂ ਨਾਲ ਬਣੀਆਂ ਝੋਂਪੜੀਆਂ ਸਨ ਜਿਨ੍ਹਾਂ ਦੀਆਂ ਕੰਧਾਂ ਸਰਕੜੇ ਦੀਆਂ ਸੋਟੀਆਂ ਨਾਲ ਬਣਦੀਆਂ ਸਨ। ਸੋਟੀਆਂ ਉੱਤੇ ਪਰਾਲੀ ਜਾਂ ਇਕ ਖਾਸ ਕਿਸਮ ਦਾ ਸੁੱਕਾ ਘਾਹ ਮਿੱਟੀ ਨਾਲ ਜੋੜਿਆ ਜਾਂਦਾ ਸੀ। ਇਹ ਝੌਂਪੜੀਆਂ ਖੇਤਾਂ ਦੇ ਬੰਨਿਆਂ ਉੱਤੇ ਜੰਮੇ ਖੁੰਬਾਂ ਦੇ ਪੌਦਿਆਂ ਵਰਗੀਆਂ ਨਜ਼ਰ ਆਉਂਦੀਆਂ ਸਨ। ਉਨ੍ਹਾਂ ਦੇ ਘਰੇਲੂ ਬਰਤਨ ਮਿੱਟੀ ਦੇ ਬਣੇ ਗਮਲਿਆਂ ਵਰਗੇ ਹੁੰਦੇ ਸਨ। ਕਈ ਅਛੂਤਾਂ ਦੇ ਘਰ ਖੇਤਾਂ ਦੇ ਨਾਲ ਮਿੱਟੀ ਦੇ ਪਏ ਢੇਰਾਂ ਉੱਤੇ ਹੁੰਦੇ ਸਨ ਪਰ ਕਈਆਂ ਦੇ ਖੇਤਾਂ ਤੋਂ ਕੁਝ ਦੂਰੀ ਤੇ ਸਥਿਤ ਹੁੰਦੇ ਹਨ।

ਉਹ ਸਾਰਾ ਸਾਰਾ ਜੀਵਨ ਹੀ ਖੇਤੀ ਦੇ ਕੰਮ 'ਚ ਗੁਜ਼ਾਰਦੇ ਸਨ। ਉਨ੍ਹਾਂ ਨੂੰ ਵਿਹਲਾ ਸਮਾਂ ਸਾਲਾਂ ਬਧੀਂ ਹੀ ਨਸੀਬ ਹੁੰਦਾ। ਉਹ ਸਡੌਲ ਸਰੀਰ ਦੀ ਨਸਲ ਦੇ ਹਨ ਪਰ ਉਨ੍ਹਾਂ ਦੇ ਕੁਦਰਤੀ ਪੱਠੇ ਮਾੜੀ ਖੁਰਾਕ ਕਾਰਨ ਕਮਜ਼ੋਰ ਜਾਪਦੇ। ਉਨ੍ਹਾਂ ਦੇ ਸਰੀਰ ਉੱਤੇ ਕਪੜੇ ਵੀ ਨਾ ਮਾਤਰ ਹੀ ਹੁੰਦੇ। ਉਨ੍ਹਾਂ ਦੇ ਲੱਕ ਦੁਆਲੇ ਇਕ ਕਪੜਾ ਹੀ ਬੱਧਾ ਹੋਇਆ ਹੁੰਦਾ ਜੋ ਕਦੇ ਹੀ ਧੋਤਾ ਜਾਂਦਾ ਸੀ। ਕਿਉਂ ਕਿ ਉਹ ਹਮੇਸ਼ਾਂ ਖੇਤਾਂ ਵਿਚ ਹੀ ਕੰਮ ਲਗੇ ਰਹਿੰਦੇ ਜਿਸ ਕਰਕੇ ਇਹ ਕਪੜੇ ਆਪਣੇ ਆਪ ਹੀ ਬਰਸਾਤ ਦੇ ਮੌਸਮ 'ਚ ਲਗਾਤਾਰ ਬਾਰਸ਼ਾਂ ਹੋਣ ਕਾਰਨ ਧੋਤੇ ਜਾਂਦੇ ਸਨ। ਇਸ ਮੌਸਮ ਦੇ ਸਿਖਰ ਦੇ ਦਿਨਾਂ ਵਿਚ ਉਹ ਬਾਹਰ ਅੱਗ ਬਾਲ ਕੇ ਹੀ ਸਰਦੀ ਤੋਂ ਬਚਾਅ ਕਰਦੇ ਅਤੇ ਰਾਤ ਨੂੰ ਇਹੀ ਅੱਗ ਅਪਣੀਆਂ ਝੋਂਪੜੀਆਂ ਅੰਦਰ ਸਾਰੀ ਸਾਰੀ ਰਾਤ ਬਾਲ ਕੇ ਰਖਦੇ ਅਤੇ ਬਾਅਦ ਵਿਚ ਦਿਨ ਵੇਲੇ ਵੀ ਇਸੇ ਤਰ੍ਹਾਂ ਕਰਦੇ।

ਕਿਉਂਕਿ ਉਨ੍ਹਾਂ ਦਾ ਸਮਾਜਿਕ ਦਰਜਾਬੰਦੀ ਅਨੁਸਾਰ ਸਮਾਜਿਕ ਰੁਤਬਾ ਬਹੁਤ ਨੀਵੇਂ ਦਰਜੇ ਦਾ ਸੀ ਇਸ ਲਈ ਉੱਚੀਆਂ ਜਾਤੀਆਂ ਦਾ ਉਨ੍ਹਾਂ ਪ੍ਰਤੀ ਵਿਵਹਾਰ ਗੈਰ-ਹਮਦਰਦੀ ਪੂਰਨ ਰਹਿੰਦਾ ਸੀ। ਅਜਿਹਾ ਸਦੀਆਂ ਤੋਂ ਚਲਿਆ ਆ ਰਿਹਾ ਸੀ। ਮਾਨਯੋਗ ਫਾਦਰ ਮੈਟੀਰ ਅਨੁਸਾਰ ਉਨ੍ਹਾਂ ਨੂੰ ਆਮ ਸੜਕਾਂ ਉੱਤੇ ਚਲਣ ਦੀ ਮਨਾਹੀ ਸੀ। ਇਕ ਬ੍ਰਾਹਮਣ ਤੋਂ ਉਨ੍ਹਾਂ ਲਈ ੯੬ ਕਦਮ ਦੂਰ ਅਤੇ ਇਕ ਸ਼ੂਦਰ ਤੋਂ ੪੮ ਕਦਮ ਦੂਰ ਰਹਿਣ ਦਾ ਵਿਧਾਨ ਸੀ। ਉਨ੍ਹਾਂ ਨੂੰ ਕੀਮਤੀ ਗਹਿਣੇ ਪਹਿਨਣ ਦੀ ਅਗਿਆ ਨਹੀਂ ਸੀ, ਅਤੇ ਨਾ ਹੀ ਉਹ ਆਪਣਾ ਨੰਗਾ ਸਰੀਰ ਢੱਕਣ ਲਈ ਗਹਿਣੇ ਜਾਂ ਕਪੜੇ ਪਹਿਨ ਸਕਦੇ ਸੀ।

ਉਨ੍ਹਾਂ ਨਾਲ ਗੁਲਾਮਾਂ ਵਾਲਾ ਹੀ ਸਲੂਕ ਕੀਤਾ ਜਾਂਦਾ ਸੀ, ਉਹ ਹਮੇਸ਼ਾਂ ਜ਼ਮੀਨ ਨਾਲ ਹੀ ਬੱਧੇ ਰਹਿੰਦੇ ਇਸ ਲਈ ਮਾਲਕ ਦੀ ਇੱਛਾ ਅਨੁਸਾਰ ਉਨ੍ਹਾਂ ਨੂੰ ਦੂਸਰੇ ਮਾਲਕਾ ਪਾਸ ਤਬਦੀਲ ਕੀਤਾ ਜਾਂਦਾ ਸੀ ਜਾਂ ਫਿਰ ਆਜ਼ਾਦ ਕੀਤਾ ਜਾ ਸਕਦਾ ਸੀ, ਉਨ੍ਹਾਂ ਨੂੰ ਤੋਹਫਿਆਂ ਵਜੋਂ ਮਾਲਕ ਆਪਣੇ ਦੋਸਤਾਂ ਨੂੰ ਦੇ ਸਕਦੇ ਸਨ, ਜਾਂ ਮੰਦਰਾਂ ਨੂੰ ਤੋਹਫੇ ਦੇ ਤੌਰ ਤੇ ਦਿੱਤਾ ਜਾਂਦਾ ਸੀ। ਭੌ ਵਾਂਗ ਹੀ ਉਨ੍ਹਾਂ ਨੂੰ ਵੀ ਵੇਚਿਆ, ਖਰੀਦਿਆਂ ਅਤੇ ਗਹਿਣੇ ਧਰਿਆ ਜਾ ਸਕਦਾ ਸੀ ਅਤੇ ਮਾਲਕ ਉਨ੍ਹਾਂ ਨੂੰ ਆਪਣੇ ਪਸ਼ੂਆਂ ਜਾਂ ਦੂਸਰੀ ਜਾਇਦਾਦ ਵਾਂਗ ਜਦ ਮਰਜ਼ੀ ਵੇਚ ਸਕਦੇ ਸਨ। ਦਰਅਸਲ, ੧੯ ਵੀ ਸਦੀ ਦੌਰਾਨ ਉਨ੍ਹਾਂ ਨੂੰ ਵੇਚਣ ਦੇ

ਇਕਰਾਰਨਾਮੇ ਵਿਚ ਇਹ ਧਾਰਾ ਸਪੈਸ਼ਲ ਤੌਰ ਤੇ ਅੰਕਿਤ ਕੀਤੀ ਜਾਂਦੀ ਸੀ, "ਤੁਸੀਂ ਇਸ ਨੂੰ ਆਪਣੀ ਇੱਛਾ ਅਤੇ ਖੁਸ਼ੀ ਅਨੁਸਾਰ ਮਾਰ ਸਕਦੇ ਹੋ ਜਾਂ ਵੇਚ ਸਕਦੇ ਹੋ।"

ਉਨ੍ਹਾਂ ਨੂੰ ਪੈਰੀ ਜੁੱਤੀ ਪਾਉਣ ਜਾਂ ਸਿਰ ਉੱਤੇ ਛੱਤਰੀ ਲੈਣ ਦੀ ਮਨਾਹੀ ਸੀ। ਉਨ੍ਹਾਂ ਨੂੰ ਪਿਤਲ ਜਾਂ ਕਿਸੇ ਵੀ ਧਾਂਤ ਦੇ ਬਣੇ ਭਾਂਢੇ ਵਰਤਨ ਦੀ ਵੀ ਮਨਾਹੀ ਸੀ। ਉਹ ਆਪਣੇ ਇੱਟਾਂ ਦੇ ਘਰ ਨਹੀਂ ਉਸਾਰ ਸਕਦੇ ਸਨ। ਅਤੇ ਨਾ ਹੀ ਉਹ ਜ਼ਮੀਨ ਜਾਇਦਾਦ ਖਰੀਦ ਸਕਦੇ ਸਨ। ਅਸਲ ਵਿਚ ਇਨ੍ਹਾਂ ਨੀਵੀਆਂ ਜਾਤੀਆਂ ਨੂੰ ਪ੍ਰਮਾਤਮਾ ਦੀ ਸਿਰਜੀ ਦੁਨੀਆਂ ਵਿਚ ਬਹੁਤ ਹੀ ਨੀਵੇਂ ਦਰਜੇ ਦੀ ਪੁਜ਼ੀਸ਼ਨ ਬਖ਼ਸ਼ੀ ਗਈ ਸਮਝੀ ਜਾਂਦੀ ਸੀ। ਉਨ੍ਹਾਂ ਦੀਆਂ ਔਰਤਾਂ ਨੂੰ ਲੱਕ ਉਪਰਲੇ ਹਿੱਸੇ ਨੂੰ ਢੱਕਣ ਦੀ ਮਨਾਹੀ ਸੀ। ਉਹ ਆਪਣੀ ਗਰਦਨ ਦੁਆਲੇ ਮਣਕੇ ਜਾਂ ਘੋਗਿਆ ਦੀ ਬਣੀ ਲੜੀ ਪਾਉਂਦੀਆਂ ਸਨ। ਪਿੱਤਲ ਦੀਆਂ ਵੰਗਾ ਉਹ ਪਾ ਸਕਦੀਆਂ ਸਨ।

ਉਹ ਦੈਂਤਾਂ, ਰਾਖਸ਼ਾਂ ਅਤੇ ਭੂਤ ਚੜੇਲਾਂ ਦੀ ਪੂਜਾ ਕਰਦੇ ਸਨ ਜਾਂ ਫਿਰ ਆਪਣੇ ਮਰੇ ਹੋਏ ਪਿਤਰਾਂ ਦੀ ਪੂਜਾ ਕਰਦੇ ਸਨ, ਖਾਸ ਕਰਕੇ ਸੋਲਾਂ ਸਾਲ ਤੋਂ ਘੱਟ ਉਮਰ ਅਤੇ ਕੁਆਰੀ ਲੜਕੇ / ਲੜਕੀਆਂ ਦੀਆਂ ਰੂਹਾਂ ਨੂੰ ਵਧੇਰੇ ਪੂਜਿਆ ਜਾਂਦਾ ਸੀ। ਕਾਫ਼ਰ ਦੇਵੀ-ਦੇਵਤੇ, ਸੂਰਜ ਅਤੇ ਸੱਪਾਂ ਨੂੰ ਉਹ ਪਵਿਤਰ ਸਮਝਦੇ ਸਨ। ਉਹ ਆਪਣੇ ਮੰਦਰ ਨਹੀਂ ਸਨ ਉਸਾਰ ਸਕਦੇ, ਝਿੜੀਆਂ ਜਾਂ ਦਰਖਤਾਂ ਦੇ ਝੁੰਡ 'ਚ ਉਹ ਇਕ ਆਕਾਰ ਬਣਾ ਕੇ ਪੂਜਾ ਕਰਦੇ ਸਨ। ਦਰਅਸਲ ਉਹ ਕੁਦਰਤ ਦੀ ਪੂਜਾ ਕਰਦੇ ਸਨ।

ਉਨ੍ਹਾਂ ਨੂੰ ਹਿੰਦੂ ਮੰਦਰਾਂ ਵਿਚ ਪ੍ਰਵੇਸ਼ ਅਤੇ ਪੂਜਾ ਕਰਨ ਦੀ ਅਗਿਆ ਨਹੀਂ ਸੀ। ਜੇ ਕਦੇ ਚਾਹੁਣ ਤਾਂ ਉਹ ਅੱਧੇ ਮੀਲ ਦੀ ਦੂਰੀ ਤੋਂ ਹੀ ਪ੍ਰਾਰਥਨਾ ਕਰ ਸਕਦੇ ਹਨ ਤਾਂ ਕਿ ਮੰਦਰ ਦਾ ਦੇਵਤਾ ਭਰਿਸ਼ਟ ਨਾ ਹੋ ਜਾਵੇ। ਕਿਉਂ ਕਿ ਇਨ੍ਹਾਂ ਦੀ ਛੂਹ ਨਾਲ ਥਾਵਾਂ ਭਰਿਸ਼ਟ ਹੋਣ ਦਾ ਡਰ ਰਹਿੰਦਾ ਸੀ। ਇਸ ਲਈ ਉੱਚੀਆਂ ਜਾਤੀਆਂ ਦੇ ਲੋਕ ਇਨ੍ਹਾਂ ਦੀ ਹਾਜ਼ਰੀ ਨੂੰ ਹਮੇਸ਼ਾਂ ਖਤਰੇ ਦੀ ਸੂਚਨਾ ਸਮਝਦੇ ਸਨ।

ਅਜਿਹੇ ਸਮਾਜ, ਜਿਥੇ ਨੀਵੀਆਂ ਜਾਤੀਆਂ ਦੇ ਲੋਕਾਂ ਦੇ ਮੁਢਲੇ ਮਾਨਵੀ ਹੱਕ ਤੇ ਕਦਰਾਂ ਕੀਮਤਾਂ ਨੂੰ ਨਕਾਰਿਆ ਜਾ ਚੁੱਕਾ ਸੀ, ਆਇਅਨਕਲੀ ਨੇ ਇਕ ਸਮਾਜ ਸੁਧਾਰਕ ਦੇ ਤੌਰ ਤੇ ਜੀਵਨ ਸ਼ੁਰੂ ਕੀਤਾ। ਉਸ ਦਾ ਜੀਵਨ ਮਿਸ਼ਨ ਪ੍ਰਾਂਤ ਦੇ ਇਨ੍ਹਾਂ ੧/੮ ਹਿੱਸਾ ਲੋਕਾਂ ਦਾ ਜੀਵਨ ਸੁਧਾਰਨਾ ਸੀ। ਇਹ ਲੋਕ ਅਤਿ ਦੇ ਪਛੜੇ ਹੋਏ ਸਨ ਕਿਉਂਕਿ ਉੱਚੀਆਂ ਜਾਤੀਆਂ ਦੇ ਲੋਕ ਅਧਿਕਾਰਾਂ ਨਾਗਰਿਕ ਆਜ਼ਾਦੀਆਂ ਅਤੇ ਵਿਸ਼ੇਸ਼ ਅਧਿਕਾਰਾਂ ਦਾ ਇਕ ਵੀ ਸਦੀ ਵੀ ਹਿੱਸਾ ਇਨ੍ਹਾਂ ਨੂੰ ਦੇਣ ਲਈ ਤਿਆਰ ਨਹੀਂ ਸਨ। ਇਹ ਦੁਖਾਂਤ ਹੀ ਕਿਹਾ ਜਾਏਗਾ ਕਿ ਪ੍ਰਾਂਤ / ਰਾਜ ਦਾ ਸਾਰਾ ਧਨ ਪੈਦਾ ਕਰਨ ਵਾਲੇ ਇਨ੍ਹਾਂ ਲੋਕਾਂ ਨੂੰ ਸਾਰੇ ਅਧਿਕਾਰਾਂ ਨੂੰ ਰੱਜ ਕੇ ਮਾਨਣ ਦੀ ਮਨਾਹੀ ਸੀ। ਇਸ ਪਿਛੋਕੜ 'ਚ ਆਇਅਨਕਲੀ ਦਾ ਇਹ ਮਿਸ਼ਨ ਕਿ ਉਸ ਦੇ ਭਾਈਚਾਰੇ ਦੇ ਲੋਕ ਵੀ ਆਧੁਨਿਕ ਸਮਾਜ ਦੀਆਂ ਸਾਰੀਆਂ ਸਹੂਲਤਾਂ ਦਾ ਆਨੰਦ ਲੈਣ, ਉਨ੍ਹਾਂ ਨੂੰ ਸਭਿਅਕ ਬਣਾਉਣਾ ਬਹੁਤ ਕਠਨ ਸੀ।

ਇਸ ਪੁਸਤਕ ਵਿਚ 'ਦਲਿਤ' ਸ਼ਬਦ ਦੀ ਵਰਤੋਂ ਹੇਠਲੀ ਕਤਾਰ ਦੇ ਲੋਕਾਂ ਲਈ ਉਨ੍ਹਾਂ ਦੀ ਇੱਛਾ ਅਨੁਸਾਰ ਹੀ ਕੀਤੀ ਗਈ ਹੈ ਜਿਨ੍ਹਾਂ ਨੂੰ 'ਹਰੀਜਨ' ਸ਼ਬਦ ਦੀ ਵਰਤੋਂ ਤੋਂ ਘਿਰਣਾ ਸੀ। ਸਰਕਾਰ ਨੇ ਵੀ ਸਰਕਾਰੀ ਤੌਰ ਤੇ 'ਹਰੀਜਨ' ਸ਼ਬਦ ਦੀ ਵਰਤੋਂ ਦੀ ਮਨਾਹੀ ਕੀਤੀ ਹੈ।

ਆਇਅਨਕਲੀ ਦੀ ਇਹ ਜੀਵਨ ਗਾਥਾ ਮੈਂ੧੯੨੯ ਵਿਚ ਮਲਿਆਲਮ ਭਾਸ਼ਾ ਵਿਚ ਛਾਪੀ ਸੀ। ਪਰੰਤੂ ਇਸ ਅੰਗਰੇਜ਼ੀ ਕਿਤਾਬਚੇ ਵਿਚ ਨਵੇਂ ਤੱਥ ਤੇ ਸੂਚਨਾਵਾਂ ਸ਼ਾਮਲ ਹੋਣ ਕਰਕੇ ਇਹ ਨਿਵੇਕਲੀ ਰਚਨਾ ਬਣ ਗਈ ਹੈ।

-ਟੀ. ਐਚ. ਪੀ. ਚੈਥਾਂਰਾਸਰੀ ਟੀ. ਕੇ. ਏ. ਡੀ. ਰੋਡ. ਪੱਟਮ, ਥਿਰੂਵਨੰਥਾਪੁਰਮ।

## ਇਕ ਕ੍ਰਾਂਤੀਕਾਰੀ ਦਾ ਜਨਮ-

ਕੇਰਲਾ ਦੇ ਪੂਰਬੀ ਹਿੱਸੇ ਵਿਚ ਸਥਿਤ ਕੋਵਾਲਮ ਸਿਹਤ ਕੇਂਦਰ ਦੇ ਨਜ਼ਦੀਕ ਕੁਦਰਤੀ ਨਜ਼ਾਰਾਇਆਂ ਵਿਚ ਘਿਰਿਆ ਵੇਂਗਾਨੂਰ ਨਾਮ ਦਾ ਇਕ ਪਿੰਡ ਹੈ, ਜਿਥੇ ਆਇਅਨਕਲੀ ਦਾ ੨੮ ਅਗਸਤ ੧੮੬੩ ਨੂੰ ਜਨਮ ਹੋਇਆ ਸੀ। ਉਸ ਦੇ ਮਾਪੇ ਪੇਰੁਮਕਟੂਵਿਲਾ ਹਾਊਸ ਦੇ ਸਨ। ਉਸ ਦੇ ਪਿਤਾ ਦਾ ਨਾਮ



ਆਇਅਨ ਅਤੇ ਮਾਤਾ ਦਾ ਨਾਮ ਮਾਲਾ ਸੀ। ਆਇਅਨਕਲੀ ਦਾ ਨਾਮ ਉਸ ਦੇ ਬਾਪ ਦੇ ਨਾਮ ਤੇ ਹੀ ਰੱਖਿਆ ਗਿਆ ਸੀ।

ਇਹ ਬੱਚਾ ਬੜਾ ਤਾਕਤਵਾਰ ਤੇ ਉਤਸ਼ਾਹੀ ਮਨੁੱਖ ਸੀ। ਉਹ ਚੰਗਾ ਖਿਡਾਰੀ ਸੀ ਅਤੇ ਫੁੱਟਬਾਲ, ਕ੍ਰਿਕਿਟ ਤੇ ਲੋਕ ਕਲਾਵਾਂ ਵਿਚ ਚੰਗੀ ਮੁਹਾਰਤ ਰੱਖਦਾ ਸੀ। ਉਸ ਦਾ ਸਰੀਰ ਗੁੰਦਵਾਂ ਅਤੇ ਬਹੁਤ ਮਜ਼ਬੂਤ ਸੀ। ਉਸਦਾ ਬੇਲੋੜਾ ਉਤਸ਼ਾਹੀਪਨ ਅਤੇ ਤਾਕਤ ਕਈ ਵਾਰ ਉਸ ਲਈ ਮੁਸ਼ਕਲਾਂ ਖੜੀਆਂ ਕਰਦੇ ਸਨ।

ਇਕ ਵਾਰ ਓਨਮ ਤਿਉਹਾਰ ਦੌਰਾਨ ਉਹ ਫੁੱਟਬਾਲ ਖੇਡਣ ਵਿਚ ਬਹੁਤ ਮਗਨ ਸੀ ਤਾਂ ਗੇਂਦ ਹਵਾ ਨਾਲ ਗੱਲਾਂ ਕਰਦੀ ਹੋਈ ਉਚੀ ਜਾਤੀ ਦੇ ਪਰਿਵਾਰ ਦੇ ਘਰ ਉਪਰ ਜਾ ਡਿੱਗੀ। ਇਸ ਘਰ ਦਾ ਮਾਲਕ ਇਸ ਲੜਕੇ ਦੀ ਇਸ ਹਿਮਾਕਤ ਉਤੇ ਬਹੁਤ ਹੈਰਾਨ ਹੋਇਆ ਅਤੇ ਗੁੱਸੇ ਤੇ ਕ੍ਰੋਧ ਨਾਲ ਉਸ ਦੀਆਂ ਅੱਖਾਂ ਲਾਲ ਹੋ ਗਈਆਂ। ਉਹ ਕਾਫੀ ਸਮੇਂ ਤੋਂ ਇਸ ਅਛੂਤ ਲੜਕੇ ਦੀਆਂ ਅਜਿਹੀਆਂ ਹਰਕਤਾਂ ਉਤੇ ਨਿਗਾਹ ਰੱਖਦਾ ਆ ਰਿਹਾ ਸੀ। ਹੁਣ ਜਦੋਂ ਇਸ ਲੜਕੇ ਨੇ ਐਡੀ ਵੱਡੀ ਗਲਤੀ ਕਰ ਲਈ ਸੀ ਤਾਂ ਇਸ ਗੁਆਂਢੀ ਨੇ ਗੁੱਸੇ ਨੂੰ ਕਾਬੂ ਨਾ ਰੱਖਕੇ ਆਇਅਨਕਲੀ ਨੂੰ ਬੁਰਾ ਭਲਾ ਤੇ ਗਾਲੀ-ਗਲੋਚ ਕਰਨਾ ਸ਼ੁਰੂ ਕਰ ਦਿੱਤਾ। ਗੁਆਂਢੀ ਨੇ ਆਇਅਨਕਲੀ ਨੂੰ ਪੁਛਿਆ ਕਿ ਉਹ ਉੱਚੀ ਜਾਤੀ ਦੇ ਲੜਕਿਆਂ ਨਾਲ ਖੇਡਣ ਦਾ ਕੀ ਹੱਕ ਰੱਖਦਾ ਹੈ? ਅਖੀਰ ਵਿਚ ਉਸ ਨੇ ਆਇਅਨਕਲੀ ਨੂੰ ਤਾੜਨਾ ਕਰਦਿਆਂ ਕਿਹਾ ਕਿ ਜੇ ਫਿਰ ਉਸ ਨੇ ਉੱਚੀ ਜਾਤੀਆਂ ਦੇ ਲੜਕਿਆਂ ਨਾਲ ਖੇਡਣ ਦੀ ਹਿੰਮਤ ਕੀਤੀ ਤਾਂ ਇਸ ਦੇ ਸਿੱਟੇ ਬਹੁਤ ਹੀ ਗੰਭੀਰ ਨਿਕਲਣਗੇ।

ਆਇਅਨਕਲੀ ਲਈ ਅਜਿਹੀ ਸ਼ਰਮਿੰਦਗੀ ਅਤੇ ਬੇਇਜ਼ਤੀ ਸਹਿਣ ਕਰਨਾ ਹੀ ਕਾਫੀ ਸੀ। ਇਸ ਘਟਨਾ ਨੇ ਉਸਦੇ ਸਵੈ-ਮਾਣ ਅਤੇ ਸ਼ਾਨ ਉੱਤੇ ਕਾਫੀ ਡੂੰਘੀ ਸੱਟ ਮਾਰੀ ਸੀ। ਉਹ ਪਸ਼ੀਨੇ ਨਾਲ ਤਰ ਹੋਇਆ ਪਿਆ ਸੀ। ਗੁੱਸੇ ਨਾਲ ਉਸ ਦੇ ਅੰਗ ਫਰਕਣ ਲੱਗੇ ਸਨ। ਉਸ ਨੂੰ ਹੋਸ਼ 'ਚ ਆਉਣ ਲਈ ਕਾਫੀ ਸਮਾਂ ਲਗਾ ਸੀ। ਗੁੱਸੇ ਨਾਲ ਉਸ ਦੀਆਂ ਅੱਖਾਂ ਅੱਗ ਵਾਂਗ ਤਪ ਰਹੀਆਂ ਸਨ। ਉਹ ਤੁਰੰਤ ਹੀ, ਪਰ ਨਿਸਚੇ ਨਾਲ ਉਥੋਂ ਚਲੇ ਤਾਂ ਗਿਆ ਸੀ ਪਰ ਇਸ ਘਟਨਾ ਨੇ ਕੇਰਲਾ ਦੇ ਇਤਿਹਾਸ ਤੇ ਭਵਿੱਖ ਨੂੰ ਸਿਰਜਣ ਵਿਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ।

ਉੱਚ ਜਾਤੀਆਂ ਦੇ ਲੋਕਾਂ ਵਲੋਂ ਕੀਤੇ ਮਾੜੇ ਵਰਤਾਓ ਤੇ ਸ਼ਰਮਿੰਦਗੀ ਕਾਰਨ ਆਇਅਨਕਲੀ ਦਾ ਜ਼ਖਮੀ ਦਿਲ ਸਮੁੰਦਰ ਵਾਂਗ ਬੇਚੈਨ ਸੀ। ਅਣਗਣਿਤ ਸੋਚਾਂ ਤੇ ਅਸ਼ਾਂਤੀ ਨਾਲ ਮਸਾਂ ਉਹ ਆਪਣੇ ਘਰ ਪੁਜਾ ਸੀ। ਬਦਕਿਸਮਤੀ ਨਾਲ ਘਰ ਵਿਚ ਮਾਪਿਆਂ ਨੇ ਬੁਰੀਆਂ-ਭਰੀਆਂ ਗੱਲਾਂ ਤੇ ਦੋਸ਼ਾਂ ਨਾਲ ਉਸ ਦਾ ਸਵਾਗਤ ਕੀਤਾ ਸੀ। ਇਸ ਘਟਨਾ ਦੀ ਖ਼ਬਰ ਪਹਿਲਾਂ ਹੀ ਘਰ ਪਹੁੰਚ ਗਈ ਸੀ। ਉੱਚੀਆਂ ਜਾਤੀਆਂ ਦੇ ਮਾਪਿਆਂ ਵਲੋਂ ਲਾਏ ਬਰਾਬਰ ਦੋਸ਼ਾਂ ਤੇ ਕੀਤੀਆਂ ਬੁਰਾਈਆਂ ਨੇ ਉਸ ਦੇ ਮਨ ਨੂੰ ਪੂਰੀ ਤਰ੍ਹਾਂ ਤਬਦੀਲ ਕਰ ਦਿੱਤਾ ਸੀ। ਇਹ ਤਬਦੀਲੀ ਉਸ ਦੇ ਜੀਵਨ ਵਿਚ ਇਕ ਮਹੱਤਵਪੂਰਨ ਮੋੜ ਸਾਬਤ ਹੋਈ।

ਕਈ ਦਿਨ ਉਸ ਚੁੱਪ ਰਿਹਾ ਅਤੇ ਦੂਸਰਿਆਂ ਤੋਂ ਇਕੱਲਾ ਵੀ ਰਿਹਾ। ਉਹ ਚਾਹੁੰਦਾ ਸੀ ਕਿ ਉਸ ਨੂੰ ਕੋਈ ਵੀ ਅਸ਼ਾਂਤ ਨਾ ਕਰੇ। ਉਹ ਆਪਣੇ ਘਰ ਦੇ ਨਜ਼ਦੀਕ ਕਾਜੂ ਦੇ ਸੰਘਣੇ ਬਾਗ ਵਿਚ ਪਈ ਚਟਾਨ ਉੱਤੇ ਇਕਲਾ ਹੀ ਲੰਮੇ ਸਮੇਂ ਲਈ ਬੈਠਾ ਰਹਿੰਦਾ। ਉਸ ਦਾ ਮਨ ਹਮੇਸ਼ਾਂ ਹੀ ਕਿਸੇ ਗੁੰਝਲਦਾਰ ਸਮੱਸਿਆ ਦਾ ਹੱਲ ਲੱਭਣ 'ਚ ਲਗਿਆ ਰਹਿੰਦਾ। ਉਸ ਦੇ ਚਿਹਰੇ ਦਾ ਰੰਗ-ਰੂਪ ਹਰ ਪਲ ਬਦਲ ਰਿਹਾ ਸੀ। ਇਸ ਤਰ੍ਹਾਂ ਜਾਪ ਰਿਹਾ ਸੀ ਕਿ ਉਸ ਨੇ ਕਿਸੇ ਸਮੱਸਿਆ ਨੂੰ ਹਲ ਕਰ ਲਿਆ ਹੈ। ਇਸ ਪ੍ਰਕਿਰਿਆ ਨੇ ਆਇਅਨਕਲੀ ਦਾ ਇਕ 'ਨਵੇਂ ਮਨੁੱਖ' 'ਚ ਰੁਪਾਂਤਰਣ ਕਰ ਦਿੱਤਾ ਸੀ।

ਆਇਅਨਕਲੀ ਨੂੰ ਹਰ ਜਗ੍ਹਾ ਹੀ ਜਾਤੀ-ਆਧਾਰ ਤੇ ਮਨੁੱਖ ਹੀ ਮਨੁੱਖ ਵਿਰੁੱਧ ਵਿਤਕਰਾ ਕਰਦਾ ਨਜ਼ਰ ਆਉਂਦਾ ਸੀ। ਸਮਾਜਿਕ ਅਨਿਆ, ਗਾਲੀ-ਗਲੋਚ ਅਤੇ ਨਿਰਾਸਤਾ ਜੋ ਉਸ ਸਮੇਂ ਨਜ਼ਰ ਆ ਰਹੀ ਸੀ ਆਇਅਨਕਲੀ ਲਈ ਬਰਦਾਸਤ ਕਰਨੀ ਔਖੀ ਹੋ ਰਹੀ ਸੀ। ਇਨ੍ਹਾਂ ਬੁਰਾਈਆਂ ਨੂੰ ਖਤਮ ਕਰਨ ਲਈ ਉਸ ਸਮੇਂ ਉਸ ਨੂੰ ਕੋਈ ਢੁਕਵਾਂ ਮਸ਼ਵਰਾ ਦੇਣ ਵਾਲਾ ਵੀ ਕੋਈ ਨਹੀਂ ਸੀ। ਆਪਣੇ ਲੋਕਾਂ ਦੇ ਦੁਖਾਂ -ਦਰਦਾਂ ਨੂੰ ਦੇਖ ਕੇ ਮਹਿਸੂਸ ਕਰਨ ਵਾਲਾ ਉਹ ਪਹਿਲਾਂ ਇਨਸ਼ਾਨ ਸੀ (ਡਾ. ਬੀ. ਆਰ. ਅੰਬੇਡਕਰ, ਜੋ ਬਾਅਦ ਵਿਚ ਰਾਸ਼ਟਰੀ ਪੱਧਰ ਉੱਤੇ ਦਲਿਤਾਂ ਦੇ ਹਿੱਤਾਂ ਦੀ ਰੱਖਿਆ ਦੇ ਚੈਂਪੀਅਨ ਬਣੇ, ਉਹ ੧੮੯੧

ਵਿਚ ਪੈਦਾ ਹੋਏ ਸਨ ਜਦ ਆਇਅਨਕਲੀ ਜਾਤੀ-ਵਿਤਕਰੇ ਛੂਆ-ਛਾਤ ਤੇ ਦੂਸਰੀਆਂ ਸਮਾਜਿਕ ਬੁਰਾਈਆਂ ਵਿਰੁੱਧ ਸੰਘਰਸ਼ ਦੀ ਅਗਵਾਈ ਕਰ ਰਹੇ ਸਨ।)

ਆਇਅਨਕਲੀ ਤੋਂ ਪਹਿਲਾਂ ਜਿਹੜੇ ਮਹਾਂ-ਪੁਰਸ਼ਾਂ ਜਾਂ ਗੁਰੂਆਂ ਨੇ ਸਮਾਜ ਸੁਧਾਰਕਾਂ ਦੀ ਭੂਮਿਕਾ ਨਿਭਾਈ ਸੀ ਉਨ੍ਹਾਂ ਨੇ ਕਦੇ ਵੀ ਅਛੂਤਾਂ ਜਾ ਗੁਲਾਮਾਂ ਦੀ ਭਲਾਈ ਵੱਲ ਧਿਆਨ ਹੀ ਨਹੀਂ ਦਿੱਤਾ ਸੀ। ਉਨ੍ਹਾਂ ਦਿਨਾਂ ਵਿਚ ਦੇਸ਼ ਦੀ ਦੌਲਤ ਪੈਦਾ ਕਰਨ ਪਿਛੇ ਅਛੂਤ ਮੁੱਖ ਉਦਪਾਦਕੀ ਸ਼ਕਤੀ ਦੀ ਭੂਮਿਕਾ ਨਿਭਾਅ ਰਹੇ ਸਨ, ਲੇਕਿਨ ਉਹ ਆਪਣੀਆਂ ਹੀ ਬੁਰਾਈਆਂ ਅਤੇ ਵਹਿਮਾਂ-ਭਰਮਾਂ ਦੀਆਂ ਜੰਜ਼ੀਰਾਂ ਵਿਚ ਜਕੜੇ ਹੋਏ ਸਨ। ਉਹ ਸਮਾਜਿਕ ਪੌੜੀ ਦੇ ਹੇਠਲੇ ਡੰਡੇ ਉੱਤੇ ਬੈਠੇ ਸਨ, ਆਰਥਿਕ ਪੱਖੋਂ ਪੂਰੇ ਕੰਗਾਲ ਅਤੇ ਰਾਜਸੀ ਤੌਰ ਤੇ ਉਚੀਆਂ ਜਾਤੀਆਂ ਦੇ ਗੁਲਾਮ ਅਤੇ ਨੌਕਰ ਬਣਾਏ ਹੋਏ ਸਨ। ਦਲਿਤਾਂ ਲਈ ਨਵੇਂ ਕੱਪੜੇ ਪਾਉਣੇ ਇਕ ਜ਼ੁਰਮ ਸੀ। ਇਹ ਇਕ ਆਮ ਵਿਤਕਰਾ ਸੀ। ਸੋ ਨਵੇਂ ਕੱਪੜਿਆਂ ਨੂੰ ਪਾਉਣ ਤੋਂ ਪਹਿਲਾਂ ਇਨ੍ਹਾਂ ਨੂੰ ਗੰਦੇ ਕਰਨਾ ਲਾਜ਼ਮੀ ਸੀ। ਸੌਖਾ ਤਰੀਕਾ ਇਹੀ ਹੁੰਦਾ ਸੀ ਕਿ ਦਲਿਤ ਇਨ੍ਹਾਂ ਨੂੰ ਭਾਂਡਿਆਂ ਦੀ ਕਾਲਖ਼ ਲਾਉਣ ਉਪਰੰਤ ਹੀ ਪਹਿਨਣ।

ਹਨੇਰੇ 'ਚ ਰਹਿੰਦੇ, ਅਗਿਆਨਤਾ 'ਚ ਡੁੱਬੇ ਹੋਏ, ਸਮਾਜਕ ਵਿਤਕਰੇ ਅਤੇ ਸਾਰੀਆਂ ਸਭਿਅਕ ਸਹੂਲਤਾਂ ਤੋਂ ਸੱਖਣੇ ਇਨ੍ਹਾਂ ਲੋਕਾਂ ਵਿਚ ਆਇਅਨਕਲੀ ਨੇ ਜਾਗਰੂਕਤਾ ਪੈਦਾ ਕਰਨ ਲਈ ਸਿਰ ਤੋੜ ਯਤਨ ਕੀਤਾ। ਉਹ ਉਨ੍ਹਾਂ ਦੇ ਮਨਾਂ ਵਿਚ ਸਵੈ-ਭਰੋਸਗੀ, ਸਵੈ-ਮਾਣ ਅਤੇ ਸ਼ਾਨ ਦੀ ਭਾਵਨਾ ਉਤਪੰਨ ਕਰਨਾ ਚਾਹੁੰਦਾ ਸੀ। ਇਨ੍ਹਾਂ ਗਰੀਬਾਂ ਦੀਆਂ ਤਰਸਯੋਗ ਸਥਿਤੀ ਵਿਚ ਸੁਧਾਰ ਕਰਨ ਦੀ ਤੀਬਰ ਇੱਛਾ ਨੇ ਹੀ ਆਇਅਨਕਲੀ ਨੂੰ ਦੇਸ਼ ਦੇ ਦੂਰ ਦੁਰੇਡੇ ਹਿੱਸਿਆ ਵਿਚ ਜਾ ਕੇ ਇਨ੍ਹਾਂ ਲੋਕਾਂ ਨੂੰ ਆਪਣੇ ਹੱਕਾਂ ਲਈ ਉੱਚੀਆਂ ਜਾਤੀਆਂ ਤੇ ਸਾਧਨ-ਸੰਪਨ ਜਮਾਤਾਂ ਵਿਰੁੱਧ ਸੰਘਰਸ਼ ਲਈ ਪ੍ਰੇਰਤ ਕੀਤਾ ਸੀ।

ਉਨ੍ਹਾਂ ਦਿਨਾਂ ਵਿਚ ਤ੍ਰਿਵੇਂਦਰਮ ਸ਼ਹਿਰ ਵਿਖੇ ਇਕ ਮਹਾਂ-ਪੁਰਖ ਸੰਤ ਦਾ ਜੀਵਨ ਗੁਜਾਰ ਰਹੇ ਸਨ। ਉਹ ਅੰਗਰੇਜ਼ਾਂ ਦੀ ਮਦਦ ਨਾਲ ਵਿੱਦਿਆ ਪ੍ਰਾਪਤ ਕਰਕੇ ਸਰਕਾਰੀ ਨੌਕਰੀ ਕਰਦੇ ਸਨ। ਕਿਉਂ ਕਿ ਉਨ੍ਹਾਂ ਦੀ ਇੱਜ਼ਤ ਅੰਗਰੇਜ਼ਾਂ ਦੇ ਰਾਜਨੀਤਿਕ ਪਿੱਠੂ ਵੀ ਕਰਦੇ ਸਨ, ਇਸ ਲਈ ਉੱਚ-ਜਾਤੀ ਹਿੰਦੂਆਂ ਨੇ ਕਦੇ ਵੀ ਉਨ੍ਹਾਂ ਨਾਲ ਇਕ ਅਛੂਤ ਦਾ ਵਿਵਹਾਰ ਨਹੀਂ ਸੀ ਕੀਤਾ ਭਾਵੇਂ ਉਹ ਤਾਮਿਲ ਪਰਾਇਆ ਜਾਤੀ ਦੇ ਸਨ। ਉਹ ਸਨ ਥਾਐਕਾਟੂ ਆਇਅਨਸਵਾਮੀ। (ਉਹ ਨਰਾਇਣ ਗੁਰੂ ਸਵਾਮੀ ਅਤੇ ਪਿਲਏ ਛਤੰਪੀ ਸਵਾਮੀ ਦੇ ਗੁਰੂ ਸਨ। ਉਹ ਤਰਾਂਵਨਕੋਰ ਦੇ ਰਾਜਾ ਸੀ।) ਉਹ ਮੂਲਮ ਥੀਰੂਨਲ ਮਹਾਂਰਾਜਾ ਦੇ ਵੀ ਗੂੜੇ ਮਿੱਤਰ ਸਨ।

ਆਇਅਨਕਲੀ ਇਸ ਆਇਅਨਸਵਾਮੀ ਦੇ ਸ਼ਿਸ਼ ਸਨ ਪਰੰਤੂ ਆਇਅਨਕਲੀ ਦਾ ਝੁਕਾਅ ਧਾਰਮਿਕ ਪੱਖਾ ਜਾਂ ਮਸਲਿਆਂ ਵੱਲ ਬਿਲਕੁਲ ਹੀ ਨਹੀਂ ਸੀ। ਇਸ ਲਈ ਆਇਅਨ ਸਵਾਮੀ ਨੇ ਆਇਅਨਕਲੀ ਨੂੰ ਛੂਆ-ਛਾਤ ਅਤੇ ਜਾਤੀ-ਵਿਵਸਥਾ ਦੇ ਕੋਹੜ ਨੂੰ ਖਤਮ ਕਰਨ ਹਿਤ ਸਮਾਜ ਸੇਵਾ ਵਿਚ ਜੁਟਣ ਦਾ ਅਦੇਸ਼ ਦਿੱਤਾ।

ਆਪਣੇ ਗੁਰੂ ਜੀ ਦੀ ਹਾਜ਼ਰੀ 'ਚ ਹੀ ਆਇਅਨਕਲੀ ਨੇ ਇਹ ਸੌਂਹ ਖਾਧੀ ਕਿ ਜਿਨ੍ਹੀ ਦੇਰ ਤਕ ਉਹ ਸਮਾਜਿਕ ਬਰਾਬਰਤਾ ਦੀ ਸਥਾਪਤੀ ਲਈ ਕੋਈ ਪੱਕਾ ਆਧਾਰ ਕਾਇਮ ਨਹੀਂ ਕਰ ਲੈਂਦਾ ਉਨੀ ਦੇਰ ਤਕ ਉਹ ਉੱਚੀ ਜਾਤ ਦੇ ਕਿਸੇ ਵਿਅਕਤੀ ਨਾਲ ਕੋਈ ਦੋਸਤੀ ਨਹੀਂ ਕਰੇਗਾ। ਇਸ ਮਕਸਦ ਲਈ ਉਹ ਜਾਤੀ-ਵਿਵਸਥਾ ਦੇ ਸੱਪ ਦਾ ਸਿਰ ਕੁਚਲਣ ਲਈ ਵਚਨਵੱਧ ਸੀ।

ਅਛੂਤਾਂ ਦਾ ਕਿਉਂਕਿ ਆਪਣਾ ਕੋਈ ਧਰਮ ਨਹੀਂ ਸੀ। ਇਸ ਲਈ ਮੁੱਢ ਤੋਂ ਹੀ ਉਹ ਦਰਾਵੜ ਲੋਕਾਂ ਵਾਂਗ ਹੀ ਪੂਜਾ ਕਰਦੇ ਚਲੇ ਆ ਰਹੇ ਸਨ। ਉਹ ਆਪਣੇ ਪਿੱਤਰਾਂ ਨੂੰ ਖੁਸ਼ ਕਰਨ ਲਈ ਤਾੜੀ ਸ਼ਰਾਬ, ਅਰਕ, ਚੌਲਾ ਦਾ ਆਟਾ ਅਤੇ ਝਟਕਾਏ ਚੂਚਿਆਂ ਦੀ ਭੇਟਾ ਚੜ੍ਹਾਂਉਂਦੇ ਸਨ। ਜੇ ਕੋਈ ਬਿਮਾਰ ਹੋ ਜਾਂਦਾ ਤਾਂ ਸਮਝਿਆ ਜਾਂਦਾ ਕਿ ਕੋਈ ਪਿੱਤਰ ਗੁਸੇ ਹੈ ਜਾਂ ਕਿਸੇ ਭੂਤ ਦਾ ਸਾਇਆ ਹੈ। ਬਿਮਾਰੀ ਸਮੇਂ ਕਿਸੇ ਡਾਕਟਰ ਦੀ ਸਲਾਹ ਬਾਰੇ ਸੋਚਣਾ ਵੀ ਮਨਾਹੀ ਸੀ, ਸਗੋਂ ਆਪਣੇ ਕਬੀਲੇ ਦੇ ਜੋਤਸ਼ੀ ਕਮ ਹਕੀਮ ਦੀ ਸਲਾਹ ਲਈ ਜਾਂਦੀ ਸੀ। ਜਦੋਂ ਪਹਿਲੀ ਮਰਦਮ ਸ਼ੁਮਾਰੀ ਹੋਈ ਤਾਂ ਇਨ੍ਹਾਂ ਜਾਤੀਆਂ ਨੂੰ ਜਰਾਇਮ ਪੇਸ਼ਾ ਲੋਕਾਂ ਦੇ ਤੌਰ ਤੇ ਅੰਕਿਤ ਕੀਤਾ ਗਿਆ ਕਿਉਂਕਿ ਇਹ ਚਤਰ-ਵਰਣ ਵਿਵਸਥਾ ਤੋਂ ਬਾਹਰ ਸਨ। ਇਸ ਤਰ੍ਹਾਂ ਇਨ੍ਹਾਂ ਨੂੰ ਹਿੰਦੂਆਂ ਦੀ ਗਿਣਤੀ ਵਿਚ ਸ਼ਾਮਲ ਕੀਤਾ ਗਿਆ, ਕਿਉਂਕਿ ਬ੍ਰਾਹਮਣਵਾਦ ਤੋਂ ਪਹਿਲਾਂ ਉਹ ਜਾਂ ਤਾਂ ਜੈਨੀ ਸਨ ਜਾਂ ਬੋਧੀ ਜਾਂ ਨਾਸਤਿਕ ਸਨ। ਪਰੰਤੂ ਆਇਅਨਕਲੀ ਦੇ ਸਮੇਂ ਵੀ ਇਨ੍ਹਾਂ ਦੀ



ਗਿਣਤੀ ਹਿੰਦੂਆਂ 'ਚ ਹੀ ਕੀਤੀ ਜਾਂਦੀ ਸੀ, ਲੇਕਿਨ ਉਨ੍ਹਾਂ ਨੂੰ ਹਿੰਦੂਆਂ ਦੇ ਸਾਰੇ ਹੱਕਾਂ ਤੋਂ ਸਖਣੇ ਰਖਿਆ ਗਿਆ ਸੀ। ਆਇਅਨਕਲੀ ਇਹ ਸਪੱਸ਼ਟ ਤੌਰ ਤੇ ਸਮਝ ਗਏ ਸਨ ਕਿ ਦਲਿਤ ਉੱਚੀਆਂ ਜਾਤੀਆਂ ਤੇ ਪ੍ਰਭੁਤਵ-ਜਮਾਤਾਂ ਦੀ ਸ਼ਹਿ ਉੱਤੇ ਆਪਣੇ ਆਪ 'ਚ ਹੀ ਲੜੀ ਜਾ ਰਹੇ ਸਨ ਜਦ ਕਿ ਹਿੰਦੂ ਜਾਤੀਆਂ ਦੇ ਲੋਕ ਮੌਜਾ ਮਾਣ ਰਹੇ ਸਨ।

ਆਇਅਨਕਲੀ ਇਨ੍ਹਾਂ ਵਰਤਾਰਿਆਂ ਤੋਂ ਬੜਾ ਦੁਖੀ ਸੀ, ਉਸ ਦਾ ਮਨ ਆਪਣੇ ਲੋਕਾਂ ਦੀ ਮੁਕਤੀ ਬਾਰੇ ਹੀ ਸੋਚਦਾ ਰਹਿੰਦਾ ਸੀ। ਉਹ ਹਮੇਸ਼ਾਂ ਇਨ੍ਹਾਂ ਮਸਲਿਆਂ ਬਾਰੇ ਸੋਚਦਾ ਰਹਿੰਦਾ, ਆਪਣੇ ਬਾਰੇ ਖਿਆਲ ਕਰਨ ਜਾਂ ਸੋਚਣ ਦਾ ਤਾਂ ਉਸ ਪਾਸ ਸਮਾਂ ਹੀ ਨਹੀਂ ਸੀ। ਉਸ ਦੇ ਮਾਪੇ ਉਸ ਬਾਰੇ ਬੜੇ ਚਿੰਤਤ ਰਹਿੰਦੇ – ਅਖੀਰ ਉਨ੍ਹਾਂ ਨੇ ਆਇਅਨਕਲੀ ਦਾ ਵਿਆਹ ਚਿੱਲਮਾ ਨਾਮ ਦੀ ਲੜਕੀ ਨਾਲ ਮਾਰਚ ੧੯੮੮ ਵਿਚ ਕਰ ਦਿੱਤਾ। ਵਿਆਹ ਉਪਰੰਤ ਉਨ੍ਹਾਂ ਨੇ ਆਪਣਾ ਘਰ-ਬਾਰ ਠੇਕੇਵਿਲਾ ਵਿਖੇ ਤਬਦੀਲ ਕਰ ਲਿਆ ਸੀ। ਆਇਅਨਕਲੀ ਤੇ ਚਿੱਲਮਾ ਦੇ ਘਰ ਚਾਰ ਪੁੱਤਰ ਅਤੇ ਇਕ ਪੁੱਤਰੀ ਨੇ ਜਨਮ ਲਿਆ। ਉਨ੍ਹਾਂ ਦੀ ਇਹ ਧੀ ਕੇਰਲ ਵਿਧਾਨ ਸਭਾ ਦੇ ਡਿਪਟੀ ਸਪੀਕਰ ਟੀ. ਟੀ. ਕੇਸਵਨ ਸਾਸਤਰੀ ਨਾਲ ਵਿਆਹੀ ਗਈ ਸੀ।

**ਸਮਾਜਿਕ ਸੰਘਰਸ਼ ਦਾ ਆਰੰਭ-**

ਆਇਅਨਕਲੀ ਨੇ ਦੱਬੀਆਂ-ਕੁਚਲੀਆਂ ਜਮਾਤਾਂ ਦੇ ਆਪਣੇ ਦੋਸਤਾਂ ਨੂੰ ਇਕੱਠੇ ਕੀਤਾ। ਉਸ ਨੇ ਉਨ੍ਹਾਂ ਨੂੰ ਆਪਣੇ ਹੀ ਤਲਖ਼ ਤੇ ਅਪਮਾਨਜਨਕ ਤਜ਼ਰਬਿਆਂ ਬਾਰੇ ਦੱਸਿਆ। ਉਸ ਨੇ ਦਸਿਆ ਕਿ ਉਨ੍ਹਾਂ ਦੀ ਉਨਤੀ ਦੇ ਰਸਤੇ ਵਿਚ ਮੁਖ-ਮੁਸ਼ਕਲ ਛੂਆ-ਛੂਤ ਦੀ ਬੁਰਾਈ ਹੈ। ਇਸ ਦੀ ਸਮਾਪਤੀ ਲਈ ਇਹ ਜ਼ਰੂਰੀ ਹੈ ਕਿ ਇਨ੍ਹਾਂ ਜਾਤੀਆਂ ਨੂੰ ਇਕੱਠਾ ਕੀਤਾ ਜਾਵੇ। ਹੁਣ ਉਹ ਸਾਰੇ ਸਮਝ ਗਏ ਸਨ ਕਿ ਬੇਸਹਾਰੇ, ਗਰੀਬ ਅਤੇ ਅਛੂਤਾਂ ਲਈ ਏਕਤਾ ਹੀ ਇਕ ਤਾਕਤ ਹੋ ਸਕਦੀ ਹੈ। ਉਨ੍ਹਾਂ ਨੇ ਹੁਣ ਇਕ ਸਮੂਹ ਦੇ ਤੌਰ ਤੇ ਹੀ ਵਿਚਰਨਾ ਸ਼ੁਰੂ ਕਰ ਦਿੱਤਾ। ਸ਼ੁਰੂ ਸ਼ੁਰੂ ਵਿਚ ਉਨ੍ਹਾਂ ਦੀ ਰਹਿਨੁਮਾਈ। ਕਰਨ ਵਾਲਾ ਵੀ ਕੋਈ ਨਹੀਂ ਸੀ। ਲੇਕਿਨ ਉਨ੍ਹਾਂ ਨੇ ਸਭ ਤੋਂ ਪਹਿਲਾਂ ਅਨ੍ਹਿਆ ਤੇ ਬੇਇਨਸਾਫੀ ਵਿਰੁੱਧ ਉੱਚੀ ਉੱਚੀ ਬੋਲਣਾ ਸ਼ੁਰੂ ਕੀਤਾ। ਇਸ ਦੇ ਪ੍ਰਤੀਕਰਮ ਦੇ ਤੌਰ ਤੇ ਉੱਚੀਆਂ ਜਾਤੀਆਂ ਨੇ ਉਨ੍ਹਾਂ ਨੂੰ 'ਧਿਕਾਰੀ' ਜਾਂ 'ਨਿਸੇਧੀ' ਭਾਵ ਬੇਹੱਯਾ ਤੇ ਗੁਸਤਾਖ ਕਹਿਕੇ ਨਿੰਦਿਆ ਕਰਨੀ ਸ਼ੁਰੂ ਕੀਤੀ।

ਪ੍ਰਚਲਤ ਸਮਾਜਿਕ ਬੇਇਨਸਾਫੀ ਨੇ ਅਛੂਤਾਂ ਨੂੰ ਸਿੱਖਿਆ ਪ੍ਰਾਪਤੀ ਜਾਂ ਸਾਖਰਤਾ ਦੀ ਪ੍ਰਾਪਤੀ ਤੋਂ ਵੀ ਵੰਚਿਤ ਕਰੀ ਰੱਖਿਆ ਸੀ। ਇਸ ਸਦਕਾ ਸੌ ਸੌ ਸਾਲ ਤਕ ਤਾਂ ਉਹ ਅਨਪੜ੍ਹ ਹੀ ਰਹਿੰਦੇ, ਇਸ ਪਿਛੋਂ ਉਹ ਪਹਿਲਾਂ ਗੁਲਾਮ ਅਤੇ ਬਾਅਦ ਵਿਚ ਉਹ ਦਾਸ ਬਣਦੇ। ਭਾਵੇਂ ਕਿ ਭਾਰਤ ਦੇ ਪਰੰਪਰਾਗਤ ਸਮਾਜਿਕ ਕਾਨੂੰਨਾ ਅਨੁਸਾਰ ਆਇਅਨਕਲੀ ਨੇ ਕੋਈ ਅਕਾਦਮਿਕ ਸਿੱਖਿਆ ਪ੍ਰਾਪਤ ਨਹੀਂ ਕੀਤੀ ਸੀ ਕਿਉਂ ਕਿ ਉਸ ਨੂੰ ਸਕੂਲ ਵਿਚ ਦਾਖਲਾ ਨਹੀਂ ਸੀ ਮਿਲ ਸਕਿਆ, ਫਿਰ ਵੀ ਉਹ ਆਪਣੇ ਵਿਚਾਰ ਸਾਫ਼ ਤੇ ਸਪੱਸ਼ਟ ਭਾਸ਼ਾ ਵਿਚ ਪੇਸ਼ ਕਰਨ ਦੀ ਸਮਰੱਥਾ ਰਖਦਾ ਸੀ।

ਉਹ ਸਮਝਦਾ ਸੀ ਕਿ ਉਸ ਨੇ ਮਿਹਨਤ ਮੁਸ਼ੱਕਤ ਕਰਨ ਵਾਲੇ ਲੋਕਾਂ ਨੂੰ ਉੱਚੀਆਂ ਜਾਤੀਆਂ ਦੀ ਸਰਦਾਰੀ ਤੋਂ ਮੁਕਤ ਕਰਾਉਣਾ ਹੈ। ਸਕੂਲਾਂ ਵਿਚ ਦਾਖਲਾ ਲੈਣ ਦੀ ਸੁਤੰਤਰਤਾ ਦੀ ਗੈਰ-ਹਾਜ਼ਰੀ ਅਤੇ ਜਨਤਕ ਥਾਵਾਂ ਵਿਚ ਪ੍ਰਵੇਸ਼ ਦੀ ਮਨਾਹੀ ਨੇ ਦੱਬੇ-ਕੁਚਲੇ ਲੋਕਾਂ ਨੂੰ ਸਰਕਾਰੀ ਸੇਵਾਵਾਂ ਦੀ ਪ੍ਰਾਪਤੀ ਤੋਂ ਅੱਡ / ਸੱਖਣਾ ਰੱਖਿਆ ਹੋਇਆ ਹੈ। ਉਨ੍ਹਾਂ ਨੂੰ ਘਰਾਂ ਲਈ ਜ਼ਮੀਨ ਜਾਂ ਖੇਤੀਯੋਗ ਜ਼ਮੀਨ ਜਾਂ ਪਸ਼ੂ ਅਤੇ ਅਜਿਹੀ ਹੋਰ ਦੌਲਤ ਰੱਖਣ ਦੀ ਅਗਿਆ ਨਹੀਂ ਸੀ। ਆਪਣੇ ਸਿਰ ਢਕਣ ਲਈ ਝੌਂਪੜੀ ਦੀ ਉਸਾਰੀ ਲਈ ਉਹ ਆਪਣੇ ਲੈਂਡਲਾਰਡਾਂ/ ਭੂਮੀ ਮਾਲਕਾਂ ਉੱਤੇ ਨਿਰਭਰ ਸਨ। ਜ਼ਮੀਨ-ਮਾਲਕ ਉਨ੍ਹਾਂ ਨੂੰ ਦਾਸ ਜਾਂ ਗੁਲਾਮ ਬਣਾ ਕੇ ਰੱਖਦੇ ਸਨ ਅਤੇ ਉਨ੍ਹਾਂ ਨੂੰ ਕਦੇ ਵੀ ਗੁਜ਼ਾਰੇ ਯੋਗ ਤਨਖਾਹ ਨਹੀਂ ਦਿੱਤੀ ਜਾਂਦੀ ਸੀ। ਜਿਸ ਨਾਲ ਉਹ ਪੇਟ ਭਰਕੇ ਖਾਣਾ ਖਾ ਸਕਦੇ। ਇਸ ਤਰ੍ਹਾਂ ਇਹ ਹੱਥੀਂ ਸਖ਼ਤ ਮਿਹਨਤ ਕਰਨ ਵਾਲੇ ਅਜਿਹੀ ਹਾਲਤ 'ਚ ਰੱਖੇ ਜਾਂਦੇ ਤਾਂ ਕਿ ਉਹ ਸਾਰੀ ਉਮਰ ਆਪਣਾ ਪੇਟ ਅੱਧਾ ਹੀ ਭਰ ਸਕਣ ਦੇ ਕਾਬਲ ਰਹਿਣ। ਜਾਤੀ-ਨਿਯਮਾਂ ਅਨੁਸਾਰ ਇਹ ਅੱਤ ਦੇ ਗਰੀਬ ਲੋਕ ਮਨੁੱਖੀ ਹੱਕਾਂ ਨੂੰ ਪ੍ਰਾਪਤ ਕਰਨ ਦੇ ਕਾਬਲ ਨਹੀਂ ਸਨ। ਉਨ੍ਹਾਂ ਦਾ ਸਿਰਫ ਇਕੋ ਹੱਕ ਸੀ ਕਿ ਉਹ ਸਾਰਾ ਜੀਵਨ ਬਗੈਰ ਮੁਆਵਜ਼ੇ ਤੋਂ ਮਿਹਨਤ

ਮਜ਼ਦੂਰੀ ਕਰਦੇ ਰਹਿਣ। ਭਾਵੇਂ ਕਿ ਉਨ੍ਹਾਂ ਨੂੰ ਦੁੱਖ ਬੇਇਜ਼ਤੀ, ਨਿੰਦਾ ਅਤੇ ਗੁਲਾਮੀ ਭਰਿਆ ਜੀਵਨ ਜੀਉਣਾ ਪਵੇ।

ਆਇਅਨਕਲੀ ਨੂੰ ਸਮਾਜਿਕ ਦਰਜਾਬੰਦੀ ਤੇ ਆਧਾਰਤ ਨਾ ਬਰਾਬਰੀ ਤੋਂ ਪੂਰੀ ਖਿਝ ਸੀ। ਉਸ ਦੇ ਭਾਈਚਾਰੇ ਦੀ ਪ੍ਰਗਤੀ ਵਿਚ ਜੋ ਵੀ ਸੰਸਥਾ ਰੁਕਾਵਟ ਬਣਦੀ ਸੀ। ਉਸ ਦਾ ਵਿਰੋਧ ਕਰਨਾ ਆਇਅਨਕਲੀ ਦਾ ਜੀਵਨ ਮਿਸ਼ਨ ਸੀ।

ਪਬਲਿਕ ਸੜਕਾਂ ਤੇ ਰਸਤੇ ਸਾਰੇ ਮਨੁੱਖਾਂ ਦੀ ਵਰਤੋਂ ਲਈ ਖੁਲ੍ਹੇ ਹੋਣੇ ਚਾਹੀਦੇ ਹਨ। ਜੇ ਅਜਿਹਾ ਹੋਵੇ ਤਾਂ ਹਰ ਮਨੁੱਖ ਇਨ੍ਹਾਂ ਉੱਤੇ ਚਲ ਫਿਰ ਸਕਦਾ ਹੈ। ਲੰਬਾ ਸਫ਼ਰ ਕਰਨਾ ਆਸਾਨ ਕੰਮ ਨਹੀਂ ਹੈ। ਉਨ੍ਹਾਂ ਦਿਨਾਂ ਵਿਚ ਸਫ਼ਰ ਦਾ ਆਮ ਸਾਧਨ ਬਲਦਾ-ਗੱਡਾ ਜਾਂ ਸਫ਼ਰ ਗੱਡੀ ਹੀ ਹੁੰਦੀ ਸੀ। ਪਰੰਤੂ ਇਨ੍ਹਾਂ ਸਾਧਨਾਂ ਦੀ ਵਰਤੋਂ ਕਰਨੀ ਅਛੂਤਾਂ ਲਈ ਤਾਂ ਮਨ੍ਹਾਂ ਸੀ। ਆਇਅਨਕਲੀ ਨੇ ਇਸ ਪਾਬੰਦੀ ਉੱਤੇ ਪ੍ਰਸ਼ਨ-ਚਿੰਨ ਲਾਉਣ ਦਾ ਹੌਸਲਾ ਕੀਤਾ। ਉਸ ਨੇ ਇਕ ਗੱਡਾ ਅਤੇ ਦੋ ਸਫੈਦ ਰੰਗੇ ਸਡੌਲ ਸਰੀਰ ਦੇ ਮਾਲਕ ਬਲਦ ਖਰੀਦੇ। ਉੱਤੇ ਚਿਟੀ ਸਾਫ਼ ਪਗੜੀ ਬੰਨ੍ਹੀ ਅਤੇ ੧੮੯੮ ਦੀ ਇਕ ਸ਼ੁੱਭ ਸਵੇਰ ਨੂੰ ਆਇਅਨਕਲੀ ਆਪਣੇ ਬਲਦ-ਗੱਡੇ ਉੱਤੇ ਬੈਠ ਕੇ ਜਾਤੀ-ਨਿਯਮਾਂ/ ਕਾਨੂੰਨਾਂ ਨੂੰ ਚੈਲਿਜ ਕਰਦਾ ਹੋਇਆ ਵਰਜਿਤ ਰਾਹਾਂ ਅਤੇ ਸੜਕਾਂ ਉੱਤੇ ਚਲ ਪਿਆ।

ਵਿਰੋਧੀਆਂ ਦੇ ਗੁੱਸੇ ਦੀ ਹੱਦ ਨਾ ਰਹੀ, ਉਹ ਆਇਅਨਕਲੀ ਵੱਲ ਦੌੜੇ ਤਾਂ ਕਿ ਜਾਤੀ ਕਾਨੂੰਨ ਤੋੜਨ ਕਰਕੇ ਫਿਰ ਉਸ ਨੂੰ ਕੈਦ ਕਰ ਸਕਣ। ਆਇਅਨਕਲੀ ਇਕੱਲਾ ਹੀ ਸੀ, ਪਰੰਤੂ ਹੁਣ ਤੱਕ ਉਸ ਦੇ ਬੁਲੰਦ ਹੌਂਸਲੇ ਦੀਆਂ ਧੁੰਮਾਂ ਪੈ ਚੁੱਕੀਆਂ ਸਨ। ਅਛੂਤਾਂ ਦੇ ਜਨਮ-ਅਧਿਕਾਰ ਨੂੰ ਸਥਾਪਤ ਕਰਨ ਲਈ ਉਸ ਨੇ ਆਪਣੀ ਜਾਨ ਖਤਰੇ 'ਚ ਪਾ ਦਿੱਤੀ ਸੀ। ਉਸ ਦੇ ਵਿਰੋਧੀ ਹਾਰ ਗਏ ਸਨ ਅਤੇ ਉਹ ਜੇਤੂ ਨਿਕਲਿਆ ਸੀ। ਉਨੀਵੀਂ ਸਦੀ ਦੇ ਅਖੀਰ ਦੀ ਇਹ ਘਟਨਾ ਚਲੀਆ ਸਟਰੀਟ ਵਿਦਰੋਹ' ਦੇ ਨਾਮ ਨਾਲ ਜਾਣੀ ਗਈ ਸੀ।

ਉੱਚੀ-ਜਾਤੀ ਦੇ ਲੋਕਾਂ ਨੇ ਇਸ ਦਿਨ ਤੋਂ ਬਾਅਦ ਉਸ ਦੀਆਂ ਸਰਗਮੀਆਂ ਨੂੰ ਬੜੇ ਧਿਆਨ ਨਾਲ ਦੇਖਣਾ-ਵਾਚਣਾ ਸ਼ੁਰੂ ਕਰ ਦਿੱਤਾ ਸੀ। ਬਲਦ-ਗੱਡੇ ਨਾਲ ਸ਼ੁਰੂ ਹੋਈ ਇਹ ਪਹਿਲੀ ਜਦੋ-ਜਹਿਦ ਭਵਿੱਖ ਵਿਚ ਚੱਲਣ ਵਾਲੀਆਂ ਮੁਕਤੀ ਲਹਿਰਾਂ ਲਈ ਇਕ ਬੀਜ ਸਿੱਧ ਹੋਈ ਸੀ।

ਦਲਿਤਾਂ ਦੀ ਇਸ ਪਹਿਲੀ ਜਿੱਤ ਨੇ ਵੇਂਗਾਨੂਰ ਪਿੰਡ ਵਿਚ ਅਤੇ ਇਸ ਦੇ ਆਸ-ਪਾਸ ਇਲਾਕਿਆਂ 'ਚ ਆਇਅਨਕਲੀ ਦੀ ਲਡਿਰਸ਼ਿੱਪ ਸਥਾਪਤ ਕਰ ਦਿੱਤੀ ਸੀ। ਹੁਣ ਦੱਬੀਆਂ-ਕੁਚਲੀਆਂ ਜਮਾਤਾਂ ਦੇ ਲੋਕਾਂ ਦੀਆਂ ਉਪ-ਜਾਤੀਆਂ ਦੀ ਏਕਤਾ ਹੀ ਉਸ ਦਾ ਸਰੋਕਾਰ ਨਹੀਂ ਸੀ, ਲੇਕਿਨ ਉਹ ਸਾਰੀਆਂ ਹੀ ਸਮਾਜਿਕ ਤੌਰ ਤੇ ਅਯੋਗ ਘੋਸ਼ਿਤ ਕੀਤੀਆਂ ਜਾਤੀਆਂ ਅਤੇ ਦੂਸਰੇ ਲੁੱਟ ਦੇ ਸ਼ਿਕਾਰ ਲੋਕਾਂ ਨੂੰ ਇਕੱਠੇ ਕਰਕੇ ਇਕ ਸਮੂਹਿਕ ਜਾਤੀ ਰਾਹੀਂ ਤਾਕਤ ਪੈਦਾ ਕਰਨੀ ਚਾਹੁੰਦਾ ਸੀ। ਇਨ੍ਹਾਂ ਦੱਬੇ ਕੁਚਲੇ ਲੋਕਾਂ ਦੀ ਭਲਾਈ ਲਈ ਉਸ ਨੇ ਆਪਣੀ ਸਾਰੀ ਦੌਲਤ ਲਗਾ ਦਿੱਤੀ।

ਉਸ ਦੇ ਪੈਰੋਕਾਰਾਂ ਨੂੰ 'ਆਇਅਨਕਲੀ ਪੈਂਡਾ ਕਿਹਾ ਜਾਂਦਾ ਸੀ। ਪਬਲਿਕ ਸੜਕਾਂ ਤੇ ਰਸਤੇ ਦੀ ਵਰਤੋਂ ਉਤੇ ਆਪਣਾ ਜਨਮ ਸਿੱਧ ਅਧਿਕਾਰ ਪ੍ਰਾਪਤ ਕਰਨ ਲਈ ਆਇਅਨਕਲੀ ਨੇ ਆਪਣੇ ਸਾਥੀਆਂ ਸਮੇਤ ਵੈਂਗਨੂਰ ਤੋਂ ਅਰਾਲੂਮੂਡ ਦੀ ਸੜਕ ਉੱਤੇ ੧੮੯੮ ਵਿਚ ਮੁਹਿੰਮ ਚਲਾਈ। ਉਹ ਜ਼ੁਲਮ ਕਰਨ ਵਾਲਿਆਂ ਤੋਂ ਕਦੇ ਵੀ ਰਹਿਮ ਦੀ ਮੰਗ ਨਹੀਂ ਸੀ ਕਰਦਾ। ਉਸ ਦਾ ਇਹ ਵੀ ਦ੍ਰਿੜ ਵਿਸ਼ਵਾਸ਼ ਸੀ ਕਿ ਉਨ੍ਹਾਂ ਨੂੰ ਗੁਲਾਮ ਬਣਾਕੇ ਰੱਖਣ ਵਾਲੇ ਲੋਕਾਂ ਦੇ ਮਨ ਤੇ ਝੁਕਾਅ ਉਨ੍ਹੀਂ ਦੇਰ ਤਕ ਨਹੀਂ ਤਬਦੀਲ ਹੋਣਗੇ ਜਦੋਂ ਤੱਕ ਜ਼ੁਲਮ ਸਹਿਣ ਵਾਲੇ ਰਲਕੇ ਸੰਘਰਸ਼ ਨਹੀਂ ਕਰਦੇ। ਇਸੇ ਕਰਕੇ ਉਸ ਨੇ ਇਹ ਮੁਹਿੰਮ ਸ਼ੁਰੂ ਕੀਤੀ ਸੀ।

ਦਲਿਤਾਂ ਨੇ ਵੀ ਮੈਦਾਨ ਨਹੀਂ ਛਡਿਆ, ਭਾਵੇਂ ਕਿ ਸੜਕ ਉੱਤੇ ਲਹੂ ਲੁਹਾਨ ਹੋ ਗਏ ਸਨ। ਖ਼ੂਨ ਨਾਲ ਭਿੱਜੀ ਸੜਕ ਦੇ ਹਿੱਸੇ ਉੱਤੇ ਹੀ ਖੜ੍ਹਾ ਹੋ ਕੇ ਆਇਅਨਕਲੀ ਨੇ ਆਪਣਾ ਖ਼ੂਨ ਨਾਲ ਲਿਬੜਿਆਂ ਹੱਥ ਖੜਾ ਕਰਕੇ ਆਮ ਸੜਕਾਂ ਦੀ ਵਰਤੋਂ ਕਰਨ ਦੇ ਆਪਣੇ ਹੱਕ ਦਾ ਐਲਾਨ ਕੀਤਾ ਸੀ।

ਇਸ ਵਿਦਰੋਹ ਦੀ ਖ਼ਬਰ ਸੁਣਦਿਆਂ ਹੀ ਦਲਿਤ ਬੜੇ ਹੌਸਲੇ ਤੇ ਤਾਕਤ ਨਾਲ ਆਪਣੀ ਮੁਕਤੀ ਲਈ ਉਠ ਖੜੇ ਹੋਏ ਸਨ। ਉਨ੍ਹਾਂ ਨੇ ਅਜਿਹੇ ਸੰਘਰਸ਼ ਸਾਰੇ ਦੇਸ਼ 'ਚ ਹੀ ਆਰੰਭ ਦਿਤੇ ਸਨ, ਸਿਟੇ ਵਜੋਂ ਸਾਰੇ ਦੱਖਣੀ ਕੇਰਲ ਵਿਚ ਕਈ ਲਹੂ-ਲੁਹਾਨ ਵਿਦਰੋਹ ਸ਼ੁਰੂ ਹੋਏ।



ਆਇਅਨਕਲੀ ਸਿਰਫ਼ ਪ੍ਰਚਾਰ ਹੀ ਨਹੀਂ ਸੀ ਕਰਦਾ। ਉਹ ਵਿਚਾਰਾਂ ਨੂੰ ਵਿਵਹਾਰਕ ਰੂਪ 'ਚ ਲਾਗੂ ਵੀ ਕਰਦਾ ਸੀ। ਇਸੇ ਲਈ ਹੁਣ ਉਹ 'ਅਛੂਤਾਂ' ਦਾ ਇਕੋ ਇਕ ਲੀਡਰ ਐਲਾਨਿਆ ਜਾ ਚੁੱਕਾ ਸੀ।

ਅਛੂਤਾਂ ਦਾ ਸਾਂਝਾ ਸੰਗਠਨ-

ਹਿੰਦੂ ਧਰਮ ਵਿਚ ਮਨੂੰ ਸਿਮਰਤੀ ਅਨੁਸਾਰ ਛੋਟੀਆਂ ਜਾਤੀਆਂ ਦੇ ਲੋਕਾਂ ਨੂੰ ਸਿੱਖਿਆ ਤੇ ਸਾਖਰਤਾ ਪ੍ਰਾਪਤੀ ਦੀ ਮਨਾਹੀ ਦਾ ਵਿਧਾਨ ਹੈ। ਉਨ੍ਹਾਂ ਨੂੰ ਪੁਜਾਰੀਆਂ ਵਲੋਂ ਉਚਾਰੇ ਸ਼ਬਦ ਤੇ ਭਜਨ ਸੁਣਨ ਤੋਂ ਵੀ ਰੋਕਿਆ ਗਿਆ ਹੈ। ਮਨੂੰ ਸਿਮਰਤੀ ਅਨੁਸਾਰ ਇਨ੍ਹਾਂ ਜਾਤੀਆਂ ਨੂੰ ਹੱਥੀਂ ਕੰਮੀਆਂ ਵਾਲੇ ਨੀਚ ਕੰਮ ਕਰਨ ਦੀ ਇਜਾਜ਼ਤ ਹੈ, ਅਜਿਹਾ ਕਰਕੇ ਉਚੀਆਂ ਜਾਤੀਆਂ ਦੀ ਦੌਲਤ ਵਿਚ ਵਾਧਾ ਕਰੀ ਜਾਂਦੇ ਸਨ ਜਦ ਕਿ ਉਹ ਲੋਕ ਖ਼ੁਦ ਹੱਥੀਂ ਕੰਮ ਨਹੀਂ ਕਰਦੇ ਸਨ ਭਾਵ ਕਿ ਉਹ ਉਤਪਾਦਨੀ ਕਿਰਿਆ ਤੋਂ ਮੁਕਤ ਸਨ। ਇਸ ਦੌਲਤ ਦੇ ਵਾਧੇ ਦਾ ਮਤਲਬ ਕਲਾ, ਸਾਹਿਤ, ਵਿਗਿਆਨ ਅਤੇ ਸਮੁਚੇ ਸਭਿਆਚਾਰ ਅਤੇ ਸੱਭਿਅਤਾ ਦੀ ਸਿਰਜਣ ਕਿਰਿਆ ਨੂੰ ਉਤਸਾਹਤ ਕਰਨਾ ਸੀ। ਇਹ ਸਪੱਸ਼ਟ ਹੈ ਕਿ ਸੱਭਿਆਚਾਰ ਤੇ ਸਭਿਅਤਾ ਦਾ ਆਧਾਰ ਹੱਥੀਂ ਕੰਮ ਕਰਨ ਵਾਲਿਆਂ ਦੀ ਮਜ਼ਦੂਰੀ ਸੀ ਜਿਸ ਸਦਕਾ ਦੌਲਤ ਪੈਦਾ ਹੁੰਦੀ ਸੀ। ਸੰਖੇਪ ਵਿਚ, ਅਛੂਤ ਜਾਂ ਦਲਿਤ ਜਿਹੜੇ ਦੇਸ਼ ਲਈ ਅੰਨ ਤੇ ਧਨ ਪੈਦਾ ਕਰਦੇ ਸਨ ਉਹੀ ਇਸ ਦੇਸ਼ ਦੇ ਸਭਿਆਚਾਰ ਤੇ ਕਲਾ ਦਾ ਧੁਰਾ ਸਨ। ਇਹੀ ਦੌਲਤ ਪੈਦਾ ਕਰਨ ਵਾਲੇ ਲੋਕਾਂ ਨੂੰ ਸਦੀਆਂ ਤੋਂ ਸਾਰੇ ਮਨੁੱਖੀ ਹੱਕਾਂ ਤੋਂ ਵਾਂਝੇ ਰਖਿਆ ਗਿਆ ਸੀ। ਦਰਅਸਲ ਉਨ੍ਹਾਂ ਨੂੰ ਐਨਾ ਨਪੀੜਿਆ ਗਿਆ ਕਿ ਮਿਟੀ ਨਾਲ ਹੀ ਮਿਲਾ ਦਿੱਤਾ ਸੀ।

ਇਨ੍ਹਾਂ ਦਾਸਾਂ ਤੇ ਅਛੂਤਾਂ ਦੀ ਮੁਕਤੀ ਲਈ ਹੀ ਆਇਅਨਕਲੀ ਮੈਦਾਨ ਵਿਚ ਨਿਤਰਿਆ ਸੀ। ਇਨ੍ਹਾਂ ਲੋਕਾਂ ਨੂੰ ਉਪਰ ਉਠਾਉਣ ਦਾ ਇਕੋ ਇਕ ਢੰਗ ਇਨ੍ਹਾਂ ਵਿਚ ਸਿੱਖਿਆ ਦਾ ਪਸਾਰ ਸੀ। ਅਛੂਤ ਹੋਣ ਕਾਰਨ ਉਸ ਨੂੰ ਖ਼ੁਦ ਵੀ ਇਸ ਹੱਕ ਤੋਂ ਵਾਂਝਾ ਰਹਿਣਾ ਪਿਆ ਸੀ। ਉਸ ਨੇ ਸਹੁੰ ਖਾ ਲਈ ਸੀ ਕਿ ਅਗਲੀ ਪੀੜ੍ਹੀ ਦੇ ਲੋਕ ਇਸ ਹੱਕ ਤੋਂ ਬਿਨਾ ਨਹੀਂ ਰਹਿਣ ਦਿੱਤੇ ਜਾਣਗੇ।

ਅਛੂਤਾਂ ਨੂੰ ਜੀਵਨ ਦੇ ਸਾਰੇ ਹੀ ਖੇਤਰਾਂ ਤੋਂ ਬਾਹਰ ਰਖਿਆ ਜਾਂਦਾ ਸੀ। ਉਹ ਸਰਕਾਰੀ ਅਹੁਦਿਆਂ ਉੱਤੇ ਨੌਕਰੀ ਨਹੀਂ ਕਰ ਸਕਦੇ ਸਨ।

ਦੂਸਰੇ ਪਾਸੇ ਸਾਰੀਆਂ ਦੀਆਂ ਸਾਰੀਆਂ ਸਰਕਾਰੀ ਨੌਕਰੀਆਂ ਉੱਚੀਆਂ ਜਾਤੀਆਂ ਲਈ ਰੀਜ਼ਰਵ ਸਨ ਭਾਵੇਂ ਕਿ ਉਹ ਲੋੜੀਦੀਆਂ ਵਿਦਿਅਕ ਯੋਗਤਾਵਾਂ ਉਨ੍ਹਾਂ ਪਾਸ ਹੁੰਦੀਆਂ ਸਨ ਜਾਂ ਨਹੀਂ। ਐਨੀ ਤਰਸਯੋਗ ਹਾਲਤ ਸੀ ਕਿ ਇਕ ਫੀ-ਸਦੀ ਵੀ ਨੌਕਰੀਆਂ ਅਛੂਤਾਂ ਲਈ ਰਿਜ਼ਰਵ ਨਹੀਂ ਸਨ। ਆਜ਼ਾਦੀ ਉਪਰੰਤ ਵੀ ਕੇਰਲ ਵਿਚ ੧੦ ਫੀ ਸਦੀ ਨੌਕਰੀਆਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਲੋਕਾਂ ਲਈ ਰਿਜ਼ਰਵ ਕੀਤੀਆਂ ਗਈਆਂ ਸਨ। ੯੦ ਫੀ ਸਦੀ ਉੱਚੀਆਂ ਜਾਤੀਆਂ ਲਈ ਅਜੇ ਵੀ ਰਿਜਰਵ ਛੱਡੀਆਂ ਸਨ। ਸੋ, ਅਛੂਤਾਂ ਤੋਂ ਸਦੀਆਂ ਤੋਂ ਹੀ ਇਹ ਹੱਕ ਖੋਹੇ ਗਏ ਸਨ। ਆਇਅਨਕਲੀ ਨੇ ਮਹਿਸੂਸ ਕੀਤਾ ਕਿ ਅਜਿਹੀ ਸਥਿਤੀ ਸਿਰਫ਼ ਸਿੱਖਿਆ ਦਾ ਪਸਾਰ ਨਾ ਹੋਣ ਕਾਰਨ ਅਤੇ ਜਾਤੀ ਆਧਾਰ ਤੇ ਵਿਤਕਰਾ ਹੋਣ ਕਾਰਨ ਹੀ ਪੈਦਾ ਹੋਈ ਹੈ।

ਆਇਅਨਕਲੀ ਇਸ ਬਾਰੇ ਵੀ ਸੁਚੇਤ ਸੀ ਕਿ ਸਿੱਖਿਆ ਪ੍ਰਾਪਤੀ ਸਿਰਫ਼ ਨੌਕਰੀਆਂ ਲਈ ਹੀ ਜ਼ਰੂਰੀ ਨਹੀਂ, ਇਹ ਤਾਂ ਅਛੂਤਾਂ ਵਿਚ ਦੂਸਰੇ ਹੱਕਾਂ ਦੀ ਪ੍ਰਾਪਤੀ ਪ੍ਰਤੀ ਅਹਿਸਾਸ ਪੈਦਾ ਕਰਨ ਲਈ ਵੀ ਜ਼ਰੂਰੀ ਹੈ ਤਾਂ ਕਿ ਉਹ ਵੀ ਦੂਸਰੇ ਲੋਕਾਂ ਵਾਂਗ ਜੀਵਨ ਮਾਣ ਸਕਣ। ਉਹ ਚਾਹੁੰਦਾ ਸੀ ਕਿ ਘੱਟੋ ਘੱਟ ਸਰਕਾਰੀ ਸਕੂਲਾਂ ਵਿਚ ਤਾਂ ਅਛੂਤਾਂ ਦੇ ਬੱਚਿਆਂ ਨੂੰ ਦਾਖਲੇ ਦਾ ਹੱਕ ਹੋਣਾ ਚਾਹੀਦਾ ਹੈ। ਬਦਕਿਸਮਤੀ ਨਾਲ ਸਰਕਾਰੀ ਸਕੂਲਾਂ ਦਾ ਪ੍ਰਬੰਧ ਚਲਾਉਣ ਵਾਲੇ ਵੀ ਉੱਚੀਆਂ ਜਾਤੀਆਂ ਦੇ ਲੋਕ ਹੀ ਸਨ ਜੋ ਅਛੂਤਾਂ ਨੂੰ ਇਨ੍ਹਾਂ ਹੱਕਾਂ ਤੋਂ ਵਿਰਵਾ ਰਖਦੇ ਆ ਰਹੇ ਸਨ। ਉਨ੍ਹਾਂ ਨੂੰ ਡਰ ਸੀ ਕਿ ਜੇ ਅਛੂਤ ਪੜ੍ਹ ਲਿਖ ਗਏ ਤਾਂ ਉਨ੍ਹਾਂ ਦੇ ਖੇਤਾਂ ਵਿਚ ਹੱਥੀਂ ਕੰਮ ਕਰਨ ਵਾਲਿਆਂ ਦੀ ਤਾਂ ਕਮੀ ਹੋ ਜਾਣੀ ਹੈ।

ਜਿਵੇਂ ਕਿ ਅਛੂਤਾਂ ਕੋਲ ਵਧੇਰੇ ਵਿਦਿਅਕ ਯੋਗਤਾਵਾਂ ਹੀ ਨਹੀਂ ਸਨ ਤਾਂ ਉਹ ਸਰਕਾਰੀ ਪਦਵੀਆਂ ਉੱਤੇ ਕਿਵੇਂ ਬਿਰਾਜਮਾਨ ਹੋ ਸਕਦੇ ਸਨ। ਜਿਹੜੇ ਕੁਝ ਥੋੜ੍ਹੇ-ਬਹੁਤੇ ਈਸਾਈ ਮਿਸ਼ਨਰੀਆਂ ਦੀ ਮਦਦ ਨਾਲ ਸਿੱਖਿਆ ਪ੍ਰਾਪਤ ਕਰ ਵੀ ਗਏ ਸਨ ਉਨ੍ਹਾਂ ਨੂੰ ਵੀ ਸਰਕਾਰੀ ਨੌਕਰੀਆਂ ਉੱਤੇ ਨਿਯੁਕਤ ਨਹੀਂ ਕੀਤਾ ਗਿਆ ਸੀ।

ਅਛੂਤਾਂ ਪਾਸ ਵਾਹੀ ਲਈ ਆਪਣੀ ਕੋਈ ਜ਼ਮੀਨ ਨਹੀਂ ਸੀ। ਕਿਉਂਕਿ ਜ਼ਮੀਨ ਮਾਲਕੀ ਦੇ ਹੱਕ ਦੀ ਉਨ੍ਹਾਂ ਨੂੰ ਮਨਾਹੀ ਸੀ। ਸੰਘਣੇ ਜੰਗਲਾਂ ਨਾਲ ਭਰੀ ਕੇਰਲ ਦੀ ਧਰਤੀ ਇਥੋਂ ਦੇ ਮੂਲ ਵਸਨੀਕਾਂ ਵਲੋਂ ਹੀ ਸਾਫ ਕੀਤੀ ਗਈ ਸੀ। ਉਨ੍ਹਾਂ ਨੇ ਹੀ ਉਸ ਜ਼ਮੀਨ ਨੂੰ ਵਾਹੀਯੋਗ ਬਣਾਇਆ ਸੀ। ਜਦੋਂ ਖੇਤੀਬਾੜੀ ਅਤੇ ਪਸ਼ੂ ਚਾਰਨ ਸਬੰਧੀ ਸਹੂਲਤਾਂ ਵਿਚ ਵਾਧਾ ਹੋਇਆ ਤਾਂ ਜਿਹੜੇ ਲੋਕ ਉੱਚੀਆਂ ਜਾਤੀਆਂ ਦੇ ਜਾਣੇ ਗਏ ਉਨ੍ਹਾਂ ਨੇ ਮੂਲ ਨਿਵਾਸੀਆਂ ਤੋਂ ਵਾਹੀਯੋਗ ਜ਼ਮੀਨਾਂ ਖੋਹ ਲਈਆਂ ਅਤੇ ਮਾਲਕੀ ਦੇ ਹੱਕ ਵੀ ਖੋਹ ਲਏ। (ਇਹ ਉਸੇ ਤਰ੍ਹਾਂ ਵਾਪਰਿਆ ਹੋਵੇ ਜਿਵੇਂ ਅੱਜ ਕੱਲ ਇਸ ਦੇਸ਼ ਦੇ ਬਸਿੰਦੇ ਕਬੀਲਾ ਲੋਕਾਂ ਪਾਸੋਂ ਜ਼ਮੀਨਾਂ ਖੋਹ ਰਹੇ ਹਨ।) ਅਤੇ ਮੂਲ ਨਿਵਾਸੀਆਂ ਨੂੰ ਗੁਲਾਮ ਬਣਾ ਲਿਆ ਗਿਆ।

ਅਛੂਤਾਂ ਨੂੰ ਸਿੱਖਿਆ ਦੇਣ ਲਈ ਆਇਅਨਕਲੀ ਨੇ ਪ੍ਰੀ-ਪ੍ਰਾਈਮਰੀ ਸਕੂਲਾਂ ਦੀ ਸਥਾਪਨਾ ਕਰਨ ਦਾ ਫੈਸਲਾ ਲਿਆ। ਅਜਿਹਾ ਪਹਿਲਾ ਸਕੂਲ ਵੇਂਗਨੂਰ ਵਿਖੇ ੧੯੦੪ ਵਿਚ ਸਥਾਪਤ ਕੀਤਾ ਜਿਸ ਨੂੰ ਉਸੇ ਹੀ ਦਿਨ ਉਚ-ਜਾਤੀ ਲੋਕਾਂ ਨੇ ਅੱਗ ਲਾਕੇ ਸਾੜ ਕੇ ਤਬਾਹ ਕਰ ਦਿਤਾ। ਇਸ ਘਟਨਾ ਦੇ ਸਿਟੇ ਬੜੇ ਭਿਆਨਕ ਨਿਕਲੇ। ਦੋਨੋਂ ਧਿਰਾਂ 'ਚ ਆਪਸੀ ਝਗੜੇ ਸ਼ੁਰੂ ਹੋ ਗਏ ਜਿਸ ਸਕਦਾ ਅਸ਼ਾਂਤੀ ਤੇ ਹੋਰ ਦੁੱਖ-ਮੁਸੀਬਤਾਂ ਉਠ ਖੜੀਆਂ ਹੋਈਆਂ। ਇਸ ਦਾ ਸਿੱਟਾ ਆਇਅਨਕਲੀ ਦੀ ਹੋਰ ਮਜ਼ਬੂਰੀ ਵਿਚ ਨਿਕਲਿਆ ਕਿਉਂ ਕਿ ਉਸ ਦੇ ਮਗਰ ਹੁਣ ਸਾਰੀਆਂ ਅਛੂਤ ਜਾਤੀਆਂ ਇਕੱਠੀਆਂ ਹੋ ਗਈਆਂ ਸਨ ਅਤੇ ਹੁਣ ਜਮਾਂਦਰੂ ਹੱਕਾਂ ਲਈ ਲੜਾਈ ਨਿੱਠ ਕੇ ਸ਼ੁਰੂ ਹੋ ਗਈ ਸੀ। ਮੁੱਢਲੀ ਨਿਰਾਸ਼ਾ ਨੇ ਅਛੂਤਾਂ ਨੂੰ ਮਜ਼ਬੂਰ ਕਰ ਦਿੱਤਾ ਕਿ ਉਹ ਈਸਾਈਆਂ ਦੇ ਕੈਂਪ ਵਿਚ ਈਸਾਈਮਤ ਵਿਚ ਜਾ ਸ਼ਾਮਲ ਹੋਣ। ਅਸਲ ਵਿਚ ਇਸ ਨੂੰ ਧਰਮ-ਪ੍ਰੀਵਰਤਨ ਨਹੀਂ ਕਿਹਾ ਜਾ ਸਕਦਾ, ਕਿਉਂਕਿ ਦਲਿਤਾਂ ਦੇ ਆਪਣੇ ਧਰਮ-ਬੁਧਿਜ਼ਮ ਤੇ ਜੈਨਿਇਜ਼ਮ ਆਦਿ, ਅਲੋਪ ਹੋਣ ਉਪਰੰਤ ਉਨ੍ਹਾਂ ਨੇ ਕਿਸੇ ਵੀ ਧਰਮ ਨੂੰ ਨਹੀਂ ਅਪਣਾਇਆ ਸੀ, ਉਹ ਧਰਮ ਤੋਂ ਬਗੈਰ ਹੀ ਜੀਵਨ ਜੀਉਂਦੇ ਆ ਰਹੇ ਸਨ।

'ਅਰਸ਼ ਭਾਰਥਾ' ਦੀਆਂ ਹਿੰਦੂ ਜਾਤੀਆਂ ਨੇ ਅਛੂਤਾਂ ਨੂੰ ਕਦੇ ਵੀ ਹਿੰਦੂ ਨਹੀਂ ਮੰਨਿਆ ਸੀ। ਰਿਗਵੇਦ ਦੇ "ਪੁਰਸ਼ ਸੂਕਤ" ਅਨੁਸਾਰ ਅਛੂਤ ਚਾਰ-ਵਰਣ ਵਿਵਸਥਾ ਤੋਂ ਬਾਹਰ ਸਨ। ਜੇ ਅਛੂਤ ਹਿੰਦੂ ਹੀ ਹੁੰਦੇ ਤਾਂ ਉਨ੍ਹਾਂ ਦੇ 'ਮੰਦਰ ਪਰਵੇਸ਼' ਦਾ ਸਵਾਲ ਉਤਪਨ ਹੋਣ ਦਾ ਕੋਈ ਮਤਲਬ ਹੀ ਨਹੀਂ ਹੋਣਾ ਸੀ। ਭਾਰਤੀ ਇਤਿਹਾਸ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਧਰਮ ਦੇ ਮਾਮਲੇ 'ਚ ਹਿੰਦੂ ਜਾਤੀਆਂ ਨੇ ਅਛੂਤਾਂ ਦੇ ਨਾਲ ਈਸਾਈਆਂ ਤੇ ਮੁਸਲਮਾਨਾਂ ਨੂੰ ਵੀ ਬਰਾਬਰ ਰਖਿਆ ਹੈ।

ਸੋ, ਵਿਚਾਰੇ ਅਛੂਤਾਂ ਈਸਾਈ ਮਤ ਬੁੱਧ ਇਜ਼ਮ ਜਾਂ ਇਸਲਾਮ ਧਰਮ ਧਾਰਨ ਕਰਦੇ ਰਹੇ, ਲੇਕਿਨ ਵਿਸ਼ਵਾਸ਼ ਦੇ ਤੌਰ ਤੇ ਨਹੀਂ ਸਗੋਂ ਹਿੰਦੂਆਂ ਦੇ ਧਾਰਮਿਕ ਕੋਡਜ਼ ਦੇ ਵਿਰੋਧ ਵਿਚ ਜਿਹੜੇ ਦਲਿਤਾਂ ਦੇ ਹਿੱਤਾ ਲਈ ਨੁਕਸਾਨਦੇਹ ਸਨ। ਅਸਲੀਅਤ ਤਾਂ ਇਹ ਹੈ ਕਿ ਹਿੰਦੂਆਂ ਨੇ ਦੁਰ-ਵਿਵਹਾਰ ਕਰਕੇ ਅਛੂਤਾਂ ਨੂੰ ਦੂਸਰੇ ਧਰਮਾਂ ਦੇ ਹੱਥਾਂ 'ਚ ਜਾਣ ਲਈ ਮਜ਼ਬੂਰ ਕੀਤਾ। ਸਦਾਨੰਦ ਸਵਾਮੀ ਹਿੰਦੂ-ਸੰਤ ਨੇ ਇਹ ਅਨੁਭਵ ਕਰ ਲਿਆ ਸੀ ਕਿ ਅਛੂਤਾਂ ਦਾ ਇਹ ਫੈਸਲਾ ਹਿੰਦੂਇਜ਼ਮ ਲਈ ਕਿੱਡਾ ਵੱਡਾ ਖਤਰਾ ਤੇ ਮੁਸੀਬਤ ਸਿੱਧ ਹੋਵੇਗਾ। ਉਸ ਨੇ ਉਚ-ਜਾਤੀ ਹਿੰਦੂਆਂ ਨੂੰ ਸਹੀ ਚਿਤਾਵਨੀ ਦਿੱਤੀ ਸੀ ਜੋ ਵਿਅਰਥ ਹੀ ਗਈ।

ਸਦਾਨੰਦ ਸਵਾਮੀ ਦੇ ਇਸ਼ਾਰੇ ਉੱਤੇ ਆਇਅਨਕਲੀ ਤੇ ਉਸ ਦੇ ਸਾਥੀਆਂ ਨੇ ਵੇਂਗਨੂਰ ਤੋਂ ਤ੍ਰੀਵਿੰਦਰਮ ਤੱਕ ਜਾਂਦੀ ਸੜਕ ਉੱਤੇ ਆਪਣੀ ਤੁਰਨ-ਫਿਰਨ ਦੀ ਸੁਤੰਤਰਤਾ ਦੀ ਘੋਸ਼ਨਾ ਕੀਤੀ ਸੀ ਲੇਕਿਨ ਜਦੋਂ ਹੀ ਉਨ੍ਹਾਂ ਨੇ ਵਾਪਸ ਪਰਤਣਾ ਸ਼ੁਰੂ ਕੀਤਾ ਤਾਂ ਹਿੰਦੂ ਜਾਤੀਆਂ ਨੇ ਉਨ੍ਹਾਂ ਉੱਤੇ ਜ਼ਾਲਮ ਜੰਗਲੀ ਜਾਨਵਰਾਂ ਵਾਂਗ ਹਮਲਾ ਕਰ ਦਿੱਤਾ ਕਿਉਂਕਿ ਉਕਤ ਸੜਕ ਭਰਿਸ਼ਟੀ ਗਈ ਸੀ। ਫਿਰ ਵੀ ਸੜਕ ਉੱਤੇ ਤੁਰਨ ਦਾ ਅਧਿਕਾਰ ਤਾਂ ਆਇਅਨਕਲੀ ਤੇ ਉਸਦੇ ਸਾਥੀਆਂ ਨੇ ਪ੍ਰਾਪਤ ਕਰ ਹੀ ਲਿਆ ਸੀ। ਇਹ ਉਨ੍ਹਾਂ ਦੀ ਇਕ ਹੋਰ ਵੱਡੀ ਜਿੱਤ ਸੀ। ਆਇਅਨਕਲੀ ਨੇ ਹੁਣ ਆਪਣੇ ਸਾਥੀਆਂ ਥਾਮਸ ਵਾਧਿਆਰ ਤੇ ਹਰੀਸ ਵਾਧਿਆਰ ਨੇ ਉਪਰਲੀਆਂ ਘਟਨਾਵਾਂ ਤੋਂ ਸਬਕ ਲੈਂਦੇ ਹੋਏ ਦੋਨੋ ਇਸਾਈ ਤੇ ਹਿੰਦੂ ਅਛੂਤਾਂ ਨੂੰ 'ਸਾਧੁਜਨ ਪਾਰੀਪਲਾਨ ਸੰਘਮ' ਨਾਮ ਦੀ ਸੰਸਥਾ ਦੇ ਝੰਡੇ ਹੇਠ ੧੯੦੭ ਵਿਚ ਸੰਗਠਤ ਕਰਨਾ ਆਰੰਭਿਆ ਸੀ। ਇਸ ਸੰਸਥਾ ਨੇ ਅਛੂਤਾਂ ਦੇ ਹੱਕ ਦੁਆਉਣ ਲਈ ਬਹੁਤ ਸੰਘਰਸ਼ ਕੀਤਾ। ਇਸ ਸੰਗਠਨ ਦੀ ਅਹਿਮੀਅਤ ਨੂੰ ਸਮਝਦੇ ਹੋਏ ਸਾਰਿਆ ਨੇ ਹੀ ਵਿੱਤੀ ਤੌਰ ਤੇ ਅਤੇ ਸਰੀਰਕ ਤੌਰ ਤੇ ਇਸ ਦੀ ਬਹੁਤ ਮਦਦ ਕੀਤੀ, ਜਿਵੇਂ ਉਨ੍ਹਾਂ ਦੀ ਆਪਣੇ ਭਾਈਚਾਰੇ ਨਾਲ ਬਹੁਤ ਹੀ ਪ੍ਰਤੀਬਧਤਾ ਹੋਵੇ। ਇਸ ਸੰਸਥਾ ਦੇ



ਕਠੋਰ ਸਟੈਂਡ, ਜ਼ੋਰਦਾਰ ਸਰਗਰਮੀਆਂ ਅਤੇ ਅਣਥੱਕ ਮਿਹਨਤ ਨੇ ਸਰਕਾਰ ਨੂੰ ਮਈ ੧੯੦੭ ਵਿਚ ਇਹ ਇਤਿਹਾਸਕ ਫੈਸਲਾ ਲੈਣ ਲਈ ਮਜ਼ਬੂਰ ਕਰ ਦਿੱਤਾ ਕਿ ਅਛੂਤਾਂ ਦੇ ਬੱਚਿਆਂ ਲਈ ਹੁਣ ਸਰਕਾਰੀ ਪਬਲਿਕ ਸਕੂਲਾਂ ਦੇ ਦੁਆਰ ਖੁਲੇ ਹੋਣਗੇ। ਪਰੰਤੂ ਉਚ-ਜਾਤੀ ਲੋਕਾਂ ਦੇ ਸਰਕਾਰੀ ਕਰਮਚਾਰੀਆਂ ਨੇ ਇਸ ਫੈਸਲੇ ਨੂੰ ਅਸਫਲ ਬਣਾ ਦਿੱਤਾ।

ਅਛੂਤਾਂ ਦੀ ਸਕੂਲ ਵਿਚ ਦਾਖਲੇ ਦੀ ਇਹ ਮੰਗ ਜੰਗਲ ਵਿਚ ਇਕ ਚੀਕ ਦੀ ਤਰ੍ਹਾਂ ਹੀ ਰਹਿ ਗਈ। ਆਇਅਨਕਲੀ ਨੇ ਹੁਣ ਬਦਲਾ ਲੈਣ ਦਾ ਨਿਸਚਾ ਕਰ ਲਿਆ। ਉਸ ਨੇ ਇਸ਼ਾਰੇ ਨਾਲ ਕਿਹਾ ਕਿ ਮੁੱਠੀਭਰ ਵਿਹਲੜ ਲੈਂਡਲਾਰਡਾਂ ਦੀ ਭਲਾਈ ਤੇ ਸੁੱਖ ਲਈ ਕਣਕ ਦੇ ਸੁਨਹਿਰੀ ਦਾਣੇ ਸਾਡੇ ਲੋਕਾਂ ਦੀ ਮਿਹਨਤ ਤੇ ਮੁੜਕੇ ਸਦਕਾ ਹੀ ਪੈਦਾ ਹੋ ਰਹੇ ਹਨ। ਐਨੀ ਸੇਵਾ ਦੇ ਬਾਵਜੂਦ ਵੀ ਲੈਂਡਲਾਰਡ ਲੋਕਾਂ ਨੇ ਅਛੂਤਾਂ ਦੇ ਉਚਿਤ ਹੱਕਾਂ ਉੱਤੇ ਛਾਪਾ ਮਾਰਿਆ ਹੋਇਆ ਹੈ, ਮੁਆਵਜ਼ਾ ਤਾਂ ਕੀ ਦੇਣਾ ਹੈ।

ਅਜਿਹੇ ਮਾਹੌਲ ਵਿਚ ਹਨੇਰਾ ਢੋਅ ਰਹੇ, ਆਪਣੇ ਹੀ ਵਹਿਮਾਂ-ਭਰਮਾਂ ਤੇ ਸਮਾਜਿਕ ਬੁਰਾਈਆਂ 'ਚ ਕੈਦ ਅਤੇ ਜ਼ੁਲਮ ਤੇ ਬੇਇਜ਼ਤੀ ਸਹਿੰਦੇ ਇਨ੍ਹਾਂ ਲੋਕਾਂ ਵਿਚ ਜਾਗਰੂਕਤਾ ਪੈਦਾ ਹੋਣੀ ਤਾਂ ਯਕੀਨੀ ਸੀ। ਆਇਅਨਕਲੀ ਮਿਹਨਤਕਸ਼ ਲੋਕਾਂ ਦੇ ਏਕੇ ਦੀ ਤਾਕਤ ਦਿਖਾ ਕੇ ਆਪਣੇ ਵਿਰੋਧੀਆਂ ਨਾਲ ਦੋ-ਹੱਥ ਤਾਂ ਜ਼ਰੂਰ ਕਰਨੇ ਚਾਹੁੰਦਾ ਸੀ।

## ਸਕੂਲਾਂ 'ਚ ਦਾਖਲੇ ਲਈ ਸੰਘਰਸ਼-

੧੯੦੭ ਤੋਂ ਬਾਅਦ ਆਇਅਨਕਲੀ ਨੇ ਸਕੂਲਾਂ ਵਿਚ ਦਾਖਲੇ ਲਈ ਆਪਣਾ ਸੰਘਰਸ਼ ਦੁਬਾਰਾ ਸ਼ੁਰੂ ਕੀਤਾ ਅਤੇ ਅਖੀਰ ੧੯੧੦ ਵਿਚ ਉਹ ਸਰਕਾਰ ਤੋਂ ਪਬਲਿਕ ਸਕੂਲਾਂ ਵਿਚ ਅਛੂਤਾਂ ਦੇ ਬੱਚਿਆਂ ਦੇ ਦਾਖਲ ਹੋਣ ਦਾ ਐਲਾਨ ਕਰਾਉਣ ਵਿਚ ਕਾਮਯਾਬ ਹੋ ਗਿਆ। ਪਰੰਤੂ ਜਿਨ੍ਹਾਂ ਸਕੂਲਾਂ ਨੂੰ ਸਰਕਾਰੀ ਸਹਾਇਤਾ ਪ੍ਰਾਪਤ ਹੁੰਦੀ ਸੀ ਉਨ੍ਹਾਂ ਦੇ ਅਧਿਕਾਰੀਆਂ ਨੇ ਸਰਕਾਰ ਦੇ ਆਦੇਸ਼ ਨੂੰ ਲਾਗੂ ਕਰਨ 'ਚ ਝਿਜਕ ਦਿਖਾਉਣੀ ਸ਼ੁਰੂ ਕਰ ਦਿੱਤੀ। ਇਸ ਆਦੇਸ਼ ਵਿਰੁਧ ਉਚ-ਜਾਤੀਆਂ ਦੇ ਲੋਕਾਂ ਨੇ ਬੜੇ ਵੱਡੇ ਪੱਧਰ ਉੱਤੇ ਰੋਸ ਕੀਤਾ, ਇਥੋਂ ਤੱਕ ਕਿ ਸਵੈ ਦੇਸ਼ ਅਭਿਮਾਨੀ" ਨਾਮ ਦੀ ਅਖਬਾਰ ਦੇ ਸੰਪਾਦਕ ਕੇ ਰਾਮਾਕ੍ਰਿਸ਼ਨਾ ਪਿਲਾਏ ਨੇ ਵੀ ਆਪਣਾ ਰੋਸ ਜ਼ਾਹਰ ਕੀਤਾ। ਉਸ ਨੇ ਇਸ ਆਦੇਸ਼ ਦਾ ਵਿਰੋਧ ਕਰਦਿਆਂ ਆਪਣੇ ਸੰਪਾਦਕੀ 'ਚ ਲਿਖਿਆ-

"ਜੋ ਲੋਕ ਬਗੈਰ ਕਿਸੇ ਠੋਸ ਕਾਰਨਾ ਦੇ ਅਤੇ ਜਾਤੀ-ਵੰਡ ਨੂੰ ਨਜ਼ਰ ਅੰਦਾਜ਼ ਕਰਦੇ ਹੋਏ, ਜ਼ਿੰਦਗੀ ਦੇ ਹਰ ਖੇਤਰ 'ਚ ਬਰਾਬਰਤਾ ਦੇ ਅਧਾਰ ਤੇ ਸਾਰੇ ਬੱਚਿਆਂ ਨੂੰ ਇਕ ਕਲਾਸ ਵਿਚ ਵਿਤਕਰੇ ਬਗੈਰ ਬੈਠਣ ਦੀ ਵਕਾਲਤ ਕਰ ਰਹੇ ਹਨ, ਸਾਨੂੰ ਉਨ੍ਹਾਂ ਦੀ ਦਲੀਲ ਵਿਚ ਕੋਈ ਤਰਕ ਨਹੀਂ ਨਜ਼ਰ ਆਉਂਦਾ... ਉਚੀ ਜਾਤੀ ਦੇ ਬੱਚਿਆਂ ਦਾ ਨੀਵੀਂ ਜਾਤੀ ਦੇ ਬੱਚਿਆਂ ਨਾਲ ਕਲਾਸ ਵਿਚ ਰਲਮਿਲ ਜਾਣਾ ਇਕ ਘੋੜੇ ਤੇ ਮੱਝ ਨੂੰ ਇਕ ਥਾਂ ਬੰਨਣ ਦੇ ਬਰਾਬਰ ਹੋਵੇਗਾ। ਕਿਉਂਕਿ ਉੱਚੀ ਜਾਤੀ ਦੇ ਬੱਚੇ ਬੋਧਿਕ ਤੌਰ ਤੇ ਕਈ ਨਸਲਾਂ ਤੋਂ ਸਿੱਖਿਆ ਵਿਚ ਅੱਗੇ ਵੱਧ ਚੁੱਕੇ ਹਨ ਜਦ ਕਿ ਨੀਵੀਂ ਜਾਤੀਆਂ ਦੇ ਬੱਚੇ ਕਈ ਨਸਲਾਂ ਤੋਂ ਸਿੱਖਿਆ ਵਿਚ ਪਿਛੇ ਚਲੇ ਆ ਰਹੇ ਹਨ, ਅਤੇ ਨਾਲ ਉਹ ਖੇਤਾਂ ਵਿਚ ਧਾਨ ਲਗਾਉਂਦੇ ਰਹੇ ਹਨ।" (੨੦.੩.੧੯੧੦)

ਇਸ ਸੰਪਾਦਕੀ ਦਾ ਆਧਾਰ ਮਿਸਟਰ ਰਾਮਾਕ੍ਰਿਸ਼ਨਾ ਦੇ ਆਪਣੇ, ਵਿਚਾਰ ਨਹੀਂ ਸਨ। ਉਸ ਨੇ ਇਹ ਵਿਚਾਰ 'ਇੰਡੀਅਨ ਰੀਵੀਊ' ਵਿਚ ਫਰਵਰੀ ੧੯੦੯ ਵਿਚ ਦੱਬੀਆਂ-ਕੁਚਲੀਆਂ ਜਮਾਤਾਂ ਦੇ ਉਥਾਨ' ਸਿਰਲੇਖ ਹੇਠ ਛਪੇ ਇਕ ਲੇਖ ਤੋਂ ਕਾਪੀ ਕੀਤੇ ਸਨ। ਇਹ ਲੇਖ ਮਿਸਜ਼ ਏਨੀ ਬਸੰਤ ਨੇ ਲਿਖਿਆ ਸੀ ਜੋ ਬਾਅਦ ਵਿਚ ਇੰਡੀਅਨ ਨੈਸ਼ਨਲ ਕਾਂਗਰਸ਼ ਦੇ ਪ੍ਰਧਾਨ ਬਣੇ ਸਨ।

੧੯੧੦ ਦੇ ਸਰਕਾਰੀ ਅਦੇਸ਼ ਤੋਂ ਬਾਅਦ ਵੀ ਜਦੋਂ ਆਇਅਨਕਲੀ ਦੇ ਆਪਣੇ ਬੱਚਿਆਂ ਨੂੰ ਵੀ ਸਕੂਲਾਂ ਵਿਚ ਦਾਖਲਾ ਨਾ ਮਿਲਿਆ ਤਾਂ ਉਸ ਨੇ ਆਪਣੇ, ਸਾਥੀਆਂ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਉੱਚੀ-ਜਾਤੀਆਂ 'ਚ ਬੈਠੇ ਦੁਸ਼ਮਣ ਲੋਕਾਂ ਤੋਂ ਕਿਸੇ ਰਾਹਤ ਦੀ ਉਮੀਦ ਨਾ ਰਖਣ ਅਤੇ ਆਪਣੀਆਂ ਜ਼ਿੰਦਗੀਆਂ ਨੂੰ ਖਤਰੇ ਵਿਚ ਪਾ ਕੇ ਵੀ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਜਾਰੀ ਰੱਖਣ ਦਾ ਹੌਸਲਾ ਕਇਮ ਰੱਖਣ। ਸਿੱਟਾ ਇਹ ਨਿਕਲਿਆ ਕਿ ਦੇਸ਼ ਦੇ ਵਖਰੇ ਵਖਰੇ ਹਿੱਸਿਆ ਵਿਚ ਅਛੂਤਾਂ ਨੇ ਇਕੱਠੇ ਹੋ ਕੇ ਸਕੂਲਾਂ ਵਿਚ ਜਬਰਦਸਤੀ ਦਾਖਲ ਹੋਣ ਦੀ ਮੁਹਿੰਮ ਚਲਾਈ ਜਿਸ ਸਦਕਾ ਬਹੁਤ ਵੱਢ-ਟੁੱਕ ਹੋਈ ਤੇ ਲੋਕੀ ਲਹੂ-ਲੁਹਾਨ ਹੋਏ ਅਤੇ ਬਾਅਦ ਵਿਚ ਖੇਤ-ਮਜ਼ਦੂਰਾਂ ਨੇ ਹੜਤਾਲ ਵੀ ਆਰੰਭ ਕੀਤੀ।

ਆਇਅਨਕਲੀ ਖੁਦ ਪੁਜਾਰੀ ਆਇਅਨ ਦੀ ਲੜਕੀ ਪੰਚਮੀ ਨੂੰ ਨਾਲ ਲੈ ਕੇ ਉਰੂਟਮ ਬਲਮ ਵਿਖੇ ਸਥਿਤ ਸਕੂਲ 'ਚ ਦਾਖਲ ਕਰਾਉਣ ਲਈ ਗਿਆ। ਸਕੂਲ ਪਹੁੰਚਣ ਬਾਅਦ ਆਇਅਨਕਲੀ ਤੇ ਉੱਚੀਆਂ ਜਾਤੀਆਂ ਨਾਲ ਵੱਡਾ ਝਗੜਾ ਹੋਇਆ ਜਿਹੜਾ ਸੱਤ ਦਿਨ ਤਕ ਚਲਿਆ, ਅਖੀਰ ਵਿਚ ਹਿੰਦੂਆਂ ਨੇ ਸਕੂਲ ਨੂੰ ਹੀ ਅੱਗ ਲਾ ਕੇ ਸਾੜ ਦਿੱਤਾ।

ਪਰੰਤੂ ਸੁਤੰਤਰਤਾ ਦੀ ਇਹ ਅੱਗ ਬੁੱਝੀ ਨਹੀਂ, ਇਹ ਉਰੂਟਮਬਲਮ ਵਿਖੇ ਮੁੜ ਸੁਰਜੀਤ ਹੋਈ। ਹੁਣ ਇਸ ਦੇ ਚੰਗਿਆੜੇ ਦੂਰ ਦੂਰ ਤੱਕ ਫੈਲੇ। ਸਕੂਲ ਨੂੰ ਅੱਗ ਲਾਉਣ ਦਾ ਪ੍ਰਤੀਕਰਮ ਮਰਿਆਮੁਟਮ, ਵੇਂਗਨੂਰ, ਪੀਰੂਪੜਬੁਰ, ਕੁਨਾਥੁਕਲ ਆਦਿ ਥਾਵਾਂ ਉੱਤੇ ਹੋਇਆ ਜਿਸ ਵਿਚ ਕਈ ਜਾਨਾ ਗਈਆਂ ਅਤੇ ਕੇਰਲਾ ਦੀਆਂ ਕਾਫੀ ਇਮਾਰਤਾਂ ਦਾ ਨੁਕਸਾਨ ਹੋਇਆ।

ਇਨ੍ਹਾਂ ਸੰਘਰਸ਼ਾਂ ਦਾ ਨਤੀਜਾ ਦਲਿਤਾਂ ਲਈ ਬੜਾ ਸਾਰਥਿਕ ਨਿਕਲਿਆ। ਆਇਅਨਕਲੀ ਦੀ ਜਦੋਜਹਿਦ ਅਤੇ ਉਸ ਦੇ ਸਾਧੂਜਨ ਪਾਰੀਪਲਨ ਸੰਘਮ ਦੇ ਮੁਖੀ ਹੋਣ ਕਰਕੇ ਪੰਜ ਦਸੰਬਰ, ੧੯੧੧ ਨੂੰ ਉਸ ਨੂੰ ਦਲਿਤਾਂ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਨ ਲਈ ਯਰੀਮੂਲਮ ਵਿਧਾਨ ਸਭਾ ਦੇ ਮੈਂਬਰ ਨਾਮਜ਼ਦ ਕੀਤਾ ਗਿਆ। ਆਇਅਨਕਲੀ ਦੀ ਇਸ ਪ੍ਰਤੀਨਿਧਤਾ ਉੱਤੇ ਟਿੱਪਣੀ ਕਰਦਿਆਂ ਇਕ ਮਸ਼ਹੂਰ ਇਤਿਹਾਸਕਾਰ ਨੇ ਕਿਹਾ, "ਜਨਤਕ ਅਸੰਬਲੀ ਵਿਚ ਆਪਣੀ ਜਮਾਤ ਦਾ ਪ੍ਰਤੀਨਿਧ ਪੁਲੀਆ ਜਾਤੀ ਦਾ ਇਕ ਵਿਅਕਤੀ ਹਾਜ਼ਰ ਹੈ। ਤਬਦੀਲੀ ਦੇ ਦੇਵਤੇ ਨੇ ਧਰਤੀ ਉਤੇ ਰੋਸ਼ਨੀ ਦੀ ਕਿਰਨ ਸੁੱਟੀ ਹੈ ਅਤੇ ਇਸ ਵਿਚੋਂ ਇਕ ਚੰਗਿਆੜਾ ਡਿਗਿਆ ਹੈ ਜਿਹੜਾ ਐਸਾ ਭਾਂਬੜ ਬਣੇਗਾ ਜਿਸ ਦੀਆਂ ਲਪਟਾਂ ਵਿਚ ਪੁਰਾਣੇ ਯੁੱਗ ਦਾ ਗਲ੍ਹਿਆ ਸੜਿਆ ਬਹੁਤ ਕੁਝ ਜਲ ਕੇ ਤਬਾਹ ਹੋ ਜਾਏਗਾ। ਪੁਲੀਆ ਲੋਕਾਂ ਨੂੰ ਵੀ ਹੋਰ ਪਵਿਤਰ ਹੋ ਕੇ ਉਹ ਤਥਾ ਕਥਿਤ ਉੱਚਿਆਂ ਨਾਲ ਬਰਾਬਰ ਥਾਂ ਉਤੇ ਬੈਠਣ ਦਾ ਸੁਭਾਗ ਪ੍ਰਾਪਤ ਕਰਨਗੇ। ਉਨ੍ਹਾਂ ਨੇ ਪਹਿਲਾਂ ਹੀ ਕਾਨਫਰੰਸਾ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਜਿਨ੍ਹਾਂ ਵਿਚ ਆਪਣੇ ਹੱਕਾਂ ਦੀ ਮੰਗ ਕਰ ਰਹੇ ਹਨ। ਇਹ ਭਵਿੱਖ ਲਈ ਬਹੁਤ ਖੁਸ਼ੀ ਦੀ ਗੱਲ ਹੈ ਅਤੇ ਇਸ ਤੋਂ ਹੀ ਇਸ ਕਬੀਲਾਈ ਅਵਸਥਾ ਤੋਂ ਉਪਰ ਉਠਣ ਲਈ ਨਵੇਂ ਮੌਕੇ ਪ੍ਰਾਪਤ ਹੋਣਗੇ॥"

ਆਇਅਨਕਲੀ ਅਤੇ ਉਸ ਦੀਆਂ ਸਮਾਜਿਕ ਮੁਕਤੀ ਦੀਆਂ ਲਹਿਰਾਂ–

ਕੇਰਲ ਵਿਚ ਆਇਅਨਕਲੀ ਪਹਿਲਾਂ ਵਿਅਕਤੀ ਸੀ ਜਿਸ ਨੇ ਅਛੂਤਾਂ ਲਈ ਖੇਤੀ ਜ਼ਮੀਨ ਦੀ ਮੰਗ ਰੱਖੀ ਸੀ। ਉਹ ਅਛੂਤਾਂ ਉੱਤੇ ਪਬਲਿਕ ਸੰਸਥਾਵਾਂ ਤੇ ਥਾਵਾਂ ਵਿਚ ਦਾਖਲੇ ਉੱਤੇ ਲੱਗੀ ਪਾਬੰਦੀ ਵਿਰੁਧ ਵੀ ਸਖਤ ਵਿਰੋਧ ਕਰਦਾ ਆ ਰਿਹਾ ਸੀ।

ਭਾਰਤ ਵਿਚ ਇਹ ਸਮਾਂ ਬਹੁਤ ਵੱਡੇ ਸੰਘਰਸ਼ ਦਾ ਸਮਾਂ ਸੀ ਜਦੋਂ ਲੋਕਾਂ ਨੇ ਮੁਸ਼ਕਲਾਂ ਤੇ ਰੋਕਾਂ ਨੂੰ ਪਿਛਾਂਹ ਸੁੱਟਕੇ ਵਿਦੇਸ਼ੀ ਰਾਜ ਦਾ ਟਾਕਰਾ ਕਰਨਾ ਸ਼ੁਰੂ ਕੀਤਾ ਸੀ। ਹਿੰਦੂ ਜਾਤੀ ਲੋਕਾਂ ਨੇ ਅਛੂਤਾਂ ਨੂੰ ਦਬਾਉਣ ਦੀਆਂ ਬੜੀਆਂ ਕੋਸ਼ਿਸ਼ਾ ਕੀਤੀਆਂ, ਇਹ ਅਛੂਤ ਹੀ ਤਾਂ ਦੇਸ਼ ਦੇ ਮੂਲ-ਨਿਵਾਸੀ ਸਨ ਅਤੇ ਧਰਤੀ ਨੂੰ ਪੁਟ ਕੇ ਵਾਹੁਣ ਵਾਲੇ ਮੁਸ਼ੱਕਤ ਕਰਨ ਵਾਲੇ ਸਨ ਜਿਹੜੇ ਦੇਸ਼ ਲਈ ਦੌਲਤ ਤੇ ਅਨਾਜ ਪੈਦਾ ਕਰਦੇ ਸਨ।

੧੯੧੨ ਦੀ ਨੇਡੂਮੰਗਡ ਦੀ ਜਦੋਜਹਿਦ, ਜਿਸ ਵਿਚ ਆਇਅਨਕਲੀ ਤੇ ਉਸ ਦੇ ਸਾਥੀਆਂ ਨੇ ਵਿਦਰੋਹ ਕਰਕੇ ਜਨਤਕ ਥਾਵਾਂ ਉੱਤੇ ਪਰਵੇਸ਼ ਕੀਤਾ ਸੀ, ਆਪਣੇ ਆਪ 'ਚ ਹੀ ਬੜੀ ਵਿਲੱਖਣ ਸੀ। ਇਸ ਵਿਦਰੋਹ ਦੌਰਾਨ ਅਚਾਨਕ ਉਹ ਇਕੱਲਾ ਰਹਿ ਗਿਆ ਸੀ। ਪਰੰਤੂ ਉਹਨੇ ਆਪਣੇ ਵਿਰੋਧੀਆਂ ਨਾਲ ਬੜੀ ਹੀ ਬਹਾਦਰੀ ਨਾਲ ਮੁਕਾਬਲਾ ਕੀਤਾ ਸੀ।

ਆਇਅਨਕਲੀ ਨੇ ਸਰਕਾਰ ਦੇ ੧੯੧੦ ਦੇ ਆਦੇਸ਼ ਅਨੁਸਾਰ ਸਕੂਲਾਂ ਵਿਚ ਦਾਖਲੇ ਦੇ ਅਧਿਕਾਰ ਦੀ ਮੰਗ ਰੱਖੀ। ਇਸ ਹੱਕ ਨੂੰ ਅਮਲੀ ਰੂਪ ਦੇਣ ਲਈ ਉਹ ਵੇਂਗਨੂਰ ਚਵਾਡੀ ਸਰਕਾਰੀ ਸਕੂਲ ਵਿਖੇ ਆਪਣੇ ਭਾਈਚਾਰੇ ਦੇ ਕੁਝ ਬਚਿਆਂ ਨੂੰ ਨਾਲ ਲੈ ਕੇ ਗਿਆ, ਬਾਅਦ ਵਿਚ ਉਸ ਦੇ ਸਾਥੀ ਵੀ ਉਥੇ ਪਹੁੰਚੇ। ਸਕੂਲ ਵਿਚ ਬੱਚਿਆਂ ਨੂੰ ਦਾਖਲਾ ਮਿਲਣ ਦੇ ਬਾਵਜੂਦ ਵੀ ਉੱਚ-ਜਾਤੀ ਲੋਕਾਂ ਨੇ ਉਸ ਉੱਤੇ ਹਮਲਾ ਕੀਤਾ।

ਜ਼ੁਲਮ ਅਤੇ ਵਿਰੋਧ ਆਇਅਨਕਲੀ ਨੂੰ ਆਪਣੇ ਮਿਸ਼ਨ ਤੋਂ ਪਿਛੇ ਨਾ ਹਟਾ ਸਕਿਆ। ਆਇਅਨਕਲੀ ਨੇ ਉਸ ਸਮੇਂ ਦੇ ਸਿੱਖਿਆ ਦੇ ਡਾਇਰੈਕਟਰ ਮਿਸ. ਮਾਈਕਲ ਨੂੰ ਪ੍ਰਭਾਵਿਤ ਕਰਕੇ ੧੯੧੦ ਦੇ ਹੁਕਮ ਨੂੰ



ਪੂਰੀ ਤਰ੍ਹਾਂ ਲਾਗੂ ਕਰਨ ਲਈ ੧੯੧੪ ਵਿਚ ਇਕ ਹੋਰ ਆਦੇਸ਼ ਜਾਰੀ ਕਰਾਇਆ। ਪਰੰਤੂ ਇਨ੍ਹਾਂ ਹੁਕਮਾਂ ਦੇ ਬਾਵਜੂਦ ਵੀ ਸਰਕਾਰੀ ਸਕੂਲਾਂ ਵਿਚ ਅਛੂਤਾਂ ਨੂੰ ਦਾਖਲਾ ਨਾ ਮਿਲ ਸਕਿਆ।

ਉੱਚੀਆਂ ਜਾਤੀਆਂ ਦੇ ਇਸ ਸਮਾਜ-ਵਿਰੋਧੀ ਵਿਵਹਾਰ ਨੇ ਲੋਕਾਂ ਵਿਚ ਕਾਫੀ ਬੇਚੈਨੀ ਅਤੇ ਵੈਰ-ਵਿਰੋਧ ਦੀ ਭਾਵਨਾ ਨੂੰ ਜਨਮ ਦਿੱਤਾ। ਇਸ ਨੇ ਦੇਸ਼ ਦੀ ਆਰਥਿਕ ਸਥਿਤੀ ਉੱਤੇ ਕਾਫੀ ਭੈੜਾ ਅਸਰ ਪਾਇਆ। ਹਰ ਜਗ੍ਹਾ ਫਿਰਕਾ ਪ੍ਰਸਤ ਦੰਗੇ-ਫਸਾਦ ਹੋਣੇ ਸ਼ੁਰੂ ਹੋ ਗਏ। ਬਲਰਾਮਪੁਰਮ, ਵੇਂਗਨੂਰ, ਕਾਨੀਆਪੁਰਮ, ਕ ਕਟੂਮ, ਕੋਵਾਲਮ, ਪੂਲਾਡ, ਪੇਰੀਨਾਡ, ਚੈਨਥਿਲਾ ਅਤੇ ਦੂਸਰੀਆਂ ਥਾਵਾਂ ਵਿਖੇ ਹੋਈਆਂ ਘਟਨਾਵਾਂ ਤਾਂ ਬਹੁਤ ਖਤਰਨਾਕ ਕਿਸਮ ਦੀਆਂ ਸਨ, ਇਨ੍ਹਾਂ ਥਾਵਾਂ ਉੱਤੇ ਖੂਨ-ਖਰਾਬਾ ਵੀ ਹੋਇਆ ਜਿਸ ਦੇ ਫਲਸਰੂਪ ਬਹੁਤ ਜਾਨਾ ਗਈਆਂ ਅਤੇ ਦਲਿਤਾਂ ਤੇ ਸਵਰਨਾ ਦਾ ਮਾਲੀ ਨੁਕਸਾਨ ਵੀ ਬਹੁਤ ਹੋਇਆ।

ਸਭ ਤੋਂ ਪਹਿਲਾਂ ਸਕੂਲ ਵੇਂਗਨੂਰ ਵਿਖੇ ਬਣਿਆਂ ਤਾਂ ਕਿ ਦਾਖਲਾ ਲੈਣ ਵਾਲਿਆਂ ਦੀ ਗਿਣਤੀ ਜੇ ਵੱਧ ਜਾਵੇ ਤਾਂ ਅਜਿਹੀ ਮੁਸ਼ਕਲ ਉਤੇ ਕਾਬੂ ਪਾਇਆ ਜਾ ਸਕੇ। ਪਰ ਦੁਸ਼ਮਣਾਂ ਨੇ ਇਹ ਸਕੂਲ ਵੀ ਅੱਗ ਲਾ ਕੇ ਸਾੜ ਸੁਟਿਆ ਸੀ। ਆਇਅਨਕਲੀ ਦੀਆਂ ਮੁਸੀਬਤਾਂ 'ਚ ਹੋਰ ਵੀ ਵਾਧਾ ਹੋ ਗਿਆ ਸੀ।

ਕੇਰਲ ਦਾ ਪਹਿਲਾ ਮਜ਼ਦੂਰ ਸੰਘਰਸ਼–

ਕਈ ਵਿਦਰੋਹਾਂ ਦੇ ਬਾਵਜੂਦ ਸਿੱਖਿਆ ਦੀ ਸੁਤੰਤਰਤਾ ਅਛੂਤਾਂ ਲਈ ਅਸਲੀਅਤ ਨਾ ਬਣ ਸਕੀ। ਅਖੀਰ ਆਇਅਨਕਲੀ ਨੇ ਖੇਤੀ ਮਜਦੂਰਾਂ ਦੀ ਹੜਤਾਲ ਦਾ ਐਲਾਨ ਕਰ ਦਿੱਤਾ। ਇਹ ਉਨ੍ਹਾਂ ਦੇ ਲੀਡਰ ਦਾ ਪੱਕਾ ਫੈਸਲਾ ਸੀ। ਸਾਰੇ ਖੇਤ ਮਜ਼ਦੂਰਾਂ ਨੇ ਪੂਰਾ ਮਿਲਵਰਤਣ ਤੇ ਸਹਾਇਤਾ ਦੇਣ ਦਾ ਵਚਨ ਦਿੱਤਾ ਅਤੇ ਇਹ ਵੀ ਫੈਸਲਾ ਕੀਤਾ ਕਿ ਲੈਂਡਲਾਰਡਾਂ ਦੇ ਕਿਸੇ ਕਿਸਮ ਦੇ ਕੰਮ ਤੋਂ ਦੂਰ ਰਿਹਾ ਜਾਵੇਗਾ। ਆਇਅਨਕਲੀ ਨੇ ਇਸ ਹੜਤਾਲ ਲਈ ਤਿੰਨ ਮੰਗਾਂ ਰੱਖੀਆਂ। ੧. ਸਕੂਲਾਂ ਵਿਚ ਦਾਖਲਾ, ੨. ਤਨਖਾਹਾਂ ਵਿਚ ਵਾਧਾ ਅਤੇ ੩. ਕੰਮ ਕਰਨ ਦੇ ਸਮੇਂ ਵਿਚ ਕਮੀ।

ਇਹ ਹੜਤਾਲ ੧੯੧੩ ਵਿਚ ਸ਼ੁਰੂ ਹੋਈ। ਇਸ ਦਾ ਅਸਰ ਕਾਂਡਲਾ, ਪਲੀਚਲ, ਮੁਦਾਵਾਪਾਰਾ ਤੋਂ ਵਿਝਿਨਜਮ, ਕਾਨੀਆਪੁਰਮ ਆਦਿ ਦੇ ਇਲਾਇਆਂ ਦੇ ਧਾਨ ਦੇ ਖੇਤਾਂ ਵਿਚ ਵਿਆਪਕ ਪਿਆ। ਪੂਰਾ ਇਕ ਸਾਲ ਖੇਤੀ ਮਜ਼ਦੂਰਾਂ ਨੇ ਧਾਨ ਦੇ ਖੇਤਾਂ ਵਿਚ ਕਿਸੇ ਵੀ ਕਿਸਮ ਦਾ ਕੰਮ ਕਰਨ ਤੋਂ ਇਨਕਾਰ ਕਰੀ ਰਖਿਆ। ਇਸ ਸਬੰਧ ਵਿਚ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਕੇਰਲ ਵਿਚ ਇਹ ਹੜਤਾਲ ੧੯੧੩ ਵਿਚ ਅਤੇ ਕੇਰਲ ਵਿਚ ਟਰੇਡ ਯੂਨੀਅਨ ਲਹਿਰ ਦੀ ਅਸਰਦਾਰ ਢੰਗ ਨਾਲ ਸ਼ੁਰੂਆਤ ੧੯੨੦ ਤੋਂ ਬਾਅਦ ਹੁੰਦੀ ਹੈ।

ਜਦੋਂ ਲੈਂਡਲਾਰਡਾਂ ਦੇ ਪੈਂਤੜੇ 'ਤੇ ਧਮਕੀਆਂ ਦਾ ਕੋਈ ਅਸਰ ਨਾ ਦਿਖਾਈ ਦਿੱਤਾ ਤਾਂ ਉਨ੍ਹਾਂ ਨੇ ਖੇਤ-ਮਜ਼ਦੂਰਾਂ ਨੂੰ ਆਪਸ ਵਿਚ ਲੜਾਉਣਾ ਅਤੇ ਇਕ ਦੂਜੇ ਉੱਤੇ ਬੇਭਰੋਸਗੀ ਦੀ ਭਾਵਨਾ ਪੈਦਾ ਕਰਨੀ ਸ਼ੁਰੂ ਕੀਤੀ। ਮਜ਼ਦੂਰਾਂ ਦੀਆਂ ਔਰਤਾਂ ਦੀ ਬੇਪਤੀ ਸ਼ੁਰੂ ਕਰ ਦਿੱਤੀ। ਦੋਨੋ ਧਿਰਾਂ ਇਕ ਦੂਸਰੇ ਉੱਤੇ ਹਮਲੇ ਕਰਦੀਆਂ ਰਹੀਆਂ। ਅਛੂਤਾਂ ਵਿਰੁਧ ਫਜ਼ੂਲ ਕਿਸਮ ਦੇ ਦੂਸ਼ਣ ਲਾ ਕੇ ਪੁਲਿਸ ਨੂੰ ਉਨ੍ਹਾਂ ਦੇ ਘਰ ਰੇਡ ਕਰਾਏ ਜਾਣ ਲਗੇ। ਪਰੰਤੂ ਹਰ ਥਾਂ ਹੀ ਮਜ਼ਦੂਰਾਂ ਨੇ ਏਕਤਾ ਦੀ ਮਿਸਾਲ ਪੈਦਾ ਕੀਤੀ।

ਹੜਤਾਲ ਕਾਰਨ ਹੋ ਰਹੇ ਵਿਆਪਕ ਆਰਥਿਕ ਨੁਕਸਾਨ ਤੇ ਸਮਾਜਿਕ ਅਸ਼ਾਂਤੀ ਦੇ ਅਨੁਭਵ ਨੇ ਸਰਕਾਰ ਨੂੰ ਦਖਲ ਅੰਦਾਜ਼ੀ ਕਰਨ ਲਈ ਮਜ਼ਬੂਰ ਕੀਤਾ ਤਾਂ ਕਿ ਕਿਸੇ ਕਿਸਮ ਦਾ ਸਮਝੌਤਾ ਕਰਾਇਆ ਜਾਵੇ। ਕਾਫੀ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਖੇਤ ਮਜ਼ਦੂਰਾਂ ਦੀ ਇਹ ਇਤਿਹਾਸਕ ਹੜਤਾਲ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਸਵੀਕਾਰ ਕਰਨ ਉਪਰੰਤ ਮਈ ੧੯੧੪ ਨੂੰ ਖਤਮ ਹੋਈ।

੧੯੧੪-੧੯੧੫ ਦੇ ਦਲਿਤ ਵਿਦਰੋਹ- ਮਾਲਾਬਾਰ ਕਾਲ ੧੦੯੦ (੧੯੧੪-੧੯੧੫) ਦਲਿਤਾਂ ਲਈ ਸਮਾਜਿਕ ਆਜ਼ਾਦੀ ਦਾ ਸਮਾਂ ਸੀ। ਕਾਂਡਲਾ ਵਿਖੇ ਜਿਹੜਾ ਵਿਦਰੋਹ ਸਕੂਲ ਵਿਚ ਦਾਖਲੇ ਲਈ ਇਕ ਕੋਸ਼ਿਸ਼ ਵਜੋਂ ਸ਼ੁਰੂ ਹੋਇਆ ਸੀ, ਉਹ ਹੁਣ ਦੂਰ ਦੂਰ ਤਕ ਫੈਲ ਗਿਆ ਸੀ। ਇਹ ਵਿਦਰੋਹ ਅਸਲ 'ਚ ਸਾਰੇ ਰਾਜ 'ਚ ਹੀ ਫੈਲ ਚੁੱਕਾ ਸੀ, ਖਾਸ ਕਰਕੇ ਇਸ ਦਾ ਅਸਰ ਪੁਲੱਡ ਪੇਰਨਿਡ ਆਦਿ ਇਲਾਕਿਆਂ 'ਚ ਤਾਂ ਬਹੁਤ ਪਿਆ। ਦਲਿਤਾਂ ਦੀ ਅਗਵਾਈ ਵੇਲੀਕਾਰਾ ਚੌਥੀ, ਕੁਰੂਬਨ, ਦੇਵਾਥਨ, ਕੇਮਪਡੀ, ਏਨਨਚਨ ਦੇ ਨਾਲ ਆਇਅਨਕਲੀ ਨੇ ਕੀਤੀ ਸੀ।

ਇਸ ਸੰਘਰਸ਼ ਦੇ ਦੋ ਮਕਸਦ ਸਨ-ਦਲਿਤਾਂ ਵਿਚ ਮਾਨ-ਸਨਮਾਨ ਦੀ ਭਾਵਨਾ ਉਤਪੰਨ ਕਰਨਾ ਅਤੇ ਵਿਆਪਕ ਵਿਤਕਰੇ ਤੇ ਬੇ-ਇਜ਼ਤੀ ਵਿਰੁਧ ਇਕ ਮਜ਼ਬੂਤ ਵਿਰੋਧ ਦੀ ਭਾਵਨਾ ਪੈਦਾ ਕਰਨਾ। ਅਛੂਤਾਂ ਦੇ ਸਾਰੇ ਸਮੂਹਾਂ ਨੇ ਸਾਧੂਜਨ ਪਾਰੀਪਲਨ ਸੰਘਮ ਦੇ ਪਿਛੇ ਆਪਣੀ ਸਾਰੀ ਤਾਕਤ ਲਾ ਦਿੱਤੀ ਸੀ, ਸੰਘਮ ਐਨੀ ਵੱਡੀ ਸ਼ਕਤੀ ਬਣ ਗਿਆ ਸੀ ਕਿ ਸਾਰੇ ਦੇਸ਼ ਵਿਚ ਇਸ ਦੇ ਇਕ ਹਜ਼ਾਰ ਯੂਨਿਟ ਖੋਹਲੇ ਜਾ ਚੁਕੇ ਸਨ।

ਆਇਅਨਕਲੀ ਦੀ ਅਗਵਾਈ ਹੇਠ ਸੰਘਮ ਦੀ ਮਦਦ ਸਦਕਾ ਸ਼ੁਰੂ ਹੋਏ ਸੰਘਰਸ਼ ਤੇ ਵਿਦਰੋਹ ਕੇਰਲ ਦੇ ਇਤਿਹਾਸ ਵਿਚ ਫੈਸਲਾਕੁਨ ਘਟਨਾਵਾਂ ਸਨ। ਖਾਸ ਤੌਰ ਤੇ ੧੯੧੪ ਤੋਂ ਸ਼ੁਰੂ ਹੋਏ ਵਿਦਰੋਹਾਂ ਨੇ ਮਲਿਆਲਮ ਸਾਹਿਤ ਉੱਤੇ ਵੀ ਡੂੰਘਾ ਪ੍ਰਭਾਵ ਪਾਇਆ ਹੈ। ਜਦੋਂ ਮਿਹਨਤਕਸ਼ ਲੋਕਾਂ ਨੇ ਖਾੜਕੂ ਬਣਕੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਹਥਿਆਰ ਚੁੱਕ ਲਏ ਤਾਂ ਕਵੀਆਂ ਤੇ ਦੂਸਰੇ ਲੇਖਕਾਂ ਨੇ ਉਨ੍ਹਾਂ ਨੂੰ ਆਪਣੀਆਂ ਸਾਹਿਤਕ ਕਿਰਤਾਂ ਵਿਚ ਪੇਸ਼ ਕਰਨਾ ਸ਼ੁਰੂ ਕੀਤਾ। ਆਇਅਨਕਲੀ ਦੇ ਸਮਕਾਲੀਨ ਪ੍ਰਸਿੱਧ ਕਰਾਂਤੀਕਾਰੀ ਕਵੀ ਕੁਮਾਰਨ ਆਸਨ ਨੇ ਇਨ੍ਹਾਂ ਵਿਦਰੋਹਾਂ ਨੂੰ ਆਪਣੀ ਕਵਿਤਾ 'ਦੁਰਅਵੱਸਥਾ' ਦਾ ਵਿਸ਼ਾ-ਵਸਤੂ ਬਣਾਇਆ। ਇਹ ਕਵਿਤਾ ੧੯੨੨ ਵਿਚ ਲਿਖੀ ਗਈ ਤੇ ਅੰਗਰੇਜ਼ੀ ਭਾਸ਼ਾ ਵਿਚ 'ਇਕ ਦੁੱਖਦਾਈ ਹਾਲਤ' ਦੇ ਸਿਰਲੇਖ ਹੇਠ ਅਨੁਵਾਦ ਹੋਈ। ਇਹ ਅਨੁਵਾਦ ਪ੍ਰੋ. ਪੀ. ਸੀ. ਗੰਗਾਧਰਨ ਨੇ ਕੀਤਾ ਸੀ। ਐਨੀ ਸ਼ਕਤੀਸ਼ਾਲੀ ਤੇ ਪ੍ਰਤੀਬੱਧਤਾ ਵਾਲੀ ਕਵਿਤਾ ਸਿਰਫ ਉਹ ਹੀ ਲਿਖ ਸਕਦਾ ਹੈ ਜਿਹੜਾ ਜਾਤੀ-ਵਿਵਸਥਾ ਤੇ ਛੂਆ-ਛਾਤ ਦਾ ਖੁਦ ਸ਼ਿਕਾਰ ਰਿਹਾ ਹੋਵੇ।

ਕਵੀ ਅਨੁਸਾਰ ਜਾਤ-ਪਾਤ ਈਰਖਾ / ਦਵੈਤ ਦਾ ਧੂੰਆਂ ਜਿਹੜਾ ਅਗਿਆਨੀ ਵਿਅਕਤੀਆਂ ਦੇ ਮਨਾ ਦੇ ਕਰੋਧ ਦਾ ਆਵੇਸ਼ ਹੈ। ਇਸੇ ਲਈ ਉਹ ਰੋਸ ਤੇ ਘਮੰਡ ਨਾਲ ਪੁੱਛਦਾ ਹੈ-

ਕੀ ਜਾਤ ਖੂਨ ਵਿਚ ਹੁੰਦੀ ਹੈ
ਜਾਂ ਫਿਰ ਕੀ ਇਹ ਹੱਡੀ ਵਿਚ
ਜਾਂ ਹੱਡੀਆਂ ਦੀ ਮਿੱਝ ਵਿਚ?
ਕੀ ਚੰਡਾਲ ਔਰਤ ਦੇ ਸਰੀਰ 'ਚ
ਬ੍ਰਾਹਮਣ ਦਾ ਬੀਜ ਨਹੀਂ ਪਲ ਸਕਦਾ?

ਜਾਪਦਾ ਹੈ ਕਿ ੧੯੧੪ ਚੋਂ ਬਾਅਦ ਆਇਅਨਕਲੀ ਦੀ ਅਗਵਾਈ ਵਿਚ ਹੋਏ ਦਲਿਤਾਂ ਦੇ ਵਿਦਰੋਹਾਂ ਅਤੇ ਕਵੀ ਨੂੰ ਉਸ ਦੀ ਹੀ ਜਾਤੀ ਦੇ ਵਿਅਕਤੀਆਂ ਵਲੋਂ ਕੀਤੇ ਮਾੜੇ ਵਿਵਹਾਰ ਦੇ ਪ੍ਰਭਾਵ ਹੇਠ ਹੀ ਉਸ ਨੇ 'ਦੁਰਅਵਸਥਾ' ਅਤੇ 'ਚੰਡਾਲ ਭਿਕਸ਼ੁਕੀ' ਵਰਗੀਆਂ ਕਵਿਤਾਵਾਂ ਦੀ ਸਿਰਜਣਾ ਕਰਨ ਲਈ ਪਰੇਰਿਆ ਹੋਵੇਗਾ।

ਇਹ ਭੇਦ ਅਜੇ ਖੁੱਲ੍ਹਣਾ ਹੈ ਕਿ ਸਦੀਆਂ ਤੋਂ ਦਲਿਤਾਂ ਵਿਰੁਧ ਕੀਤੀਆਂ ਜਾ ਰਹੀਆਂ ਅਣ-ਮਨੁਖੀ ਵਧੀਕੀਆਂ ਵਿਰੁੱਧ ਕਿਸੇ ਉੱਚੀ ਜਾਤੀ ਦੇ ਕਵੀ ਨੇ ਕਦੇ ਕੋਈ ਉਂਗਲ ਕਿਉਂ ਨਹੀਂ ਉਠਾਈ? ਇਹ ਵੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਭਾਰਤ ਦੇ ਲੇਖਕਾਂ, ਨਿਮਨ ਜਾਤੀਆਂ ਦੇ ਦੁੱਖ-ਦਰਦਾਂ ਅਤੇ ਮੁਸੀਬਤਾਂ, ਜੋ ਉਨ੍ਹਾਂ ਸਦੀਆਂ ਤੋਂ ਆਪਣੇ ਤਨ ਤੇ ਮਨ ਉੱਤੇ ਹੰਡਾਈਆਂ ਹਨ, ਆਪਣੀਆਂ ਲਿਖਤਾਂ ਦਾ ਵਿਸ਼ਾ-ਵਸਤੂ ਕਿਉਂ ਨਹੀਂ ਬਣਾਇਆ।

ਕਵੀ ਕੁਮਾਰਨ ਆਸਨ ਦੀ ਇਹ ਦੂਰਅੰਦੇਸ਼ੀ ਸੀ ਕਿ ਉਸ ਨੇ ਨਿਮਨ ਜਾਤੀਆਂ ਦੇ ਅਨ੍ਹਿਆ ਆਧਾਰਤ ਵਿਵਸਥਾ ਵਿਰੁੱਧ ਹੋਣ ਵਾਲੇ ਵਿਦਰੋਹਾਂ ਨੂੰ ਅਗਾਂਊ ਹੀ ਅਨੁਭਵ ਕਰਕੇ ਵੇਦਾਂ ਤੇ ਸ਼ਾਸ਼ਤਰਾਂ ਦੇ ਸਮਰਥਕਾਂ ਨੂੰ ਚਿਤਾਵਨੀ ਦਿੰਦੇ ਹੋਏ ਲਿਖਿਆ ਸੀ-

ਇਸ ਦੇਸ਼, ਇਸ ਦੇ ਵਿਸ਼ਵਾਸ਼
ਅਤੇ ਇਸ ਦੇ ਲੋਕ ਤੇ ਤੁਹਾਡਾ ਆਪਣਾ ਪਵਿੱਤਰਪਨ
ਬਾਰੇ ਸੋਚਦਿਆਂ,ਜਦ ਮੈਂ ਦੇਖਦਾ ਹਾਂ।
ਸਮਾਂ ਬਦਲ ਚੁੱਕਾ ਹੈ,
ਪਰੰਪਰਾਗਤ ਤਿਓਹਾਰ ਪੁਰਾਣੇ ਹੋ ਚੁੱਕੇ ਹਨ
ਅਤੇ ਇਨ੍ਹਾਂ ਦੀ ਪਕੜ ਢਿਲੀ ਹੋ ਕੇ ਟੁਟ ਰਹੀ ਹੈ।
ਜਿਹੜੇ ਲੋਕ ਉਠ ਚੁੱਕੇ ਹਨ



ਉਹ ਕੱਚੇ ਧਾਗਿਆਂ ਨਾਲ ਬੰਨੇ ਨਹੀਂ ਰਖੇ ਜਾਣਗੇ।
ਬਹਾਦਰੀ ਨਾਲ ਅੱਗੇ ਵਧੋ
ਆਪਣੀਆਂ ਪੁਰਾਤਨ ਰੀਤਾਂ
ਨੂੰ ਦਿਓ ਬਦਲ
ਨਹੀਂ ਤਾਂ ਉਹ ਲੋਕ ਤੁਹਾਨੂੰ ਹੀ ਪਰਾਂ ਕਰ ਦੇਣਗੇ।

ਇਹ ਚਿਤਾਵਨੀ ਦੇਣ ਉਪਰੰਤ ਵੀ ਕਵੀ ਨੇ ਉਨ੍ਹਾਂ ਵਾਰਦਾਤਾਂ ਨੂੰ ਚੇਤੇ ਕਰਕੇ ਜਿਹੜੀਆਂ ਕੁਝ ਨਾਲ ਪਹਿਲਾਂ ਵਾਪਰ ਚੁੱਕੀਆਂ ਸਨ, ਦਲਿਤਾਂ ਉੱਤੇ ਜ਼ੁਲਮ ਕਰਨ ਵਾਲਿਆਂ ਨੂੰ ਸਮਾਜਿਕ ਯਥਾਰਥ ਦੀ ਤਸਵੀਰ ਦੇਖਣ ਲਈ ਬੇਨਤੀ ਕਰਦਿਆਂ ਲਿਖਿਆ ਸੀ -

ਉਨ੍ਹਾਂ (ਦਲਿਤਾਂ) ਦੇ ਸ਼ਬਦਾਂ ਨੂੰ ਜ਼ੁਬਾਨ ਦਿੰਦਿਆਂ
ਕਹਿਣਾ ਚਾਹੁੰਦਾ ਹਾਂ ਮੈ,
ਕਿ ਸਾਰੇ ਕੇਰਲ ਵਿਚ ਚੱਲ ਰਹੀ ਹੈ
ਪਰਿਵਰਤਨ ਦੀ ਖਤਰਨਾਕ ਹਨੇਰੀ,
ਕਿ ਸਾਰੇ ਪਾਸਿਆਂ ਤੋਂ ਇਹੀ ਸੰਦੇਸ਼ ਹੋ
ਰਿਹਾ ਹੈ ਪ੍ਰਾਪਤ
ਕਿ ਪੈਰਾਂ ਹੇਠੋਂ ਉੱਠ ਰਹੀ ਹੈ
ਠਾਠਾਂ ਮਾਰਦੀ ਅਸ਼ਾਂਤੀ ਦੀ
ਬੁੜਬੁੜਾਹਟ।

''ਅਸ਼ਾਂਤੀ ਦੀ ਬੁੜਬੁੜਾਹਟ' ਦਾ ਮਤਲਬ ਹੈ ਕਿ ਦਲਿਤ ਹੁਣ ਉਨ੍ਹਾਂ ਉੱਤੇ ਠੋਸ ਰਖੀਆਂ ਜੰਜੀਰਾਂ ਤੇ ਅਯੋਗਤਾਵਾਂ ਨੂੰ ਵਗਾਹ ਕੇ ਮਾਰਨ ਲਈ ਤਤਪਰ ਹਨ। ਆਇਅਨਕਲੀ ਤੇ ਦੂਸਰੇ ਲੀਡਰਾਂ ਅਤੇ ਸ੍ਰੀ ਨਰਾਇਣ ਗੁਰੂ ਦੀ ਸੁਚੱਜੀ ਅਗਵਾਈ ਹੇਠ ਇਹ ਨਿਮਨ ਜਾਤੀਆਂ ਦੇ ਲੋਕ ਆਪਣੀ ਸਮਾਜਿਕ ਮੁਕਤੀ ਪ੍ਰਾਪਤੀ ਦੇ ਰਸਤੇ ਉਤੇ ਚੱਲੇ ਹੋਏ ਹਨ। ਇਸ ਪਿਛੋਕੜ 'ਚ ਕਵੀ ਖਬਰਦਾਰ ਕਰਦਾ ਹੈ ਕਿ ਹੁਣ ਉਨ੍ਹਾਂ ਨੂੰ ਹੋਰ ਦਬਾਇਆ ਨਹੀਂ ਜਾ ਸਕਦਾ, ਨਾਂ ਹੀ ਉਨ੍ਹਾਂ ਨੂੰ ਇਸ ਰਸਤੇ ਤੋਂ ਰੋਕਿਆ ਜਾ ਸਕਦਾ ਹੈ, ਬ੍ਰਾਹਮਣੀ ਸਮਾਜਿਕ-ਵਿਵਸਥਾ ਦੇ ਸਮਰਥੱਕਾਂ ਨੂੰ ਹੁਣ ਆਪਣੇ ਪੁਰਾਣੇ ਕਾਨੂੰਨ ਤੇ ਨਿਯਮ ਤਬਦੀਲ ਕਰ ਲੈਣੇ ਚਾਹੀਦੇ ਹਨ। ਕਵੀ ਅੱਗੇ ਕਹਿੰਦਾ ਕਿ ਜੇ ਅਜਿਹਾ ਨਹੀਂ ਹੁੰਦਾ ਤਾਂ ਜਲਦੀ ਹੀ ਨਵੇਂ ਕਾਨੂੰਨ ਆਪਣੇ ਆਪ ਹੀ ਪੁਰਾਣਿਆਂ ਨੂੰ ਤਬਦੀਲ ਕਰ ਦੇਣਗੇ। ਜਿਵੇਂ ਕਿ ਆਮ ਹੁੰਦਾ ਆਇਆ ਹੈ ਕਿ ਉਚੀ-ਜਾਤੀ ਲੋਕ ਬਾਹਰੋਂ ਬਾਹਰੋਂ ਤਾਂ ਤਬਦੀਲੀ ਦੇ ਹੱਕ ਦਿਖਾਈ ਦਿੰਦੇ ਹਨ ਲੇਕਿਨ ਅੰਦਰੋਂ ਪ੍ਰਚਲਤ ਵਿਵਸਥਾ ਨੂੰ ਬਣਾਈ ਰਖਣਾ ਚਾਹੁੰਦੇ ਹਨ, ਕਵੀ ਦਾ ਵਿਚਾਰ ਹੈ ਕਿ ਅਜਿਹਾ ਵਰਤਾਅ ਸਮਾਜ ਦੀ ਬੇਹਤਰੀ ਲਈ ਚੰਗਾ ਨਹੀਂ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਕੁਮਾਰਨ ਆਸਨ ਦੀਆਂ ਕਵਿਤਾਵਾਂ 'ਦੁਰਅਵਸਥਾ' ਅਤੇ 'ਚੰਡਾਲ ਭਿਕਸ਼ੂਕੀ' ਦਾ ਮਨੋਰਥ ਹਜ਼ਾਰਾਂ ਸਾਲਾਂ ਤੋਂ ਲਗਾਤਾਰ ਚਲੀ ਆ ਰਹੀ ਜਾਤੀ-ਵਿਵਸਥਾ ਵਿਰੁੱਧ ਦੇਸ਼ ਦੇ ਲੋਕਾਂ ਨੂੰ ਸੰਵੇਦਨਸ਼ੀਲ ਬਣਾਉਣਾ ਸੀ।

ਉਚੀਆਂ ਜਾਤੀਆਂ ਦੇ ਮਨਾ 'ਚ ਜਾਤੀ ਕਟੜਪੁਣੇ ਦੇ ਪਾਗਲਪਨ ਨੂੰ ਦੂਰ ਕਰਨ ਅਤੇ ਦਲਿਤਾਂ 'ਚ ਮੌਜੂਦ ਬੌਧਿਕ ਗੁਲਾਮੀ ਨੂੰ ਦੂਰ ਕਰਨ ਦਾ ਇਕੋ ਇਕ ਰਸਤਾ ਜੋ ਰਹਿ ਗਿਆ ਸੀ ਉਹ ਸੀ ਕਿ ਆਇਅਨਕਲੀ ਤੇ ਉਸਦੇ ਸੰਘਮ ਦੀ ਰਹਿਨੁਮਾਈ ਹੇਠ ਆਪਣੀ ਜਦੋ ਜਹਿਦ ਨੂੰ ਨਿਰੰਤਰ ਜਾਰੀ ਰੱਖਿਆ ਜਾਵੇ।

### ਸੰਘਮ ਦੀ ਕਾਰਗੁਜ਼ਾਰੀ ਅਤੇ ਸਮਾਜਿਕ-ਨਿਆਂਇਕ ਪ੍ਰਣਾਲੀ-

ਦਲਿਤਾਂ ਨੂੰ ਦੇਸ਼ ਦੇ ਦੀਵਾਨੀ, ਨਾ ਹੀ ਫੌਜ਼ਦਾਰ ਕਾਨੂੰਨਾ ਤੇ ਨਿਯਮਾਂ ਦੀ ਕੋਈ ਜਾਣਕਾਰੀ ਸੀ। ਸਿੱਟੇ ਵਜੋਂ ਅਕਸਰ ਪੁਲਿਸ ਜਾਂ ਅਦਾਲਤਾਂ ਬੜੀ ਜ਼ਾਲਮਾਨਾ ਸਜ਼ਾਂ ਦਿੰਦੀਆਂ ਸਨ। ਉਨ੍ਹਾਂ ਲਈ ਕੋਰਟ ਜਾਂ ਪੁਲਿਸ ਅੱਗੇ ਉਨ੍ਹਾਂ ਦਾ ਕੇਸ ਲੜਨ ਵਾਲਾ ਵੀ ਕੋਈ ਨਹੀਂ ਸੀ। ਝੂਠੇ ਕੇਸਾਂ ਅਤੇ ਜ਼ੁਲਮ ਹੇਠ ਉਨ੍ਹਾਂ ਨੂੰ ਬੜੇ ਕਸ਼ਟ ਝਲਣੇ ਪੈਂਦੇ। ਆਇਅਨਕਲੀ ਨੇ ਫੈਸਲਾ ਕੀਤਾ ਕਿ ਦਲਿਤਾਂ ਨੂੰ ਇਨ੍ਹਾਂ ਕਾਨੂੰਨਾਂ ਤੇ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਜਾਵੇ। ਪਰੰਤੂ ਉਨ੍ਹਾਂ ਦਾ ਕੋਈ ਰਿਸ਼ਤੇਦਾਰ ਜਾਂ ਵਿਅਕਤੀ ਅਦਾਲਤਾਂ

ਦੀ ਜਾਣਕਾਰੀ ਜਾਂ ਪਹੁੰਚ ਨਹੀਂ ਰਖਦਾ ਸੀ। ਉਹ ਨਾਂ ਹੀ ਅਦਾਲਤਾਂ 'ਚ ਦਾਖਲ ਹੋ, ਸਕਦੇ ਸਨ ਉਨ੍ਹਾਂ ਨੂੰ ਤਾਂ ਅਦਾਲਤ ਦੇ ਵਰਾਂਡੇ ਤੱਕ ਜਾਣ ਦੀ ਅਗਿਆ ਨਹੀਂ ਸੀ।

ਅਦਾਲਤਾਂ ਵਿਚ ਦਲਿਤਾਂ ਨਾਲ ਸਬੰਧਤ ਕੇਸ ਪੇਸ਼ ਕਰਨ ਦਾ ਖਾਸ ਹੀ ਢੰਗ ਹੁੰਦਾ ਸੀ। ਹੁੰਦਾ ਕੀ ਸੀ ਕਿ ਜਦ ਅਦਾਲਤ ਆਪਣਾ ਰੋਜ਼ਾਨਾ ਅਦਾਲਤੀ ਕੰਮ ਨਿਪਟਾ ਲੈਂਦੀ ਸੀ ਤਾਂ ਮੈਜਿਸਟਰੇਟ ਤੇ ਵਕੀਲ ਅਦਾਲਤ ਤੋਂ ਬਾਹਰ ਦਰਖ਼ਤ ਹੇਠ ਦਲਿਤਾਂ ਦੇ ਕੇਸਾਂ ਦੀ ਸੁਣਵਾਈ ਕਰਦੇ ਸਨ। ਜਿਨੀ ਦੇਰ ਕੇਸ ਪੇਸ਼ ਹੁੰਦੇ ਰਹਿੰਦੇ ਉਹ ਖੜੇ ਹੀ ਰਹਿੰਦੇ। ਇਹ ਕੇਸ ਉਹ ਸਿੱਧੇ ਨਹੀਂ ਸਨ ਸੁਣਦੇ ਇਹ ਕੰਮ ਉਹ ਵਿਚੋਲੇ ਰਾਹੀਂ ਕਰਦੇ। ਦੋਸ਼ੀ ਜਾਂ ਗਵਾਹ ਆਪਣੀ ਆਪਣੀ ਸਟੇਟਮੈਂਟ ਅਦਾਲਤ' ਦੇ ਚਪੜਾਸੀ ਨੂੰ ਦੱਸਦੇ ਤੇ ਉਹ ਅਗੇ ਅਦਾਲਤ ਅੱਗੇ ਪੇਸ਼ ਕਰਦਾ, ਅਤੇ ਇਹ ਸੁਣਕੇ ਮੈਜਿਸਟਰੇਟ ਆਪਣਾ ਫੈਸਲਾ ਸੁਣਾਂਉਦਾ।

ਇਹੋ ਜਿਹੀ ਰੀਤ ਨਾ ਹੀ ਪੱਥਰ ਯੁੱਗ ਵਿਚ ਅਤੇ ਨਾ ਹੀ ਜਾਂਗਲੀ ਯੁੱਗ ਵਿਚ ਪ੍ਰਚਲਤ ਸੀ। ਆਇਅਨਕਲੀ ਇਸ ਨੂੰ ਬੜੀ ਮਖੌਲੀਆਂ ਤੇ ਬੇਇਜ਼ਤੀ ਭਰਪੂਰ ਰਹਿੰਦਾ ਸੀ। ਇਸ ਕਿਸਮ ਦੇ ਵਿਤਕਰੇ ਤੋਂ ਆਇਅਨਕਲੀ ਬਹੁਤ ਗੁੱਸੇ ਸੀ। ਤੇ ਉਦਾਸ ਤੇ ਪਰੇਸ਼ਾਨ ਵੀ ਸੀ। ਹੁਣ ਉਸ ਨੇ ਇਸ ਦਾ ਹਲ ਲੱਭ ਲਿਆ ਸੀ। ਉਸ ਨੇ ਆਪਣੇ ਲੋਕਾਂ ਨੂੰ ਇਨ੍ਹਾਂ ਅਦਾਲਤਾਂ ਤੋਂ ਇਨਸਾਫ ਲੈਣ ਤੋਂ ਰੋਕ ਦਿੱਤਾ ਸੀ। ਜੋ ਤਜ਼ਵੀਜ ਆਇਅਨਕਲੀ ਨੇ ਦਿੱਤੀ, ਇਸ ਤਰ੍ਹਾਂ ਦੀ ਇਤਿਹਾਸ ਦੌਰਾਨ ਕਿਸੇ ਵੀ ਲੀਡਰ ਨੇ ਪੇਸ਼ ਨਹੀਂ ਕੀਤੀ ਸੀ।

ਆਇਅਨਕਲੀ ਇਸ ਬਾਰੇ ਸੁਚੇਤ ਸੀ ਕਿ ਅਨਪੜ੍ਹ ਤੇ ਅਗਿਆਨੀ ਦਲਿਤਾਂ ਲਈ ਸਰਕਾਰੀ ਅਦਾਲਤਾਂ ਉੱਤੇ ਨਿਰਭਰ ਨਹੀਂ ਰਹਿਣਾ ਚਾਹੀਦਾ ਕਿਉਂਕਿ ਇਨ੍ਹਾਂ ਦਾ ਪ੍ਰਬੰਧ ਉੱਚੀਆਂ ਜਾਤੀਆਂ ਦੇ ਹੱਥ 'ਚ ਹੀ ਹੈ ਜਿਹੜੀਆਂ ਦਲਿਤਾਂ ਪ੍ਰਤੀ ਪਹਿਲਾਂ ਹੀ ਦੁਸ਼ਮਣੀ ਵਾਲਾ ਅਤੇ ਨਿਰਦਈ ਰਵੱਈਆਂ ਰਖਦੀਆਂ ਸਨ। ਆਇਅਨਕਲੀ ਨੇ ਆਪਣੀ ਸੰਸਥਾ ਸੰਘਮ ਦੀ ਸਰਪ੍ਰਸਤੀ ਹੇਠ ਇਕ ਸਮਾਜਿਕ-ਅਦਾਲਤ' ਦੀ ਸਥਾਪਨਾ ਕੀਤੀ। ਇਹ ਸਭ ਤੋਂ ਸਿਖਰਲੀ ਅਦਾਲਤ ਸੀ, ਤੇ ਹੇਠਾਂ ਇਸ ਦੀਆਂ ਬ੍ਰਾਂਚਾ-'ਉਪ ਅਦਾਲਤਾਂ ਖੋਹਲੀਆਂ ਗਈਆਂ। ਆਇਅਨਕਲੀ ਆਪ ਚੀਫ ਅਦਾਲਤ ਦਾ ਸ਼ਕਤੀਸ਼ਾਲੀ-ਉਚ ਜੱਜ ਬਣਿਆ।

ਇਨਾਂ 'ਸਮਾਜਿਕ ਅਦਾਲਤਾਂ' ਦੇ ਕੰਮ-ਕਾਰ ਲਈ ਸਰਕਾਰੀ ਅਦਾਲਤਾਂ ਦੇ ਨਿਯਮ ਤੇ ਵਿਧਾਨ ਨੂੰ ਹੀ ਅਪਣਾਇਆ ਗਿਆ। ਵਕੀਲ, ਜਿਹੜੇ ਸਧਾਰਨ ਕਾਨੂੰਨ ਤੇ ਵਿਵਸਥਾ, ਕਾਨੂੰਨ-ਸ਼ਾਸਤਰ, ਫੌਜ਼ਦਾਰੀ ਕਾਨੂੰਨ ਤੇ ਸਮਾਜਿਕ ਕਾਨੂੰਨਾ 'ਚ ਮੁਹਾਰਤ ਤੇ ਤਜਰਬਾ ਰਖਦੇ ਸੀ, ਉਹ ਇਨਾਂ ਅਦਾਲਤਾਂ ਅਗੇ ਕੇਸ ਲੜਨ ਲਈ ਪੇਸ਼ ਹੁੰਦੇ ਸਨ। ਸਿਖਰਲੀ ਅਦਾਲਤ ਦੇ ਫੈਸਲੇ ਤੇ ਨਿਰਦੇਸ਼ 'ਉਪ-ਅਦਾਲਤਾਂ' ਵਿਚ ਅਰਦਲੀਆਂ ਰਾਹੀਂ ਪਹੁੰਚਾਏ ਜਾਂਦੇ। ਇਨ੍ਹਾਂ ਅਦਾਲਤਾਂ ਦੀ ਦਫਤਰੀ ਕਾਰਵਾਈ ਲਈ ਬੈਂਚ-ਕਲਰਕ ਰਖੇ ਜਾਂਦੇ ਅਤੇ ਪਾਰਟੀਆਂ ਨੂੰ ਸੰਮਨ ਕਰਨ ਲਈ ਵਾਰੰਟ-ਸੈਨਕਾਂ ਦੀਆਂ ਸੇਵਾਵਾਂ ਲਈਆਂ ਜਾਂਦੀਆਂ ਸਨ। ਉਤਰਵਾਦੀ, ਦੋਸ਼ੀਆਂ ਅਤੇ ਕਾਰਵਾਈ ਦੇਖਣ ਵਾਲੇ ਕੋਰਟ ਦੀ ਨਿਰਧਾਰਤ ਪ੍ਰਕਿਰਿਆ ਨੂੰ ਬੜੇ ਧਿਆਨ ਤੇ ਅਨੁਸਾਸ਼ਨ 'ਚ ਰਹਿ ਕੇ ਦੇਖਦੇ ਸਨ।

"ਸਮਾਜਿਕ-ਅਦਾਲਤ" ਦੇ ਫੈਸਲਿਆਂ ਦਾ ਆਧਾਰ ਨਿਆਂ ਤੇ ਇਮਾਨਦਾਰੀ ਹੁੰਦਾ। ਅਸਲ ਦੋਸ਼ੀਆਂ ਨੂੰ ਨਿਰਪੱਖ ਫੈਸਲਿਆਂ ਰਾਹੀਂ ਸਜ਼ਾ ਸੁਣਾਈ ਜਾਂਦੀ। ਕੋਈ ਕਿਸੇ ਨੂੰ ਰਿਸ਼ਵਤ ਨਾ ਦੇ ਸਕਦਾ ਸੀ ਅਤੇ ਨਾ ਹੀ ਲੈ ਸਕਦਾ ਸੀ। ਕੈਦ ਦੀ ਸਜ਼ਾ ਤੋਂ ਸਿਵਾਏ ਬਾਕੀ ਸਾਰੀਆਂ ਹੀ ਸਜ਼ਾਵਾਂ ਸਮਾਜਿਕ ਅਦਾਲਤਾਂ ਸੁਣਾਂਉਂਦੀਆਂ ਸਨ। ਮੁੱਖ ਅਦਾਲਤ ਅਗੇ ਅਪੀਲ ਦੇ ਬਰਾਬਰ ਮੌਕੇ ਪ੍ਰਦਾਨ ਕੀਤੇ ਜਾਂਦੇ ਸਨ।

ਇਹ ਸੱਚ ਹੈ ਕਿ ਉਨ੍ਹਾਂ ਸਮਿਆਂ ਦੇ ਲਾਗੂ ਸਮਾਜਿਕ ਕਾਨੂੰਨਾਂ ਅਨੁਸਾਰ ਆਇਅਨਕਲੀ ਨਾ ਪੜ੍ਹ ਸਕਦਾ ਸੀ ਤੇ ਨਾ ਹੀ ਲਿਖ ਸਕਦਾ ਸੀ। ਪਰ ਜਾਤੀਵਾਦੀ ਲੋਕਾਂ ਦੇ ਪ੍ਰਭੁਤਵ ਤੋਂ ਹੋਰ ਕੋਈ ਛੁਟਕਾਰਾ ਵੀ ਨਹੀਂ ਦੁਆ ਸਕਦਾ ਸੀ। ਆਇਅਨਕਲੀ ਦੀ ਮਦਦ ਉਸ ਦਾ ਆਨਰੇਰੀ ਪ੍ਰਾਈਵੇਟ ਸੈਕਟਰੀ ਸ੍ਰੀ ਕੇਸਵਨਦਾ ਕਰਦਾ ਸੀ ਜਿਸ ਨੇ ਲੁੱਕ ਛੁਪ ਕੇ ਪਰ ਕਰੜੀ ਮਿਹਨਤ ਤੇ ਹੌਂਸਲੇ ਨਾਲ ਪੜ੍ਹਨਾ ਤੇ ਲਿਖਣਾ ਸਿਖਿਆ ਹੋਇਆ ਸੀ। ਸਰਕਾਰੀ ਅਫਸਰਾਂ ਨੂੰ ਪੇਸ਼ ਕਰਨ ਲਈ ਮੈਮੋਰੰਡਮ, ਆਇਅਨਕਲੀ ਦੀਆਂ ਵਿਧਾਨ ਸਭਾ 'ਚ ਪੇਸ਼ ਕਰਨ ਵਾਲੇ ਭਾਸ਼ਣ ਅਤੇ ਬਾਕੀ ਸਾਰੀ ਡਾਕ ਬੜੀ ਬੋਧਿਕਤਾ ਨਾਲ ਪ੍ਰਾਈਵੇਟ ਸੈਕਟਰੀ ਹੀ ਤਿਆਰ ਕਰਦੇ ਸਨ।



ਜਦੋਂ ਦਲਿਤ ਉੱਚੀਆਂ ਜਾਤੀਆਂ ਵਲੋਂ ਹਰ ਪਾਸੇ ਤੋਂ ਤ੍ਰਿਸਕਾਰੇ ਗਏ ਸਨ ਤਾਂ ਆਇਅਨਕਲੀ ਉਨ੍ਹਾਂ ਦੇ ਭਲੇ ਲਈ ਰਾਜ-ਪ੍ਰਬੰਧ ਦੇ ਬਰਾਬਰ ਦਾ ਬਦਲ ਢਾਂਚਾ ਉਸਾਰ ਰਿਹਾ ਸੀ। ਉਨ੍ਹਾਂ ਸਮਿਆਂ 'ਚ ਜਦੋਂ ਦਲਿਤਾਂ ਮੌਜੂਦਾ ਅਨਿਆਏ ਵਿਵਸਥਾ ਵਿਰੁਧ ਉਠ ਰਹੇ ਸਨ ਤਾਂ ਉੱਚ-ਜਾਤੀਆਂ ਦੇ ਨਾਲ ਸੈਂਟਰਲ ਟਰਾਂਵਨਕੋਰ ਦੇ ਸੀਰੀਅਨ ਈਸਾਈ ਵੀ ਉਨ੍ਹਾਂ ਨੂੰ ਮਖੌਲ ਕਰਦੇ ਅਤੇ ਬੇਇਜ਼ਤੀ ਵੀ। ਇਸ ਪਖੋਂ ਆਇਅਨਕਲੀ ਦਾ ਇਹ ਉਦਮ ਮੌਜੂਦਾ ਦਲਿਤ ਵਿਰੋਧੀ ਸਮਾਜਿਕ ਨਿਆਂਇਕ ਵਿਵਸਥਾ ਲਈ ਇਕ ਸ਼ਾਨਦਾਰ ਚੈਲਿੰਜ ਸੀ।

ਵੀ. ਜੇ. ਥਾਮਸ ਵਧਿਆਰ, ਜਿਸ ਨੇ ਦਲਿਤਾਂ ਨੂੰ ਸਾਧੂਜਨ ਪਾਰੀਪਲਨ ਸੰਘਮ ਹੇਠ ਸੰਗਠਤਿ ਕਰਨ ਲਈ ਪਹਿਲ ਕਦਮੀ ਕੀਤੀ ਸੀ, ਲੰਡਨ ਮਿਸ਼ਨ ਸੋਸਾਇਟੀ ਵਿਚ ਇਕ ਟੀਚਰ ਸੀ। ਸੁਆਰਥ-ਰਹਿਤ ਵਿਅਕਤੀ ਹੋਣ ਸਮਾਜਿਕ ਨਿਆਂ ਤੇ ਭਰਾਤਰੀ ਭਾਵ ਦੀ ਭਾਵਨਾ ਤੋਂ ਪ੍ਰੇਰਤ ਵਿਅਕਤੀ ਹੋਣ ਕਰਕੇ ਉਸ ਨੇ ਆਪਣੀ ਨੌਕਰੀ ਤੋਂ ਅਸਤੀਫਾ ਦੇ ਕੇ ਸਮਾਜ-ਸੇਵਾ ਲਈ ਸਮਾਂ ਦੇਣ ਦਾ ਫੈਸਲਾ ਕਰ ਲਿਆ ਸੀ। ਉਹ ਆਇਅਨਕਲੀ ਦਾ ਸਲਾਹਕਾਰ ਤੇ ਸੈਕਟਰੀ ਬਣ ਗਿਆ ਸੀ। ਲੰਡਨ ਮਿਸ਼ਨ ਸੋਸਾਇਟੀ 'ਚ ਕੰਮ ਕਰਨ ਕਾਰਨ ਉਸ ਨੂੰ ਅੰਗਰੇਜ਼ੀ ਤੇ ਮਲਿਆਲਮ ਦੋਨੋ ਭਾਸ਼ਾਵਾਂ ਚੰਗੀ ਤਰ੍ਹਾਂ ਆਉਂਦੀਆਂ ਸਨ। ਉਸ ਨੂੰ ਕਾਨੂੰਨ ਤੇ ਕਾਨੂੰਨ-ਸ਼ਾਸਤਰ ਦਾ ਵੀ ਗਿਆਨ ਸੀ। ਇਸ ਲਈ ਸਰਕਾਰ ਵਲੋਂ ਸਮੇਂ ਸਮੇਂ ਦਲਿਤਾਂ ਨਾਲ ਸਬੰਧਤ ਮਸਲਿਆਂ ਬਾਰੇ ਹੁਕਮਾਂ ਅਤੇ ਆਦੇਸ਼ਾਂ ਦੀ ਪੂਰੀ ਜਾਣਕਾਰੀ ਸੀ। ਅਜਿਹਾ ਜਾਪਦਾ ਸੀ ਕਿ ਆਪਣੇ ਭਾਈਚਾਰੇ ਦੀ ਸੇਵਾ ਕਰਨਾ ਹੁਣ ਉਸਦਾ ਮਿਸ਼ਨ ਸੀ।

ਸਮਾਜਿਕ ਅਦਾਲਤ ਹਰ ਸਨਿਚਰਵਾਰ ਨੂੰ ਲਗਦੀ ਸੀ। ਅਦਾਲਤੀ ਕਮਰਾ ਹੀ ਇਸ ਦਾ ਹੈੱਡ ਆਫਿਸ ਸੀ। ਸਭ ਤੋਂ ਸਖਤ ਸਜ਼ਾ ਭਾਈਚਾਰੇ ਵਿਚੋਂ ਛੇਕਣ ਦੀ ਦਿੱਤੀ ਜਾਂਦੀ ਸੀ। ਇਸ ਪਿਛੇ ਭਾਵਨਾ ਇਹੀ ਸੀ ਕਿ ਦਲਿਤਾਂ ਦਾ ਆਪਣਾ ਇਕ ਸਮਾਜ ਸਿਰਜਿਆਂ ਜਾਵੇ ਜਿਸ ਵਿਚ ਸਾਰੇ ਹੀ ਚੰਗੇ ਗੁਣ ਜਿਵੇਂ ਸਦਾਚਾਰ, ਅਨੁਸਾਸ਼ਨ, ਇਮਾਨਦਾਰੀ, ਮਿਲਵਰਤਨ, ਦੋਸਤੀ ਅਤੇ ਏਕਤਾ, ਬਰਕਾਰਰ ਰਹਿ ਸਕਣ। ਆਇਅਨਕਲੀ ਦੀਆਂ ਵਿਦਿਅਕ ਗਤੀਵਿਧੀਆਂ ਵਿਚੋਂ ਇਹ ਵੀ ਇਕ ਗਤੀਵਿਧੀ ਸੀ।

ਆਇਅਨਕਲੀ ਨੇ ਸਿੱਖਿਆ ਦਾ ਪਸਾਰ ਕਰਨ ਦੇ ਕਈ ਢੰਗ ਅਪਣਾਏ ਹੋਏ ਸਨ। ਸਿੱਖਿਆ ਤੋਂ ਉਸ ਦਾ ਭਾਵ ਸਿਰਫ ਅੱਖਰ ਗਿਆਨ ਤੋਂ ਹੀ ਨਹੀਂ ਸੀ ਪਰੰਤੂ ਜੀਵਨ ਦੇ ਵੱਖਰੇ ਵੱਖਰੇ ਖੇਤਰਾਂ ਵਿਚ ਗਿਆਨ ਦੀ ਪ੍ਰਾਪਤੀ ਤੋਂ ਸੀ ਜਿਸ ਸਦਕਾ ਮਨੁੱਖ ਸਮਾਜ ਲਈ ਮਹੱਤਵਪੂਰਨ ਵਿਅਕਤੀ ਬਣ ਸਕੇ।

ਸਿੱਖਿਆ ਦੇ ਪਸਾਰ ਲਈ ਉਸ ਨੇ ਆਰਟ-ਕਲੱਬਾਂ, ਸੰਗੀਤ, ਡਰਾਮਾ ਅਤੇ ਅਲੱਗ ਪੇਂਡੂ ਖੇਡਾਂ, ਲੋਕ-ਨ੍ਰਿਤ, ਲੋਕ-ਗੀਤ ਤੇ ਲੋਕ-ਕਲਾਵਾਂ ਨਾਲ ਸਬੰਧਤ ਗਤੀਵਿਧੀਆਂ ਇਨ੍ਹਾਂ ਆਰਟ-ਕਲੱਬਾਂ ਦੇ ਖੇਤਰ 'ਚ ਸ਼ਾਮਲ ਕੀਤੀਆਂ ਸੀ। ਉਸ ਨੇ ਹਰੀਸ਼ਚੰਦਰ, ਕਾਕਾਰਿਸ਼ੀ, ਨਾਲਾਥਨਕਾਨ ਆਦਿ ਵਰਗੇ ਲੋਕ ਨਾਟਕ ਖੁਦ ਖੇਡੇ ਹੋਏ ਸਨ ਜਿਨ੍ਹਾਂ ਦੇ ਡਾਇਆਲਾਗ ਤੇ ਗੀਤ ਵੀ ਉਸ ਨੇ ਲਿਖੇ ਸਨ। ਉਹ ਸਰੀਰਕ ਖੇਡਾਂ ਤੇ ਕਸਰਤਾਂ ਕਰਨ ਦਾ ਬਹੁਤ ਸ਼ੌਕੀਨ ਸੀ। ਸਰੀਰਕ ਖੇਡਾਂ ਵਿਚ ਤਾਂ ਬਹੁਤ ਮਾਹਰ ਸੀ। ਇਸ ਮੁਹਾਰਤ ਨੇ ਆਪਣੇ ਦੁਸ਼ਮਣ ਨਾਲ ਦੋ ਹੱਥ ਕਰਦਿਆਂ ਉਸ ਨੂੰ ਹਮੇਸ਼ਾਂ ਕਾਮਯਾਬੀ ਦੁਆਈ ਸੀ।

ਉਸ ਦੇ ਸੰਗਠਨ ਦਾ ਵਿਕਾਸ ਤਾਂ ਅਚਾਨਕ ਹੀ ਹੋ ਗਿਆ ਸੀ। ਇਸ ਦਾ ਮੁਖ ਕਾਰਨ ਇਸ ਦੇ ਲੀਡਰ ਤੇ ਕਾਰਜ-ਕਰਤਾ ਸੁਆਰਥ ਰਹਿਤ, ਬਹਾਦਰ ਅਤੇ ਸੁਹਿਰਦ ਸਨ। ਉਨ੍ਹਾਂ ਨੇ ਹਮੇਸ਼ਾਂ ਹੀ ਆਪਣੇ ਭਾਈਚਾਰੇ ਦੇ ਹਿੱਤਾਂ ਦੀ ਪੂਰਤੀ ਤੇ ਭਲਾਈ ਲਈ ਕੰਮ ਕੀਤਾ।

ਸੰਗਠਨ ਦੀ ਪਾਲਿਸੀ ਸਰਕਾਰ ਦਾ ਵਿਰੋਧ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਸਰਕਾਰ ਤੋਂ ਸਿਵਾਏ ਉਨ੍ਹਾਂ ਨਾਲ ਹਮਦਰਦੀ ਜਾਂ ਦਿਲਾਸਾ ਦੇਣ ਵਾਲਾ ਹੋਰ ਹੈ ਵੀ ਕੋਈ ਨਹੀਂ ਸੀ। ਉੱਚ-ਜਾਤੀ ਲੋਕਾਂ ਦੀ ਸਰਬਉਚਤਾ ਤੇ ਵਹਿਸ਼ੀਪੁਣੇ ਵਿਰੁਧ ਲਗਾਤਾਰ ਜੂਝਦੇ ਹੋਏ ਆਇਅਨਕਲੀ ਦਲਿਤਾਂ ਦੇ ਉਥਾਨ ਲਈ ਸਰਕਾਰ ਪਾਸੋਂ ਵੀ ਕਈ ਸਹੂਲਤਾਂ ਪ੍ਰਾਪਰਤ ਕਰਨ 'ਚ ਕਾਮਯਾਬ ਰਹਿੰਦਾ ਸੀ। ਆਇਅਨਕਲੀ ਨੂੰ ਇਕ ਜਾਣਕਾਰੀ ਸੀ ਕਿ ਸਰਕਾਰ ਦੇ ਨਵਾਬ ਕੇਰਲ ਤੋਂ ਬਾਹਰਲੇ ਹੋਣ ਕਾਰਨ ਦਲਿਤਾਂ ਨੂੰ ਦਬਾ ਕੇ ਰੱਖਣ ਵਿਚ ਉਨ੍ਹਾਂ ਦਾ ਕੋਈ ਸੁਆਰਥ ਨਹੀਂ ਸੀ, ਇਸ ਲਈ ਉਹ ਆਇਅਨਕਲੀ ਦੇ ਪ੍ਰਭਾਵ ਹੇਠ ਨੀਵੀਆਂ ਜਾਤੀਆਂ ਦੀ ਭਲਾਈ ਲਈ ਕਈ ਫੈਸਲੇ ਕਰਾ ਦਿੰਦੇ ਸਨ।

ਆਇਅਨਕਲੀ ਤੇ ਉਸ ਦੇ ਸੰਗਠਨ ਦੀ ਨੀਤੀ ਆਪਣੇ ਲੋਕਾਂ ਦੀ ਸੰਪੂਰਨ ਮਦਦ ਤੇ ਇੱਛਾ ਸਿਰਫ ਪਰਾਪੇਗੰਡੇ ਰਾਹੀਂ ਨਹੀਂ, ਬਲਕਿ ਸੰਗਠਨ ਵਲੋਂ ਦਲਿਤਾਂ ਲਈ ਕੀਤੀਆਂ ਪ੍ਰਾਪਤੀਆਂ ਰਾਹੀਂ ਜਿਤਣਾ ਸੀ।

ਉਨ੍ਹਾਂ ਦਿਨਾਂ ਵਿਚ ਹੱਕਾਂ ਦੀ ਪ੍ਰਾਪਤੀ ਲਈ ਉਸ ਸਮੇਂ ਦੇ ਹਾਕਮਾਂ ਨੂੰ ਦਲਿਤਾਂ ਤੇ ਇਨ੍ਹਾਂ ਦੀਆਂ ਮੁਸ਼ਕਲਾਂ ਬਾਰੇ ਜਾਣਕਾਰੀ ਅਤੇ ਉਨ੍ਹਾਂ ਦੀ ਉੱਚਿਤਤਾ ਦਸਕੇ ਹੀ ਅਗੇ ਵਧਿਆ ਜਾ ਸਕਦਾ ਸੀ। ਲੇਕਿਨ ਇਹ ਫਖ਼ਰ ਵਾਲੀ ਗੱਲ ਹੈ ਕਿ ਅਜਿਹੀ ਪਹੁੰਚ ਅਪਣਾਉਂਦੇ ਹੋਏ ਕਿਸੇ ਦਾ ਪੱਖਪਾਤ, ਪਿਛਲੇ ਦਰਵਾਜ਼ੇ ਤੋਂ ਜਾਣ ਵਾਲੀ ਪਹੁੰਚ ਅਤੇ ਨਾਂ ਹੀ ਕੋਈ ਸਿਫਾਰਸ਼ ਕਰਾਈ ਜਾਂਦੀ ਸੀ। ਇਹ ਵੀ ਫਖ਼ਰ ਵਾਲੀ ਗੱਲ ਹੈ ਕਿ ਆਇਅਨਕਲੀ ਤੇ ਹੋਰ ਲੀਡਰ ਨਾਂ ਹੀ ਕਦੇ ਆਪਣੇ ਜਾਤੀ ਹਿੱਤਾਂ ਜਾਂ ਆਪਣੇ ਕਿਸੇ ਰਿਸ਼ਤੇਦਾਰ ਦੇ ਹਿੱਤਾਂ ਦੀ ਵਕਾਲਤ ਕਰਦੇ ਸਨ (ਜਿਵੇਂ ਅੱਜ ਕੱਲ ਦੇ ਦਲਿਤਾਂ ਦੇ ਲੀਡਰ ਕਰਦੇ ਹਨ। ਸਾਰਿਆਂ ਦਾ ਦਾਮਨ ਬੜਾ ਸਾਫ-ਸੁਥਰਾ ਸੀ। ਹਰ ਚੀਜ਼ ਸਮਾਜ ਦੇ ਹਿਤ ਨੂੰ ਮੁਖ ਰਖਕੇ ਹੀ ਕੀਤੀ ਜਾਂਦੀ ਸੀ। ਇਹ ਇਤਿਹਾਸਕ ਰੀਕਾਰਡ ਦੀ ਗਲ ਹੈ ਕਿ ਸਮਾਜ-ਸੇਵਾ ਦੇ ਮੁਕਾਬਲੇ 'ਚ ਇਹ ਸੰਗਠਨ ਇਕ ਮਾਡਲ ਸੰਸਥਾ ਸੀ ਜਿਸ ਨੇ ਕੇਰਲ ਦੇ ਸਮਾਜ ਦੇ ਨਵ-ਨਿਰਮਾਣ ਵਿਚ ਹੈਰਾਨੀ ਜਨਕ ਕਾਰਜ ਕੀਤੇ ਹਨ ਅਤੇ ਆਇਅਨਕਲੀ ਭਾਰਤ ਦੇ ਨਿਰਮਾਤਾਂ ਵਿੱਚ ਇਕ ਆਪਣੀ ਹੀ ਕਿਸਮ ਦਾ ਮਹਾਨ ਨੇਤਾ ਸੀ।

ਇਸ ਸੰਗਠਨ ਦੀ ਵਰ੍ਹੇ ਗੰਢ ਬਹੁਤ ਹੀ ਵੱਡੇ ਪੱਧਰ ਤੇ ਸ਼ਾਨੋ-ਸੋਕਤ ਨਾਲ ਮਨਾਈ ਗਈ ਸੀ। ਕਿਨੇ ਮਾਣ ਵਾਲੀ ਗੱਲ ਹੈ ਕਿ ਸਾਧੂਜਨ ਪਾਰੀਪਲਨ ਸੰਘਮ ਦੀ ਇਹ ਵਰ੍ਹੇ ਗੰਢ ਵਿਕਟੋਰੀਆ ਜੁਬਲੀ ਟਾਊਨ ਹਾਲ ਵਿਖੇ ਵਿਧਾਨ ਸਭਾ ਦੇ ਆਮ ਸੈਸ਼ਨ ਤੋਂ ਬਾਅਦ, ਇਥੇ ਹੀ ਮਨ੍ਹਾਈ ਗਈ ਸੀ। ਇਹ ਹੋਰ ਵੀ ਹੈਰਾਨੀ ਵਾਲੀ ਗੱਲ ਹੈ ਕਿ ਉਨ੍ਹਾਂ ਦਿਨਾਂ ਵਿਚ ਜਦ ਛੂਆ-ਛੂਤ ਸਿਖਰਾਂ ਤੇ ਸੀ, ਅਛੂਤ ਜਾਤੀਆਂ ਦੀ ਮੀਟਿੰਗ ਉਸ ਹਾਲ 'ਚ ਹੋਈ ਹੋਵੇ ਜਿਥੇ ਵਿਧਾਨ ਸਭਾ ਦੀਆਂ ਮੀਟਿੰਗਾਂ ਹੁੰਦੀਆਂ ਹੋਣ। ਅਜਿਹਾ ਦੀਵਾਨਾਂ ਦੀ ਸੁਹਿਰਦਤਾ ਕਰਕੇ ਨਹੀਂ ਹੋਇਆ ਸੀ ਕਿਉਂਕਿ ਉਹ ਬਾਹਰਲੇ ਵਿਅਕਤੀ ਸਨ। ਕਾਰਨ ਇਹ ਸੀ ਕਿ ਆਇਅਨਕਲੀ ਦਾ ਵਿਅਕਤੀਤਵ ਤੇ ਮਹਾਨਤਾ ਹੀ ਐਨੀ ਸੀ ਜਿਸਦੀ ਕਿ ਰਾਜੇ- ਮਹਾਂਰਾਜੇ ਵਡਿਆਈ ਕਰਨ ਤੋਂ ਰਹਿ ਹੀ ਨਹੀਂ ਸਕਦੇ ਸਨ। ਇਸ ਕਾਰਨ ਹੀ ਉਹ ਹਰ ਸਾਲ ਸੰਗਠਨ ਦੀ ਵਰ੍ਹੇ ਗੰਢ ਇਸ ਹਾਲ ਵਿਚ ਮਨਾਉਣ ਦੀ ਅਗਿਆ ਪੱਕੇ ਤੌਰ ਤੇ ਹਾਸਲ ਕਰ ਚੁੱਕਾ ਸੀ।

ਇਸ ਸਮਾਰੋਹ ਦੀ ਸ਼ੁਰੂਆਤ 'ਜੁਬਲੀ ਸੈਸ਼ਨ' ਵਜੋਂ ਹੋਈ। ਇਹ ਮੀਟਿੰਗ ਐਨੀ ਸ਼ਾਨੋ-ਸ਼ੌਕਤ ਨਾਲ ਸ਼ੁਰੂ ਹੋਈ ਕਿ ਇਹ ਦੇਸ਼ ਦੇ ਸਾਰੇ ਦਲਿਤਾਂ ਦਾ ਸਾਂਝਾ ਸਮਾਰੋਹ ਤਿਉਹਾਰ ਬਣ ਗਈ ਸੀ। ਸੰਗਠਨ ਦੇ ਸਾਰੇ ਯੂਨਿਟਾਂ ਤੋਂ ਲੋਕ ਹਿਸਾ ਲੈਣ ਆਉਂਦੇ, ਔਰਤਾਂ ਸਭ ਤੋਂ ਵੱਧ ਹੁੰਦੀਆਂ ਸਨ। ਦੇਸ਼ ਦੇ ਵੱਖ-ਵੱਖ ਹਿੱਸਿਆ ਤੋਂ ਲੋਕ ਜਲੂਸਾਂ ਦੇ ਰੂਪ 'ਚ ਸ਼ਾਮਲ ਹੁੰਦੇ। ਪਰੰਤੂ ਹਾਲ ਵਿਚ ਦਾਖਲ ਉਹ 'ਬਾਹਰੇ ਰਸਤਿਆਂ' ਰਾਹੀਂ ਹੀ ਹੁੰਦੇ ਕਿਉਂਕਿ ਜਨਤਕ ਰਾਹਾਂ / ਸੜਕਾਂ ਉਤੇ ਚਲਣ ਦੀ ਤਾਂ ਉਨਾਂ ਨੂੰ ਮਨਾਹੀ ਸੀ। ਰਸਤਿਆਂ ਦੀ ਵਰਤੋਂ ਕਾਰਨ ਝਗੜੇ ਹੋਣੇ ਆਮ ਜਿਹੀ ਗਲ ਸੀ-ਇਹ ਰਸਤੇ ਵੀ ਜਾਤੀਆਂ ਦੇ ਨਾਵਾਂ ਉਤੇ ਰਖੇ ਜਾਂਦੇ ਸਨ ਜਿਵੇਂ 'ਪੁਲਾਇਆਂ ਦਾ ਰਸਤਾ' , 'ਚੋਵਨ ਰਸਤਾ' ਆਦਿ। ਜਲੂਸਾਂ ਵਿਚ ਹਰ ਕਿਸਮ ਦੇ ਸਾਜ਼, ਢੋਲ ਵੱਜਦੇ ਅਤੇ ਜਲੂਸ ਝੰਡਿਆਂ ਨਾਲ ਸਜ਼ੇ ਹੋਏ ਹੁੰਦੇ। ਜਦੋਂ ਜਲੂਸ ਜੁਬਲੀ ਹਾਲ ਦੇ ਨਜ਼ਦੀਕ ਪਹੁੰਚਦੇ ਤਾਂ ਇਸ ਦਾ ਆਲਾ ਦੁਆਲਾ ਇਵੇਂ ਲਗਦਾ ਜਿਵੇਂ ਕਾਲੇ ਰੰਗ ਦੇ ਲੋਕਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੋਵੇ। ਇਨ੍ਹਾਂ ਕਾਲੇ ਰੰਗ ਦੇ ਲੋਕਾਂ ਦੀ ਲਹਿਰ ਹਰ ਪਾਸੇ ਦੇਖੀ ਜਾ ਸਕਦੀ ਸੀ।

ਬਾਦਸਾਹ ਦੇ ਪ੍ਰਤੀਨਿਧ ਦੇ ਤੌਰ ਤੇ ਦੀਵਾਨ ਨੇ ਵਾਰਸ਼ਿਕ ਮੀਟਿੰਗ ਲੈਣੀ ਸੀ। ਚੀਫ ਸਕੱਤਰ ਤੋਂ ਲੈ ਕੇ ਸਾਰੇ ਜੁੰਮੇਵਾਰ ਅਫਸਰਾਂ ਤੇ ਮਹਿਕਮਿਆਂ ਦੇ ਮੁਖੀਆਂ ਨੂੰ ਦੀਵਾਨ ਨੇ ਹਾਜ਼ਰ ਹੋਣ ਲਈ ਸਦਿਆ ਸੀ। ਸੀਟਾਂ ਉਨ੍ਹਾਂ ਦੀਆਂ ਪਲੇਟਫਾਰਮ ਤੇ ਹੀ ਲੱਗੀਆਂ ਸਨ ਜਿਥੇ ਉਨ੍ਹਾਂ ਨੇ ਬੈਠਣਾ ਸੀ ਆਇਅਨਕਲੀ ਨੇ ਬਤੌਰ ਸੰਗਠਨ ਦੇ ਜਨਰਲ ਸਕੱਤਰ ਸਾਰਿਆਂ ਨੂੰ ਉਨ੍ਹਾਂ ਦੇ ਰੁਤਬੇ ਮੁਤਾਬਿਕ ਜੀ ਆਇਆ ਕਹਿਣਾ ਸੀ।

ਮੀਟਿੰਗ ਦੇ ਪਹਿਲੇ ਹਿੱਸੇ ਦੀ ਸ੍ਰੀ ਮੂਲਮ ਪ੍ਰਜਾ ਸਭਾ (ਪਾਪੂਲਰ ਅਸੰਬਲੀ) ਦੀ ਕਾਰਵਾਈ ਨਿਰਧਾਰਤ ਪ੍ਰਕਿਰਿਆ ਅਨੁਸਾਰ ਹੀ ਚਲਣੀ ਸੀ ਜਿਸ ਵਿਚ ਅਫਸਰਾਂ ਨੂੰ ਫੋਕੀਆਂ ਤਕਰੀਰਾਂ ਕਰਨ ਦੀ ਇਜਾਜ਼ਤ ਬਿਲਕੁਲ ਨਹੀਂ ਸੀ। ਹਰੇਕ ਨੇ ਆਪਣੇ-ਆਪਣੇ ਵਿਸ਼ੇ ਬਾਰੇ ਹੀ ਗੱਲ ਬਾਤ ਕਰਨੀ ਸੀ। ਸਿਰਫ ਉਹਨਾਂ ਮਸਲਿਆਂ ਉਤੇ ਗਲ ਬਾਤ ਹੋਣੀ ਸੀ ਅਤੇ ਉਨ੍ਹਾਂ ਦਾ ਯੋਗ ਹੱਲ ਲੱਭਿਆ ਜਾਣਾ ਸੀ ਜਿਹੜੇ ਗਰੀਬਾਂ



ਦੀ ਤਰਸਯੋਗ ਜੀਵਨ ਦੀਆਂ ਅਯੋਗਤਾਵਾਂ ਤੇ ਮੁਸ਼ਕਲਾਂ ਦੂਰ ਕਰਕੇ ਉਨ੍ਹਾਂ ਦਾ ਜੀਵਨ ਵਧੇਰੇ ਸੁਖਮਈ ਬਣਾਇਆ ਜਾ ਸਕਦਾ ਸੀ।

ਭਾਸ਼ਣ-ਤਕਰੀਰਾਂ ਤੋਂ ਪਹਿਲਾਂ ਪ੍ਰਾਰਥਨਾ ਗੀਤ ਗਾਉਣ ਦਾ ਰਿਵਾਜ਼ ਸੀ (ਇਹ ਪ੍ਰਾਰਥਨਾ ਕਿਸੇ ਦੇਵਤੇ ਦੇ ਗੁਣ ਗਾਉਣ ਲਈ ਨਹੀਂ ਸੀ ਗਾਈ ਜਾਂਦੀ, ਗੀਤ ਰਾਹੀਂ ਇਹ ਦਰਸਾਇਆ ਜਾਂਦਾ ਸੀ ਕਿ ਦਲਿਤਾਂ ਦੀਆਂ ਰੰਜਸ਼ਾਂ ਬਦਕਿਸਮਤੀਆਂ ਦੀ ਹਨ ਅਤੇ ਉਨ੍ਹਾਂ ਉਪਰ ਕਿਵੇਂ ਜ਼ੁਲਮ ਢਾਹਿਆ ਜਾਂਦਾ ਹੈ, ਗੀਤ ਰਾਹੀਂ ਇਹ ਮੰਗ ਕੀਤੀ ਜਾਂਦੀ ਸੀ ਇਸ ਦੁਖਾਂਤ ਦਾ ਹੱਲ ਲਭਿਆ ਜਾਵੇ। ਗੀਤ ਪ੍ਰਸਿੱਧ ਕਵੀ ਮੂਲੂਰ ਪਦਮਨਭ ਪਾਨੀਕਰ ਦਾ ਲਿਖਿਆ ਸੀ ਅਤੇ ਗਾਇਆ ਕੁਰੁਮਬਾਨ ਦੇਵਾਥਨ ਵਲੋਂ ਸੀ। ਦੇਵਾਥਨ ਇਹ ਗੀਤ ਬੜੀ ਮਿੱਠੀ ਤੇ ਦਿਲ ਟੁੰਭਣ ਵਾਲੀ ਆਵਾਜ਼ 'ਚ ਗਾਉਂਦਾ ਸੀ। ਹਾਜ਼ਰ ਵਿਅਕਤੀਆਂ ਵਿਚੋਂ ਜਿਨਾਂ ਨੇ ਇਹ ਦੁਖ-ਤਕਲੀਫਾਂ ਆਪਣੇ ਪਿੰਡੇ ਉੱਤੇ ਹੰਢਾਈਆਂ ਹੁੰਦੀਆਂ ਸਨ ਉਨ੍ਹਾਂ ਦੀਆਂ ਅੱਖਾਂ ਵਿਚ ਗੀਤ ਸੁਣਕੇ ਅੱਥਰੂ ਦੇਖੇ ਜਾ ਸਕਦੇ ਸਨ, ਦੇਵਾਗਨ ਦੀਆਂ ਆਪਣੀਆਂ ਅੱਖੀਆਂ ਵੀ ਅੱਥਰੂਆਂ ਨਾਲ ਭਰ ਜਾਂਦੀਆਂ ਸਨ।

ਆਇਅਨਕਲੀ ਆਪਣੀ ਸਵਾਗਤੀ ਤਰਕੀਰ ਤੋਂ ਬਾਅਦ ਆਪਣੇ ਲੋਕਾਂ ਦੀਆਂ ਫੌਰੀ ਪੂਰੀਆਂ ਕਰਨ ਵਾਲੀਆਂ ਮੰਗਾਂ ਦੀ ਲਿਸਟ ਬਾਰੇ ਵੀ ਵਿਸਥਾਰ ਨਾਲ ਦਸਦਾ ਸੀ। ਉਸ ਦੀ ਤਕਰੀਰ ਦੇ ਅੱਖਰ ਅੱਖਰ ਨੂੰ ਦੀਵਾਨ ਬੜੀ ਗਹੁ ਨਾਲ ਸੁਣਦਾ ਅਤੇ ਅਫਸਰ ਵੀ ਸਿਰਫ ਵਾਅਦੇ ਹੀ ਨਹੀਂ ਕਰਦੇ ਸਨ ਉਹ ਇਨ੍ਹਾਂ ਮਸਲਿਆਂ ਨੂੰ ਬੜੀ ਗੰਭੀਰਤਾ ਨਾਲ ਲੈਂਦੇ ਸਨ। ਦੀਵਾਨ ਦੀ ਨੀਤੀ ਸੀ ਕਿ ਮੰਗਾਂ ਨੂੰ ਸਵੀਕਾਰ ਕਰਨ ਦੇ ਆਦੇਸ਼ ਨਿਰਧਾਰਤ ਸਮੇਂ ਵਿਚ ਜਾਰੀ ਕੀਤੇ ਜਾਣ ਤੇ ਨਿਸਚਿਤ ਸਮੇਂ 'ਚ ਹੀ ਲਾਗੂ ਕੀਤੇ ਜਾਂਦੇ ਸਨ। ਜਿਹੜੇ ਮਸਲਿਆਂ ਨੂੰ ਨਿਪਟਣ ਲਈ ਜ਼ਿਆਦਾ ਸਮੇਂ ਦੀ ਲੋੜ ਹੁੰਦੀ ਸੀ ਉਨ੍ਹਾਂ ਨੂੰ ਲਾਗੂ ਕਰਨ ਦਾ ਵੀ ਸਮਾਂ ਨਿਰਧਾਰਤ ਕਰਨ ਦਾ ਆਦੇਸ਼ ਹੁੰਦਾ ਸੀ। ਆਇਅਨਕਲੀ ਦੀਆਂ ਮੰਗਾਂ ਉੱਤੇ ਉਸੀ ਸਮੇਂ ਕਾਰਵਾਈ ਹੋ ਜਾਂਦੀ ਸੀ। ਅਜਿਹਾ ਆਇਅਨਕਲੀ ਦੀ ਵਿਲੱਖਣ ਸ਼ਖਸ਼ੀਅਤ ਕਰਕੇ ਸੀ।

ਮੀਟੰਗ ਦੇ ਅਖੀਰ ਵਿਚ ਉਨ੍ਹਾਂ ਮੰਗਾਂ ਦੀ ਲਿਸਟ ਬਣਾਈ ਜਾਂਦੀ ਸੀ ਜਿਹੜੇ ਫੌਰੀ ਕਾਰਵਾਈ ਦੀ ਮੰਗ ਕਰਦੇ ਸਨ ਕਿਉਂਕਿ ਦੀਵਾਨ ਨੇ ਇਸ ਲਿਸਟ ਉੱਤੇ ਰਾਜੇ ਦੀ ਮਨਜ਼ੂਰੀ ਲੈਣੀ ਹੁੰਦੀ ਸੀ। ਇਸ ਦੇ ਨਾਲ ਹੀ ਮੀਟਿੰਗ ਦਾ ਪਹਿਲਾ ਹਿਸਾ ਖਤਮ ਹੋ ਜਾਂਦਾ ਸੀ।

ਆਇਅਨਕਲੀ ਦਾ ਜੀਵਨ ਕੇਰਲ ਦੇ ਇਤਿਹਾਸ ਦਾ ਮਹੱਤਵਪੂਰਨ ਹਿੱਸਾ ਹੈ। ਉਸ ਦੀ ਮਰਦਾਵੀਂ ਅਵਾਜ਼ ਦੀ ਸਾਰੇ ਦੇਸ਼ ਵਿਚ ਗੂੰਜ ਸੀ। ਇਹ ਅਵਾਜ਼ ਵਿਕਟੋਰੀਆ ਜੁਬਲੀ ਟਾਊਨ ਹਾਲ ਵਿਚ ਵੀ ਹਰ ਸਾਲ ਗੂੰਜਦੀ ਸੀ। ਨਵ ਜਾਗਰਣ ਲਹਿਰ ਦੇ ਲੀਡਰਾਂ ਵਿਚੋਂ ਸਭ ਤੋਂ ਮੋਹਰੀ ਹੋਣ ਕਰਕੇ ਵੀ ਲੋਕੀ ਉਸ ਨੂੰ ਮਹੱਤਵ ਦਿੰਦੇ ਸਨ। ਉਸ ਦੇ ਸ਼ਬਦਾਂ ਨੂੰ ਕੋਈ ਵੀ ਨਜ਼ਰ ਅੰਦਾਜ਼ ਨਹੀਂ ਸੀ ਕਰ ਸਕਦਾ। ਉਸ ਸਮੇਂ ਦੇ ਬਹੁਤੇ ਦਲਿਤਾਂ ਦੇ ਲੀਡਰ ਤਾਂ ਸਾਧੂ ਜਨ ਪਰੀਪਲਾਨ ਸੰਘਮ ਦੇ ਮੈਂਬਰ ਤੇ ਕਾਰਜ-ਕਰਤਾ ਸਨ। ਸੰਖੇਪ 'ਚ ਕੇਰਲ ਦੇ ਦਲਿਤਾਂ ਦੀ ਪ੍ਰਗਤੀ ਦੀ ਨੀਂਹ ਰੱਖਣ ਵਾਲੇ ਉਹੀ ਸਨ।

ਆਇਅਨਕਲੀ ਨੂੰ ਆਪਣੇ ਸੰਗਠਨ ਦੇ ਹਰ ਯੂਨਿਟ ਅਤੇ ਇਲਾਕੇ ਦੀਆਂ ਮੰਗਾਂ ਦਾ ਅਨੁਭਵ ਸੀ ਅਤੇ ਉਹ ਇਸ ਅਨੁਸਾਰ ਹੀ ਆਪਣੀਆਂ ਗਤੀਵਿਧੀਆਂ ਦਾ ਸੰਚਾਲਨ ਕਰਦੇ ਸਨ। ਉਸ ਦੀ ਖੂਬੀ ਸੀ ਕਿ ਕਿਸੇ ਕੰਮ ਨੂੰ ਵੀ ਕੱਲ ਉੱਤੇ ਨਾ ਛਡਿਆ ਜਾਵੇ, ਉਹ ਵੀ ਅਜਿਹਾ ਹੀ ਕਰਦੇ ਸਨ।

ਸੰਗਠਨ ਦੇ ਬਰਾਂਚ ਮੈਨੇਜਰ ਸਮਾਜਿਕ ਮੁਕਤੀ ਸੰਘਰਸ਼ ਦੇ ਹੀਰੋ ਸਨ। ਉਹ,ਆਇਅਨਕਲੀ ਵਲੋਂ ਸੰਗਠਿਤ 'ਮਰਜੀਵੜਿਆਂ ਦੀ ਫੋਜ਼' ਦੇ ਕਾਰਜਸ਼ੀਲ ਮਦਦਗਾਰ ਸਨ। ਲੜਾਈ (ਜੰਗ) ਵਿਚ ਉਹ ਸਭ ਤੋਂ ਅੱਗੇ ਹੁੰਦੇ ਸਨ। ਇਸ ਸੰਗਠਨ ਵਿਚ ਬੁਜਦਿਲਾਂ ਲਈ ਤਾਂ ਕੋਈ ਥਾਂ ਹੀ ਨਹੀਂ ਹੁੰਦੀ ਸੀ। 'ਮਰਜੀਵੜਿਆਂ ਦੀ ਫੋਜ਼' ਦੇ ਜਿਹੜੇ ਮੈਂਬਰ ਹੋਸਲੇ ਵਾਲੇ ਤੇ ਫੌਰੀ ਢੁੱਕਵੀਂ ਕਾਰਵਾਈ ਕਰਨ ਦੇ ਅਸਮਰੱਥ ਹੁੰਦੇ ਸਨ ਉਨ੍ਹਾਂ ਨੂੰ ਸੰਗਠਨ (ਸੰਘਮ) ਦਾ ਝੰਡਾ ਨਹੀਂ ਫੜਾਇਆ ਜਾਂਦਾ ਸੀ।

ਪਹਿਲਾਂ ਦੇ ਟਾਕਰੇ ਸੰਗਠਨ ਦੀ ਕਾਰਗੁਜਾਰੀ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਆਇਅਨਕਲੀ ਨੇ ਇਕ ਹੋਰ ਢੰਗ ਵੀ ਅਪਣਾਇਆ ਸੀ। ਉਸ ਨੇ ਸੰਘਮ ਦਾ ਇਕ ਮਾਸਿਕ ਮੈਗਜ਼ੀਨ ਸ਼ੁਰੂ ਕੀਤਾ ਜਿਸ ਦਾ ਨਾਮ 'ਸਾਧੂਜਨ-ਪਰੀਪਾਲੀਨੀ' ਰੱਖਿਆ ਗਿਆ ਸੀ। ਇਹ ਮੈਗਜ਼ੀਨ ੧੯੧੬ ਵਿਚ ਚੰਗਾਨਾਸੇਰੀ ਜਗਾਹ ਤੋਂ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ ਸੀ। ਇਸ ਮੈਗਜ਼ੀਨ ਲਈ ਉਸ ਦੇ ਸਾਥੀਆਂ ਨੇ ਪੂਰਾ ਮਿਲਵਰਤਨ ਦਿੱਤਾ, ਖਾਸ ਗੱਲ ਇਹ ਸੀ ਕਿ ਉੱਚੀਆਂ ਜਾਤੀਆਂ ਦੇ ਅਗਾਂਹਵਧੂ ਲੋਕਾਂ ਨੇ ਵੀ ਆਇਅਨਕਲੀ ਦੀ

ਭਰਪੂਰ ਮਦਦ ਕੀਤੀ। ਇਸ ਦੀ ਸੰਪਦਨਾ ਥਿਰਕੋਡੀਥਾਨਮ ਦੇ ਕਾਲੀ ਚੋਥੀ ਕੁਰੁਪਨ ਕਰਦੇ ਸਨ। ਚੈਮਪੂਮਥਰਾ ਪਪਨ ਅਤੇ ਐਮ. ਗੋਲਾਲਨ ਨਾਇਅਰ ਮੁੱਖ ਤੌਰ ਤੇ ਇਸ ਮੈਗਜ਼ੀਨ ਲਈ ਲਿਖਦੇ ਸਨ। ਇਸ ਪੇਪਰ ਨੇ ਪੁਲੀਆ ਤੇ ਦੂਸਰੀਆਂ ਜਾਤੀਆਂ ਦੀ ਸਮਾਜਿਕ ਮੁਕਤੀ ਲਈ ਆਰੰਭੇ ਸੰਘਰਸ਼ਾਂ 'ਚ ਬਹੁਤ ਹੀ ਪਰਮੁੱਖ ਭੂਮਿਕਾ ਨਿਭਾਈ ਸੀ।

ਦਲਿਤਾਂ ਦੇ ਨਵੇਂ ਨਵੇਂ ਸਿਖਿਅਰਥੀਆਂ ਨੇ ਵੀ ਆਪਣੀਆਂ ਰਚਨਾਵਾਂ ਰਾਹੀਂ ਪੇਪਰ ਦੀ ਕਾਮਯਾਬੀ ਵਿਚ ਮੁੱਖ ਭੂਮਿਕਾ ਨਿਭਾਈ। ਦਲਿਤਾਂ ਵਲੋਂ ਆਪਣਾ ਅਜਿਹਾ ਪੇਪਰ ਸ਼ੁਰੂ ਕਰਨਾ ਉਨ੍ਹਾਂ ਦਿਨਾਂ ਵਿਚ ਇਕ ਦਲੇਰਾਨਾ ਕਦਮ ਸੀ, ਖਾਸ ਕਰਕੇ ਜਦ ਦਲਿਤ ਪੜ੍ਹ ਲਿਖ ਵੀ ਨਹੀਂ ਸਕਦੇ ਸਨ। ਆਇਅਨਕਲੀ ਦੇ ਦਿਮਾਗ ਦੀ ਦਾਤ ਦੇਣੀ ਬਣਦੀ ਹੈ ਕਿ ਅਕਾਦਮਕ ਤੌਰ ਤੇ ਭਾਵੇਂ ਉਹ ਪੜ੍ਹਨ ਲਿਖਣਾ ਨਹੀਂ ਸੀ ਜਾਣਦਾ ਪਰੰਤੂ ਉਸ ਨੂੰ ਆਪਣੇ ਮਿਸ਼ਨ ਦੀ ਪੂਰਤੀ ਵਿਚ ਅਜਿਹੇ ਮਾਧਿਅਮ ਦੀ ਮਹੱਤਤਾ ਦਾ ਡੂੰਘਾ ਅਨੁਭਵ ਸੀ।

ਆਇਅਨਕਲੀ ਨੇ ਆਪਣੀ ਸਿਹਤ, ਖੁਸ਼ੀ ਅਤੇ ਆਰਾਮ ਦੀ ਪ੍ਰਵਾਹ ਨਾ ਕਰਦਿਆਂ ਹੋਇਆ ਸਖਤ ਮਿਹਨਤ ਕੀਤੀ। ਇਸ ਪਖੋਂ ਕੇਰਲ ਦੇ ਇਤਿਹਾਸ ਵਿਚ ਉਸਦਾ ਨਾਮ ਨਿਵੇਕਲਾ ਰਹੇਗਾ। ਆਪਣੀ ਸੁਹਿਰਦਤਾ ਤੇ ਨਿਰਸੁਆਰਥੀ ਸੁਭਾਅ ਅਤੇ ਮਿਹਨਤ ਤੇ ਧੀਰਜ ਸਦਕਾ ਉਹ ਦਲਿਤਾਂ ਦਾ ਬੇਤਾਜ਼ ਬਾਦਸ਼ਾਹ ਸੀ।

ਬਾਡਰ ਵਾਲੀ ਸਫੈਦ ਧੋਤੀ, ਗੋਡਿਆਂ ਤਕ ਲੰਬਾ ਕਾਲਾ ਕੋਟ, ਸਿਲਵਰ ਲਾਈਨਾ ਵਾਲੀ ਚਿੱਟੀ ਪਗੜੀ, ਕੰਨਾ ਵਿਚ ਸੋਨੇ ਦੀਆਂ ਨੰਤੀਆਂ, ਕੋਟ ਦੇ ਖੱਬੇ ਪਾਸੇ ਗੋਲ ਬੈਜ਼, ਇਹੋ ਜਿਹੀ ਡਰੈਸ ਪਹਿਨ ਕੇ ਛੇ ਫੁੱਟ ਲੰਬਾ ਵਿਅਕਤੀ ਗੋਡਿਆਂ ਤੱਕ ਜਾਂਦੀਆਂ ਲੰਮੀਆਂ ਬਾਹਾਂ ਹਿਲਾ ਕੇ ਜਦ ਤੁਰਦਾ ਤਾਂ ਉਸ ਦੀ ਸ਼ਾਨ ਦੇਖਣ ਵਾਲੀ ਹੁੰਦੀ। ਮੁੱਛਾਂ ਵਾਲੇ ਤੇ ਲੰਮੇ ਚੌੜੇ ਜਿਸ ਵਿਅਕਤੀ ਦੀ ਦਿੱਖ ਬਾਦਸ਼ਾਹਾਂ ਵਰਗੀ ਜਾਪਦੀ , ਉਹ ਮਹਾਨ ਆਇਅਨਕਲੀ ਸੀ।

## ਦਲਿਤਾਂ ਦੀ ਪ੍ਰਗਤੀ - ਇਕ ਨਵੀਂ ਰੌਸ਼ਨੀ-

ਦਲਿਤਾਂ ਦੇ ਮਹਾਨ ਰਹਿਬਰ ਡਾ. ਬੀ. ਆਰ. ਅੰਬੇਡਕਰ ਅਤੇ ਦੇਸ਼ ਦੀ ਰਾਜਸੀ ਆਜ਼ਾਦੀ ਲਈ ਚਲ ਰਹੇ ਸੰਘਰਸ਼ ਦੇ ਸਭ ਤੋਂ ਵੱਡੇ ਲੀਡਰ ਐਮ. ਕੇ. ਗਾਂਧੀ ਵਿਚਕਾਰ ਦਲਿਤਾਂ ਦੀ ਗੁਲਾਮੀ, ਜਾਤ-ਪਾਤ ਅਤੇ ਛੂਆ-ਛੂਤ ਤੋਂ ਮੁਕਤੀ ਪ੍ਰਾਪਤ ਕੀਤੇ ਜਾਣ ਵਾਲੇ ਢੰਗ ਤਰੀਕਿਆਂ ਬਾਰੇ ਅਸਹਿਮਤੀ ਸੀ। ਇਸ ਅਸਹਿਮਤੀ ਨੇ ਹੀ ਮਹਾਤਮਾ ਗਾਂਧੀ ਨੂੰ ਮਰਨ ਵਰਤ ਰਖਣ ਲਈ ਉਕਸਾਇਆ ਸੀ। ਇਹ ਵਰਤ ਉਨ੍ਹਾਂ ਨੇ ਪੂਨਾ ਸ਼ਹਿਰ ਵਿਖੇ ਸਥਿਤ ਆਗਾਖਾਨ ਮਹੱਲ ਵਿਚ ਬਣੀ ਯਰਵਦਾ ਜੇਲ੍ਹ 'ਚ ਸ਼ੁਰੂ ਕੀਤਾ ਸੀ, ਜਿਹੜਾ ਉਨ੍ਹਾਂ ਪੂਨਾ ਪੈਕਟ ੧੯੩੨ ਉਤੇ ਦਸਤਖਤ ਹੋਣ ਉਪਰੰਤ ਖਤਮ ਕੀਤਾ ਸੀ। ਇਨ੍ਹਾਂ ਘਟਨਾਵਾਂ ਦਾ ਦਲਿਤਾਂ ਦੀਆਂ ਸਮੱਸਿਆਵਾਂ ਉਤੇ ਕੁਝ ਅਸਰ ਜ਼ਰੂਰ ਹੋਇਆ ਸੀ। ਭਾਵੇਂ ਕਿ ਬ੍ਰਿਟਿਸ਼ ਸਰਕਾਰ ਵਲੋਂ ਪ੍ਰਾਪਤ ਦਲਿਤਾਂ ਦੇ ਹੱਕਾਂ ਉਤੇ ਪੂਨਾ ਪੈਕਟ ਨੇ ਕਾਫੀ ਸੱਟ ਮਾਰੀ ਸੀ ਫਿਰ ਵੀ ਇਸ ਨੇ ਦਲਿਤਾਂ ਤੇ ਹਿੰਦੂਆਂ 'ਚ ਆਪਸੀ ਘਿਰਣਾਂ ਨੂੰ ਕੁਝ ਹੱਦ ਤੱਕ ਘਟਾਉਣ ਉੱਤੇ ਪ੍ਰਭਾਵ ਪਾਇਆ ਸੀ।

ਕੇਰਲ ਵਿਚ ਦਲਿਤਾਂ ਦੇ ਹੱਕਾਂ ਲਈ ਆਇਅਨਕਲੀ ਤੇ ਸ੍ਰੀ ਨਰਾਇਣ ਗੁਰੂ ਦੀ ਅਗਵਾਈ ਵਿਚ ਲੰਬੇ ਸਮੇਂ ਤੋਂ ਆਰੰਭੇ ਸੰਘਰਸ਼ ਨੇ ਉਚ-ਜਾਤੀ ਹਿੰਦੂਆਂ ਦੇ ਮਨਾਂ ਉਤੇ ਕੁਝ ਸਾਰਥਿਕ ਪ੍ਰਭਾਵ ਜ਼ਰੂਰ ਛੱਡਿਆ ਸੀ। ਰਾਜਿਆਂ ਅਤੇ ਉਨ੍ਹਾਂ ਦੀ ਪ੍ਰਬੰਧਕੀ ਮਸ਼ੀਨਰੀ ਨੇ ਸਮਝੌਤਾਵਾਦੀ ਪਹੁੰਚ ਹੀ ਅਪਣਾਈ ਸੀ ਕਿਉਂ ਕਿ ਉਹ ਇਹ ਭਲੀਭਾਂਤ ਜਾਣਦੇ ਸਨ ਕਿ ਦਲਿਤਾਂ ਤੇ ਪਛੜੀਆਂ ਜਾਤੀਆਂ ਨੂੰ ਬਹੁਤਾ ਦਬਾ ਕੇ ਰੱਖਣ ਨਾਲ ਉਹਨਾਂ ਲਈ ਰਾਜ-ਭਾਗ ਚਲਾਉਣਾ ਔਖਾ ਹੋ ਸਕਦਾ ਹੈ। ੧੨ ਨਵੰਬਰ,੧੯੩੬ ਦੀ 'ਮੰਦਰ ਪ੍ਰਵੇਸ਼ ਘੋਸ਼ਣਾ' ਇਸ ਪਹੁੰਚ ਦਾ ਹੀ ਸਿੱਟਾ ਸੀ।

ਇਸ ਘੋਸ਼ਣਾਂ ਤੋਂ ਬਾਅਦ ਮਹਾਤਮਾ ਗਾਂਧੀ ਜਗਾ ਜਗਾ ਘੁੰਮਦੇ ਰਹੇ ਅਤੇ ਮੰਦਰ ਪ੍ਰਵੇਸ਼ ਦੀ ਮਹੱਤਤਾ ਬਾਰੇ ਹਿੰਦੂਆਂ ਨੂੰ ਜਾਣੂ ਕਰਾਂਉਦੇ ਰਹੇ ਅਤੇ ਅਖੀਰ ੧੭ ਜਨਵਰੀ ੧੯੩੭ ਨੂੰ ਉਹ ਵੈਂਗਨੂਰ ਵਿਖੇ ਇਕ ਹੋਰ ਮਹਾਤਮਾ ਨੂੰ ਮਿਲਣ ਗਏ। ਇਹ ਮਹਾਤਮਾ ਆਇਅਨਕਲੀ ਜੀ ਸਨ।

ਦੋਹਾਂ ਮਹਾਤਮਾ ਦੀ ਗੱਲਬਾਤ ਤੋਂ ਬਾਅਦ ਆਇਅਨਕਲੀ ਨੇ ਦਲਿਤਾਂ ਦੀ ਸਿੱਖਿਆ ਪ੍ਰਾਪਤੀ ਲਈ ਵਿਦਿਅਕ ਸੰਸਥਾਵਾਂ ਵਿਚ ਕੁਝ ਸਹੂਲਤਾਂ ਦੀ ਇੱਛਾ ਜ਼ਾਹਰ ਕੀਤੀ। ਦਲਿਤਾਂ ਹਨੇਰੇ ਤੇ ਅਗਿਆਨਤਾ ਦਾ ਸ਼ਿਕਾਰ ਸਨ। ਗੱਲ ਇਥੇ ਸਿਰੇ ਚੜ੍ਹੀ ਕਿ ਦਲਿਤ ਵਿਦਿਆਰਥੀਆਂ ਲਈ ਕੁਝ



ਹੋਸਟਲਾਂ ਦੀ ਸਥਾਪਨਾ ਲਈ ਪ੍ਰਬੰਧ ਕੀਤਾ ਜਾਵੇਗਾ। ਆਇਅਨਕਲੀ ਨੇ ਇਨ੍ਹਾਂ ਸੰਸਥਾਵਾਂ ਤੋਂ ਵੱਧ ਤੋਂ ਵੱਧ ਲਾਭ ਲੈਣ ਲਈ ਕੋਸ਼ਿਸ਼ਾਂ ਕੀਤੀਆਂ। ਇਨ੍ਹਾਂ ਹੋਸਟਲਾਂ 'ਚ ਰਹਿ ਕੇ ਕੁਝ ਦਲਿਤਾਂ ਨੇ ਗਰੇਜੂਏਸ਼ਨ ਤੇ ਪੋਸਟ ਗਰੇਜੂਏਸ਼ਨ ਕਲਾਸਾਂ ਦੀਆਂ ਡਿਗਰੀਆਂ ਪ੍ਰਾਪਤ ਕਰਨ 'ਚ ਕਾਮਯਾਬੀ ਹਾਸਲ ਕੀਤੀ। ਪਹਿਲੇ ਗਰੇਜੂਏਸ਼ਨ ਡਿਗਰੀ ਪ੍ਰਾਪਤ ਕਰਨ ਵਾਲਿਆ ਵਿਚ ਸ਼ਾਮਲ ਸਨ ਟੀ. ਕੇ. ਨਰਾਇਅਨਨ ਅਤੇ ਕੇ. ਏ. ਥੀਵਨ।

ਦਲਿਤਾਂ ਦੀ ਪ੍ਰਗਤੀ ਲਈ ਸਿੱਖਿਆ ਹੀ ਇਕ ਅਸਰਦਾਰ ਮਾਧਿਅਮ ਸੀ। ਉਨ੍ਹਾਂ ਦਿਨਾਂ ਵਿਚ ਜਦ ਹਿੰਦੂ ਸਿੱਖਿਆ ਦੀ ਕੋਈ ਸਹੂਲਤ ਨਹੀਂ ਸੀ ਦੇਣਾ ਚਾਹੁੰਦੇ ਤਾਂ ਦਲਿਤਾਂ ਨੇ ਈਸਾਈ ਮਿਸ਼ਨਰੀਆਂ ਦੇ ਕੈਂਪਾਂ ਵਿਚ ਜਾਣਾ ਸ਼ੁਰੂ ਕੀਤਾ। ਕੇਰਲ ਦੀ ਇਹ ਨਾਂ ਮੁਆਫੀ ਯੋਗ ਸਮਾਜਿਕ ਸਥਿਤੀ ਹੀ ਕਹੀ ਜਾਵੇਗੀ ਜਿਸ ਨੇ ਦਲਿਤਾਂ ਨੂੰ ਸਿਰਫ ਹਿੰਦੂਆਂ ਤੇ ਇਨ੍ਹਾਂ ਵਲੋਂ ਅਪਣਾਈ ਛੂਆ-ਛੂਤ ਵਿਦੇਸ਼ੀ ਮਿਸ਼ਨਰੀਆਂ ਦੇ ਰਹਿਮੋ ਕਰਮ 'ਤੇ ਸੁੱਟ ਦਿੱਤਾ ਸੀ।

ਬਹੁਤੇ ਦਲਿਤਾਂ ਨੇ ਆਪਣੇ ਬੱਚਿਆਂ ਨੂੰ ਸਿੱਖਿਅਤ ਕਰਨ ਯੋਗੀ ਸਮਾਜਿਕ-ਸੁਤੰਤਰਤਾ ਪ੍ਰਾਪਤ ਕਰਨ ਲਈ ਹੀ ਈਸਾਈ ਧਰਮ ਅਪਣਾਇਆ ਸੀ, ਈਸਾਈ ਧਾਰਮਿਕ ਸਿਧਾਂਤ ਨੇ ਕੁਝ ਮੁੱਠੀ ਭਰ ਦਲਿਤਾਂ ਨੂੰ ਹੀ ਪ੍ਰੇਰਿਆ ਸੀ।

ਫਿਰ ਵੀ ਹਿੰਦੂ ਨੇਤਾਵਾਂ ਨੇ ਇਸ ਖਤਰੇ ਨੂੰ ਭਾਂਪ ਕੇ ਆਪਣੀਆਂ ਕੁਝ ਜਥੇਬੰਦੀਆਂ ਨੂੰ ਦਲਿਤਾਂ ਵਿਚ ਛੋਟੀ ਪੱਧਰ ਦੇ ਸਮਾਜ-ਸੁਧਾਰ ਤੇ ਸਮਾਜਿਕ-ਸੇਵਾਵਾਂ ਦੇਣ ਲਈ ਭੇਜਣਾ ਸ਼ੁਰੂ ਕੀਤਾ ਸੀ ਜਿਵੇਂ ਕਰਿਚੀਇਨ, ਆਰੀਆ ਸਮਾਜ, ਹਿੰਦੂ ਮਿਸ਼ਨ, ਹਿੰਦੂ ਮਹਾਂ ਸਭਾ ਆਦਿ। ਇਨ੍ਹਾਂ ਸੰਸਥਾਵਾਂ ਨੇ ਅਛੂਤਾਂ ਅਤੇ ਹੋਰ ਅਸਭਿਅਕ ਜਾਤੀਆਂ ਦੇ ਲੋਕਾਂ ਨੂੰ ਕਪੜੇ ਲੀੜੇ ਪਹਿਨਣ ਬਾਰੇ, ਖਾਣਾ ਬਣਾਉਣ ਤੇ ਖਾਣ ਬਾਰੇ, ਸਿਹਤ ਬਾਰੇ, ਰੀਤੀ ਰਿਵਾਜ਼ਾਂ ਤੇ ਵਿਸ਼ਵਾਸ਼ਾ ਦੀ ਜੀਵਨ 'ਚ ਭੂਮਿਕਾ ਬਾਰੇ ਕੁਝ ਬੇਸਿਕ ਗੱਲਾਂ ਦਸਣੀਆਂ ਸ਼ੁਰੂ ਕੀਤੀਆਂ। ਹਿੰਦੂ ਜਾਤੀਆਂ 'ਚ ਦਲਿਤਾਂ ਪ੍ਰਤੀ ਸਮਾਜਿਕ ਸੇਵਾਵਾਂ ਕਰਨ ਦੀ ਰੁਚੀ ਹੁਣ ਸਾਫ ਨਜ਼ਰ ਆ ਰਹੀ ਸੀ। ਹੈਰਾਨੀ ਵਾਲੀ ਗੱਲ ਇਹ ਸੀ ਕਿ ਹਿੰਦੂਆਂ ਦੀਆਂ ਔਰਤਾਂ ਜਿਹੜੀਆਂ ਆਮ ਤੌਰ ਤੇ ਵੱਧ ਪਿਛਾਂਹਖਿਚੂ ਸਨ, ਵੀ ਇਸ ਕਾਰਜ 'ਚ ਪਿਛੇ ਨਾ ਰਹੀਆਂ। ਕੁਝ ਸਾਫ਼ ਸੁਥਰੇ ਅਛੂਤਾਂ ਨੂੰ ਹਿੰਦੂ ਜਾਤੀਆਂ ਦੇ ਘਰਾਂ ਵਿਚ ਵੀ ਪ੍ਰਵੇਸ਼ ਕਰਨ ਦਾ ਮੌਕਾ ਮਿਲਣ ਲੱਗਾ ਅਤੇ ਇਹ ਪ੍ਰਕਿਰਿਆ ਇਕ ਫੈਸ਼ਨ ਬਣਦੀ ਜਾ ਰਹੀ ਸੀ, ਭਾਵ ਕਿ ਅਜਿਹਾ ਕਰਨ ਲਈ ਹਰ ਕੋਈ ਉਚ-ਜਾਤੀ ਹਿੰਦੂ ਦੂਸਰੇ ਨਾਲੋਂ ਕਾਹਲਾ ਜਾਪਦਾ।

ਇਸ ਜ਼ਰਾ ਕੁ ਸੁਖਾਵੇਂ ਮਾਹੌਲ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ ਦੀ ਆਇਅਨਕਲੀ ਦੀ ਪੂਰੀ ਕੋਸ਼ਿਸ਼ ਰਹੀ। ਉਹ ਜਿਥੇ ਵੀ ਜਾਂਦਾ ਉਸ ਦੇ ਲੋਕ ਉਸ ਅੱਗੇ ਅੱਖਾਂ ਵਿਛਾ ਦਿੰਦੇ। ਹਜ਼ਾਰਾਂ ਦੀ ਗਿਣਤੀ 'ਚ ਉਸ ਨੂੰ ਦੇਖਣ ਤੇ ਸੁਣਨ ਆਉਂਦੇ, ਅਜਿਹੇ ਮੌਕਿਆ ਦਾ ਫਾਇਦਾ ਉਠਾਦਿਆਂ ਉਹ ਉਨ੍ਹਾਂ ਨੂੰ ਦੋਸਤਾਨਾ ਢੰਗ ਨਾਲ ਜਮਾਤ ਨੂੰ ਦਰਪੇਸ਼ ਆਰਥਿਕ ਤੇ ਇਖ਼ਲਾਕੀ ਸਮੱਸਿਆਵਾਂ ਬਾਰੇ ਚੇਤੰਨ ਕਰਦਾ ਰਹਿੰਦਾ। ਉਸ ਦੇ ਇਕ ਭਾਸ਼ਣ ਦੇ ਕੁਝ ਹਿੱਸੇ ਦੇਖੋ,

"ਇਥੇ ਇਕੱਠੇ ਹੋਏ ਹੱਥੀਂ ਕਮ ਕਰਨ ਵਾਲੇ ਕਾਮਿਓ ਭੈਣੋਂ ਤੇ ਭਰਾਵੋ ! ਸਾਰਾ ਦਿਨ ਮਿਹਨਤ ਕਰਨ ਉਪਰੰਤ ਤੁਸੀਂ ਥੱਕੇ ਟੁੱਟੇ ਭੁੱਖੇ ਸ਼ਾਮ ਨੂੰ ਆਪਣੀਆਂ ਝੁੱਗੀਆਂ 'ਚ ਜਾਂਦੇ ਹੋ। ਆਪਣੀ ਥਕਾਵਟ ਦੂਰ ਕਰਨ ਲਈ ਜਾਂਦੇ ਜਾਂਦੇ ਤੁਸੀਂ ਤਾੜੀ ਦੀ ਸ਼ਰਾਬ ਦੀ ਦੁਕਾਨ ਤੇ ਵੀ ਜਾਂਦੇ ਹੋ। ਮੈਂ ਤੁਹਾਨੂੰ ਦੱਸਾਂ ! ਗੁਸਾ ਨਾ ਕਰਿਓ, ਮੇਰਾ ਮਕਸਦ ਤੁਹਾਡਾ ਦਿਲ ਦੁਖਾਉਣਾ ਨਹੀਂ ਪਰ ਇਸ ਦਾ ਕੋਈ ਫਾਇਦਾ ਨਹੀਂ ਹੈ, ਮੈਂ ਤੁਹਾਨੂੰ ਵੀ ਜ਼ਿਮੇਵਾਰ ਨਹੀਂ ਠਹਿਰਾਉਂਦਾ। ਅਜਿਹੀਆਂ ਆਦਤਾਂ ਨਾਲ ਕੀ ਹੁੰਦਾ ਹੈ? ਤੁਸੀਂ ਕਦੇ ਸੋਚਿਆ? ਤੁਹਾਡੇ ਘਰਾਂ 'ਚ ਹਿੰਸਕ ਲੜਾਈ ਝਗੜੇ ਅਤੇ ਬੇਚੈਨੀ ਰਹਿਣ ਲਗਦੀ ਹੈ ਜਿਸ ਕਰਕੇ ਤੁਹਾਡੇ ਬੱਚਿਆਂ ਤੇ ਭਾਈਚਾਰੇ ਦੇ ਭਵਿੱਖ ਉੱਤੇ ਬੁਰਾ ਅਸਰ ਪੈਂਦਾ ਹੈ। ਇਸ ਨਾਲ ਸਾਡਾ ਸਮਾਜ ਪਿਛਹਾਂ ਵੱਲ ਵਧਦਾ ਹੈ। ਅਜਿਹੀ ਹਾਲਤ ਵਿਚ ਅਸੀਂ ਸਮਾਜਿਕ ਆਰਥਿਕ ਤੌਰ ਤੇ ਅੱਗੇ ਨਹੀਂ ਵੱਧ ਸਕਦੇ। ਸਿਰਫ ਇਹੀ ਨਹੀਂ ਕਈਆਂ ਦੇ ਵਿਆਹ ਸੰਬੰਧ ਟੁੱਟ ਜਾਂਦੇ ਹਨ। ਸੋ ਆਪ ਦਾ ਭਰਾ ਹੋਣ ਕਰਕੇ ਆਪ ਨੂੰ ਸ਼ਰਾਬ ਪੀਣ ਤੋਂ ਮਨ੍ਹਾ ਕਰਦਾ ਹਾਂ। ਸ਼ਰਾਬ ਪੀਣ ਦੀ ਆਦਤ ਨੂੰ ਬਿਲਕੁਲ ਛੱਡ ਦਿਓ। ਜਿਹੜੇ ਅੱਜ ਤੋਂ ਹੀ ਸ਼ਰਾਬ ਨਾਂ ਪੀਣ ਦਾ ਫੈਸਲਾ ਕਰਦੇ ਹਨ ਉਹ ਆਪਣੇ ਹੱਥ ਖੜੇ ਕਰੋ।" ਇਸ ਢੰਗ ਨਾਲ ਆਇਅਨਕਲੀ ਨੇ ਵੀ ਉਨ੍ਹਾਂ ਦੀਆਂ ਕਮਜ਼ੋਰੀਆਂ ਅਤੇ ਮਾੜੀਆਂ ਆਦਤਾਂ ਦੂਰ ਕਰਨ ਲਈ ਬੇਹੱਦ ਮਿਹਨਤ ਕੀਤੀ।

ਆਇਅਨਕਲੀ ਇਕ ਸਮਾਜ ਸੁਧਾਰਕ ਤੇ ਸਮਾਜਿਕ ਲੀਡਰ ਹੀ ਨਹੀਂ ਸੀ, ਉਹ ਆਚਾਰੀਆਂ ਤੇ ਗੁਰੂ ਵੀ ਸੀ। ਉਸ ਨੇ ਆਪਣੇ ਭਾਈਚਾਰੇ ਦੇ ਲੋਕਾਂ ਨੂੰ ਸਮੂਹਿਕ ਪ੍ਰਗਤੀ ਲਈ ਕੁਝ ਨਵੇਂ ਸਿਧਾਂਤ ਜੀਵਨ ’ਚ ਅਪਣਾਉਣ ਲਈ ਪਰੇਰਿਆ, ਜਿਵੇਂ (੧) ਦਲਿਤਾਂ ਨੂੰ ਅਮੀਰ ਜਮਾਤਾਂ ਵੱਲ ਦੇਖਕੇ ਆਪਣੀਆਂ ਸਮਾਜਿਕ ਰਸਮਾਂ ਉੱਤੇ ਬੇਲੋੜਾ ਖਰਚ ਕਰਨ ਤੋਂ ਮਨ੍ਹਾ ਕੀਤਾ, ੨. ਸਾਰੀਆਂ ਬੁਰਾਈਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ ੩. ਦੂਸਰੀਆਂ ਜਮਾਤਾਂ ਤੇ ਭਾਈਚਾਰਿਆਂ ਨਾਲ ਮੁਕਾਬਲੇ ’ਚ ਖੜੇ ਹੋਣ ਲਈ ਢੁੱਕਵੀਆਂ ਕੋਸ਼ਿਸ਼ਾਂ ਕਰਨ ਉੱਤੇ ਜ਼ੋਰ ਦਿੱਤਾ, ੪. ਸਵੈ-ਨਿਰਭਰਤਾ, ਸਵੈ-ਸਤਿਕਾਰ ਅਤੇ ਸਖ਼ਤ ਮਿਹਨਤ ਅਤੇ ਸਦਾਚਾਰੀ ਗੁਣ ਪੈਦਾ ਕਰਨੇ ਤਾਂ ਬਹੁਤ ਹੀ ਜ਼ਰੂਰੀ ਹੈ।

ਇਸ ਕਰਕੇ ਲੋਕ ਉਸ ਨੂੰ ‘ਗੁਰੂਦੇਵਨ ਆਇਅਨਕਲੀ’ ਸਮਝਦੇ ਸਨ। ਖਾਸ ਕਰਕੇ ਵੈਕਮ, ਕੋਟਾਯਾਮ, ਮਾਵੇਲੀਕਾਰਾ ਆਦਿ ਆਦਿ।

## ਆਇਅਨਕਲੀ ਅਤੇ ਸੰਗਠਨ ਦੇ ਆਖਰੀ ਦਿਨ-

ਆਇਅਨਕਲੀ ਅਤੇ ਦੂਸਰੇ ਲੀਡਰਾਂ ਦੀ ਅਣਥੱਕ ਮਿਹਨਤ ਤੇ ਸੁਹਿਰਦ ਅਗਵਾਈ ’ਚ ਸੰਗਠਨ ਆਕਾਰ ਤੇ ਗਰੀਬ ਲਈ ਆਰੰਭੀਆਂ ਗਤੀਵਿਧੀਆਂ ਕਾਰਨ ਬਹੁਤ ਵੱਡਾ ਰੂਪ ਅਖਤਿਆਰ ਕਰ ਗਿਆ ਸੀ। ਸਨ ੧੯੦੭ ਤੋਂ ਸ਼ੁਰੂ ਕਰਕੇ ਆਪਣੇ ਤੀਹ ਸਾਲਾ ਦੇ ਸਮੇਂ ਦੌਰਾਨ ਸੰਗਠਨ ਨੇ ਆਪਣੇ ਹੀ ਇਤਿਹਾਸਕ, ਬਹਾਦਰੀ ਭਰਪੂਰ ਅਤੇ ਨਿਰੰਤਰ ਚਲਣ ਵਾਲੀਆਂ ਜਦੋਂ-ਜਹਿਦਾਂ ਤੇ ਵਿਦਰੋਹਾਂ ਨੂੰ ਸਿਰੇ ਚੜ੍ਹਾਇਆ। ਇਹ ਮੁਹਿੰਮਾਂ ਜ਼ਿਕਰਯੋਗ ਹਨ। ਇਨ੍ਹਾਂ ਵਿਦਰੋਹਾਂ ਦੌਰਾਨ ਸੰਗਠਨ ਨੂੰ ਬੜੀਆਂ ਕੀਮਤੀ ਜਾਨਾਂ ਦੇਣੀਆਂ ਪਈਆਂ। ਦੁਸ਼ਮਨਾਂ ਵਲੋਂ ਢਾਹਿਆ ਜ਼ੁਲਮ-ਜਬਰ ਤੇ ਖੂਨ ਖਰਾਬਾ ਵੀ ਸਾਥੀਆਂ ਤੇ ਮੈਂਬਰਾਂ ਦਾ ਹੌਸਲਾ ਮੱਠਾ ਨਾ ਕਰ ਸਕਿਆ। ਅਸੱਭਿਅਕ ਤੇ ਅਨਪੜ੍ਹ ਲੋਕਾਂ ਨੂੰ ਸਵੈ-ਆਦਰ ਭਾਵਨਾ ਭਰਪੂਰ ਅਤੇ ਕਾਰਜਕੁਸ਼ਲ ਲੋਕਾਂ ਵਿਚ ਤਬਦੀਲ ਕਰਨਾ ਇਕ ਸੂਰਮਗਤੀ ਦਾ ਕੰਮ ਸੀ ਜੋ ਸੰਗਠਨ ਨੇ ਕੀਤਾ। ਇਸ ਏਕਤਾ ਤੇ ਸੰਗਠਿਤ ਸੁਸਤੀ ਨੇ ਵਿਰੋਧੀਆਂ ਵਿਚ ਈਰਖਾ ਤੇ ਡਰ ਦੀ ਭਾਵਨਾ ਵੀ ਪੈਦਾ ਕੀਤੀ। ਸੰਗਠਨ ਨੂੰ ਨਿਰ ਉਤਸ਼ਾਹਤ ਕਰਨ ਲਈ ਬੜੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਦੁਸ਼ਮਣਾਂ ਨੇ ਵਿਗਿਆਨਕ ਤੇ ਵਿਧੀਬੱਧ ਢੰਗ ਵੀ ਅਪਣਾਏ, ਉਨ੍ਹਾਂ ਨੇ ਦਲਿਤਾਂ ਵਿਚ ਆਪਸੀ ਅਸਹਿਨਸ਼ੀਲਤਾ ਪੈਦਾ ਕਰਕੇ ਦਲਿਤਾਂ ਨੂੰ ਆਪਸ ’ਚ ਲੜਾਇਆ, ਜਿਸ ਕਾਰਨ ਗਰੀਬ ਦਲਿਤ ਅਦਾਲਤਾਂ ’ਚ ਖ਼ਜ਼ਲ-ਖੁਆਰ ਵੀ ਹੋਏ ਅਤੇ ਕਈਆਂ ਨੂੰ ਜੇਲ੍ਹ ਵੀ ਜਾਣਾ ਪਿਆ। ਵਿਰੋਧੀਆਂ ਨੇ ਸੰਗਠਨ ਦੇ ਮੈਂਬਰਾਂ ਵਿਚ ਉਪ-ਜਾਤੀਵਾਦ ਦੀ ਭਾਵਨਾ ਵੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਹਰ ਪਾਸੇ ਜ਼ਹਿਰ ਭਰਿਆ ਪ੍ਰਚਾਰ ਕੀਤਾ ਗਿਆ। ਸੰਗਠਨ ਵਿਚੋਂ ਕਈ ਉਪ-ਜਾਤੀਆਂ ਦੇ ਲੀਡਰਾਂ ਨੇ ਵਖਰੇ ਹੋ ਕੇ ਆਪਣੀ ਆਪਣੀ ਜਾਤ ਤੇ ਆਧਾਰਤ ਕਈ ਵੱਖਰੀਆਂ ਵੱਖਰੀਆਂ ਸੰਸਥਾਵਾਂ ਹੋਂਦ ’ਚ ਲਿਆਂਦੀਆਂ। ਠੀਕ ਇਸ ਸਮੇਂ ਦਲਿਤਾਂ ਵਿਚ ਇਕ ਹੋਰ ਚੰਗੇ ਪੜ੍ਹੇ ਲਿਖੇ ਵਿਅਕਤੀ ਸ੍ਰੀ ਟੀ. ਟੀ. ਕੇਸਵਨ ਸ਼ਾਸਤਰੀ ਅੱਗੇ ਆਏ। ਉਸ ਨੇ ੧੯੨੧ ਵਿਚ ਸ਼ਾਸਤਰੀ ਦਾ ਇਮਤਿਹਾਨ ਪਾਸ ਕੀਤਾ ਸੀ। ਉਹ ਬਹੁਤ ਚੰਗਾ ਵਕਤਾ ਤੇ ਕਵੀ ਸੀ। ਉਸ ਦੀ ਖੁਸ਼-ਬਿਆਨੀ ਨੇ ਨੌਜਵਾਨਾਂ ਦਾ ਦਿਲ ਜਿਤ ਲਿਆ ਸੀ। ਉਹ ਆਇਅਨਕਲੀ ਦਾ ਵਿਰੋਧੀ ਬਣ ਗਿਆ, ਸ੍ਰੀ ਮੂਲਨ ਪਾਪੂਲਰ ਅਸੰਬਲੀ ਦੀ ਮੈਂਬਰੀ ਲਈ ਨਾਮਜਦਗੀ ਲਈ ਕੋਸ਼ਿਸ਼ ਵੀ ਇਸ ਵਿਰੋਧ ਦਾ ਇਕ ਕਾਰਨ ਬਣਿਆ (ਹੋਇਆ ਇੰਜ ਕਿ ਆਇਅਨਕਲੀ ਨੇ ਅਸੰਬਲੀ ਦੀ ਮੈਂਬਰੀ ਲਈ ਕੇਸਵਨ ਸ਼ਾਸਤਰੀ ਦੀ ਥਾਂ ਪਾਮਪੱਛੀ ਜੋਹਨ ਜੋਸਫ਼ ਦੇ ਨਾਮ ਦੀ ਸਿਫਾਰਸ਼ ਕੀਤੀ ਸੀ)। ਬਸ ਇਸ ਤੋਂ ਦੋਨਾਂ ਵਿਚ ਤਰੇੜ ਵੱਡੀ ਹੁੰਦੀ ਗਈ, ਅਤੇ ਇਹ ਵਰਤਾਰਾ ਸਮਾਜਿਕ ਸਰਗਰਮੀਆਂ ਤੱਕ ਵੀ ਜਾ ਫੈਲਿਆ ਸੀ।

ਕੇਸਵਨ ਨੇ ਆਪਣੀ ਜਾਤੀ ਦੇ ਦਲਿਤਾਂ ਨੂੰ ‘ਵੱਖਰੇ ਤੌਰ ਤੇ ਸੰਗਠਤ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਨੌਜਵਾਨ ਲੋਕ ਉਸ ਵੱਲ ਖਿਚੇ ਗਏ। ਕੇਸਵਨ ਦੀਆਂ ਇਨ੍ਹਾਂ ਗਤੀਵਿਧੀਆਂ ਦਾ ਇਕ ਕਾਰਨ ਇਹ ਵੀ ਸੀ ਕਿ ਉਹ ਉਸ ਸਮੇਂ ਹਿੰਦੂ ਮਿਸ਼ਨ ਦਾ ਮੈਂਬਰ ਸੀ, ਇਸ ਤਰ੍ਹਾਂ ਉਹ ਕਾਸਟ ਹਿੰਦੂਆਂ ਦੇ ਹੱਥ ਵਿਚ ਖੇਡ ਗਿਆ ਸੀ।

ਦੋਨਾਂ ਨੂੰ ਇਕੱਠੇ ਕਰਨ ਦੀਆਂ ਗੰਭੀਰ ਕੋਸ਼ਿਸ਼ਾਂ ਕੀਤੀਆਂ ਗਈਆਂ। ਇਹ ਕੋਸ਼ਿਸ਼ਾਂ ਦੀਵਾਨ ਸਰ ਸੀ. ਪੀ. ਰਾਮਾਸਵਾਮੀ ਆਈਅਰ ਦੀ ਪਹਿਲਕਦਮੀਆਂ ਦਾ ਸਿਟਾ ਸੀ। ਇਹ ਕੋਸ਼ਿਸ਼ਾਂ ਕਾਮਯਾਬ ਰਹੀਆਂ ਅਤੇ ਇਕ ਫੌਰੀ ਸਿਟਾ ਇਹ ਨਿਕਲਿਆ ਕਿ ਆਇਅਨਕਲੀ ਦੀ ਵੱਡੀ ਧੀ ਥੇਕੱਮਾ ਦੀ ਸ਼ਾਦੀ ਕੇਸਵਨ ਸ਼ਾਸਤਰੀ ਨਾਲ ਕੀਤੀ ਗਈ।



ਇਹ ਵਿਆਹ ਕੇਰਲ ਦੇ ਦਲਿਤਾਂ ਦੇ ਸੰਗਠਨ ਦੇ ਇਤਿਹਾਸ ਵਿਚ ਇਕ ਮੀਲ ਪੱਥਰ ਸਾਬਤ ਹੋਈ। ਇਸ ਤੋਂ ਪਿਛੋਂ ਸਾਧੂਜਨਾ ਪਰੀਪਲਾਨ ਸੰਘਮ ( ਸ. ਜ. ਪ. ਸ.) ਇਕ ਖਤਰਨਾਕ ਮੋੜ ਤੇ ਪਹੁੰਚ ਗਿਆ ਸੀ। ਸੰਗਠਨ ਦੇ ਕੰਮਾਂ ਕਾਰਾਂ ਵਿਚ ਆਇਅਨਕਲੀ ਨੇ ਹੁਣ ਦਿਲਚਸਪੀ ਲੈਣੀ ਘੱਟ ਕਰ ਦਿੱਤੀ ਸੀ ਕਿਉਂ ਕਿ ਹੁਣ ਉਹ ਆਪਣੇ ਜੁਆਈ ਨਾਲ ਕਿਸੇ ਕਿਸਮ ਦੇ ਮੁਕਾਬਲੇ ’ਚ ਨਹੀਂ ਸੀ ਆਉਣਾ ਚਾਹੁੰਦੇ। ਇਸ ਦਾ ਸਿੱਟਾ ਇਹ ਨਿਕਲਿਆ ਕਿ ਹੌਲੀ ਹੌਲੀ ਸੰਗਠਨ ਵਿਚ ਸਿਰਫ ਪੁਲੀਆ (ਆਇਅਨਕਲੀ ਦੀ ਜਾਤੀ) ਜਾਤੀ ਦੇ ਲੋਕ ਹੀ ਰਹਿ ਗਏ ਸਨ। ਸ਼ਾਸਤਰੀ ਦਾ ਗਰੁਪ ਜਦੋਂ ਸੰਗਠਨ ਵਿਚ ਤਾਕਤਵਾਰ ਹੋਇਆ ਤਾਂ ਇਸ ਦੀਆਂ ਸਰਗਰਮੀਆਂ ਤਕਰੀਬਨ ਬੰਦ ਹੀ ਹੋ ਗਈਆਂ ਸਨ। ਆਇਅਨਕਲੀ ਨੇ ਹੁਣ ਸੰਗਠਨ ਦੀ ਵਾਗਡੋਰ ਨਵੀਂ ਪੀੜ੍ਹੀ ਦੇ ਹੱਥ ਦੇ ਦਿੱਤੀ ਸੀ।

ਜਦੋਂ ਆਇਅਨਕਲੀ ਇਕ ਪਾਸੇ ਹੋਇਆ ਤਾਂ ਕੇਸਵਨ ਸ਼ਾਸਤਰੀ ਦੀ ਅਗਵਾਈ ਵਿਚ ਸੰਗਠਨ ਇਕ ਜਾਤੀ ਦਾ ਫਿਰਕਾਪ੍ਰਸਤ ਸੰਗਠਨ ਬਣਕੇ ਹੀ ਰਹਿ ਗਿਆ ਸੀ। ਪਰੰਤੂ ਆਇਅਨਕਲੀ ਆਪਣੇ, ਲੋਕਾਂ ਤੋਂ ਪਰਾਂ ਨਹੀਂ ਸੀ ਜਾ ਸਕਦਾ, ਉਹ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਮੇਸ਼ਾਂ ਹੀ ਮੈਦਾਨ ’ਚ ਰਿਹਾ, ਸੰਗਠਨ ਤੋਂ ਭਾਵੇਂ ਉਹ ਇਕ ਪਾਸੇ ਹੋ ਗਿਆ ਸੀ।

ਆਇਅਨਕਲੀ ਇਹ ਦਿਲੋਂ ਚਾਹੁੰਦਾ ਸੀ ਕਿ ਉਸ ਦੇ ਲੋਕ ਡਿਗਰੀਆਂ ਪ੍ਰਾਪਤ ਕਰਕੇ ਅਫਸਰ ਬਣਨ। ਉਹ ਇਕ ਪਿਤਾ ਵਾਂਗ ਉਨ੍ਹਾਂ ਦੀ ਭਲਾਈ ਚਾਹੁੰਦਾ ਸੀ। ਉਹ ਸਮੁੱਚੀ ਦਲਿਤ ਸਮੁਦਾਇ ਨੂੰ ਇਕ ਪਰਿਵਾਰ ਸਮਝਦਾ ਸੀ। ਭਾਵ ਉਹ ਸਾਰੀਆਂ ਦਲਿਤ ਜਾਤੀਆਂ ਨੂੰ ਇਕਠਾ ਰਖਦਾ ਆਇਆ ਸੀ। ਜਦੋਂ ਉਸ ਦੇ ਲੋਕ ਉੱਚੀਆਂ ਡਿਗਰੀਆਂ ਪ੍ਰਾਪਤ ਕਰ ਲੈਂਦੇ ਤਾਂ ਉਹ ਉਨ੍ਹਾਂ ਲਈ ਚੰਗੀਆਂ ਨੌਕਰੀਆਂ ਦੀ ਤਲਾਸ਼ ਵਿਚ ਸਰਕਾਰ ਨੂੰ ਮੈਮੋਰੰਡਮ ਭੇਜਦਾ ਰਹਿੰਦਾ। ਅਸੰਬਲੀ ਵਿਚ ਵੀ ਉਸ ਦੇ ਭਾਸ਼ਣ ਆਪਣੇ ਲੋਕਾਂ ਦੀਆਂ ਮੰਗਾਂ ਤੇ ਸਮੱਸਿਆਵਾਂ ਉੱਤੇ ਕੇਂਦਰਤ ਰਹਿੰਦੇ। ਉਸ ਸਮੇਂ ਸਰਕਾਰੀ ਦਫਤਰਾਂ ਵਿਚ ਚੰਗੀਆਂ ਨੌਕਰੀਆਂ ਲਈ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਪਾਸ ਕਰਨ ਵਾਲੇ ਦਲਿਤਾਂ ਨੂੰ ਹੀ ਮਿਲ ਸਕਦੀਆਂ ਸਨ ਅਤੇ ਛੋਟੀਆਂ ਨੌਕਰੀਆਂ ਲਈ ਲੋਕਲ ਭਾਸ਼ਾ ਦੀ ਪ੍ਰੀਖਿਆ ਜ਼ਰੂਰੀ ਸੀ। ਆਇਅਨਕਲੀ ਹਮੇਸ਼ਾਂ ਚੰਗੀਆਂ ਨੌਕਰੀਆਂ ਦੀ ਹੀ ਇੱਛਾ ਰਖਦਾ ਸੀ।

ਜਦੋਂ ਦਲਿਤਾਂ ਨੂੰ ਸਕੂਲਾਂ ਵਿਚ ਦਾਖਲਾ ਮਿਲਣਾ ਸ਼ੁਰੂ ਹੋਇਆ ਤਾਂ ਮਿਡਲ ਕਲਾਸਾਂ ਵਿਚ ਦਲਿਤ ਵਿਦਿਆਰਥੀਆਂ ਨੂੰ ਦਾਖਲਾ ਫੀਸ ਦੇਣੀ ਪੈਂਦੀ ਸੀ। ਕਈ ਸਾਲਾਂ ਦੀਆਂ ਕੋਸ਼ਿਸ਼ਾ ਤੋਂ ਬਾਅਦ ਅੱਧੀ ਫੀਸ ਮੁਆਫੀ ਦੀ ਅਗਿਆ ਪ੍ਰਾਪਤ ਹੋਈ ਸੀ। ਬਹੁਤ ਸਾਰੇ ਵਿਦਿਆਰਥੀਆਂ ਨੂੰ ਪੜ੍ਹਾਈ ਵਿਚ ਹੀ ਛੱਡਣੀ ਪਈ ਸੀ। ਕੇਸਵਨ ਸ਼ਾਸਤਰੀ ਵੀ ਉਨ੍ਹਾਂ ਵਿਚੋਂ ਹੀ ਇਕ ਅਜਿਹੇ ਦਲਿਤ ਵਿਦਿਆਰਥੀ ਸਨ, ਜਿਨ੍ਹਾਂ ਨੂੰ ਇਸੇ ਕਾਰਨ ਸ਼ਾਸਤਰੀ ਦਾ ਇਮਤਿਹਾਨ ਕੁਝ ਸਾਲਾਂ ਬਾਅਦ ਹੀ ਪਾਸ ਕਰਨਾ ਪਿਆ ਸੀ। ਇਸ ਮੌਕੇ ਈਸਾਈ ਮਿਸ਼ਨਰੀਆਂ ਨੇ ਜਿਹੜੇ ਦਲਿਤ ਉਨ੍ਹਾਂ ਦੇ ਕੈਂਪਾਂ ਵਿਚ ਦਾਖਲ ਹੁੰਦੇ, ਉਨ੍ਹਾਂ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ ਸੀ। ਇਸ ਤਰ੍ਹਾਂ ਕੁਝ ਦਲਿਤ ਲੋਕਾਂ ਨੂੰ ਉੱਚੀ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਪ੍ਰਾਪਤ ਹੋਇਆ।

## ਅੰਤਮ ਬਾਤ-

ਦਲਿਤਾਂ ਦੀ ਸੁਤੰਤਰਤਾ ਦੀ ਪ੍ਰਾਪਤੀ ਅਤੇ ਉਨ੍ਹਾਂ ਦੀਆਂ ਹਰ ਕਿਸਮ ਦੀਆਂ ਸਮੱਸਿਆਵਾਂ ਤੇ ਬੁਰਾਈਆਂ ਨੂੰ ਦੂਰ ਕਰਨ ਲਈ ਸ਼ੁਰੂ ਕੀਤੇ ਸੰਘਰਸ਼ਾਂ ਪ੍ਰਤੀ ਵਚਨਬਧਤਾ ਅਤੇ ਬੁਲੰਦ ਹੌਸਲੇ ਲਈ ਆਇਅਨਕਲੀ ਦੀ ਪ੍ਰਸਿਧੀ ਦੂਰ ਦੂਰ ਤਕ ਫੈਲ ਚੁੱਕੀ ਸੀ। ਆਪਣੇ ਲੋਕਾਂ ਲਈ ਸੰਘਰਸ਼ ਦੌਰਾਨ ਆਪਣੀ ਜਾਨ ਦੀ ਬਾਜ਼ੀ ਤੱਕ ਲਾ ਦੇਣੀ ਉਸਦੇ ਚਰਿਤਰ ਦਾ ਵੱਡਾ ਗੁਣ ਸੀ। ਇਸੇ ਲਈ ਆਪਣੇ ਲੋਕਾਂ ਦੇ ਭਾਈਚਾਰੇ ਦੇ ਨੇਤਾ ਦੇ ਤੌਰ ਤੇ ਉਸਦੀ ਚੋਣ ਕੁਦਰਤੀ ਸੀ। ਜਦੋਂ ਵੀ ਮੌਕਾ ਮਿਲਿਆ ਉਸ ਨੇ ਆਪਣੇ ਸਮੁਦਾਇ ਨੂੰ ਇਕ ਮਿਲੀਟੈਂਟ ਤਾਕਤ ਦੇ ਤੌਰ ਤੇ ਉਭਾਰਿਆ। ਜਦੋਂ ਵੀ ਵਿਰੋਧੀਆਂ ਨਾਲ ਦੋ ਹੱਥ ਕਰਨੇ ਪਏ ਉਸ ਨੇ ਸਵੈ-ਸ਼ਾਸ਼ਨ ਰਾਹੀਂ ਆਪਣੇ ਸੰਗਠਨ ਨੂੰ ਮੈਦਾਨ ਵਿਚ ਫਤਿਹ ਦੁਆਈ। ਸਮਾਂ ਪੈਣ ਉਤੇ ਉਹ ਔਖੇ ਤੋਂ ਔਖੇ ਫੈਸਲੇ ਬੜੀ ਬਹਾਦਰੀ ਤੇ ਤੇਜ਼ੀ ਨਾਲ ਕਰਦਾ ਸੀ। ਵੱਡੀਆਂ ਤੋਂ ਵੱਡੀਆਂ ਮੁਸੀਬਤਾਂ ਤੇ ਮੁਸ਼ਕਲਾਂ ਨੂੰ ਕਾਬੂ ਕਰਨ ’ਚ ਉਸ ਦੀ ਨਿਸਚਾ ਤੇ ਹਿੰਮਤ ਦਾ ਕੋਈ ਮੁਕਾਬਲਾ ਹੀ ਨਹੀਂ ਸੀ। ਉਹ ਬਹੁਤ ਚੁਸਤ ਤੇ ਦੂਰ-ਦਰਸ਼ੀ ਅਤੇ ਪ੍ਰਬਲ ਇੱਛਾ ਸ਼ਕਤੀ ਦਾ ਮਾਲਕ ਸੀ। ਉਹ ਜਿਥੇ ਵੀ ਜਾਂਦਾ ਲੋਕਾਂ ਦਾ ਹੜ੍ਹ ਆ ਜਾਂਦਾ ਸੀ।

ਆਇਅਨਕਲੀ ਸਮਾਜਿਕ ਮੁਕਤੀ ਦੇ ਸੰਘਰਸ਼ 'ਚ ਬਹੁਤ ਕਾਰਜਸ਼ੀਲ ਸੀ। ਸੁਤੰਤਰਤਾ ਤੋਂ ਉਸ ਦਾ ਮਤਲਬ ਬਰਾਬਰਤਾ ਅਤੇ ਸਵੈ-ਮਾਣ ਦੀ ਸਥਾਪਨਾ ਤੋਂ ਸੀ। ਉਸ ਦੀ ਹਮੇਸ਼ਾਂ ਇੱਛਾ ਹੁੰਦੀ ਸੀ ਦਲਿਤ ਆਪਣੇ ਸਮਾਜ ਵਿਚੋਂ ਹਰ ਕਿਸਮ ਦੀਆਂ ਬੁਰਾਈਆਂ ਨੂੰ ਦੂਰ ਕਰਨ ਲਈ ਅਛੂਤਾਂ ਦੀਆਂ ਸਾਰੀਆਂ ਜਾਤੀਆਂ ਇਕੱਠੀਆਂ ਹੋ ਕੇ ਮੁਹਿਮ ਸ਼ੁਰੂ ਕਰਨ ਅਤੇ ਕਾਮਯਾਬੀ ਹਾਸਲ ਕਰਨ। ਇਨ੍ਹਾਂ ਨੂੰ ਇਕ ਝੰਡੇ ਹੇਠ ਲਿਆਉਣ ਲਈ ਹੀ ਉਸ ਨੇ ਮਿਲੀਟੈਂਟ ਸੰਗਠਨ ਦੀ ਸਿਰਜਣਾ ਕਰਕੇ ਛੂਆ-ਛੂਤ, ਜਾਤੀ ਵਿਵਸਥਾ ਅਤੇ ਸਮਾਜ 'ਚ ਪ੍ਰਚਲਤ ਵਹਿਮ ਭਰਮ ਦੂਰ ਕਰਨ ਲਈ ਲਗਾਤਾਰ ਮੁਹਿੰਮ ਚਲਾਈ।

ਆਇਅਨਕਲੀ ਆਪਣੀ ਲੀਡਰਸ਼ਿਪ ਦੇ ਆਦਰਸ਼ਕ ਗੁਣਾਂ ਕਰਕੇ ਅਪਣੇ ਲੋਕਾਂ ਦੇ ਨਿਰਵਿਵਾਦ ਨੇਤਾ ਦੇ ਤੌਰ ਤੇ ਉਭਰਿਆ ਸੀ। ਉਸ ਦਾ ਮੱਤ ਸੀ ਕਿ ਉਸ ਦੇ ਲੋਕਾਂ ਦੀ ਨਿਰਾਸ਼ਤਾ ਹੀ ਉਨ੍ਹਾਂ ਦੀ ਪ੍ਰੇਰਤ-ਸ਼ਕਤੀ ਸੀ ਜਿਸ ਸਹਾਰੇ ਉਹ ਲਗਾਤਾਰ ਉਸਾਰੂ ਸਰਗਰਮੀਆਂ ਵਿਚ ਕਾਮਯਾਬੀ ਹਾਸਲ ਕਰਦੇ ਰਹੇ ਸਨ। ਦਲਿਤਾਂ ਦੀਆਂ ਸਮਾਜਿਕ ਵਿਦਿਅਕ ਅਤੇ ਆਰਥਿਕ ਹਾਲਤਾਂ ਵਿਚ ਸੁਧਾਰ ਕਰਨਾ ਉਸਦੇ ਜੀਵਨ ਦਾ ਨਿਰ ਸਵਾਰਥ ਮਿਸ਼ਨ ਸੀ। ਇਹੀ ਅੰਤਿਮ ਨਿਸ਼ਾਨਾ ਸੀ ਉਸ ਲਈ ਅਤੇ ਬਾਕੀ ਸਭ ਕੁਝ ਹੀ ਇਸ ਇੱਛਾ ਦੇ ਅਧੀਨ ਸੀ। ਉਹ ਆਪਣੇ ਲੋਕਾਂ ਵਿਚ ਸਵੈ-ਮਾਣ ਦੀ ਭਾਵਨਾ ਪੈਦਾ ਕਰਨਾ ਚਾਹੁੰਦਾ ਸੀ। ਉਹ ਦਲਿਤਾਂ ਨੂੰ ਆਪਣੀ ਹੀਣ-ਭਾਵਨਾ ਤੋਂ ਮੁਕਤ ਹੋਣ ਲਈ ਕੋਸ਼ਿਸ਼ਾਂ ਕਰਨ ਲਈ ਉਤਸ਼ਾਹਤ ਕਰਦਾ ਸੀ। ਉਸ ਦਾ ਵਿਚਾਰ ਸੀ ਕਿ ਸਵੈਮਾਣ ਅਤੇ ਸ਼ਾਨ ਤੋਂ ਬਗੈਰ ਜੀਵਨ ਜੀਉਣਾ ਮਨੁੱਖ ਲਈ ਬਹੁਤ ਨਿਰਾਦਰ-ਭਰਪੂਰ ਵਰਤਾਰਾ ਹੈ। ਆਇਅਨਕਲੀ ਦੇ ਬੁੱਤ ਦਾ ਉਦਘਾਟਨ ਕਰਨ ਮੌਕੇ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ੧੦ ਨਵੰਬਰ,੧੯੮੦ ਵਿਚ ਤਰੀਵਿੰਦਰਮ ਵਿਖੇ ਆਪਣੇ ਭਾਸ਼ਣ ਵਿਚ ਉਸ ਨੂੰ 'ਭਾਰਤ ਦਾ ਮਹਾਨ ਪੁੱਤਰ' ਕਿਹਾ ਸੀ। ਉਨ੍ਹਾਂ ਨੇ ਕਿਹਾ,

"ਆਇਅਨਕਲੀ ਲੱਖਾਂ ਹੀ ਦਲਿਤਾਂ ਲਈ ਪ੍ਰੇਰਨਾ ਦਾ ਕੇਂਦਰ ਅਤੇ ਸਮਾਜਿਕ ਬਰਾਬਰਤਾ ਦੇ ਸੰਕਲਪ ਦਾ ਚਿੰਨ੍ਹ ਸੀ। ਉਹ ਭਾਰਤ ਦਾ ਮਹਾਨ ਪੁੱਤਰ ਸੀ ਜਿਸਨੇ ਸਮਾਜਿਕ ਸਦਾਚਾਰ ਦੀ ਉਤਮਤਾ ਲਈ ਆਪਣਾ ਜੀਵਨ ਕੁਰਬਾਨ ਕੀਤਾ। ਉਹ ਐਨਾ-ਮਹਾਨ ਸੀ ਕਿ ਉਸ ਨੂੰ ਕੇਰਲ ਦੀਆਂ ਹੱਦਾਂ ਤਕ ਸੀਮਤ ਨਹੀਂ ਰਖਿਆ ਜਾ ਸਕਦਾ। ਅੱਜ ਵੀ ਉਸ ਦੇ ਵਿਚਾਰਾਂ ਤੇ ਕਾਰਜਾਂ ਦੀ ਪ੍ਰਸੰਗਿਕਤਾ ਬਣੀ ਹੋਈ ਹੈ। ਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਇਸ ਮਹਾਨ ਵਿਅਕਤੀ ਦੀ ਯਾਦ 'ਚ ਲੱਗੇ ਬੁੱਤ ਦਾ ਉਦਘਾਟਨ ਕਰਨ ਲਈ ਮੈਂ ਇਸੇ ਕਰਕੇ ਤਾਂ ਇਥੇ ਆਈ ਹਾਂ। ਭਾਰਤ ਦੀ ਮਹਾਨਤਾ ਉਤੇ ਛੂਆ-ਛੂਤ ਇਕ ਧੱਬਾ ਹੈ। ਜੇ ਛੂਆ-ਛੂਤ ਨਾ ਹੁੰਦੀ ਤਾਂ ਭਾਰਤ ਬਹੁਤ ਪਹਿਲਾਂ ਹੀ ਇਕ ਮਹਾਨ ਦੇਸ਼ ਬਣ ਚੁੱਕਿਆ ਹੁੰਦਾ।"

ਸ੍ਰੀ ਈ. ਕੇ. ਨਾਇਨਾਰ, ਉਸ ਸਮੇਂ ਦੇ ਮੁੱਖ ਮੰਤਰੀ ਨੇ ਉਪਰੋਕਤ ਪ੍ਰੋਗਰਾਮ 'ਚ ਹਿੱਸਾ ਲੈਂਦਿਆਂ ਕਿਹਾ, "ਆਇਅਨਕਲੀ ਸਾਡੀਆਂ ਲੋਕ ਰਾਜੀ ਲਹਿਰਾਂ ਦੀਆਂ ਮੁਢਲੀਆਂ ਸਟੇਜਾਂ ਦਾ ਕਰਾਂਤੀਕਾਰੀ ਨੇਤਾ ਸੀ, ਸਿਰਫ ਅਛੂਤਾਂ ਦਾ ਲੀਡਰ ਹੀ ਨਹੀਂ ਸ੍ਰੀ ਪਰੰਤੂ ਮਜ਼ਦੂਰ ਜਮਾਤਾਂ ਦਾ ਦ੍ਰਿੜ ਇਰਾਦੇ ਵਾਲਾ ਕਮਾਂਡਰ ਇਨ ਚੀਫ ਸੀ। ਜਾਤੀ ਧੌਂਸ ਖਿਲਾਫ਼ ਸ੍ਰੀ ਗੁਰੂ ਨਰਾਇਣ ਅਤੇ ਆਇਅਨਕਲੀ ਦੀ ਅਗਵਾਈ ਹੇਠ ਚਲਾਏ ਸੰਘਰਸ਼ਾ ਨੇ ਹੀ ਕੇਰਲ ਨੂੰ ਅਗਾਂਹਵਧੂ ਵਿਚਾਰਾਂ ਦਾ ਮੋਹਰੀ ਰਾਜ ਬਣਾਇਆ ਹੈ। ਜਦੋਂ ਆਇਅਨਕਲੀ ਨੇ ਸੰਘਰਸ਼ ਆਰੰਭਿਆ ਤਾਂ ਰਾਜਾ ਰਾਮਮੋਹਨ ਰਾਇ, ਰਾਮਾ ਕ੍ਰਿਸ਼ਨਾ ਪਰਮਹੰਸ਼, ਦਇਆਨੰਦ ਸਰਸਵਤੀ, ਵਿਵੇਕਾਨੰਦ ਆਦਿ ਰਾਸ਼ਟਰੀ ਪੱਧਰ ਦੀ ਪ੍ਰਸਿੱਧੀ ਪ੍ਰਾਪਤ ਕਰ ਚੁਕੇ ਸਨ। ਪਰੰਤੂ ਆਇਅਨਕਲੀ ਇਨ੍ਹਾਂ ਸਭਨਾ ਨਾਲੋਂ ਵਿਲੱਖਣ ਸੀ, ਦਰਅਸਲ ਉਹ ਬਿਲਕੁਲ ਹੀ ਵੱਖਰੀ ਕਿਸਮ ਦਾ ਮਹਾਨ ਵਿਅਕਤੀ ਸੀ, ਕਿਉਂਕਿ ਉਸ ਨੂੰ ਕੋਈ ਸਿੱਖਿਆ ਪ੍ਰਾਪਤੀ ਦਾ ਮੌਕਾ ਹੀ ਨਹੀਂ ਪ੍ਰਾਪਤ ਹੋਇਆ ਸੀ। ਉਹ ਆਪਣੇ ਸਮੇਂ ਦੇ ਲੀਡਰਾਂ ਵਿਚੋਂ ਵੀ ਸਭ ਤੋਂ ਵੱਧ ਤਾਕਤਵਾਰ ਅਤੇ ਅਗਾਂਹਵਧੂ ਸੀ। ਉਸ ਮਹਾਨ ਵਿਅਕਤੀ ਨੇ ੧੯੦੭ ਵਿਚ ਆਪਣੇ ਲੋਕਾਂ ਨੂੰ ਅਨ੍ਹਿਆ ਖਿਲਾਫ ਅਤੇ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਲਈ ਦਲਿਤਾਂ ਦੀ ਇਕ ਸਾਂਝੀ ਸੰਸਥਾ "ਸਾਧੂਜਨ ਪਰੀਪਲਾਨ ਸੰਘਮ" ਦੀ ਸਥਾਪਨਾ ਕੀਤੀ ਸੀ ਜਿਸ ਨੇ ਇਨ੍ਹਾਂ ਲੋਕਾਂ ਦੀ ਮੁਕਤੀ ਲਈ ਰਾਹ ਪੱਧਰਾ ਕਰਨ ਦੀ ਸ਼ਲਾਆਯੋਗ ਭੂਮਿਕਾ ਨਿਭਾਈ ਸੀ। ਪਿਛੋਂ ਜਾ ਕੇ ਖੇਤੀ ਮਜ਼ਦੂਰਾਂ ਦੇ ਅੰਦੋਲਨ ਲਈ ਜਿਹੜੇ ਸੰਗਠਨ ਬਣੇ ਉਨ੍ਹਾਂ ਲਈ ਆਇਅਨਕਲੀ ਦੀ ਸੰਸਥਾ ਤੇ ਇਸ ਵਲੋਂ ਚਲਾਏ ਸੰਘਰਸ਼ ਪਹਿਲੇ ਪ੍ਰੇਰਨਾ ਦਾਇਕ ਕਦਮ ਸਨ।" ੦



## ਪੁਸਤਕ ਰੀਵਿਊ





**ਕਾਲਾਪਾਣੀ: ਅੰਡੇਮਾਨ ਦੀ ਦੰਡੀ-ਬਸਤੀ**
**ਲੇਖਕ: ਪ੍ਰਮੋਦ ਕੁਮਾਰ, ਅਨੁਵਾਦ: ਬਿੰਦਰ ਬਸਰਾ**
**ਮੁੱਲ: ੪੦ ਰੁਪਏ, ਪੰਨੇ :੧੦੦**
**ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਇੰਡੀਆ**

ਅੰਡੇਮਾਨ ਦੀ ਸੈਲੂਲਰ ਜੇਲ੍ਹ ਦੇ ਅਨੇਕਾਂ ਪਾਸਾਰ ਇਸ ਪੁਸਤਕ ਵਿਚ ਖੁੱਲਦੇ ਹਨ, ਜਿਥੇ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਰਾਜਸੀ ਕੈਦੀਆਂ ਨੂੰ ਰੱਖਿਆ ਜਾਂਦਾ ਸੀ। ਆਜ਼ਾਦੀ ਤੋਂ ਬਾਅਦ ਸੈਲੂਲਰ ਜੇਲ੍ਹ ਨੂੰ ਰਾਸ਼ਟਰੀ ਯਾਦਗਾਰ ਬਣਾ ਦਿੱਤਾ ਗਿਆ ਪ੍ਰੰਤੂ ਇਹ ਪੁਸਤਕ ਏਥੋਂ ਦੇ ਰਾਜਸੀ ਕੈਦੀਆਂ ਦੇ ਇਤਿਹਾਸ ਨੂੰ ਪੇਸ਼ ਹੀ ਨਹੀਂ ਕਰਦੀ ਸਗੋਂ ਜੇਲ੍ਹ ਦਾ ਪ੍ਰਬੰਧ ਅਨੁਸ਼ਾਸਨ ਕੈਦੀਆਂ ਤੇ ਹੋਣ ਵਾਲੇ ਜ਼ੁਲਮ੍ਹ ਤੇ ਚਾਨਣਾ ਵੀ ਪਾਉਂਦੀ ਹੈ। ਕਿਤਾਬ ਦੇ ਮੁੱਢ ਵਿਚ 'ਕਾਲਾ ਪਾਣੀ' ਦੇ ਇਤਿਹਾਸਕ ਪਿਛੋਕੜ ਬਾਰੇ ਜਿਕਰ ਹੈ ਕਿਵੇਂ ਮੈਕਾਲੇ ਦਾ ਦੰਡ-ਕਾਨੂੰਨ ਅੰਗਰੇਜ਼ਾਂ ਨੇ ਜੇਲ੍ਹ ਵਿਵਸਥਾ ਤੇ ਲਾਗੂ ਕੀਤਾ। 'ਜਲਾਵਤਨੀ' ਚੈਪਟਰ ਕੈਦੀਆਂ ਉੱਤੇ ਜ਼ਬਰ ਬਾਰੇ ਕਾਨੂੰਨ ਵੱਖ ਵੱਖ ਵਿਦਰੋਹੀਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦਾ ਹੈ। ਅੰਗਰੇਜ਼ਾਂ ਦੀਆਂ ਮਾਰੂ ਨੀਤੀਆਂ ਅਤੇ ਅੰਡੇਮਾਨ ਦੀ ਬਸਤੀ ਦੇ ਜੇਲ੍ਹ ਪ੍ਰਸ਼ਾਸ਼ਨ ਬਾਰੇ ਵੀ ਪੁਸਤਕ 'ਚ ਅੰਕੜਿਆ ਨਾਲ ਗੱਲ ਕੀਤੀ ਗਈ ਹੈ। ਕੈਦੀਆਂ ਲਈ ਸ਼ਖਤ ਅਨੁਸ਼ਾਸਨ ਤੇ ਸਜ਼ਾ ਦੇ ਵੱਖ ਵੱਖ ਸਮੇਂ ਬਣੇ ਕਾਨੂੰਨਾ ਨੂੰ 'ਅਨੁਸ਼ਾਸਨ' ਚੈਪਟਰ 'ਚ ਸਮੇਟਿਆ ਗਿਆ ਹੈ। ਕਿਵੇਂ ਕੈਦੀਆਂ ਦਾ ਵਰਗੀਕਰਣ 'ਤੇ ਸਜਾਵਾਂ ਦਾ ਵਰਗੀਕਰਣ ਕੀਤਾ ਗਿਆ ਸੀ। ਨਵੇਂ ਕੈਦੀਆਂ ਨੂੰ ਬੜੇ ਸਖ਼ਤ ਅਨੁਸ਼ਾਸਨ ਵਿਚ ਰੱਖਿਆ ਜਾਂਦਾ ਸੀ ਤੇ ਬੇੜੀਆਂ ਵੀ ਪਾਈਆਂ ਜਾਂਦੀਆਂ ਸਨ। ਕਿਤਾਬ ਇਹ ਵੀ ਰਹੱਸ ਖੋਹਲਦੀ ਹੈ ਕਿ ਔਰਤਾਂ ਦੀ ਕਮੀ ਕਾਰਨ ਦੰਡੀ ਬਸਤੀ ਯੋਨ ਅਪਰਾਧਾਂ ਤੇ ਅਨੈਤਿਕ ਕੰਮਾਂ ਤੋਂ ਪੀੜ੍ਹਤ ਰਹਿੰਦੀ ਸੀ ਇਥੇ ਦੇਹ-ਵਪਾਰ ਬਹੁਤ ਵੱਡੀ ਸਮੱਸਿਆ ਸੀ। ਅੰਗਰੇਜ਼ ਕਾਨੂੰਨਦਾਨ ਲਯਾਲ ਤੇ ਲੇਥਬ੍ਰਿੱਜ ਨੇ ਇਥੇ ਵੱਧ ਤੋਂ ਵੱਧ ਔਰਤਾਂ ਲਿਆਉਣ ਲਈ ਕਿਹਾ। ਕਿਸ ਤਰ੍ਹਾਂ ਔਰਤ ਮਰਦ ਕੈਦੀਆਂ ਦੇ ਆਪਸੀ ਵਿਆਹ ਦੀ ਪ੍ਰੰਪਰਾ ਨੇ ਜਨਮ ਲਿਆ ਪਰ ਇਹ ਪਰਿਵਾਰਕ ਜੀਵਨ ਟੁੱਟਦਾ ਰਿਹਾ ਕਿਉਂਕਿ ਸਜ਼ਾ ਖਤਮ ਹੋਣ ਤੇ ਕੈਦੀ ਆਪਣੇ ਪੁਰਾਣੇ ਘਰ ਚਲੇ ਜਾਂਦੇ ਸਨ। ਇਸ ਦੌਰਾਨ ਪਨਪਦੀਆਂ ਜੌਨ ਸਮੱਸਿਆ ਦਾ ਕਿਤਾਬ 'ਚ ਕੈਦੀਆਂ ਦੀ ਮਾਨਸਿਕਤਾ ਦੇ ਪ੍ਰਸੰਦ ਵਿਚ ਜ਼ਿਕਰ ਹੈ। ਸਮਲਿੰਗੀ ਸੰਬੰਧ ਵੀ ਕੈਦੀਆਂ 'ਚ ਪਨਪਣ ਲੱਗ ਪਏ। 'ਦਮਨ' ਤੇ 'ਵਿਰੋਧ' ਚੈਪਟਰ ਵੀ ਕਾਫੀ ਖੋਜ ਕਰਕੇ ਤਿਆਰ ਕੀਤੇ ਗਏ ਹਨ। ਕੈਦੀਆਂ ਤੇ ਕੀਤੇ ਜਾਂਦੇ ਜ਼ਬਰ-ਜ਼ੁਲਮ, ਭੁੱਖ ਹੜਤਾਲ, ਬੰਬ ਫੈਕਟਰੀ ਇਹ ਸਾਰਾ ਕੁਝ ਕਾਲੇਪਾਣੀ ਦਾ ਇਤਿਹਾਸ ਹੈ। ਕੈਦੀਆਂ ਤੇ ਹੁੰਦੇ ਜ਼ੁਲਮ ਦਾ ਵਿਰੋਧ ਬੜਾ ਵਿਆਪਕ ਪੱਧਰ ਤੇ ਹੋਇਆ। ਕ੍ਰਾਂਤੀਕਾਰੀ ਕੈਦੀਆਂ ਵਲੋਂ ੧੯੩੩ ਵਿਚ ਭੁੱਖ ਹੜਤਾਲ ਹੋਈ ਜਿਸ ਨੇ ਇਥੋਂ ਦੇ ਇਤਿਹਾਸ 'ਤੇ ਗਹਿਰਾ ਅਸਰ ਪਾਇਆ। ਗਿਆਨ ਭਰਪੂਰ ਇਹ ਪੁਸਤਕ ਸਾਡੇ ਦਿਮਾਗ ਦੇ ਖਿੜਕ ਖੋਹਲਦੀ ਹੈ। ਇਸ ਪੁਸਤਕ ਤੋਂ ਸਾਨੂੰ ਇਤਿਹਾਸ ਦੀਆਂ ਪੁਸਤਕਾਂ, ਨੈਸ਼ਨਲ ਆਰਕਾਈਵ, ਨਵੀਂ ਦਿੱਲੀ, ਲੰਡਨ ਤੇ ਇੰਡੀਆ ਆਫਿਸ ਰਿਕਾਰਡਜ਼ ਅਤੇ ਲਾਇਬ੍ਰੇਰੀ ਦੇ ਦਸਤਾਵੇਜ਼ਾਂ ਅਤੇ ਕਾਲਾਪਾਣੀ ਦੀ ਸਜ਼ਾ ਪ੍ਰਾਪਤ ਕੈਦੀਆਂ ਨਾਲ ਮੁਲਾਕਾਤਾਂ ਦਾ ਦੁਰਲੱਭ ਗਿਆਨ ਮਿਲਦਾ ਹੈ।

ਇਹ ਚੇਤੇ ਰੱਖਣ ਯੋਗ ਗੱਲ ਹੈ ਕਿ ਬਸਤੀਵਾਦੀ ਰਾਜ ਵਿਵਸਥਾ ਨੇ ਖ਼ਤਰਨਾਕ ਰਾਜਸੀ ਕੈਦੀਆਂ ਨੂੰ ਅੰਡੇਮਾਨ 'ਚ ਇਕਾਂਤ 'ਚ ਬੰਦੀ ਬਣਾਉਣ ਦੀ ਸ਼ੁਰੂਆਤ ੧੮੫੮ ਵਿਚ ਗ਼ਦਰ ਕੈਦੀਆਂ ਨਾਲ ਕੀਤੀ ਸੀ। ਇਹ ਪੁਸਤਕ ਸਜ਼ਾ ਦੇਣ ਦੇ ਬਰਤਾਨਵੀ ਕਾਨੂੰਨਾਂ, ਅੰਡੇਮਾਨ ਜੇਲ੍ਹ 'ਚ ਬੰਦ ਕੀਤੇ ਗਏ ਕੈਦੀਆਂ 'ਤੇ ਹੋਏ ਅੱਤਿਆਚਾਰਾਂ ਅਤੇ ਉਸ ਵੀਰਾਨ ਟਾਪੂ 'ਚ ਵਸੇਵੇਂ ਦੇ ਇਤਿਹਾਸ ਨੂੰ ਵੀ ਪੇਸ਼ ਕਰਦੀ ਹੈ।

**੧੮੫੭ ਦੀ ਬਗਾਵਤ (ਸੰਪਾਦਕ ਪੀ. ਸੀ. ਜੋਸ਼ੀ)**
**ਪ੍ਰਕਾਸ਼ਕ ਨੈਸ਼ਨਲ ਬੁਕ ਟਰੱਸਟ, ਇੰਡੀਆ**
**ਮੁੱਲ ੮੫ ਰੁਪਏ, ਪੰਨੇ ੩੨੦**




੧੮੫੭ ਦਾ ਗ਼ਦਰ ਭਾਰਤੀ ਇਤਿਹਾਸ ਵਿਚ ਹੀ ਨਹੀਂ ਬਲਕਿ ਵਿਸ਼ਵ ਇਤਿਹਾਸ 'ਚ ਇਕ ਪ੍ਰਮੁੱਖ ਘਟਨਾ ਹੈ। ਇਸ ਗ਼ਦਰ ਦੀ ਵਿਭਿੰਨ ਪਹੂਲਿਆਂ ਉੱਤੇ ਵੱਖ ਵੱਖ ਵਿਦਵਾਨਾਂ ਦੇ ਖੋਜ ਭਰਪੂਰ ਲੇਖ ਜੋਸ਼ੀ ਨੇ ਸੰਪਾਦਤ ਕੀਤੇ ਹਨ। ਇਕ ਇਕ ਲੇਖ ਖੋਜ ਤੇ ਅਧਿਐਨ ਦੀ ਗਵਾਈ ਭਰਦਾ ਹੈ ਇਸ ਗੱਲ ਦਾ ਸਬੂਤ ਹੈ ਲੇਖਾਂ ਵਿਚ ਪੰਜ ਤੋਂ ਸੱਤ ਪੰਨਿਆਂ ਦੇ ਦਿੱਤੇ ਹਵਾਲੇ। ਪੁਸਤਕ ਇਸ ਗੱਲ ਨਾਲ ਵੀ ਜ਼ਿਕਰਯੋਗ ਬਣ ਜਾਂਦੀ ਹੈ ਕਿ ਇਸ ਵਿਚ ਵਿਦੇਸ਼ੀ ਵਿਦਵਾਨਾਂ ਦੇ ਖੋਜ ਭਰਪੂਰ ਲੇਖ ਹਨ। ੧੪ ਵਿਦਵਾਨਾਂ ਨੇ ਆਪਣੇ ਲੇਖਾਂ ਵਿਚ ਭਾਰਤੀ ਲੋਕਾਂ ਦੇ ਹੱਕ ਵਿਚ ਦਲੀਲਾ ਪੇਸ਼ ਕੀਤੀਆਂ ਹਨ। ਹਰ ਲੇਖ ਆਪਣੇ ਵਿਸ਼ੇ ਪ੍ਰਤੀ ਪੂਰੀ ਤਰ੍ਹਾਂ ਸਪੱਸ਼ਟ ਹੈ।

ਪੁਸਤਕ ਨੂੰ ਤਿੰਨ ਭਾਗਾ ਵਿਚ ਵੰਡਿਆ ਗਿਆ ਹੈ। ਤਲਮੀਜ਼ ਖ਼ਲਦੂਨ ਨੇ ਆਪਣੇ ਵੱਡ ਅਕਾਰ ਲੇਖ 'ਮਹਾਨ ਬਗਾਵਤ' ਵਿਚ ਬਗ਼ਾਵਤ ਦੇ ਕਾਰਨਾ, ਜੱਥੇਬੰਦਕ ਵਿਦਰੋਹੀ ਤੇ ਸੈਨਿਕਾਂ ਦੇ ਦੁਰਲੱਭ ਹਵਾਲੇ ਲੇਖ ਨੂੰ ਨਿਗਰ ਬਣਾਉਂਦੇ ਹਨ। ਲੇਖ 'ਚ ਦਿੱਤੇ ੩੭੪ ਹਵਾਲੇ ਪੜ੍ਹ ਕੇ ਪਤਾ ਲੱਗਦਾ ਹੈ ਕਿ ਲੇਖ ਕਾਫੀ ਮਿਹਨਤ ਨਾਲ ਤਿਆਰ ਕੀਤਾ ਗਿਆ ਹੈ। ਕੇ. ਐਮ. ਅਸ਼ਰਫ਼ ਆਪਣੇ ਲੇਖ 'ਪੁਨਰ ਜਾਗਰਣਵਾਦੀ ਮੁਸਲਮਾਨ ਅਤੇ ੧੮੫੭ ਦਾ ਵਿਦਰੋਹ' ਵਿਚ ਸ਼ਾਹ ਵਲੀਉੱਲਾ, ਸੁਲਤਾਨ ਟੀਪੂ, ਬਹਾਦਰ ਸ਼ਾਹ ਦੇ ਹਵਾਲਿਆਂ ਨਾਲ ਇਸ ਵਿਦਰੋਹ 'ਚ ਮੁਸਲਮਾਨ ਦੇ ਯੋਗਦਾਨ ਦਾ ਜਿਕਰ ਕੀਤਾ ਹੈ। 'ਬੰਗਾਲੀ ਬੁੱਧੀਜੀਵੀ ਅਤੇ ਵਿਦਰੋਹ ਦੀ ਗੱਲ ਵਿਨਯ ਘੋਸ਼ ਕਰਦਾ ਹੈ। ਪੀ. ਸੀ. ਜੋਸ਼ੀ ਦਾ ਲੇਖ ਵੀ ੧੮੫੭ ਦੇ ਇਤਿਹਾਸ ਦੀ ਗੱਲ ਕਰਦਾ ਹੈ।

ਸਾਡੇ ਦੇਸ਼ ਦੀਆਂ ਵੱਖ ਵੱਖ ਭਾਸ਼ਾਵਾਂ ਦੇ ਸਾਹਿਤ ਨੇ ਇਸ ਗ਼ਦਰ ਵਿਚ ਬਹੁਤ ਯੋਗਦਾਨ ਪਾਇਆ ਪ੍ਰੋ. ਪੀ. ਸੀ. ਗੁਪਤਾ ਨੇ ਹਿੰਦੀ ਸਾਹਿਤ ਉੱਤੇ ੧੮੫੭ ਦੇ ਪ੍ਰਭਾਵ ਦੀ ਗੱਲ ਕੀਤੀ ਹੈ ਡਾ. ਕੇ. ਐਮ. ਅਸ਼ਰਫ ਨੇ ਗ਼ਾਲਿਬ ਅਤੇ ੧੮੫੭ ਕੀ ਕ੍ਰਾਂਤੀ' ਲੇਖ 'ਚ ਉਰਦੂ ਸਾਹਿਤ ਦੇ ਹਵਾਲੇ 'ਚ ਗੱਲ ਕੀਤੀ ਹੈ। ਲਿਲਿਆਨ ਦੈਲੋ ਨੋਗਾਰੇ ਆਪਣੇ ਲੇਖ ਵਿਚ 'ਇਟਲੀ ਵਿਚ ੧੮੫੭ ਦੀ ਗੂੰਜ' ਭਾਰਤੀ ਕ੍ਰਾਂਤੀ ਅਤੇ ਬ੍ਰਿਟਿਸ਼ ਮਤ' ਸਮਕਾਲੀ ਫਰਾਂਸਿਸੀ ਪ੍ਰੈਸ ਤੇ ੧੮੫੭ ਬਾਰੇ ਰੂਸੀ ਪ੍ਰੈਸ ਲੇਖਾਂ 'ਚ ਵਿਦੇਸ਼ੀ ਵਿਦਵਾਨਾ ਨੇ ਗ਼ਦਰ ਨੂੰ ਆਪਣੇ ਆਪਣੇ ਵਿਚਾਰਧਰਾਈ ਐਂਗਲ ਤੋਂ ਬੜੀ ਠੋਸ ਵਿਚਾਰ ਪੇਸ਼ ਕੀਤੇ ਹਨ। ਸਾਰੇ ਵਿਦਵਾਨਾ 'ਚ ਇਸ ਕ੍ਰਾਂਤੀ ਨੂੰ ਬ੍ਰਿਟਿਸ਼ ਗ਼ਲਾਮੀ ਦਾ ਜੂਲਾ ਲਹੁਣ ਦੀ ਗੱਲ ਨੂੰ ਇਤਿਹਾਸਕ ਘਟਨਾ ਕਿਹਾ ਹੈ। ਵਿਦੇਸ਼ ਵਿਦਨਾਵਾਂ ਦੇ ਲੇਖ ਭਾਰਤੀ ਇਤਿਹਾਸ ਦਾ ਅਣਛੂਹੇ ਪਹਿਲੂਆਂ ਨੂੰ ਪੇਸ਼ ਕਰਨ 'ਚ ਕਾਮਯਾਬ ਹੋਏ ਹਨ। ਪਾਠਕ ਇਸ ਪੁਸਤਕ ਰਾਹੀ ੧੮੫੭ ਦੇ ਗ਼ਦਰ ਨੂੰ ਭਿੰਨ ਭਿੰਨ ਪਹਿਲੂਆਂ ਤੋਂ ਦੇਖ ਪੜ੍ਹ ਤੇ ਜਾਣ ਸਕਦੇ ਹਨ। ਇਹ ਬੜੀ ਮਹੱਤਵਪੂਰਨ ਪੁਸਤਕ ਹੈ ਕਿਉਂਕਿ ਇਸ ਦੀਆਂ ਲਿਖਤਾਂ ਰਾਹੀ ਬਹੁਤ ਸਾਰੇ ਵਿਚਾਰ ਪਹਿਲੀ ਵਾਰ ਸਾਹਮਣੇ ਆਏ ਹਨ।

**-ਭਗਵੰਤ ਰਸੂਲਪੁਰੀ**

**ਬਲਦੇ ਸਿਵਿਆ ਦਾ ਸੇਕ (ਨਾਵਲ) ਪ੍ਰੋ. ਹਰਭਜਨ ਸਿੰਘ**

ਪ੍ਰੋ. ਹਰਭਜਨ ਸਿੰਘ ਪੰਜਾਬੀ ਸਾਹਿਤ ਜਗਤ ਵਿਚ ਨਿਵੇਕਲੀ ਅਤੇ ਵਿਲੱਖਣ ਥਾਂ ਬਣਾ ਚੁੱਕਾ ਹੈ। ਉਸਨੇ ਪੰਜਾਬੀ ਸਾਹਿਤ ਦੀ ਕਿਸੇ ਇਕ ਵਿਧਾ ਨਾਲ ਬੱਝਕੇ ਨਹੀਂ ਲਿਖਿਆ ਸਗੋਂ ਨਾਵਲ, ਕਹਾਣੀ ਕਵਿਤਾ ਅਤੇ ਵਾਰਤਕ ਆਦਿ ਸਾਹਿਤ ਰੂਪਾ 'ਤੇ ਵੀ ਆਪਣੀ ਕਲਮ ਅਜ਼ਮਾਈ ਕੀਤੀ ਹੈ।

'ਬਲਦੇ ਸਿਵਿਆ ਦਾ ਸੇਕ' ਪ੍ਰੋ. ਹਰਭਜਨ ਸਿੰਘ ਦਾ ਚੌਥਾ ਨਾਵਲ ਹੈ। ਇਹ ਨਾਵਲ ਪ੍ਰਵਾਸੀ ਜੀਵਨ ਦੀਆਂ ਦੁਸ਼ਵਾਰੀਆਂ ਅਤੇ ਨਵੰਬਰ ਚੁਰਾਸੀ ਦੇ ਦੰਗਿਆ ਦੀ ਗਾਥਾ ਹੈ। ਇਹ ਨਾਵਲ ਉਨ੍ਹਾਂ







ਪ੍ਰਵਾਸੀ ਪੰਜਾਬੀਆਂ ਤੇ ਫੋਕਸ ਹੈ ਜਿਹੜੇ ਰਹਿੰਦੇ ਅਮਰੀਕਾ ਵਿਚ ਹਨ ਪਰ ਉਨ੍ਹਾਂ ਦੀ ਆਤਮਾ ਹਮੇਸ਼ਾ ਆਪਣੇ ਪੰਜਾਬ ਦੀ ਮਿੱਟੀ ਲਈ ਤਰਸਦੀ ਰਹੀ ਹੈ। ਇਸ ਨਾਵਲ ਦੀ ਪ੍ਰਮੁਖ ਵਿਲੱਖਣਤਾ ਇਹ ਹੈ ਕਿ ਇਹ ਨਾਵਲ ਚੌਰਾਸੀ ਦੇ ਖੌਫਨਾਕ ਦੰਗਿਆ ਦੇ ਦੁਖਾਂਤ ਨੂੰ ਪੇਸ਼ ਕਰਦਾ ਹੋਇਆ, ਪਰਵਾਸੀ ਪੰਜਾਬੀ ਲੋਕਾਂ ਦੀ ਜ਼ਿੰਦਗੀ ਦੇ ਕਰੂਰ ਯਥਾਰਥ ਨੂੰ ਵੀ ਪੇਸ਼ ਕਰਦਾ ਹੈ। ਇਹ ਨਾਵਲ ਪਰਵਾਸ ਧਾਰਨ ਦੇ ਮੂਲ ਆਧਾਰਾਂ ਤੇ ਕਾਰਨਾ ਦੀ ਸ਼ਾਨਦਾਰ ਪੇਸ਼ਕਾਰੀ ਹੈ। ਪਰਵਾਸੀ ਮਨੁੱਖ ਦੇ ਕੋੜੇ ਮਿੱਠੇ ਅਨੁਭਵ, ਨਵੀਂ ਜੀਵਨ ਜਾਂਚ, ਆਧੁਨਿਕ ਹੋਣ ਦਾ ਅਹਿਸਾਸ, ਭੂ-ਹੇਰਵਾ, ਪੀੜੀ -ਪਾੜਾ, ਇਕੱਲਤਾ ਦੇ ਸੰਤਾਪ ਨਾਲ ਛਟਪਟਾਉਂਦਾ। ਮਨੁੱਖ ਅਤੇ ਆਂਤਰਿਕ ਤੌਰ ਤੇ ਸੰਤਾਪ ਹਢਾਉਂਦਾ ਮਨੁੱਖ ਆਦਿ ਮੁੱਦੇ ਇਸ ਨਾਵਲ ਵਿਚ ਵਿਸ਼ੇਸ਼ ਤੌਰ 'ਤੇ ਰੂਪਮਾਨ ਹੋਏ ਹਨ।

ਭਾਵੇਂ ਇਹ ਨਾਵਲ ਅੱਤਵਾਦ ਦੇ ਸਮੁੱਚੇ ਵਰਤਾਰੇ ਨੂੰ ਲੈ ਕੇ ਲਿਖਿਆ ਗਿਆ ਹੈ ਪਰ ਇਹ ਨਾਵਲ ਪਰਵਾਸੀ ਪੰਜਾਬੀ ਲੋਕਾਂ ਦੇ ਆਰਥਿਕ, ਧਾਰਮਿਕ, ਰਾਜਨੀਤਕ, ਸਭਿਆਚਾਰਕ ਜੀਵਨ ਅਤੇ ਪਰਿਵਾਰਕ ਮਸਲਿਆ ਉਤੇ ਵੀ ਕੇਂਦਰਿਤ ਹੈ। ਅੰਤ ਸਮੁੱਚੇ ਮੁਲਾਂਕਣ ਉਪਰੰਤ ਕਿਹਾ ਜਾ ਸਕਦਾ ਹੈ ਕਿ ਪ੍ਰੋ. ਹਰਭਜਨ ਸਿੰਘ ਦਾ ਇਹ ਨਾਵਲ ਪ੍ਰਗਤੀਸ਼ੀਲ ਸਰੋਕਾਰਾਂ ਨਾਲ ਭਰਪੂਰ ਅਤੇ ਮਨ ਨੂੰ ਟੁੰਬਣ ਵਾਲੀ ਇਕ ਸੰਵੇਦਨਸ਼ੀਲ ਕਿਰਤ ਹੈ।

**- ਪਰਮਜੀਤ ਕੌਰ**

**ਵਾਹੀਵਾਨ (ਨਾਵਲ)**
**ਗੁਰਦਾਸ ਸਿੰਘ ਪਾਲਣਾਂ**




ਇਹ ਨਾਵਲ 'ਵਾਹੀਵਾਨ' ਗੁਰਦਾਸ ਸਿੰਘ ਪਾਲਣਾਂ ਦਾ ਦੂਜਾ ਨਾਵਲ ਹੈ। ਇਸ ਤੋਂ ਪਹਿਲਾਂ ਉਹ 'ਪਰਸਿੰਨੀ' ਨਾਵਲ ਰਾਹੀ ਪੰਜਾਬੀ ਪਾਠਕਾਂ ਦੇ ਰੂ ਬ ਰੂ ਹੋ ਚੁਕਿਆ ਹੈ। ਵਾਹੀਵਾਨ' ਸਿਰਲੇਖ ਤੋਂ ਹੀ ਸ਼ਪੱਸਟ ਹੋ ਜਾਂਦਾ ਹੈ ਕਿ ਇਹ ਨਾਵਲ ਦਾ ਸੰਬੰਧ ਖੇਤੀ ਕਰਨ ਵਾਲੇ ਵਰਗ ਨਾਲ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਕਿਸਾਨੀ ਜੀਵਨ ਦੀਆਂ ਮੁਸ਼ਕਿਲਾਂ, ਦੁਸਵਾਰੀਆਂ ਅਤੇ ਅਲਾਮਤਾ ਨੂੰ ਚਿਤਵਿਆ ਹੈ। ਨਾਵਲਕਾਰ ੧੯੪੭ ਦੀ ਵੰਡ ਦੇ ਮਾੜੇ ਪ੍ਰਭਾਵ ਦਾ ਜਿਕਰ ਕਰਦਿਆਂ ਕਿਸਾਨ ਦੇ ਜੀਵਨ ਦੇ ਅਤੀਤ ਅਤੇ ਵਰਤਮਾਨ ਸਮੇਂ ਦੀ ਪ੍ਰਤੱਖ ਤਸਵੀਰ ਪਾਠਕਾਂ ਸਾਹਮਣੇ ਉਭਾਰਦਾ ਹੈ। ਸਮਾਜ ਦਾ ਅੰਨ ਦਾਤਾ ਕਿਸਾਨ ਕੁਦਰਤੀ ਕਰੋਪੀਆਂ ਕਾਰਨ ਸਾਰੇ ਸਾਲ ਦੀ ਮਿਹਨਤ ਉਤੇ ਪਾਣੀ ਫਿਰਦਾ ਵੇਖ ਨਿਰਾਸ਼ ਹੋ ਜਾਂਦਾ ਹੈ ਉਸਦੀ ਇਹ ਨਿਰਾਸਤਾ ਵਿੱਚ ਉਦੋਂ ਹੋਰ ਵੀ ਵਾਧਾ ਹੋ ਜਾਂਦਾ ਹੈ ਜਦੋਂ ਸਰਕਾਰ ਵਲੋਂ ਮਿਲੀ ਥੋੜ੍ਹੀ ਬਹੁਤੀ ਰਿਆਇਤ ਵਿਚੋਂ ਵੀ ਪੈਸੇ ਕਟ ਲਏ ਜਾਂਦੇ ਹਨ, ਕਿਸਾਨੀ ਜੀਵਨ ਦੀਆਂ ਪ੍ਰੇਸ਼ਾਨੀਆਂ ਲਈ ਉਹ ਕਾਫ਼ੀ ਹੱਦ ਤਕ ਕਿਸਾਨ ਨੂੰ ਜਿੰਮੇਵਾਰ ਮੰਨਦਾ ਹੈ। ਜੱਟ ਹਓ, ਅਨਪੜ੍ਹਤਾ ਅਤੇ ਨਸ਼ਿਆਂ ਦਾ ਰੁਝਾਨ ਉਸਦੇ ਜੀਵਨ ਵਿਚਲੀ ਗਿਰਾਵਟ ਦਾ ਪ੍ਰਮੁਖ ਕਾਰਨ ਹੈ। ਇਸ ਪ੍ਰਕਾਰ ਇਹ ਨਾਵਲ ਕਿਸਾਨੀ ਬ੍ਰਹਿਮੰਡ ਦੁਆਲੇ ਘੁੰਮਦਾ ਪੰਜਾਬੀ ਸਭਿਆਚਾਰ ਦੀਆਂ ਕਈ ਪਰਤਾਂ ਫਰੋਲ ਜਾਂਦਾ ਹੈ। ਵਿਸ਼ੇ ਦੀ ਇਕਾਗਰਤਾ ਇਸ ਨਾਵਲ ਦਾ ਪ੍ਰਮੁਖ ਗੁਣ ਹੈ। ਇਸ ਤੋਂ ਇਲਾਵਾ ਇਕਾ ਦੁਕਾ ਖਾਮੀਆਂ ਦੇ ਬਾਵਜੂਦ ਠੇਠ ਅਤੇ ਸਰਲ ਭਾਸ਼ਾ ਅਤੇ ਰੌਚਕਤਾ ਕਾਰਨ ਇਹ ਪਾਠਕ ਮਨ ਨੂੰ ਟੁੰਬਦਾ ਹੈ।

**- ਡਾ. ਅਕਵਿੰਦਰ ਕੌਰ 'ਬਾਹਲ'**

ਪ੍ਰੇਮ ਪ੍ਰਕਾਸ਼ ਦੀ ਕਥਾ-ਸੰਵੇਦਨਾ (ਆਲੋਚਨਾ) ਡਾ. ਕਿਰਨਬੀਰ ਸਿੰਘ 'ਕਿਰਨ'

ਇਹ ਡਾ. ਕਿਰਨਬੀਰ ਸਿੰਘ ਕਿਰਨ ਦੀ ਸਮੀਖਿਆ ਦੀ ਪਹਿਲੀ ਪੁਸਤਕ ਹੈ। ਇਹ ਜਿਗਰੇ ਵਾਲੀ ਗੱਲ ਹੈ ਕਿ ਨੌਜਵਾਨ ਸਮੀਖਿਆਕਾਰ ਨੇ ਪ੍ਰੇਮ ਪ੍ਰਕਾਸ਼ ਵਰਗੇ ਮਨੋਵਿਗਿਆਨਕ ਕਹਾਣੀਕਾਰ ਦੀ ਰਚਨਾ ਦੀ ਸਮੀਖਿਆ ਤੋਂ ਪੰਜਾਬੀ ਸਮੀਖਿਆ ਦੇ ਖੇਤਰ 'ਚ ਕਦਮ ਰੱਖਿਆ ਹੈ। ਡਾ. ਕਿਰਨਦੀਪ ਦਾ ਅਧਿਐਨ ਤੇ ਦ੍ਰਿਸ਼ਟੀ ਕਾਫੀ ਡੂੰਘੀ ਹੈ, ਜੋ ਪ੍ਰੇਮ ਪ੍ਰਕਾਸ਼ ਦੀ ਕਹਾਣੀ ਦੇ ਵਿਸ਼ਲੇਸ਼ਣ ਲਈ ਬਹੁਤ ਜ਼ਰੂਰੀ ਵੀ ਹੈ। ਹੁਣ ਤੱਕ ਸਿਰਫ ਸੈਕਸ ਸੰਬੰਧਾਂ ਬਾਰੇ ਲਿਖਣ ਵਾਲੇ ਕਹਾਣੀਕਾਰ ਬਾਰੇ ਬਣੀ ਮਿੱਥ ਨੂੰ ਡਾ. ਕਿਰਨਬੀਰ ਨੇ ਆਪਣੀ ਸਮੀਖਿਆ ਸੂਝ ਨਾਲ ਤੋੜਣ ਦੀ ਕੋਸ਼ਿਸ਼ ਕੀਤੀ ਹੈ। ਉਸ ਨੇ ਪ੍ਰੇਮ ਪ੍ਰਕਾਸ਼ ਦੀ ਕਹਾਣੀ ਦੇ ਵੱਖ ਵੱਖ ਪਹਿਲੂਆਂ ਨੂੰ ਆਪਣੀ ਤਿੱਖੀ ਤੇ ਡੂੰਘੀ ਸਮੀਖਿਆਕ ਸੂਝ ਨਾਲ ਖੋਲ੍ਹਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਵਿੱਚ ਉਹ ਪੂਰੀ ਤਰ੍ਹਾਂ ਕਾਮਯਾਬ ਰਿਹਾ ਹੈ।

**ਡਾ. ਮਨਿੰਦਰ ਸਿੰਘ ਕਾਂਗ**

## ਹੁੰਗਾਰਾ-

ਕਹਾਣੀ ਧਾਰਾ-੮ ਵਿਚ ਕੱਲ੍ਹ ਹੀ ਚਿਤਰਾ ਮੁਦਗਲ ਦਾ ਨਾਵਲ 'ਗਿਲਿਗੁੱਡੂ' ਪੜ੍ਹਿਆ। ਬਹੁਤ ਉਦਾਸ ਹੋ ਗਈ, ਵਿਚਲਿਤ! ਉਸੇ ਵੇਲੇ ਈ-ਮੇਲ ਕੀਤਾ ਜੋ ...... ਲੈ ਆਇਆ। ਲੇਖਕਾ ਨੂੰ ਵਧਾਈ, ਸਲਾਮ ਤੇ ਜਸਵਿੰਦਰ ਕੌਰ ਬਿੰਦਰਾ ਨੂੰ ਚੋਣ ਅਤੇ ਅਨੁਵਾਦ ਲਈ ਬਹੁਤ ਬਹੁਤ ਪ੍ਰਸ਼ੰਸ਼ਾ ਪਰਵਾਨ ਹੋਵੇ। ਭਾਵੇਂ ਪੜ੍ਹਦਿਆਂ ਪੜ੍ਹਦਿਆਂ ਹੀ ਮੈਂ ਇਸਦਾ ਅੰਤ ਕਿਆਸ ਲਿਆ ਸੀ ਪਰ ਵਿਸ਼ੇ ਦਾ ਨਿਭਾਅ ਤੇ ਵਿਸਥਾਰਾਂ ਦੀ ਬਰੀਕਬੀਨ ਬੜੀ ਸ਼ਲਾਘਾਯੋਗ ਹੈ। ਇਹ ਅੱਜ ਦਾ ਸੱਚ ਹੈ ਜਿਸ ਨਾਲ ਹਰ ਬਜ਼ੁਰਗ (ਮੇਰੇ ਸਮੇਤ) ਆਤਮਸਾਤ ਹੁੰਦਾ ਹੈ। ਪੜ੍ਹਨ ਉਪਰੰਤ ਕਲ੍ਹ ਦੀ ਸ਼ਾਮ ਕੁਝ ਹੋਰ ਨਾ ਪੜ੍ਹ ਸਕੀ। ਦੇਸ ਰਾਜੀ ਕਾਲੀ ਦਾ 'ਅੰਤਹੀਣ' ਸਹਿਜ ਹੋ ਕੇ ਅਰੰਭਾਗੀ। -ਕਾਨਾ ਸਿੰਘ, ਮੁਹਾਲੀ

'ਕਹਾਣੀ ਧਾਰਾ' ਜਨਵਰੀ ਮਾਰਚ,੨੦੦੮ ਨਾਵਲ ਵਿਸ਼ੇਸ਼ ਅੰਕ ਪੜ੍ਹਿਆ। ਦੇਸ ਰਾਜ ਕਾਲੀ ਦਾ ਨਾਵਲ 'ਅੰਤਹੀਣ' ਪੜ੍ਹਦਿਆਂ ਮੈਨੂੰ ਐਰਿਕ ਹਾਬਸ ਬਾਮ ਦਾ ਲਿਖਿਆ ਨਾਵਲ ਯਾਦ ਆਇਆ ਜਿਸ ਨੇ ਇਸ ਦੌਰ ਨੂੰ 'ਅੰਤਤਾਵਾਂ ਦਾ ਦੌਰ' ਕਿਹਾ ਹੈ। ਕਾਲੀ ਦੇ ਪਾਤਰ ਹੂ-ਬ-ਹੂ ਇਸੇ ਤਰ੍ਹਾਂ ਦੇ ਹਨ। ਕਾਲੀ ਸਿਰਫ਼ ਸਥਿਤੀ ਨੂੰ ਹੀ ਨਹੀਂ ਸਮੇਂ ਨੂੰ ਵੀ ਪਕੜਦਾ ਹੈ। ਅੰਤਹੀਣ ਨਾਵਲ ਖਪਤ ਅਤੇ ਸੂਚਨਾ-ਕ੍ਰਾਂਤੀ ਦੁਆਰਾ ਸਿਰਜੇ ਜਾ ਰਹੇ ਖੰਡਿਤ ਮਨੁੱਖ ਦੇ ਅਸਲ ਆਪੇ ਨੂੰ ਪੇਸ਼ ਕਰਦਾ ਹੈ।

-ਜੈ ਪਾਲ, ਵਾਰਡ ਨੰ. ੧੨, ਡੇਰਾ ਬਸੀ, ਐਸ, ਏ. ਐਸ. ਨਗਰ।

'ਕਹਾਣੀ ਧਾਰਾ' ਦਾ ਨਾਵਲ ਵਿਸ਼ੇਸ਼ ਅੰਕ ਪੜ੍ਹਿਆ। ਪੜ੍ਹਕੇ ਤੇਰੀ ਹਿੰਮਤ ਔਰ ਸੂਝ-ਬੂਝ ਉਪਰ ਮਾਣ ਹੋਇਆ। ਤੂੰ ਬੜੀ ਤਰਤੀਬ ਵਿਚ ਪਰਚਾ ਡਿਜ਼ਾਇਨ ਕਰਦੈਂ। ਕਵਰ ਸਕੈੱਚ ਤੋਂ ਲੈ ਕੇ ਆਖਰੀ ਸਫੇ ਤੱਕ ਹਰ ਲਫਜ਼ ਪੜ੍ਹਨ ਯੋਗ ਹੁੰਦਾ ਹੈ। ਇਸ ਨੁਕਤਾ ਨਿਗਾਹ ਤੋਂ ਇਸ ਅੰਕ ਵਿਚ ਸ਼ਾਮਿਲ ਦੋਵੇਂ ਹੀ ਨਾਵਲ ਪੜ੍ਹਨਯੋਗ, ਮਾਨਣਯੋਗ ਤੇ ਬੜਾ ਕੁਝ ਸਿਖਣ-ਸਿਖਾਉਣਯੋਗ ਸਨ। ਇਹ ਛੋਟੇ ਆਕਾਰ ਦੇ 'ਵੱਡ-ਅਰਥੀ ਨਾਵਲ ਹਨ। ਦੇਸ ਰਾਜ ਕਾਲੀ ਇਕ ਸਫਲ ਕਥਾਕਾਰ ਤਾਂ ਹੈ ਹੀ ਸੀ। ਪਿਛਲੇ ਕੁਝ ਸਮੇਂ ਤੋਂ ਉਹਨੇ ਨਾਵਲਕਾਰ ਵਜੋਂ ਵੀ ਆਪਣੇ ਆਪ ਨੂੰ ਪ੍ਰਮਾਣਿਤ ਕੀਤਾ ਹੈ। 'ਪਰਣੇਸ਼ਵਰੀ' ਤੋਂ ਬਾਅਦ 'ਅੰਤਹੀਣ' ਨਾਵਲ ਇਸ ਗੱਲ ਦੀ ਗਵਾਹੀ ਹੈ। ਇਹ ਨਾਵਲ 'ਅੰਤਹੀਣ' ਕੁਝ ਗੱਲਾਂ ਕਾਰਨ ਧਿਆਨ ਦੀ ਮੰਗ ਕਰਦਾ ਹੈ। ਇਕ ਤਾਂ ਕਾਲੀ ਨੇ ਵਿਸ਼ਾ-ਵਸਤੂ ਪੱਖੋਂ ਅਜੋਕੇ ਮਨੁੱਖ ਦੀ ਖੰਡਿਤ ਜੀਵਨ-ਸ਼ੈਲੀ ਦੀਆਂ ਵਿਭਿੰਨ ਪਰਤਾਂ ਨੂੰ ਫੋਕਸ ਕੀਤਾ ਹੈ। ਇਸ ਨਾਵਲ ਦੇ ਕਰੈਕਟਰ ਆਧੁਨਿਕ ਬੰਦਿਆਂ ਵਿਚਲੇ ਉਹ ਬੰਦੇ ਨੇ, ਜਿਨ੍ਹਾਂ ਨੂੰ ਪੂਰੀ ਤਰ੍ਹਾਂ 'ਉਹ' ਵੀ ਨਹੀਂ ਜਾਣਦੇ, ਪਰ ਜਿਨ੍ਹਾਂ ਨੂੰ ਜਾਨਣਾ ਲਾਜ਼ਮੀ ਸ਼ਰਤ ਹੈ। ਅਸੁਰੱਖਿਆ, ਅਜਨਬੀਪੁਣਾ, ਫਰੇਬ, ਬੇਗਾਨਗੀ ਦਾ ਅਹਿਸਾਸ, ਬੇਰੁਜ਼ਗਾਰੀ, ਆਬਨੌਰਮੈਲਟੀ, ਸੋਚਾਂ



ਦਾ ਉਲਝਾਅ, ਬਹੁਪਰਤੀ ਇਰੀਟੇਸ਼ਨ, ਮੈਰਿਜ਼ ਦੇ ਬਣਦੇ-ਟੁੱਟਦੇ ਸਮੀਕਰਨਾਂ ਦਾ ਜਾਲ, ਡੂ ਔਰ ਡੂ ਨਾਟ ਤੇ ਹੈਵ ਔਰ ਹੈਵ ਨਾਟ ਵਿਚਲੀ ਸਪਾਰਕਿੰਗ ਤੇ ਇਸ ਕਿਸਮ ਦੀਆਂ ਅਨੇਕਾਂ ਟੱਕਰਾਂ ਵਿਚ ਫਸਿਆ ਬੰਦਾ ਕਿਸ ਤਰ੍ਹਾਂ ਇਕ ਖਾਸ ਕਿਸਮ ਦੀ ਸੈਕਸੂਅਲ ਹਰਾਸਮੈਂਟ ਤੇ ਨਿਪੁੰਸਕਤਾ ਵੱਲ ਨੂੰ ਜਾ ਰਿਹਾ ਜਾਂ ਭੇਜਿਆ ਜਾ ਰਿਹਾ ਹੈ। 'ਨਵ ਕੰਪਨੀ ਰਾਜ' ਦੀਆਂ ਵਿਭਿੰਨ ਬਰਾਂਚਿਜ਼, ਕਿਸ ਤਰ੍ਹਾਂ ਇਸ ਕਿਸਮ ਦੇ ਅਨੇਕਾਂ ਗੈਰ-ਮਾਨਵੀ ਤੱਕ ਸਮਕਾਲੀ ਜੀਵਨ-ਸ਼ੈਲੀ ਵਿਚ ਇੰਜੈਕਟ ਕਰਕੇ ਸਾਡੇ ਅੰਦਰਲੀ ਦ੍ਰਿਸ਼ਟੀ ਔਰ ਲੜਾਈ ਦਾ ਮਾਦਾ ਖਤਮ ਕਰਨ ਵਿਚ ਲੱਗੀਆਂ ਨੇ! ਕਾਲੀ ਦਾ ਇਹ ਨਾਵਲ ਇਸ ਤਰ੍ਹਾਂ ਦੇ ਅਨੇਕਾਂ ਪ੍ਰਸ਼ਨ ਖੜ੍ਹੇ ਕਰਦਾ ਹੈ। ਇਸ ਨਾਵਲ ਵਿਚ ਵਰਤੀ ਉਹਦੀ 'ਨਾਵਲੀ-ਜੁਗਤ' ਵੀ ਕਮਾਲ ਦੀ ਹੈ। ਇਸ ਜੁਗਤ ਦੀ ਮੂਲ ਟੇਕ ਪੜ੍ਹਨ ਦੀ ਥਾਂ ਮਹਿਸੂਸ ਕਰਵਾਉਣ ਦੀ ਵਿਧੀ ਉਪਰ ਕੇਂਦਰਿਤ ਹੈ। ਨਾਵਲ ਦੇ ਖੇਤਰ ਵਿਚ ਇਹ ਇਕ ਨਵਾਂ ਪ੍ਰਯੋਗ ਹੈ। ਪਰ ਇਸ ਨੂੰ ਪੜ੍ਹਨ ਵਕਤ ਆਮ ਪਾਠਕ ਉਲਝ ਵੀ ਸਕਦਾ ਹੈ ਤੇ ਸੁਲਝ ਵੀ। ਮੈਨੂੰ ਜਿਹੜੀ ਉਲਝਣ ਪੇਸ਼ ਆਈ ਉਹ ਉਸ ਪਾਤਰ ਬਾਰੇ ਹੈ ਜਿਹੜਾ ਵੱਖ ਵੱਖ ਚੀਜ਼ਾਂ ਖੋਲ੍ਹ ਕੇ ਜੋੜਦਾ ਰਹਿੰਦਾ ਹੈ। ਉਹਦੀ ਪਤਨੀ ਨੂੰ ਟੂਣੇਹਾਰੀ ਗੁਆਢਣ ਉਪਰ ਸ਼ੱਕ ਹੈ। ਉਹ ਉਸਦੇ ਉਪਾਅ ਕਰਦੀ ਫਿਰਦੀ ਹੈ। ਇਸ ਪਾਤਰ ਜੋੜੀ ਦਾ ਪ੍ਰਸੰਗ ਬਾਕੀ ਪਾਤਰਾਂ ਦੇ ਸਮਾਨਅੰਤਰ ਲਗਾਤਾਰ ਬਿਰਤਾਂਤਕ ਪ੍ਰਸੰਗ ਦਾ ਹਿੱਸਾ ਨਹੀਂ ਬਣਿਆ। ਕਿਤੇ ਰਾਹ ਵਿਚ ਮਿਸ ਹੋਈਂ ਗੱਲ। ਚਲੋ ਇਹ ਤਾਂ ਕਾਲੀ ਠੀਕ ਕਰਲੂਗਾ। ਹਾਲ ਦੀ ਘੜੀ ਕਾਲੀ ਦੀ ਨਾਵਲੀ ਸ਼ੁਰੂਆਤ ਨੂੰ ਮੇਰਾ ਸਲਾਮ ਹੈ। ਉਹ ਹੋਰ ਤਰੱਕੀ ਕਰੇ।

ਬਾਕੀ ਚਿਤਰਾ ਮੁਦਗਲ ਹਿੰਦੀ ਕਥਾ ਸਾਹਿਤ ਦੀ ਨਾਮਵਰ ਹਸਤੀ ਹੈ। ਉਨ੍ਹਾਂ ਦਾ ਕੱਦ ਬੜਾ ਉੱਚਾ ਹੈ। ਦੇਸ ਰਾਜ ਕਾਲੀ ਤਾਂ ਮੇਰੇ ਹਾਣ ਦਾ ਹੈ। ਉਸ ਨੂੰ ਕੋਈ ਵੱਧ ਘੱਟ ਕਹੀ ਗਈ। ਉਹਨੇ ਜ਼ਰ ਲੈਣੀ ਹੈ। ਕੁਸ਼ ਨੀ ਹੋਣਾ। ਪਰ ਚਿਤਰਾ ਮੁਦਗਲ ਹੋਰਾਂ ਬਾਰੇ ਇਕ ਵੀ ਲਫਜ਼ ਲਿਖਣ ਤੋਂ ਪਹਿਲਾਂ ਹਜ਼ਾਰ ਵਾਰ ਸੋਚਣ ਵਾਲੀ ਗੱਲ ਹੈ। ਉਹ ਸਾਡੇ ਸਨਮਾਨ ਦੇ ਹੱਕਦਾਰ ਨੇ। ਉਨ੍ਹਾਂ ਦਾ ਨਾਵਲ 'ਗਿਲਿਗੱਡੂ' ਅਹਿਸਾਸ ਕਰਵਾਉਂਦਾ ਹੈ ਕਿ ਚਿਤਰਾ ਮੁਦਗਲ ਆਪਣੇ ਖੇਤਰ ਦੀ ਸ਼ਾਹਸਵਾਰ ਹਸਤੀ ਹੈ। ਪੂੰਜੀਵਾਦੀ ਯੁੱਗ ਵਿਚ ਇਕੱਲਤਾ ਹੰਢਾ ਰਹੇ ਲੋਕਾਂ ਦੀ ਜੀਵਨ ਪੱਧਤੀ ਦੇ ਬਹੁਪਰਤੀ ਸੰਕਟ ਨੂੰ ਬਾਬੂ ਜਸਵੰਤ ਸਿੰਘ ਦੇ ਪਾਤਰ ਰਾਹੀਂ ਚਿਤਰਾ ਜੀ ਨੇ ਆਪਣੀ ਨਾਵਲੀ ਸਮਰੱਥਾ ਦਾ ਸ਼ਾਨਦਾਰ ਪ੍ਰਮਾਣ ਪ੍ਰਸਤੁਤ ਕੀਤਾ ਹੈ। ਕਾਲੀ ਤੇ ਚਿਤਰਾ ਜੀ ਨੂੰ ਬੇਹੱਦ ਵਧਾਈ।

- ਜਸਵੀਰ ਸਿੰਘ ਰਾਣਾ, ਅਮਰਗੜ, ਸੰਗਰੂਰ

'ਕਹਾਣੀ ਧਾਰਾ-੮' ਅੰਕ ਪੜ੍ਹਿਆ ਵੱਖਰੀ ਤੇ ਨਿਵੇਕਲੀ ਸ਼ੈਲੀ ਵਿੱਚ ਲਿਖੇ ਦੇਸ ਰਾਜ ਕਾਲੀ ਦੇ ਨਾਵਲ 'ਅੰਤਹੀਣ' ਨੇ ਬਹੁਤ ਪ੍ਰਭਾਵਿਤ ਕੀਤਾ। ਲੇਖਕ ਵਲੋਂ ਜਨ ਸਾਧਾਰਣ ਤੇ ਸ਼ਹਿਰੀ ਵਾਤਾਵਰਣ ਵਿਚਲੀ ਖਿੱਲਰੀ-ਪੱਤਰੀ ਮਾਨਸਿਕਤਾ ਵਾਲੇ ਪਾਤਰਾਂ ਦੇ ਧੁਰ ਅੰਦਰ ਝਾਕਣ ਦੀ ਇਕ ਸਫ਼ਲ ਕੋਸ਼ਿਸ਼ ਕੀਤੀ ਗਈ ਹੈ। ਲੇਖਕ ਨੂੰ ਵਧੀਆ ਲਿਖਤ ਲਈ ਬਹੁਤ ਸਾਰੀ ਵਧਾਈ।


ਆਕਾਰ ਵਿਚ ਛੋਟਾ ਚਿੱਤਰਾ ਮੁਦਗਲ ਦਾ 'ਗਿਲਿਗੱਡੂ' ਮਨੁੱਖੀ ਸੰਵੇਦਨਾ ਨੂੰ ਡੂੰਘਾਈ ਤੋਂ ਟੁੰਬਦਾ ਪੂੰਜੀਵਾਦ ਦੀ ਸ਼ਿਕਾਰ ਮਾਨਸਿਕਤਾ ਦੇ ਖੋਖਲੇਪਨ ਤੇ ਸਮਕਾਲੀਨ ਸੱਚ ਨੂੰ ਬਿਆਨ ਕਰਦਾ ਨਾਵਲ ਹੈ। ਵਧੀਆ ਰਚਨਾ ਲਈ ਲੇਖਿਕਾ ਵਧਾਈ ਦੀ ਪਾਤਰ ਹੈ।

-ਤ੍ਰਿਪਤਾ ਕੇ. ਸਿੰਘ, ਹੁਸ਼ਿਆਰਪੁਰ

ਕਹਾਣੀ ਧਾਰਾ ਕਾਫੀ ਦੇਰ ਦੀ ਪੜ੍ਹ ਰਹੀ ਹਾਂ। ਅੰਕ-੬ ਵਿਚ ਬੇਬੀ ਹਲਦਾਰ ਦੀ ਮੁਲਾਕਾਤ ਬਹੁਤ ਚੰਗੀ ਲੱਗੀ। ਕਹਾਣੀਆਂ ਜਰਾਇਤ, ਜ਼ੀਰੋ ਦੀ ਖੇਡ, ਅੰਦਰਲੀ ਤਪਸ਼ ਬਹੁਤ ਚੰਗੀਆਂ ਲੱਗੀਆਂ। ਅੰਕ -੮ ਵਿਚ ਦੋਵੇਂ ਨਾਵਲ ਬਹੁਤ ਪਸੰਦ ਆਏ। ਖਾਸ ਕਰਕੇ ਦੇਸ ਰਾਜ ਕਾਲੀ ਦਾ ਨਾਵਲ, ਉਸ ਨੇ ਨਵੇਂ ਪਾਤਰਾਂ ਨੂੰ ਸਾਹਿਤ ਵਿਚ ਲੈ ਕੇ ਆਦਾ ਹੈ। ਚਿਤਰਾ ਮੁਦਗਲ ਦਾ ਨਾਵਲ 'ਗਿਲਿਗੱਡੂ' ਬਹੁਤ ਹੀ ਉਦਾਸ ਕਰਨ ਵਾਲਾ ਨਾਵਲ ਹੈ। ਬਜ਼ੁਰਗਾਂ ਦੀ ਜ਼ਿੰਦਗੀ ਬਹੁਤ ਕਠਿਨ ਬਣਾ ਦਿੱਤੀ ਜਾਂਦੀ ਹੈ ਨੌਜਵਾਨ ਪੀੜ੍ਹੀ ਵਲੋ। ਬਾਕੀ ਤੁਹਾਡਾ ਪਰਚਾ ਬਹੁਤ ਮਿਆਰੀ ਹੈ।


-ਬਖਸ਼ਿੰਦਰ ਕੌਰ, ਤਰਨਤਾਰਨ

Year: 3 Issue No. 9
'KAHANI DHARA'(PUNJABI QUARTERLY) April-June., 2008 R.N.I. Regd No. PUN PUN 2006 / 19971




ਇਸ ਨਾਵਲ ਦਾ ਸਮਾਂ ਅਤੇ ਦ੍ਰਿਸ਼ਪਟ ਸੰਨ ੧੮੩੯-੧੮੪੨ ਹੈ ਜਦੋਂ ਅੰਗਰੇਜ਼ਾਂ ਨੇ ਅਫ਼ਗਾਨਿਸਤਾਨ 'ਤੇ ਹਮਲਾ ਕਰਕੇ ਉਸ 'ਤੇ ਕੁਝ ਸਮੇਂ ਲਈ ਆਪਣਾ ਅਧਿਕਾਰ ਜਮਾ ਲਿਆ ਸੀ। ਪੱਛਮੀ ਇਤਿਹਾਸਕਾਰ ਅੰਗਰੇਜ਼ਾਂ ਦੀਆਂ ਇਨ੍ਹਾਂ ਰਾਜਨੀਤਕ ਗਤੀਵਿਧੀਆਂ ਨੂੰ 'ਇਕ ਵੱਡੀ ਸਿਆਸੀ ਖੇਡ' ਦਾ ਨਾਮ ਦੇਂਦੇ ਹਨ। ਪਰ ਨਾਵਲ ਦੀ ਕਹਾਣੀ ਦਾ ਕੇਂਦਰ ਫ਼ਰੰਗੀਆਂ ਦੀਆਂ ਇਹ ਗਤੀਵਿਧੀਆਂ ਨਾ ਹੋ ਕੇ ਅਫ਼ਗਾਨਿਸਤਾਨ ਦੇ ਵਸਨੀਕਾਂ ਦੇ ਚਰਿੱਤਰ ਦੀ ਵਿਸ਼ੇਸ਼ਤਾ, 'ਉਰਸੁਲਾ' ਨਾਮ ਦੀ ਔਰਤ ਅਤੇ ਅਫ਼ਗਾਨਿਸਤਾਨ 'ਚ ਵਿਚਰਦੇ ਕੂਚੀ ਖ਼ਾਨਾਬਦੋਸ਼ ਹਨ। ਇਨ੍ਹਾਂ ਰੰਗੀਨ ਮਿਜ਼ਾਜ, ਅਜ਼ਾਦਾਨਾ ਤਬੀਅਤ ਦੇ ਮਾਲਕ ਕੂਚੀ ਖ਼ਾਨਾਬਦੋਸ਼ਾਂ ਨਾਲ ਮੇਰੀ ਜਾਣ ਪਛਾਣ ਬਹੁਤ ਪੁਰਾਣੀ ਹੈ। ਆਪਣੇ ਨਿੱਜੀ ਸੁਭਾਅ ਕਾਰਨ ਮੈਂ ਇਨ੍ਹਾਂ ਕੂਚੀਆਂ ਅਤੇ ਇਸ ਤਰ੍ਹਾਂ ਦੇ ਹੋਰ ਕਈ ਖ਼ਾਨਾਬਦੋਸ਼ਾਂ ਟੱਪਰੀਵਾਸੀਆਂ ਨਾਲ ਵਿਚਰਦਾ ਰਿਹਾ ਹਾਂ।


-ਮਨਮੋਹਨ ਬਾਵਾ




ਮਨਮੋਹਨ ਪੰਜਾਬੀ ਕਵਿਤਾ ਦਾ ਇਕ ਅਹਿਮ ਨਾਂ ਹੈ ਜੋ ਬਹੁਤ ਧੀਮੇ ਤੁਰਦਾ ਕਵਿਤਾ ਦੇ ਸਿਖਰ ਵੱਲ ਨੂੰ ਵੱਧਦਾ ਹੈ। ਉਸਦੇ ਜੀਵਨ ਵਿਚਲੀ ਹਲੀਮੀ ਕਵਿਤਾ ਦੇ ਸੁਹਜ ਵਿਚ ਸਮਾ ਕੇ ਜੀਵਨ ਦਾ ਦਰਸ਼ਨ ਬਣਨ ਵੱਲ ਵੱਧਰੀ ਹੈ। 'ਨੀਲਕੰਠ' ਉਸਦੇ ਜੀਵਨ ਵਿਚਲੀ ਚਿਣਘ 'ਚੋਂ ਉਭਰਦਾ ਦਰਸ਼ਨ ਹੈ ਜੋ ਦ੍ਰਿਸ਼ ਕਵਿਤਾ ਦੀ ਨਵੀਂ 'ਭੂਮਿਕਾ' ਤਿਆਰ ਕਰਦਾ ਹੈ। ਅੱਜ ਦੇ ਸਮੇਂ ਅਤੇ ਸਪੇਸ਼ ਦਾ ਦ੍ਰਿਸ਼ ਵਿਚ ਦਰਸ਼ਨ ਭਰਨ ਦੀ ਲੋੜ ਹੈ ਕਿਉਂਕਿ ਵਿਸ਼ਵੀਕਰਨ ਨੇ ਸਮੇਂ ਨੂੰ ਵੀ ਵਸਤੂ ਬਣਾ ਦੇਣ ਦਾ 'ਹਠ' ਰੱਖਿਆ ਹੈ ਅਤੇ 'ਨੀਲਕੰਠ' ਇਸ ਵਸਤੂ ਬਣ ਰਹੇ ਸਮੇਂ ਦਾ ਦ੍ਰਿਸ਼ ਦਰਸ਼ਨ ਹੈ।

-ਤਸਕੀਨ

ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ,ਲੁਧਿਆਣਾ




'ਇਨਕਲਾਬੀ ਯਾਤਰਾ' ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਭਾਗ ਲੈਣ ਵਾਲੇ ਇਕ ਕ੍ਰਾਂਤੀਕਾਰੀ ਵਿਆਹੁਤਾ ਜੋੜੀ ਸੀਤਾ ਦੇਵੀ ਅਤੇ ਪ੍ਰਿੰਸੀਪਲ ਛਬੀਲ ਦਾਸ ਦੀ ਜੀਵਨ ਕਹਾਣੀ ਹੈ। ਛਬੀਲ ਦਾਸ ਅਤੇ ਸੀਤਾ ਦੇਵੀ ਦੀ ਬੇਟੀ, ਸ੍ਰੀਮਤੀ ਮਨੋਰਮਾ ਦੀਵਾਨ ਨੇ ਇਸ ਜੀਵਨੀ ਵਿਚ ਆਪਣੇ ਸਵਰਗੀ ਮਾਤਾ ਪਿਤਾ ਦੇ ਕ੍ਰਾਂਤੀਕਾਰੀ ਜੀਵਨ ਉਤੇ ਖੁੱਲ੍ਹ ਕੇ ਲਿਖਣ ਦੇ ਨਾਲ ਹੀ ਉਸ ਸਮੇਂ ਦੇ ਆਮ ਪਰਿਵਾਰਕ ਸਮਾਜਕ ਅਤੇ ਰਾਜਨੀਤਕ ਹਾਲਾਤ ਦੀ ਝਲਕ ਵੀ ਪੇਸ਼ ਕੀਤੀ ਹੈ। ਆਜ਼ਾਦੀ ਅੰਦੋਲਨ ਨਾਲ ਜੁੜੀਆਂ ਘਟਨਾਵਾਂ ਨੂੰ ਉਨ੍ਹਾਂ ਨੇ ਬੜੇ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤਾ ਹੈ। ਪ੍ਰਿੰਸੀਪਲ ਛਬੀਲ ਦਾਸ ਦਾ ਨਾਂ ਪੰਜਾਬ ਦੇ ਕ੍ਰਾਂਤੀਕਾਰੀਆਂ ਵਿਚ ਪ੍ਰਮੁੱਖ ਰਿਹਾ ਹੈ। ਨਾਲ ਹੀ ਉਨ੍ਹਾਂ ਨੂੰ ਸਰਦਾਰ ਭਗਤ ਸਿੰਘ ਦੇ ਗੁਰੂ ਦੇ ਰੂਪ ਵਿਚ ਵੀ ਜਾਣਿਆ ਜਾਂਦਾ ਹੈ।

- ਪ੍ਰਕਾਸ਼ਕ

ਪ੍ਰਕਾਸ਼ਕ : ਨੈਸ਼ਨਲ ਬੁੱਕ ਟਰੱਸਟ ਇੰਡੀਆ